# ਪ੍ਰੇਮ ਸੁਮਾਰਗ ਗ੍ਰੰਥ

## ਅਰਥਾਤ
## ਖਾਲਸਈ ਜੀਵਨ-ਜਾਚ

### (ਪਾਤਿਸ਼ਾਹੀ ਦਸਵੀਂ)



www.Mahapurakh.com

੧ੴ ਵਾਹਿਗੁਰੂ ਜੀ ਕੀ ਫਤਿਹ

ਜੋ ਗੁਰੂ ਦਸੈ ਵਾਟ, ਮੁਰੀਦਾ ਜੋਲੀਐ!

ਫਰੀਦ ਜੀ!

# ਗ੍ਰੰਥ

# ਪ੍ਰੇਮ ਸੁਮਾਰਗ

ਅਰਥਾਤ

# ਖਾਲਸਈ ਜੀਵਨ-ਜਾਚ

(ਪਾਤਿਸ਼ਾਹੀ ਦਸਵੀਂ)

ਸੰਪਾਦਕ

**ਰਣਧੀਰ ਸਿੰਘ**

ਹਿਸਟਰੀ ਰੀਸਰਚ ਸਕਾਲਰ

ਨਿਊ ਬੁੱਕ ਕੰਪਨੀ

**ਮਾਈ ਹੀਰਾਂ ਗੇਟ, ਜਲੰਧਰ।**

www.Mahapurakh.com

## ਆਰੰਭਕ ਸ਼ਬਦ

ਇਹ ਪੁਰਾਤਨ ਲਿਖਤ 'ਪ੍ਰੇਮ-ਸੁਮਾਰਗ ਗ੍ਰੰਥ' ਜਿਨ੍ਹਾਂ ਹਾਲਾਤਾਂ ਵਿਚ ਛਾਪਿਆ ਗਿਆ ਹੈ, ਅਤੇ ਇਸ ਸੰਬੰਧੀ ਹੋਰ ਵਿਸਥਾਰ ਇਸ ਦੇ ਸੰਪਾਦਕ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਲੰਮੀ ਭੂਮਿਕਾ 'ਪਹਿਲਾਂ ਪੜ੍ਹਨ ਯੋਗ' ਵਿਚ ਦੇ ਦਿੱਤਾ ਹੈ।... ... ... ... ... ... ... ... ... ... ... ... ... ... ... ... ... ... ... ... ... ... ... ... ... ਜਿਸ ਜਾਨ-ਮਾਰੀ, ਮਿਹਨਤ ਤੇ ਲਗਨ ਨਾਲ ਆਪ ਨੇ ਇਸ ਵਿਚ ਦਿੱਤੇ ਵੱਖ-ਵੱਖ ਵਿਸ਼ਿਆਂ ਤੇ ਨੁਕਤਿਆਂ ਉੱਤੇ ਖੋਜ ਪੜਤਾਲ ਕੀਤੀ ਹੈ, ਉਹ ਸ਼ਲਾਘਾਯੋਗ ਤੇ ਰਾਹ-ਵਿਖਾਊ ਹੈ। ਅਤੇ ਜਿਤਨਾ ਮਸਾਲਾ ਆਪ ਨੇ ਥਾਂ ਥਾਂ ਤੋਂ ਢੂੰਡ ਕੇ ਇਸ ਵਿਚ ਜਮਾਂ ਕਰ ਦਿੱਤਾ ਹੈ, ਉਹ ਆਪਣੇ ਆਪ ਵਿਚ ਇਕ ਬੜੀ ਭਾਰੀ ਸੇਵਾ ਹੈ, ਜੋ ਇਸੇ ਰਾਹ ਦੇ ਹੋਰ ਪੰਧਾਊਆਂ ਨੂੰ ਕਾਫੀ ਕੁਝ ਸਹਾਈ ਹੋਵੇਗਾ।

ਸਿੱਖ ਹਿਸਟਰੀ ਸੋਸਾਇਟੀ, ਪੁਰਾਤਨ ਲਿਖਤੀ ਪੁਸਤਕਾਂ ਨੂੰ ਛਾਪਣ ਵਿਚ ਘੱਟੋ ਘੱਟ ਇਸ ਹੱਦ ਤੱਕ ਜ਼ਰੂਰ ਕਾਮਯਾਬ ਹੈ ਕਿ ਇਸ ਤਰ੍ਹਾਂ ਇਨ੍ਹਾਂ ਵਿਚ ਲੁਕਿਆ ਪਿਆ ਇਤਿਹਾਸ ਤੇ ਧਾਰਮਕ ਮਸਾਲਾ ਪਬਲਿਕ ਦੇ ਸਾਹਮਣੇ ਆ ਜਾਂਦਾ ਹੈ ਅਤੇ ਖੋਜ-ਪੜਤਾਲ ਕਰਨ ਵਾਲੇ ਵਿਦਵਾਨਾਂ, ਦੂਸਰੇ ਲਿਖਾਰੀਆਂ ਤੇ ਪਾਠਕਾਂ ਨੂੰ ਸਹੂਲਤ ਹੋ ਜਾਂਦੀ ਹੈ।

ਪਟਿਆਲਾ — **ਗੰਡਾ ਸਿੰਘ ਸਕੱਤ੍ਰ**

੩ ਅਪ੍ਰੈਲ, ੧੯੫੩ — 'ਸਿੱਖ ਹਿਸਟਰੀ ਸੋਸਾਇਟੀ'

www.Mahapurakh.com

# ਦੂਜੀ ਛਾਪ ਬਾਰੇ

ਇਹ ਗ੍ਰੰਥ, ਪਹਿਲੀ ਵਾਰ, ਪ੍ਰਾਪਤੀ ਲਿਖਤੀ ਖਰੜੇ ਨੂੰ ਹੀ ਪਦ-ਛੇਦ ਕਰਕੇ ਸਿਰਫ਼ ਧਿਆਵਾਂ ਤੇ 'ਬਚਨਾ' ਦੇ ਸਿਰਨਾਵੇਂ ਪਾ ਕੇ, ਕਾਹਲੀ ਨਾਲ ਛਾਪ ਦਿੱਤਾ ਗਿਆ ਸੀ। ਦੁਰਲਭ ਪੁਸਤਕ ਹੋਣ ਕਰਕੇ, ਛੇਤੀ ਹੀ ਸਾਰੀਆਂ ਪਰਤੀਆਂ ਹੱਥੋ-ਹੱਥ ਵਿਕ ਗਈਆਂ। ਹਾਲਾਂ ਕਿ ਇਸ਼ਤਿਹਾਰ ਵਗੈਰਾ ਵੀ ਕੋਈ ਨਹੀਂ ਸੀ ਦਿੱਤਾ ਗਿਆ। ਜਿਨ੍ਹਾਂ ਵਿਦਵਾਨਾਂ, ਪੁਸਤਕ ਪੜ੍ਹੀ, ਦੋਸਤ ਮਿਤ੍ਰ ਗੁਰਮੁਖਾਂ ਪਾਸ ਸਲਾਹੀ। ਇਸ ਲਈ ਲੋੜਵੰਦਾਂ ਵੱਲੋਂ ਮੰਗਾਂ ਆਉਣ ਲੱਗ ਪਈਆਂ। ਐਪਰ ਇਸਦੇ ਸੰਪਾਦਕ ਦੇ ਗਲਿ ਹੋਰ ਅਨੇਕਾਂ ਜ਼ਿੰਮੇਵਾਰੀਆਂ ਤੇ ਰੁਝੇਵੇਂ ਸਨ; ਇਸ ਲਈ ਸੋਧਿ-ਸਵਾਰ ਕੇ, ਦੁਬਾਰੇ ਛਾਪਣ ਦਾ ਉੱਦਮ ਛੇਤੀ ਨ ਹੋ ਸਕਿਆ।

'ਪੰਜਾਬੀ ਸਾਹਿਤ ਸਮੀਖਿਆ ਬੋਰਡ' ਦੇ ਸਕੱਤ੍ਰ ਗਿਆਨੀ ਈਸ਼ਰ ਸਿੰਘ ਜੀ ਨੇ, ਪੁਸਤਕ ਦੇ ਮੁੱਖ ਬੰਦ ਦੀ ਇਤਿਹਾਸਕ ਕੂਤ-ਕੀਮਤ, ਤੇ ਅਸਲ ਗ੍ਰੰਥ ਦੀ ਪੁਰਾਤਨ ਵਾਰਤਕ ਪੰਜਾਬੀ ਦੀ ਮਹਾਨਤਾ ਸਮਝ ਕੇ, 'ਅਕਾਸ਼ ਬਾਨੀ' ਦੁਆਰਾ ਬੜੀ ਸਲਾਹਣਾ ਕੀਤੀ; ਅਰੁ 'ਪੰਜਾਬੀ ਦੁਨੀਆਂ' ਰਸਾਲੇ ਵਿਚ, ਉਸੇ ਭਾਵ ਦਾ ਲੇਖ ਭੀ ਲਿਖਿਆ। ਐਉਂ, ਗ੍ਰੰਥ ਦੀ ਜਾਣ-ਪਛਾਣ' ਉੱਚ ਕੋਟੀ ਦੇ ਪੰਜਾਬੀ ਵਿਦਵਾਨਾਂ ਤੱਕ ਅੱਪੜ ਗਈ। ਪੁਰਾਣੀ ਪੰਜਾਬੀ ਹੋਣ ਦੇ ਨਾਤੇ ਇਸ ਪੁਸਤਕ ਨੂੰ, ਪੰਜਾਬ ਯੂਨੀਵਰਸਿਟੀ ਨੇ ਐਮ. ਏ. ਦੇ ਕੋਰਸ ਵਿਚ ਪੜ੍ਹਾਉਣ ਲਈ ਪ੍ਰਵਾਨ ਕਰ ਲਿਆ।

ਪੁਸਤਕ ਦੀ ਪ੍ਰਸਿੱਧੀ ਨੇ, ਏਨੀ ਉੱਚੀ ਉਡਾਰੀ ਸੰਪਾਦਕ ਦੀ ਬੇ-ਸਬਰੀ ਵਿਚ ਹੀ ਲਾ ਲਈ। ਪਤਾ ਉਦੋਂ ਲੱਗਾ, ਜਦੋਂ ਕਾਲਜਾਂ ਦੇ ਪੰਜਾਬੀ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਵਲੋਂ ਪੁਸਤਕ ਦੀ ਪ੍ਰਾਪਤੀ ਲਈ ਤਾਬੜ-ਤੋੜ ਤਲਾਸ਼ ਤੇ ਤਲਬ ਸ਼ੁਰੂ ਹੋ ਗਈ। ਛੇਤੀ ਵਿਚ ਹੀ ਇਹ ਦੂਜਾ ਐਡੀਸ਼ਨ ਤਿਆਰ ਕਰਕੇ ਭੇਟਾ ਕਰਨਾ ਪਿਆ।

ਜਲੰਧਰ। ਸੰਪਾਦਕ

੧ ਦਿਸੰਬਰ, ੧੯੬੫ **ਰਣਧੀਰ ਸਿੰਘ**

www.Mahapurakh.com

# ਤਤਕਰਾ


| | | |
|---|---|---|
| ੧. | **ਇਤਿਹਾਸਕ ਵਿਚਾਰ** ... ... | **1** |
| | (ੳ) ਸਿੱਖ ਤੇ ਸੰਗਤਿ ... ... | 1 |
| | (ਅ) 'ਖ਼ਾਲਸਾ ਤੇ ਸਹਲੰਗ ... ... | 1 |
| | (ੲ) ਬਾਈਹ ਮੰਜੀਆਂ—ਸੰਗਤਾਂ ... ... | 6 |
| | (ਸ) 'ਪੰਚ ਪਰਵਾਨ' ਦਾ ਬੰਧਾਨ ... ... | 7 |
| | (ਹ) 'ਮੰਜੀਆਂ ਮਨਸੂਖ਼ ... ... | 9 |
| | (ਕ) 'ਅੰਮ੍ਰਿਤ' ਛਕਾਉਣ ਦੀ ਵਿਧੀ ... ... | 12 |
| | (ਖ) 'ਅੰਮ੍ਰਿਤ' ਛਕਾਉਣ ਦੀ ਵਿਧੀ ... ... | 25 |
| ੨. | **ਸਿੱਖੀ ਦੀ ਰਹਿਣੀ ਬਹਿਣੀ** | **32** |
| | 'ਨਾਨਕ ਪੰਥੀਆਂ' ਦੀ ਬੁਨਿਆਦੀ ਰਹਿਤ | 46 |
| ੩. | **ਰਹਿਤਨਾਮਾ ਲਿਖਾਇਆ** ... ... | **47** |
| ੪. | **ਇਹ ਲੱਭਾ ਕਿਵੇਂ** ... ... | **51** |
| ੫. | **ਗ੍ਰੰਥ ਕਰਤਾ ਨਾਲ ਜਾਣ-ਪਛਾਣ** ... ... | **52** |
| ੬. | **'ਪ੍ਰੇਮ-ਸੁਮਾਰਗ' ਦਾ ਰਚਨ ਕਾਲ** ... ... | **55** |
| ੭. | **ਖ਼ਾਲਸਾ ਜੀ ਦੀ ਅੱਰਦਾਸਿ** ... ... | **67** |
| ੮. | **ਛਾਪਣ ਦੀ ਲੋੜ** ... ... | **69** |
| ੯. | **ਪ੍ਰੇਮ ਸੁਮਾਰਗ ਦਾ ਮਨੋਰਥ** ... ... | **70** |
| ੧੦. | **ਭਰਮਣਾ ਨਹੀਂ ਚਾਹੀਦਾ** ... ... | **70** |
| | (੧) ਮਾਸਾਹਾਰ ... ... | 70 |
| | (੨) ਸਹਜਵਾਨ ਦੀ ਗਤਿ ... ... | 74 |
| ੧੧. | **ਸੰਪਾਦਕ ਦੀ ਸੇਵਾ** ... ... | **75** |
| ੧੨. | **ਹਵਾਲੇ ਵਾਲੇ ਗ੍ਰੰਥ, ਪੁਸਤਕ** ... ... | **77** |
| ੧੩. | **ਇਹ ਅਮੁੱਲੀ ਰੀਸਰਚ** ... ... | **79** |
| ੧੪. | **ਵਿਸ਼ੈ ਸੂਚਕ ਤਤਕਰਾ** ... ... | **81** |


## ਅਥ ਪ੍ਰੇਮ ਸੁਮਾਰਗ ਗ੍ਰੰਥ ਲਖਯਤੇ


| | | |
|---|---|---|
| ੧. | **ਧਿਆਉ ਪਹਿਲਾ** ... ... | **1** |
| | ਉਪਦੇਸ਼ ਬੰਦਗੀ ਸਿਮਰਨ ਕੀ ਰਹਿਤ ... ... | 1 |
| | ਚਾਰ ਬਚਨ ... ... | 1–5 |


www.Mahapurakh.com

| | | | | |
|---|---|---|---|---|
| ੨. | **ਧਿਆਉ ਦੁਤੀਆ** | ... | ... | **10** |
| | ਨਾਮ ਦਾਨ ਸਿੱਖੀ ਅਕਾਲ ਪੁਰਖੁ ਜੀ ਦਾ | ... | ... | 10 |
| | ਪੰਜ ਬਚਨ | ... | ... | 11-14 |
| ੩. | **ਧਿਆਉ ਤ੍ਰਿਤੀਆ** | ... | ... | **15** |
| | ਜਨਮ ਕਾ | ... | ... | 15 |
| | ਤਿੰਨ ਬਚਨ | ... | ... | 15–17 |
| ੪. | **ਧਿਆਉ ਚਤੁਰਥ** | ... | ... | **18** |
| | ਸੰਜੋਗ ਬਿਆਹ ਕਾ | ... | ... | 18 |
| | ਸੋਲ੍ਹਾਂ ਬਚਨ | ... | ... | 18-37 |
| ੫. | **ਧਿਆਉ ਪੰਜਵਾਂ** | ... | ... | **38** |
| | ਪ੍ਰਸਾਦਿ ਖਾਣੇ ਕੀ ਬਿਧਿ-ਜੁਗਤਿ ਰਹਿਤ ਦਾ | ... | ... | 38 |
| | ਪੰਜ ਬਚਨ | ... | ... | 38–41 |
| ੬. | **ਧਿਆਇ ਛਟਵਾਂ** | ... | ... | **43** |
| | ਦੇਹੀ ਦੀ ਰਹਿਤ ਕ੍ਰਿਤ ਦਾ | ... | ... | 43 |
| | ਅੱਠ ਬਚਨ | ... | ... | 43–49 |
| ੭. | **ਧਿਆਇ ਸਤਵਾਂ** | ... | ... | **50** |
| | ਜੁਗਤਿ ਕ੍ਰਿਆ ਚਲਨੇ ਮ੍ਰਿਤ ਲੋਕ ਤੇ | ... | ... | 50 |
| | ਅੱਠ ਬਚਨ | ... | ... | 50–58 |
| ੮. | **ਧਿਆਇ ਅੱਠਵਾਂ** | ... | ... | **59** |
| | ਰਾਮ ਲਛਣ ਮਾਰਗ ਕਾ | ... | ... | 59 |
| | ਇਕੀਹ ਬਚਨ | ... | ... | 59–77 |
| ੯. | **ਧਿਆਇ ਨਉਵਾਂ** | ... | ... | **78** |
| | ਨਿਆਉਕਰਣ ਪ੍ਰਜਾ ਕੇ ਨਮਿਤ | ... | ... | 78 |
| | ਸੋਲ੍ਹਾ ਬਚਨ | ... | ... | 78–91 |
| ੧੦. | **ਧਿਆਇ ਦਸਮੋ** | ... | ... | **92** |
| | ਸਹਜ ਜੋਗ ਮਾਰਗ ਕਾ | ... | ... | 92 |
| | ਛੇ ਬਚਨ | ... | ... | 92–95 |

www.Mahapurakh.com

੧ੴ ਸਤਿਗੁਰ ਪ੍ਰਸਾਦਿ॥
ਸ੍ਰੀ ਅਕਾਲ ਜੀ ਸਹਾਇ॥

ਸੰਪਾਦਕ ਵਲੋਂ—

# ਜਾਣ-ਪਛਾਣ

## ਗੁਰਮ੍ਰਿਯਾਦਾ-ਰਹਿਣੀ-ਬਹਿਣੀ

# ੧-ਇਤਿਹਾਸਿਕ ਵਿਚਾਰ

### 'ਸਿੱਖ' ਤੇ 'ਸੰਗਤਿ'

"ਇਕ 'ਸਿੱਖੁ' ਦੁਇ 'ਸਾਧ ਸੰਗੁ,' ਪੰਜੀਂ ਪਰਮੇਸੁਰ॥"

ਜਗਤ-ਗੁਰੂ ਬਾਬਾ ਨਾਨਕ 'ਨਿਰੰਕਾਰੀ' ਨੇ ਸੱਚ-ਧਰਮ ਦਾ ਪ੍ਰਚਾਰ ਕਰਨ ਹਿਤ, ਲਗਪਗ ਅੱਧੇ ਜੰਬੂ ਦੀਪ (ਏਸ਼ੀਆ) ਵਿਚ ਪਾ-ਪਿਆਦਾ ਸਫ਼ਰ ਕੀਤਾ। ਉਚਿੱਤ ਥਾਵਾਂ ਜਾਹ ਕੇ ਧਰਮਸਾਲਾ ਕਾਇਮ ਕਰਵਾਈਆਂ। ਉਨ੍ਹਾਂ ਵਿਚ 'ਸਤਿਨਾਮੁ' ("ਵਾਹਗੁਰੂ") ਦ੍ਰਿੜ੍ਹਾਉਣ ਤੇ ਅਕਾਲੀ ਬਾਨੀ ("ਧੁਰ ਕੀ ਬਾਣੀ") ਦਾ ਪਾਠ ਪੜ੍ਹਾਉਣ ਵਾਸਤੇ, ਗੁਰਮੁਖਿ ਪਿਆਰੇ ਨਿਯਤ ਕਰਕੇ, ਆਪਣੇ ਤਰੀਕੇ ਅਨੁਸਾਰ, ਅਗਾਹਾਂ 'ਚਰਨ ਪਾਹੁਲ' ਦੇ ਕੇ 'ਗੁਰ ਸਿੱਖ' ਬਣਾਉਣ ਦੇ ਅਧਿਕਾਰ ਉਨ੍ਹਾਂ ਨੂੰ ਬਖਸ਼ੇ। ਇਨ੍ਹਾਂ ਗੁਰਮੁਖਾਂ ਨੂੰ 'ਗੁਰੂ ਕੇ ਗੁਮਾਸ਼ਤੇ', ਯਾ 'ਮਸੰਦ' (ਮਸਨਦ-ਨਸ਼ੀਨ='ਮੰਜੀਦਾਰ') ਸੱਦਿਆ ਜਾਂਦਾ ਸੀ। ਐਕੂਣ, ਗੁਰੂ ਜੀ ਪਾਸੋਂ ਸਿੱਧੇ, ਯਾ ਕਿਸੇ ਮਸੰਦ ਪਾਸੋਂ ਉਪਦੇਸ਼ ਪਾਹੁਲ ਤੇ 'ਗੁਰਮੰਤ੍ਰ' ਲੈਣ ਵਾਲੇ ਪ੍ਰੇਮੀ ਨੂੰ "ਸਿੱਖੂ" (ਸਿੱਖਿਆ ਲੈਣ ਵਾਲਾ) ਆਖਿਆ ਜਾਂਦਾ ਸੀ, ਅਤੇ ਇਕ ਤੋਂ ਵਧੀਕ ਨੂੰ ਸਿੱਖ ਸੰਗਤਿ'॥


### 'ਖਾਲਸਾ' ਤੇ 'ਸਹਲੰਗੁ'

ਸਤਿ ਗੁਰੂ ਨਾਨਕ ਦੇ ਪਰਚਾਰੇ 'ਸੱਚ ਧਰਮ' ਦੀ ਸੀਖਿਆ—ਦੀਖਿਆ (ਮੰਤ੍ਰ-ਉਪਦੇਸ਼) ਲੈਣ ਵਾਲੇ ਸਾਰੇ ਪ੍ਰਾਣੀ 'ਗੁਰਸਿੱਖ' ਯਾ 'ਨਾਨਕ ਪੰਥੀ' ਸੱਦੇ ਜਾਂਦੇ। ਜਿਨ੍ਹਾਂ ਗੁਰ ਸਿੱਖਾਂ ਦਾ ਸੰਬੰਧ ਸਿੱਧਾ 'ਗੁਰਗੱਦੀ' ਨਾਲ ਹੁੰਦਾ, ਉਨ੍ਹਾਂ ਨੂੰ 'ਖ਼ਾਲਸਾ' ਖਿਤਾਬ ਮਿਲਦਾ; ਤੇ ਕਿਸੇ ਗੁਰਮੁਖ 'ਮਸੰਦ' ਪਾਸੋਂ ਵਿਰੋਸਾਉਣ ਵਾਲੇ ਜਗਿਆਸੂਆਂ ਨੂੰ ਉਸ 'ਮੰਜੀਦਾਰ' ਦੇ 'ਮੇਲੀ" ਯਾਨੀ 'ਸਹਲੰਗੁ' ਆਖਿਆ ਜਾਂਦਾ ਸੀ।[1] ਇਸ ਤਰ੍ਹਾਂ 'ਸਿੱਖ-ਸੰਗਤਿ' ਦੋ ਸ਼ਾਖਾਂ (ਜਮਾਤਾਂ) ਵਿਚ; ਮੁੱਢ ਤੋਂ ਹੀ ਵੰਡੀ ਚਲੀ ਆ ਰਹੀ ਹੈ। 'ਮਸੰਦਾਂ' ਨੂੰ ਅਮੂਮਨ 'ਗੁਰੂ ਕੇ ਗੁਮਾਸ਼ਤੇ" ਯਾ ਨਿਰਾ—"ਗੁਰੂ ਕੇ" ਸੱਦਿਆ ਜਾਂਦਾ, ਤੇ ਉਨ੍ਹਾਂ ਦੇ 'ਮੇਲੀਆਂ' ਨੂੰ ਸੰਬੰਧਤ 'ਮਸੰਦ' ਦੇ 'ਸੇਵਕ' ਯਾ 'ਚੇਲੇ' ਆਖੀਦਾ ਸੀ। ਅਰੁ 'ਸੇਵਕ' ਆਪਣੇ ਦੀਖਿਆ ਦਾਤਾ 'ਮਸੰਦ' (ਮੰਜੀਦਾਰ) ਨੂੰ 'ਗੁਰੂ' ਸਮਾਨ ਹੀ ਮੰਨਦੇ ਤੇ ਸੇਂਵਦੇ ਹਨ। ਇਹੋ ਰੀਤਿ ਹੁਣ ਤੱਕ, 'ਉਦਾਸੀ' ਤੇ 'ਨਿਰਮਲੇ' ਸਾਧੂਆਂ ਵਿਚ ਪ੍ਰਚੱਲਤ ਹੈ।

---

1. (ੳ) ਸ਼ਿਤ ਬਹਰਾਮ—'ਦੱਬਿਸਤਾਨਿ ਮਜ਼ਾਹਬ' (ਫਾਰਸੀ) ਸਫ਼ਾ ੨੩੧
(ਅ) ਮਾਖਜ਼ਿ ਤਾਰੀਖਿ ਸਿੱਖਾਂ; (ਫਾਰਸੀ) ਪ੍ਰੋਫੈਸਰ ਗੰਡਾ ਸਿੰਘ ਜੀ ਸੰਪਾਦਨ ਕੀਤੇ ਹੋਏ—ਸਫ਼ਾ ੩੪


www.Mahapurakh.com


੧ਓ ਸਤਿਗੁਰੂ ਜੀ

ਇਸ ਨਾਮ-ਭੇਦ ਦੀ ਇਤਿਹਾਸਕ-ਉਗਾਹੀ ਗੁਰੂ ਸਾਹਿਬਾਂ ਦੇ ਅਨੇਕਾਂ ਹੁਕਮਨਾਮਿਆਂ 'ਚੋਂ ਮਿਲਦੀ ਹੈ। ਵੰਨਗੀ ਮਾਤ੍ਰ ਅੱਗੇ ਦਿੱਤੀਆਂ ਤਸਵੀਰਾਂ ਤੇ ਉਨ੍ਹਾਂ ਦੀਆਂ ਨਕਲਾਂ ਵਿਚ ਪੜ੍ਹੋ :—

੧—ਛੇਵੇਂ ਪਾਤਿਸ਼ਾਹ—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਪੂਰਬੀ ਭਾਰਤ ਵਿਚ ਵਸਦੇ ਯਾ ਸਰਕਾਰੀ-ਮੁਲਾਜ਼ਮਤ ਦੇ ਕਾਰਨ ਉਸ ਪਾਸੇ ਟਿਕੇ ਹੋਏ ਸਿੱਖਾਂ ਵਲਿ ਫ਼ੁਰਮਾਨ ਭੇਜਦੇ ਹਨ :—

"ਭਾਈ ਜਾਪੂ, ਭਾਈ ਗੁਰਦਾਸੁ, ਭਾਈ ਮੁਰਾਰਿ, ਭਾਈ ਜੈਤਾ, ਭਾਈ ਦਿਆਲਾ! ਗੁਰੂ ਗੁਰੂ ਜਪਣਾ! ਜਨਮੁ ਸਵਰੈ! ਸੰਗਤਿ ਦੀ ਕਾਮਨਾ ਪੂਰੀ ਹੋਗੁ। ਸੰਗਤੀ ਦਾ ਰੁਜਗਾਰ ਹੋਗੁ!...............ਗੁਰੂ ਦੀ ਆਗਿਆ ਹੋਇ: ਇਕ ਦਾਸੁ ਭਲੀ ਜੁਗਤਿ ਰਹਣਾ! ਮਾਸੁ ਮਛੀ ਦੇ ਨੇੜਿ ਨਹੀ ਆਵਣਾ! **ਪੂਰਬ ਦੀ ਸੰਗਤਿ ਗੁਰੂ ਦਾ 'ਖ਼ਾਲਸਾ'** ਹੈਇ। ਉਪਰੰਤਿ ਗੁਰੂ ਦੀ ਆਗਿਆ ਹੈਇ : ਭਾਈ ਜਾਪੂ, ਭਾਈ ਗੁਰਦਾਸੁ! ਤੁਸਾਂ ਸਭਨਾ ਰਲਕੇ ਗੁਰ ਪੁਰਬ ਦੀ ਕਾਰ ਕਰਨੀ! ਜਿਸ ਦਾ ਰੁਪਯਾ ਗੁਰੂ ਦੀ ਕਾਰ ਵਿਚ ਪਵਗੁ; ਤਿਸ ਦਾ ਗੁਰੂ ਦੀ ਦਰਗਹ ਥਾਇ ਪਵਗ! ਉਸ ਨੂੰ ਕਦੇ ਕਿਛੁ ਥੁੜ੍ਹ ਨ ਹੈ!......ਰੁਪਯੇ ਸਇ ਸਤਿ (੭੦੦) ਦੀ ਹੁੰਡੀ ਕਰਾਇ ਭੇਜਣੀ। ਪੰਦਰਹ ਜੋੜੇ ਮੈਨੂੰ ਸਿਵਾਇ ਭੇਜਣੇ। ਪੰਦਰਹ ਬਾਬਾ ਜੀਉ ਨੂੰ ਸਿਵਾਇ ਭੇਜਣੇ।[1]

(੨) ਨਉਵੇਂ ਪਾਤਿਸ਼ਾਹ—ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, 'ਪਟਣ ਸ਼ੇਖ਼ ਫ਼ਰੀਦ ਕੇ'—ਪਾਕ ਪਟਣ' (ਜ਼ਿਲ੍ਹਾ ਮਊਂਟਗੁਮਰੀ) ਦੀ ਸੰਗਤਿ ਨੂੰ ਗੁਰੂ ਜੀ ਕਾ "ਖ਼ਾਲਸਾ" ਖ਼ਤਾਬ ਦੇਂਦੇ ਹੋਏ, ਫ਼ਰਮਾਉਂਦੇ ਹਨ :—


ਗੁਰੂ[2] ਰਖੈਗਾ! ਭਾਈ ਬੱਠਾ, ਸਰਬਤਿ ਸੰਗਤਿ ਪਟਣ ਦੀ
...ਸਰਬਤਿ ਸੰਗਤਿ ਦੀਵਾਲੀ-
ਨੋ ਦਰਸਨਿ ਆਵਣਾ! ਜੁ
ਸਿਖੁ ਦਰਸਨਿ ਆਵਗੁ; ਸੋ ਨਿਹਾਲੁ ਹੋਗੁ!
ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਕਾ
ਖ਼ਾਲਸਾ ਹੈ! ਗੁਰੂ ਸਰਬ ਸੁਖ ਦੈਗੁ! ਭਾਈ ਬੱਠਾ
ਸ੍ਰੀ ਗੁਰੂ ਜੀ ਕਾ ਪੁਤੁ ਹੈ; ਜੁ ਆਖੇ; ਸਰਬਤਿ ਸੰਗਤਿ ਮੰਨਣਾ ਬਾਹੁੜੀ....


---

1. ਇਸ ਫੁਰਮਾਇਸ਼ਿ ਦੀ ਆਖਰੀ ਤੁਕ (ਪਾਲ) ਸਿੱਧ ਕਰਦੀ ਹੈ ਕਿ ਇਹੁ ਅੱਖਰ, ਸ੍ਰੀ ਗੁਰੂ ਜੀ ਨੇ ਖੁਦ ਕਲਮ ਮੁਬਾਰਕ ਨਾਲ ਲਿਖੇ ਹਨ। ਅਰੁ 'ਬਾਬਾ ਜੀਉ' ਤੋਂ ਮੁਰਾਦ ਟਿੱਕਾ ਸਾਹਿਬਜ਼ਾਦਾ (ਗੁਰਦਿੱਤਾ ਜੀ) ਹੈ।

2. ਇਹ ਸ਼ਿਖਤਾ ਗੁਰਮੁਖੀ ਅੱਖਰ, ਸ੍ਰੀ ਗੁਰੂ ਜੀ ਨੇ ਕਰ ਕਮਲਾਂ ਨਾਲ ਲਿਖੇ ਹਨ; ਜੋ ਗੁਰਮਤਿ ਸਾਹਿਤ ਵਿਚ 'ਨੀਸਾਣੁ' ਮੰਨੇ ਜਾਂਦੇ ਨਿ। ਅਰੁ ਦਰਬਾਰੀ ਲਿਖਾਰੀ ਵਲੋਂ ਗੁਰੂ ਜੀ ਦੇ ਹੁਕਮ ਨਾਲ ਸਿੱਧੇ ਟਕਸਾਲੀ ਅੱਖਰਾਂ ਵਿਚ ਲਿਖੇ 'ਫ਼ੁਰਮਾਨ' (ਆਗਿਆ ਪੱਤਰ) ਦੀ ਤਸਦੀਕ ਕਰਦੇ ਹਨ। ਇਸ 'ਨੀਸਾਣੁ ਮੁਬਾਰਕ' ਨੂੰ ਪਛਾਣ ਕੇ ਹੀ ਸਿੱਖ ਹੁਕਮ ਦੀ ਪਾਲਣਾ ਕਰਦੇ ਸਨ। ਪਾਠਕ ਭੀ ਸਤਰਾਂ ਨਾਲ ਮੇਲਕੇ, ਫੋਟੋ ਤੋਂ ਪੜ੍ਹਨ ਦਾ ਜਤਨ ਕਰਨ॥

www.Mahapurakh.com





(੩) ਦਸਵੇਂ ਪਾਤਿਸ਼ਾਹ—ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਆਪਣੇ 'ਖਾਲਸਾ ਸਿੱਖਾਂ' ਵੱਲ ਫ਼ਰਮਾਇਸ਼ ਭੇਜਦੇ ਹਨ :—

ੴ ਸਤਿਗੁਰੂ ਜੀ

"ਸਿਰੀ ਗੁਰੂ ਜੀ ਦੀ ਆਗਿਆ ਹੈ : ਭਾਈ ਮਿਹਰ ਚੰਦੁ, ਧਰਮ ਚੰਦੁ, ਕਰਮ ਚੰਦੁ ਗੁਰੂ ਰਖੇਗਾ।
ਗੁਰੂ ਗੁਰੂ ਜਪਣਾ; ਜਨਮੁ ਸਉਰੇਗਾ! **ਤੁਸੀਂ ਮੇਰਾ ਖ਼ਾਲਸਾ ਹੋ**। ਇਕ ਸਉ ਇਕੁ (੧੦੧)
ਰੁਪਯਾ ਹਾਥੀ ਦੀ ਫੁਰਮਾਇਸਿ ਹੁਕਮੁ ਦੇਖਦੇ ਹੀ ਸਿਤਾਬੀ ਹੁੰਡੀ ਕਰ੍ਹਾਇ ਭੇਜਣੀ
ਅਰ ਹੋਰੁ ਜੋ ਕਿਛੁ ਗੁਰੂ ਕੇ ਨਵਿਤਿ ਕਾ ਹੋਵੈ; ਸੋ, ਆਪੇ ਲੈ ਆਵਣਾ। ਹਥੀਆਰ ਬੰਨ੍ਹਿਕੇ
ਦਰਸਨਿ ਆਵਗੁ, "ਸੋ ਨਿਹਾਲੁ ਹੋਗੁ। ਉਸਦੀ ਘਾਲਿ ਥਾਇ ਪਵਗ! ਗੁਰੂ ਨਾਲਿ ਰਹਗੁ। ਗੁਰੂ ਕੇ ਨਵਿਤ ਕਾ ਹੋਵੈ; ਸੋ, ਹੋਰ ਕਿਸੈ ਨੋ ਨਾਹੀ ਦੇਣਾ! ਅਰੁ ਮਸੰਦ, ਮਸੰਦੀਏਂ ਨਾਲਿ ਨਾਹੀ ਮਿਲਣਾ **ਨਾ ਹੀ ਮੰਨਣਾ**! ਜੋ ਸਿੱਖੁ ਮਿਲੈ, ਸੋ ਮੇਲਿ ਲੈਣਾ। ਵਧੀਕ ਦਿੱਕਤਿ ਨਾਹੀ ਕਰਣੀ। ਮੇਰਾ ਹੁਕਮੁ ਹੈ ਸੰਗਤਿ!! ਸੰਮਤੁ ੧੭੫੮ ਮਿਤੀ ਫਾਗੋਂ ੧੦[1], ਸਤਰਾਂ ਅਠਿ[2]

1. ਇਹ ਤਿਥਿ, ਸੰਮਤੁ "ਈਸਵੀ ਸਾਲ ੧੭੦੨, ਫਰਵਰੀ ੬" ਵਿਚ ਪੈਂਦੇ ਹਨ।

2. "ੴ..." ਤੋਂ ਲੈ ਕੇ "ਸਤਰਾਂ ਅਠਿ ੮" ਤੱਕ ਲਿਖਤ, ਗੁਰੂ ਜੀ ਦੇ ਪੇਸ਼ਕਾਰ (ਪੀ.ਏ.) ਦੀ ਹੈ; ਜੋ ਸਤਿਗੁਰਾਂ ਦੇ ਹੁਕਮੁ ਅਨੁਸਾਰ ਲਿਖੀ ਹੈ। ਇਜੇਹੇ ਲਿਖੇ ਨੂੰ ਸਰਕਾਰੀ ਭਾਖਾ ਵਿਚ, 'ਹਸਬੁਲ ਹੁਕਮੁ' ਆਖੀਦਾ ਇ। ਸਿਰਾਤੇ ਗੁਰੂ ਜੀ ਨੇ ਟੇਢੇ ਦਾਅ, ਸਿਕਸਤ ਗੁਰਮੁਖੀ ਅੱਖਰਾਂ ਵਿਚ—

ਅੱਖਰ, ਕਲਮ ਮੁਬਾਰਕ ਨਾਲ ਲਿਖਕੇ, ਇਸ ਹੁਕਮ ਦੀ ਤਸਦੀਕ ਕੀਤੀ ਹੈ। ਇਨ੍ਹਾਂ ਅੱਖਰਾਂ ਨੂੰ ਗੁਰੂ ਜੀ ਦਾ "ਨੀਸਾਨ" ਮੰਨ ਕੇ ਸਿੱਖ ਨਮਸਕਾਰਦੇ, ਸਤਿਕਾਰਦੇ ਤੇ ਹੁਕਮ ਦੀ ਪਾਲਣਾ ਕਰਦੇ ਸਨ॥



www.Mahapurakh.com

(੪) ਸ੍ਰੀ ਦਸਮੇਸ਼ ਪਿਤਾ, ਪਿੰਡ....ਫੱਫੜੇ ਦੇ ਵਾਸੀ 'ਮਸੰਦ—ਭਾਈ ਗੁਰਦਾਸ 'ਭਗਤੇ' ਦੀ 'ਸੰਗਤਿ' ਯੋਗ ਹੁਕਮੁ ਕਰਦੇ ਹਨ :—

"੧ਓ ਸਤਿਗੁਰੂ ਜੀ![1]

"........ਭਾਈ ਦੇਸਰਾਜ, ਸਰਬਤਿ ਸੰਗਤਿ **ਗੁਰਦਾਸ 'ਭਗਤੇ' ਫਫੜੇ ਕਾ 'ਸਹਲੰਗ!** ਗੁਰੂ ਰਖੈਗਾ! ਸੰਗਤਿ, ਗੁਰੂ ਗੁਰੂ ਜਪਣਾ, ਜਨਮੁ ਸਉਰੈਗਾ! ਦੇਸ ਰਾਜ, ਹਜੂਰਿ ਆਇਆ, ਖੁਸ਼ੀ ਹੋਈ। ਕਾਰ, ਸੰਗਤਿ ਭਾਈ ਦੇਸ ਰਾਜ ਨੂੰ ਦੇਣੀ! ਮੇਰੀ ਖੁਸੀ ਹੈ! ਨਿਹਾਲ ਹੋਏ!! ਮਿਤੀ ਵੈਸਾਖੋਂ ੨੭ ਸੰਮਤ ੧੭੫੬, ਸਤਰਾਂਪ"

## (ੲ) ਬਾਈਹ ਮੰਜੀਆਂ-ਸੰਗਤਾਂ

ਜਿਉਂ-ਜਿਉਂ 'ਨਾਨਕਪੰਥੀਆਂ' ਦੀ ਗਿਣਤੀ ਵਧਦੀ ਗਈ; ਉਨ੍ਹਾਂ ਨੂੰ ਜੱਥੇਬੰਦ ਕਰਕੇ, ਧਰਮ ਪ੍ਰਚਾਰ ਦਾ ਪਸਾਰ ਕਰਨ ਵਾਸਤੇ, 'ਮਸੰਦ' (ਮੰਜੀਦਾਰ) ਵੀ ਲਾਜ਼ਮੀ ਤੌਰ ਪੁਰ ਵਧ ਗਏ। ਚੁਨਾਂਚਿ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਰਾਜ ਵਿਚ, ਅਕਬਰ ਬਾਦਸ਼ਾਹ ਦੇ ਬਣਾਏ ਸਭਨਾਂ (ਬਾਈਹਾਂ) ਸੂਬਿਆਂ ਅੰਦਰਿ 'ਸਿੱਖ ਸੰਗਤਾਂ' '(ਧਰਮਸਾਲਾ)' ਕਾਇਮ ਹੋ ਗ੍ਹਈਆਂ ਸਨ।

ਅਗਾਂਹਾਂ, ਸਿੱਖੀ-ਸੇਵਕੀ ਵਧੀ; ਤਾਂ ਇਨ੍ਹਾਂ ਮਸੰਦਾਂ, ਆਪਣੇ ਸਿੱਖੀ-ਮੰਡਲ ਚੌੜੇਰੇ ਕਰਨ ਵਾਸਤੇ ਆਪਣੇ ਸੇਵਕਾਂ 'ਚੋਂ ਕਈ ਕਈ ਹੋਰ ਗੁਰਮੁਖ 'ਮਸੰਦ' ਥਾਪ ਦਿੱਤੇ। ਇਸ ਤਰ੍ਹਾਂ ਪੰਜਵੇਂ ਪਾਤਸ਼ਾਹ-ਸ੍ਰੀ ਗੁਰੂ ਅਰਜੁਨ ਮੱਲ ਦੇ ਸਮੇਂ, ਗੁਰ ਸਿੱਖਾਂ ਦੀ ਗਿਣਤੀ ਬਹੁਤ ਵਧ ਗਈ [2]। ਪਰ ਸੋਢੀ ਪ੍ਰਿਥੀ ਮੱਲ ਨੇ, ਸੰਮਤ ੧੬੫੫ ਬਿ: (੧੫੯੮ ਈ:) ਵਿਚ ਬਖੇੜਾ ਖੜ੍ਹਾ ਕਰਕੇ, ਸਿੱਖੀ-ਸੇਵਕੀ ਵਿਚੋਂ ਹਿੱਸਾ ਵੰਡਾਉਣ ਲਈ, ਅਕਬਰ ਬਾਦਸ਼ਾਹ ਦੇ ਹਜੂਰਿ ਮਹਜਰ ਨਾਮਾ' ਪੇਸ਼ ਕਰਿ ਦਿੱਤਾ। ਬਾਦਸ਼ਾਹ ਨੇ 'ਮਹਜ਼ਰ' ਤਾਂ ਝੂਠਾ ਕਰਾਰ ਦਿੱਤਾ ਪਰ ਗੁਰੂ ਸਾਹਿਬ ਨੂੰ ਦੁਆਬਾ ਬਿਸ਼ਤ-ਜਲੰਧਰ ਅੰਦਰ ਕਾਫੀ ਰਕਬਾ ਜਾਗੀਰ ('ਐਮੇ') ਵਜੋਂ ਭੇਟ ਕਰਕੇ, ਨੱਗਰ ਵਸਾਉਣ ਤੇ ਉਥੇ ਹੀ ਟਿਕਣ ਦੀ ਸਲਾਹ ਦਿੱਤੀ। ਜੋ ਗੁਰੂ ਜੀ ਨੇ ਮੰਨ ਲਈ। ਇਉਂ ਮਾਝੇ, ਨੱਕੇ ਤੇ ਪੱਛਿਮ ਵਲਿ ਹੋਰ ਦੂਰ ਤੱਕ, ਭੋਲੇ ਸਿੱਖਾਂ ਉੱਤੇ 'ਮੀਣੇ' ਸੋਢੀਆਂ ਨੇ ਆਪਣਾ ਟਹੁਰ-ਟਿੱਕਾ ਵਧਾ ਲਿਆ। ਇਸ ਅਸਰ ਹੇਠ ਆਏ ਸਿੱਖਾਂ ਨੂੰ ਲੋਕੀ, 'ਮੀਣਿਆਂ' ਦੇ ਭਗਤ (ਸਿੱਖ) ਆਖਣ ਡਹਿ ਪਏ। [3]

---

1. (੧) ਇਹ ਇਤਿਹਾਸਕ ਲਿਖਤ, ਫੱਫੜੇ ਪਿੰਡ; ਭਾਈ ਦੇਸ ਰਾਜ ਦੀ ਅਉਲਾਦ ਪਾਸ ਸਾਂਭੀ ਹੋਈ ਹੈ। ਸ਼ਹਿਰਾਂ ਤੋਂ ਦੁਰੇਡੇ ਤੇ ਬਿਖੜੇ ਰਾਹਾਂ ਦੇ ਕਾਰਨ; ਇਸਦਾ ਫੋਟੋ ਅਜੇ ਤੱਕ ਪ੍ਰਾਪਤਿ ਨਹੀਂ ਹੋ ਸਕਿਆ। ਹਾਂ, 'ਨਕਲ' ਬਮੂਜਬ 'ਅਸਲ', ਪਾਠਕਾਂ ਦੀ ਸੇਵਾ ਵਿਚ ਪੇਸ਼ ਕਰ ਦਿੱਤੀ ਹੈ।

(੨) ਇਸ ਮਤਲਬ ਦੇ ਹੁਕਮਨਾਮੇ, 'ਮਸੰਦ-ਮ੍ਰਿਯਾਦਾਂ' ਮਨਸੂਖ ਕਰਨ ਤੋਂ ਬਾਅਦ (ਸੀਸ ਭੇਟ ਵੈਸਾਖੀ ਦੇ ਅੱਗੇ-ਪਿੱਛੇ) ਭੇਜੇ ਗਏ ਸਨ। ਜਿਨ੍ਹਾਂ 'ਚੋਂ ਇਹ ਦੋਵੇਂ ਵੰਨਗੀ ਮਾਤ੍ਰ ਸਮਝਣੇ ਚਾਹੀਦੇ ਨਿ। ਇਸ ਲਿਖੇ ਉੱਤੇ ਪਏ ਤਿਥਿ, ਸੰਮਤੁ, ਅੰਗਰੇਜ਼ੀ ਤਾਰੀਖ ੨੫ ਅਪ੍ਰੈਲ, ੧੬੯੯ ਈਸਵੀ ਦੇ ਬਰੋਬਰ ਹਨ।

(੩) ਸ੍ਰੀ ਗੁਰੂ ਗੋਬਿੰਦ ਸਾਹਿਬ ਦੇ ਹੁਕਮਨਾਮਿਆਂ ਪੁਰ ਪਈਆਂ ਤਾਰੀਖਾਂ ਨੇ ਇਨ੍ਹਾਂ ਦੀ ਇਤਿਹਾਸਕ ਮਹਾਨਤਾ ਬਹੁਤ ਵਧਾ ਦਿੱਤੀ ਹੈ। ਇਤਿਹਾਸ ਖੋਜੀਆਂ ਲਈ ਇਕ ਅਮੋਲਕ ਦਾਤ ਹੈ। ਅਤੇ ਸਹੀ ਸਾਇੰਟੀਫਿਕ ਇਤਿਹਾਸ ਮੁਰੱਤਬ ਕਰਨ ਵਾਸਤੇ, ਚਾਨਣ-ਮੁਨਾਰੇ ਤੇ ਪਦ ਚਿੰਨ੍ਹ (ਖੁਰੇ)॥

2. ਮਾਖਜ਼ਿ ਤ੍ਵਾਰੀਖਿ ਸਿੱਖਾਂ—ਸਫ਼ਾ ੩੦।

3. ਦਬਸਤਾਨਿ ਮਜ਼ਾਹਬ—ਪੰਨਾ ੨੩੪।

www.Mahapurakh.com

ਪੰਜਵੇਂ ਪਾਤਿਸ਼ਾਹ ਦੀ ਸ਼ਹਾਦਤ ਤੋਂ ਬਾਅਦ, ਜਹਾਂਗੀਰ ਬਾਦਸ਼ਾਹ ਨੇ ਸ੍ਰੀ ਗੁਰੂ ਅਰਜੁਨ ਜੀ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਤੇ ਉਨ੍ਹਾਂ ਦਾ ਬਾਲ-ਬੱਚਾ ਗੁਰੂ ਹਰਿ ਗੋਬਿੰਦ ਸਾਹਿਬ ਤੇ ਨਿਕਟ ਆਪਣੇ ਸਰਬੰਧੀਆਂ ਬਖਸ਼ੀ, ਸ਼ੇਖ ਫ਼ਰੀਦ; ਮੁਰਤਜ਼ਾ ਖਾਂ ਨੂੰ ਸੌਂਪ ਦਿੱਤਾ।[1] ਮੀਣੇ ਗੁਰੂਆਂ ਨੇ ਸਰਕਾਰੀ ਬਲ-ਬੁੱਤੇ ਉੱਤੇ, ਆਪਣੀ ਸਿੱਖੀ-ਸੇਵਕੀ, ਦੁਆਬੇ' ਤੇ 'ਮਾਲਵੇ' ਤਕ ਫੈਲਾ ਲਈ॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸੰਮਤ ੧੬੭੬ ਬਿ: ਦੇ ਅੰਤਿ (ਸਾਲ ੧੬੨੦ ਈ: ਦੇ ਸ਼ੁਰੂ 'ਚ) ਨਜ਼ਰ ਬੰਦੀ ਤੋਂ ਬਰੀ ਹੋ ਕੇ, ਘਰਿ ਆਏ; ਤਾਂ ਗੁਰਸਿੱਖਾਂ ਉਤੋਂ "ਮੀਣਿਆਂ" ਦੇ ਪਾਏ ਭਰਮ-ਭੁਲੇਖਿਆਂ ਦਾ ਛਾਪਾ ਲਾਹੁਣ ਵਾਸਤੇ, ਸੰਗਤਾਂ ਜੋਗ ਹੁਕਮਨਾਮੇ ਜਾਰੀ ਕਰਨੇ ਪਏ। ਉਨ੍ਹਾਂ 'ਚੋਂ ਇਕ ਦੀ ਵੰਨਗੀ (ਨੰ: ੧), ਪਿੱਛੇ ਦਿੱਤੀ ਗਈ ਹੈ।

ਇਸ ਉਪਰਾਲੇ ਨਾਲ ਕੁਝ ਕੁ ਸੱਚੇ ਮਸੰਦ ਤੇ ਸਾਦਿਕ ਸਿੱਖ, 'ਪ੍ਰਤੱਖ ਗੁਰੂ' ਦੀ ਸ਼ਰਨਿ ਆ ਗਏ; ਪਰ ਅੱਗੋਂ ਗੁਰਮਤਿ ਪ੍ਰਚਾਰ ਦਾ ਵਿਸਥਾਰ ਜਾਰੀ ਰੱਖਣ ਖਾਤਿਰ, ਬੇ-ਮੁਖ ਮਸੰਦਾਂ ਦੀਆਂ ਗੱਦੀਆਂ ਮਨਸੂਖ ਕਰਨੀਆਂ ਪਈਆਂ। ਅਤੇ 'ਗੁਰ-ਦੀਖਿਆ' ਦੇਣ ਦੀ ਮ੍ਰਿਯਾਦਾ ਵਿਚ ਵੀ ਜ਼ਰੂਰੀ ਤਰਮੀਮ ਲਾਜ਼ਮੀ ਹੋ ਗਈ। ਜੋ ਇਸ ਤਰ੍ਹਾਂ ਕੀਤੀ ਗਈ :—

## 'ਪੰਚ-ਪਰਵਾਨ' ਦਾ ਬੰਧਾਨ

ਸ੍ਰੀ ਗੁਰੂ ਅਮਰਦਾਸ ਜੀ ਨੇ, ਸਿੱਖਾਂ ਦੀ ਸੱਧਰ ਪੂਰਨਿ, ਤੇ ਸਰਬਤਿ ਸਿੱਖਾਂ ਦੀ ਆਪੋ ਵਿਚ ਜਾਣ-ਪਛਾਣ ਕਰਾਉਣ ਦੇ ਮਨੋਰਥ ਨਾਲ, ਸਤਿਗੁਰੂ ਨਾਨਕ ਸਾਹਿਬ ਦੀ ਸਉ ਸਾਲਾ ਵਰ੍ਹੇ ਗੰਢ (ਜਯੰਤੀ) ਦੇ ਮੌਕੇ,—ਸੰਮਤੁ ੧੬੨੬ ਬਿੱ: (੧੫੬੯ ਈ:) ਦੇ ਵੈਸਾਖ ਮਹੀਨੇ,—'ਸਰਬ ਸਿੱਖ ਮਹਾਂ ਸਮਾਗਮ' ਬੁਲਾਇਆ ਸੀ। ਉਸ ਵੇਲੇ ਤੋਂ ਹਰ ਸਾਲ 'ਵੈਸਾਖੀ' ਦਾ ਮੇਲਾ ਗੁਰੂ ਸਾਹਿਬ ਦੇ ਹਜ਼ੂਰਿ ਲੱਗਣ ਦਾ ਰਿਵਾਜ ਪੱਕਾ ਹੋ ਗਿਆ। ਇਸ ਜੋੜ ਮੇਲੇ ਦਾ ਨਾਮ 'ਵਿਸੋਆ ਦਰਸ' ਮਸ਼ਹੂਰ ਹੋਇਆ॥

ਸੰਮਤ ੧੬੭੯ (੧੬੨੨ ਈ:) ਦਾ 'ਵਿਸੋਆ ਦਿਵਸੁ' ਆਇਆ ਤਾਂ ਸਿੱਖ ਸੰਗਤਾਂ ਹੁੰਮ ਹੁੰਮਾ ਕੇ, ਸ੍ਰੀ ਗੁਰੂ ਹਰਿ ਗੋਬਿੰਦ ਸਿੰਘ ਜੀ ਦੇ ਹਜ਼ੂਰਿ—ਸ੍ਰੀ ਰਾਮਦਾਸ-ਪੁਰੇ (ਚੱਕ ਗੁਰੂ)—ਹਾਜਿਰ ਹੋਈਆਂ। 'ਸਿੱਖ' ਸਜਣ ਦੇ ਅਭਿਲਾਖੀਆਂ ਦੀ ਗਿਣਤੀ ਵੀ ਬਹੁਤ ਜਾਦੇ ਇਕੱਠੀ ਹੋ ਗਈ। ਮੁਖੀ ਗੁਰਮੁਖਾਂ ਦੀ ਪ੍ਰਾਰਥਨਾ ਸੁਣਕੇ, ਸਾਹਿਬਾਂ, 'ਪਾਹੁਲ' ਦੇਣ ਦੀ ਮ੍ਰਿਯਾਦਾ ਇਸ ਤਰ੍ਹਾਂ ਬੱਧੀ :—

"ਵਾਸੀ ਵਿਚਿ ਜਿੱਥੈ ਹੋਵੇ ਧਰਮਸਾਲ।
ਸਿੱਖ ਮਿਲਿ ਬੈਠਨ ਰਸ-ਮੁਹੱਬਤ ਨਾਲਿ।
ਸਬਦ, ਸਾਖੀ, ਗ੍ਰੰਥ-ਪੋਥੀ ਪੜ੍ਹੀਐ।
ਕੀਰਤਨ-ਕਥਾ, ਗੁਰ ਚਰਚਾ ਕਰੀਐ!! ੧੦੯ (੧੧੦)
ਜਿਸ ਨੂੰ 'ਸਿੱਖ' ਹੋਵਨ ਦੀ ਹੋਵੈ ਅੱਤਿ ਚਾਹ।
ਸੋ ਉੱਥੇ, ਚਲਿ ਜਾਵੇ ਖਾਹ ਮਖਾਹ!!
ਹੱਛਾ ਸੁੱਚਾ ਕਟੋਰਾ ਕਰਿ, ਵਿਚਿ ਪਾਣੀ ਪਾਣਾ।
ਪੰਜਾਂ ਸਿੱਖਾਂ ਦੇ ਅੰਗੂਠੇ ਸੱਜੇ ਉਪਰਿ ਪਾਣੀ ਵਹਾਣਾ (੧੧੦-੧੧੧)

---

1. ਜਹਾਂਗੀਰ ਬਾਦਸ਼ਾਹ ਦੀ ਆਪਣੀ ਲਿਖੀ ਤ੍ਵਾਰੀਖ—'ਤੁਜ਼ਕਿ ਜਹਾਂਗੀਰੀ' (ਛਪੀ ਹੋਈ)—ਪੰਨਾ ੩੫

www.Mahapurakh.com

ਤਿਸ ਪਾਣੀ ਉਪਰਿ 'ਜਪੁ' ਪੰਜ ਪਉੜੀਆਂ ਪੜ੍ਹਨਾ!
ਫੇਰਿ ਪੰਜ ਪਉੜੀਆਂ 'ਅਨੰਦ' ਉਚਰਨਾ!
ਸੋ ਪਾਣੀ ਸਿੱਖ ਨੂੰ 'ਚਰਨਾਮ੍ਰਿਤ' ਕਰਿ ਦੇਣਾ!
ਕਰਿ ਅਰਦਾਸਿ ਪ੍ਰਸਾਦੁ ਵਰਤਾਇ ਲੈਣਾ!! ੧੧੧ (੧੧੨)
ਉਪਦੇਸ਼ ਕਰਿ ਸਿੱਖੀ ਦਾ, ਸਿੱਖ ਨੂ ਨਾਲਿ ਮਿਲਾਣਾ!
ਬਿਨਾਂ ਗੁਰੂ ਦੇ ਘਰਿ, ਸਿੱਖ ਹੋਰਥੇ ਨ ਜਾਣਾ!
ਧਰਮ ਦੀ ਕਿਰਤ, ਕੁਸੰਗਤਿ ਦਾ ਤਿਆਗੁ!
ਉਹ ਸਿੱਖ ਗੁਰੂ ਕਾ ਹੋਆ, ਉੱਜਲ ਭਾਗ॥ ੧੧੨ (੧੧੩)
ਐਸੇ ਗੁਰ-ਦੀਖਿਆ, ਸਾਹਿਬ ਠਹਿਰਾਈ।
ਆਵਨ ਜੋ ਲੱਗੀ ਬਹੁਤ ਲੋਕਾਈ!!...੧੧੩ (੧੧੪)

*(ਚਰਨ ਛੇਵਾਂ)*

ਇਉਂ, ਗੁਰੂ ਸਾਹਿਬ ਨੇ 'ਸਿੱਖ' ਬਣਨ ਦੀ ਨਵੀਂ ਰੀਤਿ ਤੋਰਕੇ, ਮਸੰਦਾਂ ਦੀ ਮੁਹਛੰਦਗੀ, ਗਲੋਂ ਲਾਹ ਦਿੱਤੀ। ਅਤੇ 'ਸਿੱਖੀ ਮਾਰਗੁ' ਸਿੱਧਾ-ਪੱਧਰਾ ਤੇ ਮਨੁੱਖ ਮਾਤ੍ਰ ਲਈ ਸੁਹੇਲਾ ਬਣਾ ਦਿੱਤਾ। ਨਾਲੇ ਅੱਗੋਂ ਲਈ 'ਪੰਚ ਪ੍ਰਵਾਣ' ਦਾ ਸਿਧਾਂਤ ਪੱਕਾ ਤੇ ਅਟੱਲ ਹੋ ਗਿਆ।

ਇਸ ਤੋਂ ਬਾਅਦ ਵੀ ਕਈ ਗੁਰਮੁਖ ਮੰਜੀਦਾਰ—ਭਾਈ ਬੰਨੋ ਤੇ ਭਾਈ ਬੱਠਾ ਪੰਜਾਬੀ, ਅਤੇ ਭਾਈ ਜਾਪੂ ਤੇ ਭਾਈ ਗੁਰਦਾਸ ਪੂਰਬਿ ਨਿਵਾਸੀ, ਆਦਿ—ਗੁਰਗੱਦੀ ਨਾਲ ਵਫਾਦਾਰੀ ਨਿਬਾਹੁੰਦੇ; ਤੇ ਸਰਧਾ ਪ੍ਰੇਮ ਨਾਲ ਹੁਕਮੀ ਕਾਰ ਕਮਾਉਂਦੇ ਰਹੇ। ਤਕਰੀਬਨ ਸਾਰੇ ਮਸੰਦ ਘਰਿਸ਼ਤੀ (ਟੱਬਰਦਾਰ) ਹੁੰਦੇ ਸਨ; ਉਨ੍ਹਾਂ ਦੇ ਪਰਚਾਰ ਦਾ ਪ੍ਰਭਾਵ, ਹੋਰਨਾਂ ਮਤਾਂ ਦੇ ਸਾਧੂ ਫਕੀਰਾਂ ਉੱਪਰ ਘੱਟ ਪੈਂਦਾ ਸੀ। ਇਸ ਘਾਟ ਨੂੰ ਛੇਵੇਂ ਪਾਤਿਸ਼ਾਹ—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ, 'ਨਾਨਕ ਮਤੇ' ਗੁਰਧਾਮ ਪੁਰ ਭਾਈ ਅਲਮਸਤ ਜੀ ਨਾਲ ਜੋਗੀਆਂ ਦੇ ਹੋਏ ਝਗੜੇ ਤੋਂ—ਸੰਮਤ ੧੬੯੨ ਬਿੱਕ੍ਰਮੀ (੧੬੩੫ ਈਸਵੀ) ਵਿਚ, ਮਹਿਸੂਸ ਕੀਤਾ। ਅਤੇ ਉਸੇ ਵੇਲੇ ਤੋਂ ਇਹ ਕਮੀ ਪੂਰੀ ਕਰਨ ਦੇ ਉਪਰਾਲੇ ਅਰੰਭ ਦਿੱਤੇ। ਆਪਣੇ ਨਿਕਟਵਰਤੀ ਗੁਰਮੁਖਾਂ ਵਿਚੋਂ ਤਿਆਗੀ ਵੈਰਾਗੀ ਬਿਰਤੀ ਵਾਲੇ ਕਈ ਸੱਜਣ ਚੁਣੇ। ਉਨ੍ਹਾਂ ਨੂੰ, ਫਕੀਰੀ ਬਾਣਾ (ਉਦਾਸੀ ਭੇਖ) ਪਹਿਰਾਇਆ; 'ਗੁਰਮੰਤ੍ਰ' ਸੀਖਿਆ-ਦੀਖਿਆ (ਗੁਰਮਤਿ ਉਪਦੇਸ਼) ਤੇ 'ਪਾਹੁਲ' (ਚਰਨਾਮ੍ਰਿਤ) ਦੇ ਕੇ ਨਿਰੰਕਾਰੀ ਧਰਮ ਤੇ ਸਿੱਖੀ ਸਿਲਸਿਲਾ ਜਾਰੀ ਰੱਖਣ ਦੇ ਅਧਿਕਾਰ ਬਖਸ਼ੇ। ਇਨ੍ਹਾਂ ਸਿੱਖ ਸੰਤਾਂ ਵਿਚੋਂ, ਭਾਈ ਅੱਲੂ ਤੇ ਬਾਲੂ (ਦੋਵੇਂ ਸਕੇ ਭਰਾ, ਕਸ਼ਮੀਰੀ ਬ੍ਰਾਹਮਣ) ਅਤੇ ਭਾਈ ਗੋਇੰਦ ਤੇ ਫੂਲ (ਦੋਵੇਂ ਭਰਾ ਪੰਜਾਬੀ ਖੱਤ੍ਰੀ) ਬਹੁਤ ਪ੍ਰਸਿੱਧ ਤੇ ਕਰਨੀ ਕਰਤੂਤ ਵਾਲੇ ਸਾਧੂ (ਉਦਾਸੀ) ਹੋਏ ਹਨ। ਤਿਨ੍ਹਾਂ ਦੇ ਸੇਵਕ ਤੇ ਚੇਲੇ ਪੜਚੇਲੇ ਹੀ 'ਨਿਰੰਕਾਰੀ ਧਰਮ' ਦੇ ਸੱਚੇ ਪੰਧਾਊ ਤੇ ਸਹੀ ਪ੍ਰਚਾਰਕ ਸਨ। ਇਨ੍ਹਾਂ ਦੇ ਪ੍ਰਚਾਰ ਤੇ ਉੱਦਮ ਨਾਲ ਹੀ, ਗੁਰੂ ਬਾਬੇ ਦੀ ਮਨਸ਼ਾ ਅਨੁਸਾਰ, ਪਰਦੇਸ਼ਾਂ ਵਿਚ—

"ਘਰਿ ਘਰ ਅੰਦਰਿ ਧਰਮ ਸਾਲ ਹੋਵੈ ਕੀਰਤਨ ਸਦਾ ਵਿਸੋਆ।"—

ਦੇ ਬਾਨ੍ਹਣੂ ਬੰਨ੍ਹੇ ਗਏ ਹਨ; ਅਤੇ—

"ਜਿਥੇ ਬਾਬਾ ਪੈਰ ਧਰੇ, ਪੂਜਾ ਆਸਣੁ ਥਾਪਣ ਸੋਆ"

ਦੇ ਪਏ ਪੈਂਤੜੇ, ਅਸੀਂ ਵੇਖ ਰਹੇ ਹਾਂ॥

ਭਲੇ ਮਸੰਦਾਂ, ਤੇ ਉਦਾਸੀ ਪ੍ਰਚਾਰਕਾਂ ਦਾ ਸਿਲਸਿਲਾ, ਸੇਵਕ-ਗੁਮਾਸ਼ਤਿਆਂ (ਸਹਲੰਗਾਂ) ਤੇ ਗੁਰੂ ਚੇਲਿਆਂ ਦੀਆਂ ਸ਼ਾਖਾਂ (ਸ਼ਰੇਣੀਆਂ) ਦੇ ਰੂਪ 'ਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਤੱਕ

www.Mahapurakh.com

ਤੁਰਿਆ ਰਹਿਆ। ਲੇਕਿਨ ਲੰਮੇ ਸਮੇਂ ਤੱਕ ਜਾਰੀ ਰਹਿਣ ਕਰਕੇ, ਪ੍ਰਚਾਰਕ ਮਹਾਂ ਪੁਰਖਾਂ ਦੀਆਂ ਇਨ੍ਹਾਂ ਗੱਦੀਆਂ ਨੇ, 'ਮਹੰਤੀ ਗੱਦੀਆਂ' ਦੀ ਸੂਰਤਿ ਧਾਰਨ ਕਰ ਲਈ, ਅਰੁ 'ਗੁਰੂ ਚੇਲੇ' ਦੀ ਰੀਤਿ ਸਦਾ ਲਈ ਚਲ ਪਈ। ਅਤੇ ਇਹ ਚਾਰੇ ਸ਼ਾਖਾਂ ਵੀ ਪੱਕੀਆਂ ਹੋ ਗਈਆਂ।

ਦੂਜੇ ਬੰਨ੍ਹੇ 'ਬਾਬੇਕਿਆਂ' ਨਾਲ, 'ਬਾਬਰਕਿਆਂ' ਦੇ ਉਲਝ ਪੈਣ ਕਰਕੇ, ਪੁਰਾਣੇ ਮਸੰਦਾਂ ਦੀਆਂ ਵਾਗਾਂ ਢਿਲੀਆਂ ਪੈ ਗਈਆਂ। ਲੇਖੇ ਪੱਤੇ ਵਿਚ ਰਉਲ੍ਹਾ ਪੈ ਜਾਣ ਦੇ ਨਾਲ ਹੀ, ਧਰਮ ਤੇ ਆਚਰਨ ਵੀ ਬਹੁਤਿਆਂ ਦੇ ਗੰਧਲੇ ਹੋ ਗਏ। ਅਕਸਰ ਮੰਜੀਦਾਰ, ਆਪਣੀਆਂ ਗੱਦੀਆਂ ਨੂੰ ਜੱਦੀ ਵਿਰਾਸਤ ਸਮਝਣ ਲੱਗ ਪਏ। ਅਰੁ 'ਗੁਰੂ ਕੇ' ਦੀ ਥਾਂ, 'ਗੁਰੂ' ਹੀ ਬਨਿ ਬੈਠੇ। ਮੀਣੇ, ਧੀਰਮੱਲੀਏ ਤੇ ਰਾਮਰਾਈਏ ਆਦਿ ਥੋਥੇ ਗੁਰੂਆਂ, ਮਸੰਦਾਂ ਨਾਲ ਸੌਦੇਬਾਜ਼ੀਆਂ ਵਿੱਢ ਕੇ, ਉਨ੍ਹਾਂ ਦੇ ਦਿਮਾਗ ਹੋਰ ਵੀ ਵਿਗਾੜ ਦਿੱਤੇ। ਚੁਨਾਂਚਿ ਇਸ ਵਿਗੜੇ ਮਸੰਦ ਲਾਣੇ ਬਾਰੇ ਗੁਰੂ ਸਾਹਿਬ ਆਪ ਲਿਖਦੇ ਹਨੇ :–

ਜੋ ਕਰਿ ਸੇਵ ਮਸੰਦਨ ਕੀ, ਕਹੈ: "ਆਨ ਪ੍ਰਸਾਦੁ ਸਭੈ ਮੁਹਿ ਦੀਜੈ!
ਜੋ ਕਿਛੁ ਮਾਲ ਤ੍ਵਾਲਯ ਹੈਂ, ਅਬ ਹੀ ਉਠਿ ਭੇਟ ਹਮਾਰੀ ਹੀ ਕੀਜੈ!
ਮੇਰੋ ਹੀ ਧਯਾਨੁ ਧਰੋ ਨਿਸਿ ਬਾਸੁਰ; ਭੂਲਕੈ ਅਉਰ ਕੋ ਨਾਮ ਨ ਲੀਜੈ!"
'ਦੀਨੇ' ਕੋ ਨਾਮੁ ਸੁਨੈ ਭਜਿ ਰਾਤਹਿ; 'ਲੀਨੇ' ਬਿਨਾਂ ਨਹਿ ਨੈਕੁ ਪਸੀਜੈ!

*('ਬਿਚਿੱਤ੍ਰ ਨਾਟਕ ਗ੍ਰੰਥ' ਅੰਤਿਕਾ, '੩੨ ਸਵੈਯੇ')*

## (ਹ) 'ਮੰਜੀਆਂ' ਮਨਸੂਖ਼

ਇਹ ਰੋਗੁ ('ਗੁਮਾਸ਼ਤੇ' ਥਾਪਣ ਦਾ ਰਿਵਾਜ) ਦਸਵੇਂ ਪਾਤਿਸ਼ਾਹ ਦੇ ਸਮੇਂ ਤੱਕ, ਤਕਰੀਬਨ ਲਾ-ਇਲਾਜ ਹੋ ਗਿਆ। ਅਰੁ ਬਾਜ਼ੇ ਮਸੰਦ ਐਨੇ ਵਿਗੜੇ, ਕਿ ਸਾਧਾਰਨ ਸ਼ਰਧਾਲੂ ਸਿੱਖਾਂ ਦੇ ਧਰਮ ਸ਼ਰਮ ਨੂੰ ਵੀ ਬੜੀ ਬੇਦਰਦੀ ਨਾਲ ਬਰਬਾਦ ਕਰਨ ਲੱਗ ਪਏ। ਉਨ੍ਹਾਂ ਦੇ ਇਸ ਪਾਪ ਪਖੰਡ ਦੀਆਂ ਫਰਯਾਦਾਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰਿ ਪਹੁੰਚੀਆਂ। ਇਕ ਦਿਨ, ਭੰਡਾਂ ਦੇ ਇਕ ਟੋਲੇ ਨੇ, ਸਾਹਿਬਾਂ ਦੇ ਰੂਬ-ਰੂ ਮਸੰਦਾਂ ਦੀ ਇੰਨ- ਬਿੰਨ ਨਕਲ ਲਾਹ ਕੇ, ਦਰਸ਼ਕਾਂ ਨੂੰ ਖ਼ੂਨ ਦੇ ਹੰਝੂ ਰੁਆ ਦਿੱਤਾ। ਪਿਆਰੇ ਤੇ ਸਰਲ ਸੂਧੇ ਸਿੱਖ ਸੇਵਕਾਂ ਦੀ ਦਰਦ ਕਹਾਣੀ ਮੂੰਹ ਬੋਲਦੇ ਨਾਟਕ ਵਿਚ-ਵੇਖਿ ਸੁਣ ਕੇ, ਧਰਮ ਸ਼ਰਮ ਦੇ ਰਾਖੇ ਸਤਿਗੁਰੂ ਦਾ ਲੂੰ ਲੂੰ ਕੰਬਿ ਉਠਿਆ। ਉਸੇ ਵੇਲੇ ਹੁਕਮ ਦਿੱਤਾ–

"ਫੜ ਲਓ ਇਨ੍ਹਾਂ ਪਾਪੀਆਂ (ਹਾਜ਼ਿਰ ਮਸੰਦਾਂ) ਨੂੰ! ਅਰੁ
ਮੁਸ਼ਕਾਂ ਬੰਨ੍ਹ ਕੇ ਪੇਸ਼ ਕਰੋ ਦਰਬਾਰ ਵਿਚ!!

ਬੱਸ, ਫੇਰ ਕੀ ਸੀ। ਹੁਕਮ ਸੁਣਕੇ, ਮਸੰਦਾਂ ਦੇ ਪਾਪ ਵੀ ਥਰਥਰਾ ਉਠੇ। ਅਰੁ ਬਚਾਉ ਵਾਸਤੇ ਜਿਧਰ ਲੁਕਾਉ ਦਿਸਿਆ, ਉਧਰਿ ਉਠਿ ਨੱਸੇ। ਐਪਰ ਪਿਆਦਿਆਂ ਉਦਮ ਨਾਲ ਘੇਰਿ ਮੋੜ ਕੇ ਬੰਨ੍ਹ ਲਏ। ਇਕ ਇਕ ਕਰਕੇ ਸਤਿਗੁਰਾਂ ਦੈ ਹਜ਼ੂਰਿ ਪੇਸ਼ ਕੀਤੇ ਗਏ।

"ਕਰਮੀ ਕਰਮੀ ਹੋਇ ਵੀਚਾਰ!"

ਦਾ ਭਾਣਾ ਵਰਤਾ ਕੇ, ਸਾਹਿਬਾਂ ਜਥਾਜੋਗ ਸਜ਼ਾਵਾਂ ਦਿੱਤੀਆਂ ਤੇ ਇਹ ਖ਼ੂਨੀ ਨਾਟਕ ਖ਼ਤਮ ਕਰ ਦਿੱਤਾ।

'ਨਾਟਕ' ਦਾ ਨਿਚੋੜ ਇਹ ਨਿਕਲਿਆ, ਕਿ 'ਮਸੰਦੀ ਮ੍ਰਿਜਾਦਾ' ਹੀ ਨਾਕਸ ਹੈ। ਇੱਕ ਸਦੀ ਦੇ ਅੰਦਰਿ ਅੰਦਰਿ, ਜੇ ਇਹ ਰੁਕੇ ਜਲ ਵਾਂਗੂ ਮੰਦਾ ਚਲ੍ਹਾ ਬਣ ਗਈ ਹੈ; ਤਾਂ ਅਗਾਹਾਂ

www.Mahapurakh.com

ਬਹੁਤਾ ਚਿਰ ਤਰੱਕਦਿਆਂ ਰਹਿਣ ਨਾਲ, ਹੋਰ ਵੀ ਸੜ੍ਹਿਆਨ ਛਡ ਜਾਇਗਾ। ਇਸ ਨੂੰ ਬੰਦ ਕਰਨ ਵਿਚ ਹੀ ਭਲਾਈ ਹੈ। ਇਸ ਲਈ ਅੱਗੇ ਵਾਸਤੇ "ਪੰਚ ਪ੍ਰਧਾਨ, ਪੰਚ ਪ੍ਰਵਾਨ" ਦਾ ਬੰਧਾਨ ਹੀ ਪੱਕਾ ਕਰ ਦੇਣਾ ਉਚਿਤ ਸਮਝਿਆ ਗਿਆ।

ਉਸ ਮੌਕੇ ਸਤਿਗੁਰਾਂ ਨੇ ਸਿੱਖ ਸੰਗਤਾਂ ਨੂੰ ਮਸੰਦਾਂ ਦੇ ਮੰਡਲਾਂ (ਤਾਬੇਦਾਰੀ, ਜਾਗੀਰ) ਵਿਚੋਂ ਕੱਢਕੇ, ਸਿਧਾ ਆਪਣੇ (ਗੁਰਗੱਦੀ) ਨਾਲ ਸੰਬੰਧਤ ਕਰ ਲਿਆ। ਯਾਨੀ 'ਖ਼ਾਲਸਾ'[1] ਬਣਾ ਲਿਆ। ਅਰੁ ਹਰਿ ਥਾਂ ਦੀਆਂ ਸੰਗਤਾਂ ਵਲਿ ਇਸ ਤਰ੍ਹਾਂ ਦੇ 'ਹੁਕਮ ਨਾਮੇ' ਭੇਜ ਦਿੱਤੇ :—

੧—ਬਾਵਾ ਸਰੂਪ ਦਾਸ, 'ਭਲਾ'—'ਮਹਿਮਾ ਪ੍ਰਕਾਸ਼'—ਸਾਖੀ ੨੨੧; ਤੇ

੨—ਭਾਈ ਕੇਸਰ ਸਿੰਘ, 'ਛਿੱਬਰ' ਬੰਸਾਵਲੀ ਨਾਮਾ...ਚਰਨ ੧੦, ਛੰਦ ੩੪੮–੫੧

"੧ੴ ਸਤਿਗੁਰੁ ਜੀ!

> "ਸਿਰੀ ਗੁਰੂ ਜੀਉ ਦੀ ਆਗਿਆ ਹੈ :—ਭਾਈ ਕਲਿਆਣ ਰਾਇ, ਸਰਬਤ ਸੰਗਤਿ ਮਾਛੀਵਾੜੇ ਕੀ! ਗੁਰੂ ਰਖੈਗਾ! **ਸੰਗਤਿ ਮੇਰਾ 'ਖਾਲਸਾ' ਹੈ**!.....ਜੋ ਗੁਰੂ ਕੇ ਨਵਿਤ ਕਾ ਹੋਵੇ—ਗੋਲਕ, ਦਸਵੰਧ, ਮੰਨਤ—ਸੋ, ਹਜੂਰਿ ਆਪ ਲੈ ਆਵਣਾ! ਮਸੰਦਾਂ ਨੋ ਮੰਨਣਾ ਨਾਹੀ। ਗੁਰੂ ਸੰਗਤਿ ਕੀ ਬਾਹੁੜੀ ਕਰੇਗਾ; ਮਨੋਰਥ ਪੂਰੇ ਹੋਵਹਿੰਗੇ!...'
> "ਗੁਰੂ ਕੇ ਨਿਵਿਤ ਕਾ ਹੋਵੈ; ਸੋ ਵਿਸੋਏ ਨੂ ਹਜੂਰਿ ਲੈ ਕੇ ਦਰਸਨ ਆਵਣਾ! ਮੇਰੀ ਖੁਸੀ ਹੈ। ਆਵਗੁ ਸੋ ਨਿਹਾਲੁ ਹੋਗੁ! ਹੋਰਸ ਕਿਸੇ ਮਸੰਦ ਨੂੰ ਨਾਹੀ ਮੰਨਣਾ!..." "ਮਸੰਦ, ਮਸੰਦੀਏ ਦੇ ਮਰਣੈ ਪਰਣੈ, ਗੁਰੂ ਕੇ ਸਿੱਖ, ਨਾਂਹੀ ਜਾਣਾ!...ਮੇਰੀ ਖੁਸੀ ਹੈ।...... **ਮਸੰਦ ਦੈ ਮੁਹਿ ਨਾਹੀ ਲਗਣਾ**; ਗੁਰੂ ਕੇ ਸਿਖ! ਹੁਕਮੁ ਮੰਨਗੁ ਸੋ ਨਿਹਾਲ ਹੋਗੁ॥'

ਸਭ ਤੋਂ ਪਹਿਲਾਂ ਜਾਰੀ ਹੋਏ ਹੁਕਮਨਾਮਿਆਂ ਦੀ ਵੰਨਗੀ ਅਸਲ ਰੂਪ ਵਿਚ, 'ਦਉਲੇ ਕੀ ਗੁਜਰਾਤ' (ਪੰਜਾਬ) ਦੇ ਇਕ ਸਿੱਖ ਘਰਾਣੇ ਪਾਸ ਹੈਗੀ ਸੀ।[2] ਹੁਣ, ਪਾਕਿਸਤਾਨੀ ਹੱਲੇ-ਗੁੱਲੇ ਸਮੇਂ, ਪਤਾ ਨਹੀਂ ਕਿਸ ਹਾਲੇ, ਕਿੱਧਰ ਗਏ ਹੋਣਗੇ! ਉੱਤੇ ਦਿੱਤਾ ਪਾਠ, 'ਮਾਛੀਵਾੜਾ', 'ਪਟਣ ਸੇਖ ਫਰੀਦ ਕੇ' ਤੇ 'ਪਟਣਾ ਸਾਹਿਬ' ਦੀਆਂ ਸੰਗਤਾਂ ਜੋਗ ਪਹੁੰਚੇ; ਤੇ ਉਨ੍ਹਾਂ ਪਾਸ ਸਾਂਭੇ ਹੋਏ, ਅਸਲ ਹੁਕਮਨਾਮਿਆਂ ਵਿਚੋਂ ਲਿਆ ਗਿਆ ਹੈ; ਜੋ ਕਰਮ ਅਨੁਸਾਰ 'ਸੰਮਤੁ ੧੭੫੫ ਮਿਤੀ ਚੇਤੋਂ ੧੪', 'ਮਿਤੀ ਫਾਗੋਂ ੪, ਸੰਮਤੁ ੧੭੫੬[3] ਤੇ 'ਸੰਮਤੁ ੧੭੫੭ ਮੱਘਰ ਮਿਤੀ ੪' ਦੇ ਲਿਖੇ ਹੋਏ ਹਨ।

---

1. 'ਖ਼ਾਲਸਾ', ਅਰਬੀ ਭਾਸ਼ਾ 'ਚ 'ਨਿਰਮਲ' ਨੂੰ ਕਹਿੰਦੇ ਨਿ; ਤੇ ਸਰਕਾਰੀ ਸ਼ਬਦਾਵਲੀ ਵਿਚ ਉਸ ਜਾਇਦਾਦ ਦਾ ਰੂੜ੍ਹੀ (ਰਸਮੀ) ਨਾਮ ਹੈ, ਜੋ ਸਿੱਧੀ ਬਾਦਸ਼ਾਹ ਨਾਲ ਸੰਬੰਧਤ ਹੋਵੇ; ਕਿਸੇ ਅਮੀਰ ਵਜ਼ੀਰ ਦੀ ਜਾਗੀਰ ਨਾ ਹੋਵੇ। ('ਲੁੱਮਾਤਿ ਕਿਸੋਰੀ' ਤੇ ਮਹਾਨਕੋਸ਼)।

'ਗੁਰਮਤਿ' ਸਾਹਿਤ ਵਿਚ, ਇਹ ਸ਼ਬਦ ਇਨ੍ਹਾਂ ਦੋਹਾਂ ਅਰਥਾਂ ਵਿਚ ਵਰਤਿਆ ਗਿਆ ਹੈ। ਪਰ 'ਰੂੜ੍ਹੀ' ਭਾਵ, ਵਧੇਰੇ ਪ੍ਰਚਲਤ ਹੈ।

2. ਬਾਬਾ ਸਰੂਪ ਦਾਸ ਭਲਾ—'ਮਹਿਮਾ ਪ੍ਰਕਾਸ਼'—ਸਾਖੀ ੨੨ਵੀਂ, ਛੰਦ ਪੰਦਰਵਾਂ॥

3. ਇਹ ਸੰਮਤ 'ਵਰਤਮਾਨ' ਹੈ; ਜੋ 'ਸੰਮਤੁ ੧੭੫੫, ਮਿਤੀ ਫਾਗੋਂ ੪' (੩੧ ਜਨਵਰੀ ੧੬੯੯ ਈਸਵੀ) ਸਮਝਣਾ ਚਾਹੀਦਾ ਇ।' ਅਰਥਾਤ ਮਾਛੀਵਾੜੇ ਵਾਲੇ ਨਾਲੋਂ ਸਵਾ ਕੁ ਮਹੀਨਾ ਪਹਿਲਾਂ ਲਿਖਿਆ ਸਹੀ ਹੁੰਦਾ ਹੈ।

www.Mahapurakh.com

ਇਨ੍ਹਾਂ ਹੁਕਮਾਂ ਦੁਆਰਾ ਦੇਸਾਂ-ਪਰਦੇਸਾਂ ਤੋਂ ਸਿੱਖਾਂ ਨੂੰ ਸੱਦ ਕੇ, ਆਉਂਦੀ ਵੈਸਾਖੀ ਪੁਰ, ਬੜਾ ਭਾਰਾ ਇਕੱਠ ਕੀਤਾ; ਜਿਸ ਵਿਚ ਅਚਰਜ ਕਉਤੁਕ ਰਚ ਕੇ, 'ਪੰਜ ਪਿਆਰੇ' ਚੁਣੇ; ਅਰੁ ਉਨ੍ਹਾਂ ਨੂੰ ਚਰਨ ਪਾਹੁਲ ਦੀ ਥਾਂ 'ਖੰਡੇ ਦਾ ਅੰਮ੍ਰਿਤ' ਤਿਆਰ ਕਰਕੇ ਛਕਾਇਆ; ਤੇ 'ਪੰਚ ਪਰਵਾਣੁ, ਪੰਚ ਪਰਧਾਨ' ਦੀ ਲੀਲਾ ਵਰਤਾ ਦਿੱਤੀ। ਚੁਨਾਂਚਿ ਸਤਿਗੁਰਾਂ ਦੇ ਦਰਬਾਰੀ ਲਿਖਾਰੀ ਕਵਿ ਸੈਨਾਪਤਿ 'ਖ਼ਾਲਸਾ' ਨੇ 'ਸ੍ਰੀ ਗੁਰ-ਸੋਭਾ' ਵਿਚ ਲਿਖਿਆ ਇ :—

ਦੋਹਰਾ॥

'ਪੁਰ ਆਨੰਦ' ਗੁਰ ਗੋਬਿੰਦ ਸਿੰਘ; ਅਬ ਕਬਿ ਕਰਤ ਬਖਾਨ :—
ਗਿਰਦ ਪਹਾਰ ਅਪਾਰ ਅਤਿ, ਸਤਲੁਦ੍-ਤਟਿ ਸੁਭ ਥਾਨ॥ ੧॥ ੧੧੭॥

ਚੇਤ—ਮਾਸ ਬੀਤਿਓ ਸਕਲ, ਮੇਲਾ ਭਯੋ ਅਪਾਰ॥
'ਬੈਸਾਖੀ' ਕੈ ਦਰਸ ਪੈ, ਸਤਿਗੁਰ ਕੀਯੋ ਬਿਚਾਰ॥ ੨॥ ੧੧੮॥

ਸੰਗਤ ਦਰਸ਼ਨ ਕਰਤ ਸਬ, ਨਗਰ ਨਗਰ ਬਿਸਥਾਰ॥
ਹੁਐ ਦਇਆਲ ਦਰਸ਼ਨ ਦੀਓ, ਕਰਨਹਾਰ ਕਰਤਾਰਿ॥ ੩॥ ੧੧੯॥

ਗੋਬਿੰਦ ਸਿੰਘ ਕਰੀ ਖੁਸ਼ੀ, ਸੰਗਤਿ ਕਰੀ ਨਿਹਾਲ।
ਕੀਓ ਪ੍ਰਗਟ ਤਬ 'ਖਾਲਸਾ', ਚੁਕਿਓ ਸਕਲ ਜੰਜਾਲੁ॥ ੪॥ ੧੨੦॥

ਸਬ ਸਮੂਹ ਸੰਗਤਿ ਮਿਲੀ, ਸੁਭ ਸਤਲੁਦ੍ ਕੇ ਤੀਰ॥
ਕੇਤਕ ਸੁਨਿ ਭਏ 'ਖ਼ਾਲਸਾ', ਕੇਤਕ ਭਏ ਅਧੀਰ॥ ੫॥ ੧੨੧॥

"ਤਜਿ ਮਸੰਦ ਪ੍ਰਭੁ ਏਕ ਜਪੁ" ਯਹਿ ਬਿਬੇਕ ਤਹੰ ਕੀਨ :—
"ਸਤਿਗੁਰ ਸੋ ਸੇਵਕ ਮਿਲੇ, ਨੀਰ ਮਧਿ ਜਯੋਂ ਮੀਨ॥" ੬॥ ੧੨੨॥

ਸੋ 'ਸਤਿ—ਸੰਗਤਿ' ਜਾਨੀਐ, ਜਹਿੰ ਬਿਬੇਕ-ਵਿਚਾਰ।
ਬਿਨੁ ਭਾਗਨ ਨਹੀਂ ਪਾਈਐ, ਜਾਨਤ ਹੈ ਸੰਸਾਰ॥ ੭॥ ੧੨੩॥

ਨੇਮੁ ਧਰਮੁ ਪੂਜਾ ਸਕਲ, ਏਕ ਨਾਮ ਗੋਬਿੰਦ॥
ਏਕ ਬਾਰ ਮੁਖ ਤੇ ਕਹੋ, ਹੋਤ ਅਨੇਕ ਅਨੰਦੁ!! ੮॥ ੧੨੪॥

ਮੋਹਿ ਮਾਲ ਸੰਗਤਿ ਸਕਲ!'—ਕਹੀ ਸਿੰਘ ਗੋਬਿੰਦ :—
"ਮਾਨੈ ਹੁਕਮ ਬਿਬੇਕ ਸੁਨਿ, ਤਾ ਕੋ ਕਰਉਂ ਅਨੰਦ!" ੧੧॥ ੧੨੭॥

ਦੋਹਰਾ॥

ਜਗਤ ਉਧਾਰਨ ਕਾਰਨੇ, ਸਤਿਗੁਰ ਕੀਓ ਬਿਚਾਰੁ॥
ਕਰਿ 'ਮਸੰਦ' ਤਬ ਦੂਰ ਸਬ, 'ਨਿਰਮਲ' [1] ਕਰਿ ਸੰਸਾਰ॥ ੧੫॥ ੧੩੧

(ਅਧਿ:- ੫)

---

1. ਏਥੇ, 'ਖਾਲਸਾ' ਸ਼ਬਦ ਦੇ ਸਾਧਾਰਨ ਅਰਥ ਸਮਝਾਉਣ ਵਾਸਤੇ, ਭਾਈ ਗੁਰਦਾਸ ਵਾਲਾ 'ਨਿਰਮਲ' ਪਦੁ ਵਰਤਿਆ ਗਿਆ ਹੈ।

www.Mahapurakh.com

# 'ਅੰਮ੍ਰਿਤ' ਤਿਆਰ ਕਰਨ ਦੀ ਵਿਧੀ

(੧)—'ਚਰਨਾਮ੍ਰਿਤੁ' ਤਿਆਰ ਕਰਨ ਦੀ ਵਿਧੀ, ਛੇਵੇਂ ਸਤਿਗੁਰੂ ਨੇ ਸੰਮਤੁ ਸੋਲਾਂ ਸੈ ਉਣਾਸੀਹ (੧੬੨੨ ਈਸਵੀ) ਵਾਲੀ ਵੈਸਾਖੀ ਉੱਤੇ ਹੀ ਸਿੱਖਾਂ ਨੂੰ ਸਿਖਾ ਦਿੱਤੀ ਸੀ। ਇਸ ਰੀਤਿ ਨੂੰ ਦਸਵੇਂ ਪਾਤਿਸ਼ਾਹ ਨੇ ਸੀਸ-ਭੇਟ ਵੈਸਾਖੀ ਪੁਰ, 'ਖੰਡੇਧਾਰ ਅੰਮ੍ਰਿਤ' ਵਿਚ ਜਿਵੇਂ ਬਦਲਿਆ, ਆਪਦੇ ਦਰਬਾਰੀ ਇਤਿਹਾਸ-ਲਿਖਾਰੀ ਕਵੀ ਸੈਨਾਪਤਿ 'ਖ਼ਾਲਸਾ' ਨੇ ਇੰਞ ਬਿਆਨ ਕੀਤਾ ਹੈ :—

ਦੋਹਰਾ

'ਖਾਂਡੇ ਕੀ ਪਾਹੁਲ' ਦਈ ਕਰਨਹਾਰ ਪ੍ਰਭ ਸੋਇ॥
ਕੀਓ ਦਸੋ ਦਿਸ 'ਖਾਲਸਾ,' ਤਾ ਬਿਨੁ ਅਵਰੁ ਨ ਕੋਇ॥ ੩੩॥ ੧੪੯॥

ਅੜਿਲ

ਦੇ ਖਾਂਡੇ ਕੀ ਪਾਹੁਲ, ਤੇਜੁ ਬਢਾਇਆ।
ਜੋਰਾਵਰ ਕਰਿ ਸਿੰਘ, ਹੁਕਮੁ ਵਰਤਾਇਆ॥ ੩੪॥ ੧੫੦

*('ਸ੍ਰੀਗੁਰ ਸੋਭਾ'—ਧਿਆਇ ਪੰਜਵਾਂ)*

ਲੇਕਿਨ 'ਖਾਲਸਾ' ਜੀ ਨੇ ਅੰਮ੍ਰਿਤੁ ਤਿਆਰ ਕਰਨ ਤੇ ਛਕਾਉਣ ਦਾ ਢੰਗ ਨਹੀਂ ਦੱਸਿਆ। ਇਸ ਬਾਰੇ ਸ੍ਰੀ ਗੁਰੂ ਜੀ ਦੀ ਆਪਣੀ ਯਾ ਕਿਸੇ ਸਮਕਾਲੀ ਲਿਖਾਰੀ ਦੀ ਪ੍ਰਮਾਣੀਕ ਲਿਖਤ ਵੀ ਹਾਲਾਂ ਤੱਕ ਹਥਿ ਨਹੀਂ ਲੱਗੀ।

(੨) 'ਸੈਨਾਪਤਿ' ਤੋਂ ਚਾਲੀਹ ਕੁ ਸਾਲ ਬਾਅਦ—ਸੰਮਤੁ ਅਠਾਰਾਂ ਸੈ ਇੱਕ-ਗਿਆਰਾਂ ਬਿੱ: ਵਿਚਕਾਰ—'ਸ੍ਰੀ ਗੁਰੂ ਸੋਭਾ' ਦਾ ਹੀ ਸਹਾਰਾ ਲੈ ਕੇ, ਭਾਈ ਕੋਇਰ ਸਿੰਘ 'ਕਲਾਲ੍' ਨੇ 'ਗੁਰਬਿਲਾਸ ਪਾ: ੧੦' ਗ੍ਰੰਥ [1] ਰਚਿਆ ਹੈ। ਇਸ ਪੋਥੀ ਦੇ ਨਉਵੇਂ ਅਧਿਆਇ ਵਿਚ, 'ਸੀਸ-ਭੇਟ' ਪ੍ਰਸੰਗ ਤੋਂ ਬਾਅਦ ਦੱਸਿਆ ਹੈ :—

ਦੋਹਰਾ

ਉਤੈ ਲੋਕ ਯੌਂ ਭਾਖਈ; ਇਤਿ ਪ੍ਰਭੁ ਯਾ ਬਿਧਿ ਠਾਨਿ;
ਨਿਕਸੇ ਤੰਬੂ ਤਾਹਿ ਤੇ; ਸੰਗਿ ਸਿਖ ਸੁਠ ਠਾਨਿ॥ ੨੩

ਸਵੈਯਾ

ਤਾ ਕਰ ਸੋਂ ਕਰ ਧਾਰਿ ਅਏ ਪੁਨਿ,
ਬੈਠਿ ਸਿੰਘਾਸਨਿ ਕੌਤਕੁ ਹੇਰੇ॥
ਕੋਰਯ-ਮਯਾ [2] ਕਰਿ ਆਪ ਸਮਾਨ,
ਕਰੇ ਅਬ ਹੀ ਅਤਿ ਸੁੰਦਰ ਚੇਰੇ॥
ਸਰਤਾ-ਜਲ ਲੀਨ ਅਛੂਤ ਮੰਗਾਇਕੈ,
ਪਾਤ੍ਰ ਲੋਹ ਮੈ ਤਾ ਪ੍ਰਭ ਬੇਰੇ॥ ੨੪
ਪੜਤੇ ਉਦਾਸ ਹੈ ਮੰਤ੍ਰ ਕੋ ਪ੍ਰਭੁ;
ਠਾਢੇ ਹੈਂ ਆਪ ਭਏ ਸੁ ਸਵੇਰੇ॥

---

1. ਇਸ ਗ੍ਰੰਥ ਦਾ ਇਕ ਉਤਾਰਾ, ਖ਼ਾਲਸਾ ਕਾਲਿਜ-ਅੰਮ੍ਰਿਤਸਰ ਦੀ ਲਾਇਬਰੇਰੀ ਵਿਚ ਸੁਰੱਖਿਅਤ ਹੈ; ਅਤੇ ਦੂਜੀ ਨਕਲ, 'ਸਿੱਖ ਰੈਫਰੈਂਸ ਲਾਇਬਰੇਰੀ' ਦੇ ਰਿਜਿਸਟਰ ਨੰਬਰ ੧੧੯੮ ਪੁਰ ਦਰਜ ਹੈ।
2. ਕ੍ਰਿਪਾ-ਕਟਾਛ, ਮਿਹਰ ਦੀ ਨਜ਼ਰ (ਫ਼ਾਤ ਮਾੜ੍ਹ)

www.Mahapurakh.com

ਅਸ ਕੌਤੁਕ ਵੇਖਿ ਸੋ ਸਾਹਿਬ ਕੋ,
ਬਿਪ, 'ਰਾਮ ਕ੍ਰਿਪਾ' ਬਿਧਿ ਯਾ ਲਖਿ ਪਾਈ॥
ਮਾਤਾ ਕੇ ਤੀਰ ਗਯੋ ਤਬ ਧਾਇਕੈ,
ਛੋਰਿ[1] ਕਥਾ ਨਖਿ-ਸਿਖ ਸੁਨਾਈ॥
'ਖਾਲਸ ਪੰਥ' ਕੋ ਆਦਿਰੁ ਅੰਤੁ,
ਸੁ ਯਾ ਬਿਧਿ ਕੋ ਸੁਨਿ ਮਾਤ ਸੁ ਆਈ॥੨੪॥
ਤਾਂਸ ਮੈ ਆਨਿ ਪਤਾਸੇ ਡਰੇ, ਗਨ;
ਪੇਖਿ ਸੁ ਮਹਲ[2] ਕੇ ਬਾਤ ਅਲਾਈ :—
"ਤਾਤ[3] ਅਰੁ ਮਾਤ ਕੀ ਅੰਸੁ ਭਈ ਅਬ;
ਯਾ ਕਰਿ ਹੇਤੁ ਭਵੈ ਨਿਜ ਮਾਈ!'
ਪ੍ਰੇਮ ਪਤਾਸੇ ਡਰੇ ਅਬ ਮਾਤ ਨੇ,
ਯੋਂ ਅਤਿ ਸੰਗਤਿ ਮੋਦ ਧਰਾਈ॥
"ਧਨਿ! ਧਨਿ!!" ਕਹੈਂ ਸਭ ਹੀ ਜਨ ਮਾਤ ਕੋ :—
'ਮਾਤਾ ਕੀਓ ਉਪਕਾਰ!'—ਗਨਾਈ॥੨੬

ਦੋਹਰਾ

'ਅੰਮ੍ਰਿਤ' ਗੁਰੂ ਤਯਾਰ ਕਰਿ; ਕੈ ਅਰਦਾਸਿ ਕੀ ਰੀਤਿ॥
ਠਾਢੇ ਕਮਰ ਛਕਾਇ ਕੈ, ਸਨਮੁਖਿ ਪੰਚ ਸੁਨੀਤ॥੨॥

ਯਾਨੀ—ਲੋਹੇ ਦੇ ਬਾਟੇ ਵਿਚ, ਨਦੀ ਜਲ (ਸੁੱਚਾ ਪਾਣੀ) ਮੰਗਾਇਆ। ਉਸ ਉਤੇ ਖੁਦ ਗੁਰੂ ਜੀ ਇਕਾਗਰ ਚਿੱਤ ਹੋ ਕੇ ਮੰਤ੍ਰ ਪੜ੍ਹਨ ਲੱਗੇ। ਮਾਤਾ ਜੀ ਨੇ ਘਰੋਂ ਲਿਆ ਪਤਾਸੇ ਉਸ ਬਾਟੇ ਵਿਚ ਪਾ ਦਿੱਤੇ, ਇਉਂ ਮਿੱਠਾ 'ਅੰਮ੍ਰਿਤ' ਤਿਆਰ ਹੋ ਗਿਆ।

(੩) ਫਿਰਿ ਨੇੜੇ ਦੇ ਲਿਖਾਰੀ—ਭਾਈ ਕੇਸਰ ਸਿੰਘ 'ਛਿੱਬਰ' ਹਨ। ਉਹ ਚੂੰਕਿ, ਮਾਸਾ ਕਿਰਪਾਲ ਸਿੰਘ ਜੀ ਰਾਹੀਂ, ਮਾਤਾ ਸਾਹਿਬਾਂ ਵਲੋਂ, 'ਸ੍ਰੀ ਹਰਿਮੰਦਰ ਸਾਹਿਬ—ਅੰਮ੍ਰਿਤਸਰ ਦੇ ਥਾਪੇ ਗਏ ਪਹਿਲੇ ਦਾਰੋਗੇ—ਭਾਈ ਗੁਰਬਖਸ਼ ਸਿੰਘ 'ਛਿੱਬਰ' ਦੇ ਪੁੱਤਰ ਹਨ; ਇਸ ਲਈ ਉਨ੍ਹਾਂ ਦੀ ਗੱਲ ਕੁਝ ਵਧੇਰੇ ਏਤਬਾਰਜੋਗ ਮੰਨਣੀ ਪੈਂਦੀ ਹੈ। ਭਾਈ ਸਾਹਿਬ ਫ਼ਰਮਾਉਂਦੇ ਹਨ—

ਸੰਮਤ ਸਤਾਰਾਂ ਸੈ ਚਉਰੰਜਾ ਗਏ।
ਦਿਨ ਚੇਤ੍ਰ ਦੇ ਅਠਾਈ ਬਾਕੀ ਰਹੇ।
ਦਿਨ ਤ੍ਰੈ ਗੁਜਰੇ, ਚੌਪਾ ਸਿੰਘ[4] ਬੁਲਾਇਆ।
ਦਰਬਾਰ ਲਗਾ ਹੋਇਆ,
ਦੀਵਾਨ ਦੋਨੋਂ ਪਾਸ ਬਹਾਇਆ॥੩੧੬॥

ਬਚਨ ਕੀਤਾ : "ਕਟੋਰਾ ਜਲ ਦਾ ਸੁਚੇਤ ਕਰਿ ਲੈ ਆਉ!"

---

1. ਖੋਲ੍ਹ ਕੇ, ਵਿਸਥਾਰ ਨਾਲਿ।
2. ਮਾਤਾ ਜੀਤੋ ਜੀ।
3. ਪਿਤਾ, ਬਾਪੂ।
4. ਇਹ ਬ੍ਰਿਧ ਭਾਈ ਸਾਹਿਬ ਭੀ 'ਛਿੱਬਰ' ਬ੍ਰਾਹਮਣ ਹੀ ਸਨ, ਸ੍ਰੀ ਗੁਰੂ ਤੇਗ ਬਹਾਦਰ ਦੇ ਸਿੱਖ, ਲਿਖਾਰੀ ਤੇ ਦਸਮੇਸ਼ ਜੀ ਦੇ ਖਿਡਾਵੇ ਸਨ।

www.Mahapurakh.com

ਲੈ ਆਇਆ, ਦਿਤੀ ਕਰਦ, ਕਹਿਆ : 'ਹਿਲਾਉ!'
'ਜਪੁ' ਅਤੈ 'ਅਨੰਦ' ਰਸਨੀ ਕਰਿ ਉਚਾਰੁ।"
ਤਾਂ ਦੀਵਾਨ 'ਸਾਹਿਬ ਚੰਦ' ਹਥ ਜੋੜ
ਖਲੋਤਾ ਵਿਚ ਦਰਬਾਰ॥ ੩੧੭

ਕਹਿਆ :—'ਗ਼ਰੀਬ ਨਿਵਾਜ਼! ਵਿਚ ਮਿਠਾ ਪਵੇ, ਤਾਂ ਬਣੇ ਸੁਆਦ!"
ਬਚਨ ਕੀਤਾ :—

"ਲੈ ਆਉ ਧਰਮ ਚੰਦਾ! ਪਤਾਸੈ ਪ੍ਰਸਾਦ!"
ਪਤਾਸੇ ਪਵਾਏ, ਅਤੇ ਕਰਦ ਹਿਲਾਈ।
ਨਾਉਂ ਧਰਿਆ 'ਪਾਹੁਲ', ਇਹ ਪਾਹੁ ਲਗਾਈ॥ ੩੧੮

*(ਦਸਵਾਂ ਚਰਨ)*

(੪) ਇਸ ਤੋਂ ਬਾਅਦ ਬਾਬਾ ਸਰੂਪ ਦਾਸ 'ਭਲੇ' ਨੇ ਸੰਮਤ ੧੮੩੩-੪ ਬਿ: ਵਿਚ 'ਮਹਿਮਾ ਪ੍ਰਕਾਸ਼' ਪੋਥੀ ਲਿਖੀ ਅਤੇ ਸੰਮਤ ੧੮੨੨ ਈ: ਵਿਚ ਕਵੀ ਬੁੱਧ ਸਿੰਘ ਨੇ ਉਸਨੂੰ ਕਾਵਿ ਰੰਗ ਦਿੱਤਾ ਹੈ ਜਿਸ ਵਿਚ ਮਸੰਦਾਂ ਦੀ ਸੋਧ, ਤੇ ਸੰਗਤ ਨੂੰ 'ਖ਼ਾਲਸਾ' ਕਰਨ ਦਾ ਪ੍ਰਸੰਗ ੨੨੧ਵੀਂ ਸਾਖੀ ਵਿਚ ਲਿਖਿਆ ਹੈ, ਅਰੁ 'ਖੰਡੇ ਦੀ ਪਾਹੁਲ' ਦਾ ੨੨੯ਵੀਂ ਵਿਚ। ਕਵੀ ਜੀ ਲਿਖਦੇ ਹਨ :—

ਦੋਹਰਾ

ਨਵਤਨ ਪੰਥ-ਮਿਰਜਾਦ ਧਰਿ, ਕਰੈ ਕਲਕੀ-ਧਰਮ ਪ੍ਰਕਾਸ਼॥
ਸੀਸ ਕੇਸ ਨੀਲੰਬਰੀ, ਸਿੰਘ 'ਸੰਗ੍ਯਾ'[1] ਤੇਜ ਨਿਵਾਸ॥੧॥

ਚੌਪਈ

ਇਕੁ ਤਸਟਾ ਚਮਚਾ ਲੋਹਿ[2] ਮੰਗਾਇਆ।
ਤਾ ਮੋ ਖੰਡੇ ਇਸਨਾਨ ਕਰਾਇਆ।
'ਖੰਡੇ ਕੀ ਪਾਹੁਲ' ਭਈ ਤਯਾਰ।
ਤਬ ਸਿੱਖ ਮੁਖੀਏ ਪ੍ਰਭ ਲਏ ਹਕਾਰਿ॥੨॥
ਨਿਜ ਚਰਨ ਪਖਾਲ ਗਗਰੇ[3] ਮੋ ਧਰਾ।
ਕਰ ਬੰਦੁ ਲਖੌਟਾ ਮੁਹਰ ਮੁਖ ਕਰਾ[4]।
ਸਤਰੁਦ੍[5] ਮਾਂਹਿ ਅਮਾਨ ਧਰਾਇਆ।
'ਖੰਡੇ ਕੀ ਪਾਹੁਲ' ਹੁਕਮ ਕਰਾਇਆ॥੩
ਤਬ ਪਾਂਚ ਚਮਚਾ ਮਹਾਂ ਤੇਜ ਭਰ ਪੀਆ।
ਜਿਮ ਅਗਸਤ ਆਚਮਨ[6] ਕੀਆ।
ਪੁਨਿ ਪਾਹੁਲ ਦੇਨ ਸਿੱਖਨ ਕੋ ਲਾਗੇ।
ਤਬ ਕਹਾ ਮਾਤਾ ਸੰਗਤਿ ਸੁਖ ਪਾਗੇ।੭ :—

---

1. ਨਾਮ।
2. ਬਾਟਾ ਤੇ ਚਮਚਾ ਸਰਬ ਲੋਹ ਦੇ।
3. ਗਾਗਰ।
4. ਲਾਖ ਦੀ ਮੁਹਰ (ਗਾਗਰ ਦੇ) ਮੂੰਹ ਤੇ ਲਾ ਕੇ।
5. ਸਤਲੁਜ ਦਰਿਆ।
6. ਚੁਲ੍ਹੀਆਂ ਨਾਲ੍ ਪੀਣਾ।

www.Mahapurakh.com

"ਅਬ ਹੀ ਤੇਜ ਨ ਸਕੇ ਸਹਾਰ।
ਕਰਿ ਕਿਰਪਾ ਅਵਰ ਕੁਛ ਹੋਇ ਉਪਚਾਰ।"
ਤਬ ਸਤਿਗੁਰ ਮਿਸਰੀ ਲਈ ਮੰਗਾਇ।
ਪੀਸਾਇ ਤਸਟੇ ਮੋ ਦੀਨੀ ਪਾਇ॥੯

(੫) ਕਵਿ ਸੈਨਾਪਤਿ ਤੇ ਭਾਈ ਕੁਇਰ ਸਿੰਘ ਦੇ ਪਾਏ ਪੂਰਨਿਆਂ ਤੇ ਚਲਦਿਆਂ, ਸੰਮਤ ੧੮੫੪ ਬਿ: (੧੭੯੭ ਈ:) ਬਿਖੈ, ਤਖਤ ਸ੍ਰੀ ਕੇਸਗੜ੍ਹ ਦੇ ਗ੍ਰੰਥੀ ਭਾਈ ਸੁੱਖਾ ਸਿੰਘ ਨੇ, 'ਗੁਰ ਬਿਲਾਸ ਪਾ: ੧੦ ਰਚਿਆ ਹੈ। ਗਿਆਰ੍ਹਵੇਂ ਅਧਿਆ ਵਿਚ ੨੯ਵੇਂ ਛੰਦ ਤੋਂ ੪੧ਵੇਂ ਤੱਕ, ਭਾਈ ਕੁਇਰ ਸਿੰਘ ਦੇ ਬਿਆਨ ਦੀ ਹੀ ਤਸਦੀਕ ਕੀਤੀ ਹੈ।

(੬) ਭਾਈ ਸੁੱਖਾ ਸਿੰਘ ਹੁਰਾਂ ਦਾ ਹੀ ਸਮਕਾਲੀ ਹੈ ਮੁਨਸ਼ੀ ਖੁਸ਼ਵਕਤ ਰਾਇ, 'ਵਕਾਇਆ ਨਿਗਾਰ' ਸਰਕਾਰ ਅੰਗਰੇਜ਼ੀ। ਜਿਸ ਨੇ ਸੰਨ ੧੮੧੧ ਈ: (ਸੰਮਤ ੧੮੬੮ ਬਿੱ:) ਵਿਚ, 'ਤ੍ਵਾਰੀਖਿ ਸਿੱਖਾਂ' ਲਿਖੀ ਹੈ। 'ਭਵਾਨੀ' ਦਾ ਆਵਾਹਨ ਕਰਨ ਵਾਲੀ ਗੱਲ ਸੁਣਾ ਕੇ ਮੁਨਸ਼ੀ ਜੀ ਲਿਖਦੇ ਨਿ :

ਅਜ਼ਾਂ ਰੋਜ਼ ਜ਼ੁਨਾਰ ਬ ਸ਼ਿਕਸਤ, ਵ ਲਿਬਾਸ ਨੀਲਗੂੰ
ਅਖ਼ਤਯਾਰ ਕਰਦ; ਵ ਜ਼ੈਵਰ ਆਹਨੀ ਗੁਜ਼ੀਦ;
ਵ ਵਜ਼ੋ ਗ਼ੈਰ ਮੁਕੱਰਰ ਨਮੂਦ; ਨ ਦੋ ਸ਼ਮਸ਼ੈਰ
ਬਰ ਕਮਰ ਬਸਤ; ਖ ਕਾਰਦ ਵ ਚੱਕ੍ਰ ਵ ਤਪੰਚਾ
ਵ ਕਮਾਣ ਵਗੈਰਾ ਹਰਬਾ ਹਾਇ ਆਹਨੀ ਬਰਖ਼ੁਦ ਆਵੇਖ਼ਤ।
ਵ ਦਸਤਾਰ ਬ-ਕਦਰ ਯਕ ਦਸਤ ਦਰਾਜ਼ ਬਸਤਨ ਆੱਦਤ ਕਰਦ।
ਵ ਇੱਵਜ਼ ਕਲਮਾ 'ਸਲਾਮ', 'ਫ਼ਤਿਹ ਵਾਹਗੁਰੂ ਜੀ ਕੀ' ਮੁਕਰਰ ਕਰਦ।
ਬਜਾਇ ਬਾਂਗ, ਸੁਬਹ ਵ ਸ਼ਾਮ ਸ਼ਬਦ 'ਅਕਾਲ! ਅਕਾਲ!!'
ਵ ਆਵਾਜ਼ ਬਲੰਦ ਖ਼੍ਵਾਨਦਨ ਆਗ਼ਾਜ਼ ਨਮੂਦ।
'ਗੁਰੂ ਗੋਬਿੰਦ ਸਿੰਘ 'ਖ਼ਾਲਸਾ' ਨਾਮੀਦ।
ਵ ਅੱਵਲ ਪੰਜ ਕਸ ਸਿੰਘ ਰਾ ਬਰ ਵਜ਼ਾਂ ਖ਼੍ਵੇਸ਼ ਪੈਦਾ ਕਰਦ।
ਵ ਬਿਨਾਬਰ ਤਰਵੀਜੁ ਤਸ਼ਹੀਰੁ ਤੌਹੀਦ ਮਿੱਲਤਿ ਖ਼ੁਦ ਰਸਮਿਆਤਿ ਦੀਨ
ਵ ਆਈਨ ਮੁਕੱਰਰ ਸਾਖ਼ਤ ਬ ਦੀਂ ਤਫਸੀਲ ਕਿ—
ਪਾਇ ਖ਼ੁਦ ਰਾਂ ਬਿਸ਼ੁਸਤ, ਵ ਦਰਾਂ ਆਸ ਸ਼ੀਰੀਨੀ ਆਮੇਖ਼ਤਹ
ਕਾਰਦ ਦਰ ਦਸਤ ਗਿਰਿਫਤਹ, ਦਰਾਂ ਆਬ ਮੇ ਰਾਂਦ।
ਵ ਈਂ ਪੰਜ ਅਫ਼ਸੂਨ ਹਾਇ ਹਿੰਦੀ ਭਾਖਾ ਦਰ—ਕੁਤਬਤ-ਤਸਨੀਫ
'ਸਵੈਯਾ' ਖ਼ੁਦ ਰਾ ਮੇ ਖ਼੍ਵਾਂਦ; ਵ ਦਮ ਕਰਦ। ਵ ਕਬਿੱਤੁ ਸ੍ਵੈਯਾ ਹਾ ਮਜ਼ਕੂਰ
ਈਂ—ਅੰਦ :—

ਕਬਿੱਤੁ—ਸਵੈਯਾ ਅੱਵਲ

'ਸਰਾਵਗ ਸੁੱਧ ਸਮੂਹ ਸਿਧਾਨ ਕੇ
ਦੇਖ ਫਿਰਯੋ ਘਰਿ ਜੋਗਿ ਜਤੀ ਕੇ।...' ਆਦਿ
(ਪਹਿਲੇ ਪੰਜ ਸਵਈਏ ਲਿਖੇ ਹਨ)[1]

ਅਰਥਾਤ—ਉਸ ਦਿਨ ਤੋਂ ਜਨੇਊ ਤੋੜ ਦਿੱਤਾ। ਨੀਲਾ ਬਾਣਾ ਸਜਾ ਲਿਆ! ਸਰਬਲੋਹ ਦੇ ਗਹਿਣੇ ਪਹਿਨਣੇ ਉਚਿਤ ਖ਼ਿਆਲ ਕੀਤੇ। ਅਨੋਖਾ ਜਿਹਾ ਰੂਪ ਬਣਾ ਲਿਆ। ਦੋ ਸ਼ਮਸ਼ੀਰਾਂ

1. ਲਿਖਤੀ ਪੁਸਤਕ—ਵਰਕ ੨੭-੮

www.Mahapurakh.com

ਗਾਤਰੇ ਲਟਕਾ ਲਈਆਂ। ਕਰਦ, ਚੱਕ੍ਰ, ਤਮੰਚਾ (ਪਿਸਤੌਲ) ਤੇ ਕਮਾਣ ਆਦਿ ਸਰਬਲੋਹ ਦੇ ਸ਼ਸਤਰ ਅਸਤ੍ਰ ਧਾਰਨ ਕਰ ਲਏ। ਅਰੁ ਦਸਤਾਰ, ਹੱਥ ਕੁ ਭਰ ਉੱਚੀ (ਦੁਮਾਲੇ ਦਾਰ) ਸਜਾਉਣ ਦਾ ਸੁਭਾਉ ਬਣਾ ਲਿਆ। ਮਿਲਣ ਸਮੇਂ ਦਾ ਬੋਲਾ 'ਸਲਾਮ' ਦੀ ਥਾਂ 'ਫਤਿਹ ਵਾਹਗੁਰੂ ਜੀ ਕੀ' ਮੁਕੱਰਰ ਕੀਤਾ। ਸੰਝ ਸਵੇਰ ਬਾਂਗ ਦੀ ਥਾਂ ਸ਼ਬਦ 'ਅਕਾਲ! ਅਕਾਲ!!" ਗੱਜ-ਗੱਜ[1] ਕੇ ਗਜਾਉਣਾ ਅਰੰਭ ਦਿੱਤਾ। ਆਪਣਾ ਨਾਮ ਗੁਰੂ ਗੋਬਿੰਦ ਸਿੰਘ 'ਖ਼ਾਲਸਾ' ਰੱਖ ਲਿਆ।

ਪਹਿਲ ਪ੍ਰਿਥਮੇ ਪੰਜ ਸਿੰਘ ਆਪਣੇ ਸਮਾਨ ਰੂਪ ਧਾਰੀ ਪ੍ਰਗਟ ਕੀਤੇ (ਸਜਾਏ) ਅਰੁ ਆਪਣੇ ਪੰਥ ਦੇ ਪ੍ਰਚਾਰ, ਪ੍ਰਸਿੱਧੀ ਤੇ ਏਕਤਾ ਵਾਸਤੇ ਧਾਰਮਕ ਰਸਮਾਂ ਤੇ ਨਿਯਮ ਬੰਨ੍ਹ ਦਿੱਤੇ। ਇਸ ਵੇਰਵੇ ਅਨੁਸਾਰ—

ਆਪਣੀ ਚਰਨ-ਘਾਲ੍ (ਜਲ-ਚਰਨਾਮ੍ਰਿਤ) ਵਿਚ ਮਿੱਠਾ ਮਿਲਾਇਆ
ਤੇ ਕਰਦ[1] ਕਰ ਕਮਲਾਂ ਵਿਖੇ ਗ੍ਰਹਨ ਕਰਕੇ, ਉਸ ਜਲ ਅੰਦਰ ਫੇਰੀ।
ਅਤੇ ਆਪਣੇ ਰਚੇ ਗ੍ਰੰਥਾਂ ਵਿਚੋਂ, ਇਹ ਪੰਜ ਮੰਤ੍ਰ ਪੜ੍ਹ ਕੇ ਦਮ ਕੀਤਾ
(ਫੂਕਾਂ ਮਾਰੀਆਂ ਹਿੰਦੀ ਭਾਖਾ ਦੇ ਸਵੈਯਾਂ)[1] ਉਹ ਕਬਿੱਤ ਸਵੈਯੇ ਇਹ
ਹਨ :

ਪਹਿਲਾ ਕਬਿੱਤੁ ਸਵੈਯਾ

ਸਰਾਵਗ ਸੁਧ ਸਮੂਹ ਸਿਧਾਨ ਕੇ, ਦੇਖ ਫਿਰਯੋ ਘਰਿ ਜੋਗਿ ਜਤੀ ਕੇ।
ਸੂਰ ਸੁਰਾਦਿਕ ਸਿਧ ਸਿਧਾਦਿਕ, ਸੰਤ ਸਮੂਹ ਅਨੇਕ ਮਤੀ ਕੇ।
ਸਾਰੇ ਹੀ ਦੇਸ ਕੋ ਦੇਖ ਫਿਰਯੋ[2] ਮਤ, ਕੋਊ ਨ ਦੇਖੀਅਤ ਪ੍ਰਾਨਪਤੀ ਕੇ।
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਬਿਨੁ[3] ਏਕ ਰਤੀ ਬਿਨੁ ਏਕ ਰਤੀ ਕੇ ॥੧

"ਦਸਵੇਂ ਪਾਤਸ਼ਾਹ ਕੇ ਗ੍ਰੰਥ' ਵਿਚ 'ਅਕਾਲ ਉਸਤਤ' ਸਿਰਲੇਖ ਹੇਠ ਇਕੱਤ੍ਰ ਕੀਤੇ ਫੁਟਕਲ ਤੇ ਪ੍ਰਥਾਇ ਛੰਦਾਂ ਵਿਚੋਂ ੨੧ਵੇਂ ਤੋਂ ੨੫ਵੇਂ ਤੱਕ ਪੰਜੇ ਛੰਦ ਕੁਝ ਕੁ ਪਾਠ ਦੇ ਫ਼ਰਕ ਨਾਲ ਲਿਖੇ ਹਨ।

(੭) ਲਗਪਗ ਇਨ੍ਹਾਂ ਹੀ ਦਿਨਾਂ ਵਿਚ, ਨਿਰਮਲੇ ਸੰਤ ਭੂਪ ਸਿੰਘ ਨੇ 'ਸੁਧਰਮ ਮਾਰਗ ਗ੍ਰੰਥ' ਲਿਖਿਆ ਹੈ, ਜੋ ਸੰਤ ਸੰਪੂਰਨ ਸਿੰਘ ਜੀ ਨੇ ਸੰਨ ੧੯੨੩ ਈ: ਵਿਚ ਛਪਵਾਇਆ ਹੈ। ਇਸ ਦੇ ਦੂਜੇ ਅਧਿਆ ਵਿਚ ਦੇਵੀ ਪ੍ਰਗਟਾਉਣ ਤੇ ਸੀਸ ਭੇਟ ਕਉਤਕ ਵਰਤਾਉਣ ਤੋਂ ਬਾਅਦ ਖੰਡੇ ਦਾ ਅੰਮ੍ਰਿਤ ਛਕਾਉਣ ਵਾਲਾ ਪ੍ਰਸੰਗ ਐਉਂ ਵਰਨਿਆ ਹੈ :—

ਪੁਨਾ ਕਨਾਤ ਖੋਲ੍ਹ ਕੇ ਨਿਕਾਸੇ, ਪਾਂਚੋ ਕੋ ਏਕਤ੍ਰ ਬੈਠਾਯਾ।
ਅਰੁ ਪ੍ਰਸਾਦ ਲਾਂਗਰੀਆਂ ਕੋ ਦੀਆ, ਕਹਾ : 'ਤਿਆਰ ਕਰੋ'।
ਤਿਸੀ ਸਮੇ ਸਭ ਦੇਵਤਾ ਆਨ ਇਸਥਿਤ' ਭਏ,
ਆਪਨਾ ਅੰਸ ਸਭ ਦੇਤ ਭਏ :—
ਮੰਤ੍ਰ—'੧ਓ ਸਤਿਨਾਮ......., ਉਪਦੇਸ ਸਕਤਿ ਤੇ ਗੁਰੂ ਨਾਨਕ ਜੀ ਦੀਆ। ਔਰ—
ਜੰਤ੍ਰ—'ਵਾਹਗੁਰੂ', ਮੋਹਨ ਵਸੀਕਰਣ ਤੇ ਦੀਆ।
ਤੰਤ੍ਰ—ਜਲ, ਅੰਮ੍ਰਿਤ ਵਾਸਤੇ, ਵਰਣ ਚਿਤ ਦ੍ਰਿੜ੍ਹ ਤੇ ਦੇਤ ਭਇਆ।

---

1. ਫਾਰਸੀ—'ਕਰਦ' ਵੱਡਾ ਚਾਕੂ, ਛੁਰੀ; ਭਾਵ ਸਿੱਧੀ ਛੋਟੀ ਕਿਰਪਾਨ। ਅਰੁ ਦੋਧਾਰੀ ਕਿਰਪਾਨ ਨੂੰ 'ਖੰਡਾ' ਆਖੀਦਾ ਏ।
2. ਸਹੀ ਪਾਠ 'ਰਹਯੋ' ਹੈ।
3. ਪਾਠਾਂਤ੍ਰ 'ਹੂੰ' ਤੇ ਹੈ।

www.Mahapurakh.com

ਮਿਸਟਾਨ—ਇੰਦ੍ਰ—ਬੁੱਧੀ ਮੀਠੀ ਰਹੈ ਨਮਿਤ ਦੀਆ। ਅਰੁ
ਲੋਹ ਪਾਤ੍ਰ—ਜਮਰਾਜ, ਅੰਮ੍ਰਿਤ ਕੇ ਪਾਵਣੇ ਨਮਿਤ ਦੀਆ।
ਲੋਹ ਕਰਦ—ਕਾਲੀ ਜੀ ਦਈ ਜੁਧ ਵਾਸਤੇ।
ਕੇਸ—ਦੇਵੀ ਚੰਡੀ ਜੀ ਦੀਏ।
ਸਿੰਘ ਨਾਮ—ਸਿੰਘ ਬਾਹਨਿ ਨੈ ਦੀਓ।
ਕਾਛ—ਹਨੂਮਾਨ ਜੀ ਦੀਨੀ।
ਜਪੁਜੀ—ਮੁਕਤ ਤੇ ਪਾਠ ਦੀਆ।
ਅਨੰਦ—ਚਿਤ ਸਾਂਤਿ ਤੇ, ਗੁਰੂ ਅਮਰ ਜੀ ਦੀਨਾ :—
ਚੌਪਈ ਔਰ ਸਵਈਯੇ ੧੦—ਸ੍ਰੀ ਮੁਖ ਤੇ ਦ੍ਰਿੜ੍ਹ ਚਿਤ ਜੁੱਧ ਤੇ।
ਚਾਰ ਪਦਾਰਥ ਖੰਡੇ ਦੀ ਪਾਹੁਲ ਤੇ ਦੀਏ ਸਿਖੋਂ ਕੋ :—

ਖੰਡ ਵਿਸ਼ਨੁ ਦਈ; ਮੈਦਾ ਮਹਾਂਦੇਵ, ਘਿਉ ਬ੍ਰਹਮਾ, ਜਲ ਵਰਣ ਨੇ। ਤ੍ਰੈ ਭਾਵ ਕਾ ਕੜਾਹ ਕੀਆ। ਤਾਂ ਮੈਂ ਮਸਾਲੇ ਸੌਂਫ ਹਨੂੰਮਾਨ ਦੀਨੀ; ਥੋਪਾ ਦੇਵੀ ਜੀ, ਚੁਰੰਜੀ, ਮੇਵਾ, ਲਾਚੀਆਂ, ਮਿਰਚ ਦੱਖਣੀ, ਗੁਰੂ ਨਾਨਕ ਜੀ ਦੀਨੀ। ਜੇ ਤੀਨ ਭਾਵ ਤੇ ਘੱਟ ਕਰੇ; ਤੋ ਗੁਰੂ ਜੀ ਕੋ ਨਾ ਪਹੁੰਚੇ।

ਇਸ ਵਿਧਿ ਸੋ ਸਭ ਦੇਵਤਾ ਅੰਸ ਦਈ। ਤਬ ਸ੍ਰੀ ਮੁਖ ਹੁਕਮ ਕੀਆ : 'ਸਤ ਰੁਦਰ ਕੇ ਜਲ ਕੀ ਗਾਗਰ ਭਰ ਲਿਆਵੋ।' ਸੋ ਜਲ ਲੈ ਆਏ। ਓਸ ਸਮੈ ਦੇਵੀ ਜੂ ਕੀ ਕਰਦ ਸਾਥ ਪਾਚੋਂ ਸ਼ਸਤ੍ਰ ਲੋਹ ਕੀ ਗਾਗਰ ਮੈ ਪਾਏ। ਪੰਜ ਸ਼ਸਤ੍ਰ ਨਾਮ—੧ ਕਰਦ, ੨ ਚੱਕਰ, ੩ ਕਟਾਰ, ੪ ਤੀਰ, ੫ ਸ੍ਰੀ ਸਾਹਿਬ।

(ਤਬ ਸ੍ਰੀ ਸਤਿਗੁਰੂ ਜੀ ਕਰਦ ਕੋ ਹਲਵਾਯ ਅਪਨੀ ਓਰ ਜਪੁਜੀ ਆਦਿਕ ਮੰਤ੍ਰ ਪੜਹਿ। ਓਸ ਸਮੈ ਰਾਮ ਕੋਰ ਖ਼ਿਤਾਬ 'ਗੁਰਬਖਸ਼ ਸਿੰਘ', ਸਿਤਾਬੀ ਤਿਨੋ ਨੇ ਮਾਤਾ ਜੀ ਕੋ ਜਾਇ ਕਹਾ, ਜੋ :

'ਸਾਹਿਬ ਪੰਥ ਰਚਨੇ ਲਾਗੇ ਹੈਂ।
ਕੇਵਲ ਜਲ ਮੈਂ ਸ਼ਸਤ੍ਰ ਫੇਰਤੇ ਹੈਂ।
ਪੰਥ ਤਮੋ ਗੁਣੀ ਹੋਇਗਾ।
ਹਜ਼ੂਰ ਕੋਈ ਕਹਿਤਾ ਨਾਹੀ।
ਤੁਮ ਬੀਚ ਰਸ ਪਾਵੋ!"

ਤਾਂ ਮਾਤਾ ਜੀ ਨੇ ਆਯ ਪਤਾਸੇ ਗਾਗਰ ਮੈ ਡਾਰੇ। ਤਬ ਸਾਹਿਬ ਪ੍ਰਸੰਨ ਭਏ। ਮਾਤਾ ਜੀ ਭਲਾ ਕੀਆ; ਰਸ ਪਾਇਆ! ਅੰਮ੍ਰਿਤ ਤਿਆਰ ਕਰਿ, ਕਰਦ ਜੁਗਤ ਪਾਂਚੇ ਸ਼ਸਤਰ ਆਪਨੇ ਮੁਖ ਮੈਂ ਨਚੋੜੇ । ਉਚਾਰਾ :—

'ਵਾਹਗੁਰੂ ਜੀ ਕਾ ਖ਼ਾਲਸਾ,
ਵਾਹਗੁਰੂ ਜੀ ਕੀ ਫ਼ਤਿਹ।'

ਇਸ ਭਾਂਤਿ ਕਹਿ ਨੇਤ੍ਰੋਂ ਮੇ ਡਾਰੇ। ਪੁਨਾ : ਕੇਸੋਂ ਮੈਂ ਪਾਏ। ਤਿਸ ਸਮੇਂ ਉਠ ਕਰਿ, ਸ਼ਸਤ੍ਰ ਕੋ ਗੁਰੂ ਰੂਪ ਜਾਨ ਕਰ, ਨਮਸਕਾਰ ਕੀਤਾ। ਆਪ ਤਖ਼ਤ ਪਰ ਬੈਠੇ।

(੮) 'ਖ਼ਾਲਸਾ ਰਾਜ' ਦੇ ਅੰਤਲੇ ਸਮੇਂ ਵਿਚ ਹੀ ਮੀਰਾਂ ਕੋਟੀਏ ਸ: ਮਤਾਬ ਸਿੰਘ 'ਸ਼ਹੀਦ' ਦੇ ਪੋਤਰੇ, ਤੇ ਸ: ਸ਼ਾਮ ਸਿੰਘ ਜਥੇਦਾਰ 'ਮਿਸਲ ਕਰੋੜੀਆਂ' ਦੇ ਦੋਹਤਰੇ, ਸ: ਰਤਨ ਸਿੰਘ, 'ਭੰਗੂ' ਹੋਏ ਹਨ ਜਿਨ੍ਹਾਂ ਨੇ ਸੰਮਤ ੧੮੯੮ ਬਿ: (੧੮੪੧ ਈ:) ਵਿਚ, ਪੰਥ ਦੇ ਬੜੇ ਨਵੇਂ ਨਰੋਏ

www.Mahapurakh.com

ਸਮਾਚਾਰ ਲਿਖਿ ਮੁਕਾਏ ਹਨ। ਇਸ ਗ੍ਰੰਥ ਦਾ ਨਾਮ 'ਪ੍ਰਾਚੀਨ ਪੰਥ ਪ੍ਰਕਾਸ਼' ਰੱਖ ਕੇ ਪਹਿਲ ਪ੍ਰਿਥਮੈ ਸੰਨ ੧੯੧੪ ਈ: ਵਿਚ, 'ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ' ਦੇ ਪ੍ਰਬੰਧਕ ਨੇ ਛਾਪਿਆ ਹੈ। 'ਭੰਗੂ' ਜੀ ਦੇ ਬਿਆਨ ਨੂੰ ਬਿਨਾਂ ਲਾਗ ਲਪੇਟ ਦੇ ਦਰੁਸਤ ਮੰਨਿਆ ਜਾਂਦਾ ਹੈ। ਸਰਦਾਰ ਜੀ ਨੇ, 'ਪੰਥ ਦੀ ਉਤਪਤੀ ਕੀ ਸਾਖੀ' ਸੁਣਾਉਂਦਿਆਂ ਲਿਖਿਆ ਹੈ :—

ਚੌਪਈ

ਪਾਹੁਲ ਖੰਡੈ ਤਿਯਾਰ ਕਰਵਾਈ।
ਜਲ ਮੱਧ ਆਨ ਮਿਠਾਈ[1] ਪਾਈ।
ਤਿਹ ਮੱਧ ਰਾਖੀ ਕਰਦ ਗਡਾਇ।
ਸਤਿਗੁਰ ਰਾਖੀ ਕਰਦ ਧਾਰੇ ਦਾਇ। ੬

ਦੋਹਰਾ

ਸ੍ਰੀ ਸਤਿਗੁਰ ਸਤਿਨਾਮੁ ਕਹਿਓ, ਕਰਤਾ ਪੁਰਖ ਉਚਾਰਿ।
ਅਕਾਲ ਅਕਾਲਹ ਜਾਪ ਕਰ, 'ਤੇਰੀ ਕ੍ਰਿਪਾ ਨਿਜ ਧਾਰਿ!!"੭

ਚੌਪਈ

ਪ੍ਰਿਥਮ 'ਭਗੌਤੀ ਵਾਰ' ਜੁ ਪੌੜੀ।
ਪੜ੍ਹ ਪ੍ਰਿਥਮੇ ਆਪ ਸਤਿਗੁਰ ਜੋੜੀ।
ਨੌ ਪਤਸ਼ਾਹੀਅਨ ਲਯੋ ਧਿਆਇ।
'ਅਬ ਦੁਸਮਨ ਪਰ ਹੋਈਂ ਸਹਾਇ॥'੮
ਬਹੁੜ ਸਵੈਯੇ ਬੱਤੀ ਉਚਾਰੇ।
ਸ੍ਰੀ ਸਤਿਗੁਰ ਸ੍ਰੀ ਮੁਖੋਂ ਸਵਾਰੇ।
ਤੇਜ ਤੇਜ ਜੋ ਚੰਡੀ ਬਾਣੀ।
ਸੋਊ ਪਾਹਲ ਕੇ ਮੱਧੈ ਠਾਣੀ।

ਤ੍ਰਿਭੰਗੀ ਛੰਦ

'ਖਗ ਖੰਡ ਬਿਹੰਡੰ, ਖਲਦਲ ਖੰਡੰ, ਅਤਿ ਰਣ ਮੰਡੰ ਬਰਬੰਡੰ।
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੰਤਿ ਅਮੰਡੰ, ਭਾਨ ਪ੍ਰਭੰ।
ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ, ਕਿਲਵਿਖ ਹਰਣੰ ਅਸਿ ਸਰਣੰ।
ਜੈ ਜੈ ਜਗ ਕਾਰਣ ਸ੍ਰਿਸ਼ਟਿ ਉਬਾਰਣ, ਮਮ ਪ੍ਰਿਤਪਾਰਣ ਜੈ ਤੇਗੰ॥"

ਦੋਹਰਾ

ਪ੍ਰਿਥਮ ਅੰਚਰੀ ਭਰੀ ਸ੍ਰੀ ਸਤਿਗੁਰੁ ਉਨ ਲਲਕਾਰ॥
ਸਨਮੁਖ ਨੇਤ੍ਰ ਰਖਵਾਇ ਕਰ, ਦਈ ਮੱਧ ਮੋਂ ਡਾਰ॥੧੦

ਦੋਹਰਾ

'ਅਕਾਲ! ਅਕਾਲ!!' ਕਰ ਜਾਪ ਜਪਾਈ।
'ਸ੍ਰੀ ਵਾਹਗੁਰੂ ਗੁਰ ਫਤਿਹ' ਬੁਲਾਈ।
ਪੁਨ ਪੰਚ ਪੰਚ ਸੀਸ ਅੰਚਰੀ ਪਾਇ।
ਪੰਚ ਪੰਚ ਪੰਚਨ ਦਈ ਛਕਾਇ॥੧੧

---

1. 'ਪਤਾਸੇ ਯਾ 'ਮਿਸਰੀ'? ਇਹ ਨਿਰਣਾ ਨਹੀਂ ਕੀਤਾ।

www.Mahapurakh.com

ਇਕੈ ਸੁਨਹਿਰੈ ਸਭੀ ਰਲਾਏ।
ਭਿੰਨ ਭੇਤ ਕਛੁ ਰਖਨ ਨ ਪਾਏ।
ਚਾਰ ਬਰਨ ਔ ਆਸ਼੍ਰਮ ਚਾਰ।
ਜਨੇਊ-ਟਿਕੋ ਦਿਯੋ ਉਤਾਰ॥੧੨

ਅਰਥਾਤ ਸਤਿਗੁਰਾਂ ਪਹਿਲੋਂ—

੧ : ੧ਓ ਸਤਿਨਾਮ...ਗੁਰ ਪ੍ਰਸਾਦਿ।" ਮੂਲ ਮੰਤ੍ਰ ਪੜ੍ਹਿਆ ਤੇ "ਅਕਾਲ! ਅਕਾਲ!!..." ਦਾ ਜਾਪੁ ਕੀਤਾ। ਫਿਰਿ

੨ : 'ਵਾਰ ਸ੍ਰੀ ਭਗੌਤੀ ਜੀ ਕੀ' ਵਿਚੋਂ ਪਹਿਲੀ ਪਉੜੀ—"ਪ੍ਰਥਮ ਭਗਉਤੀ ਸਿਮਰਕੈ"...ਪੜ੍ਹਕੇ ਅਪਣੇ ਵਾਸਤੇ ਸਹਾਈ ਹੋਣ ਲਈ 'ਅਰਦਾਸਿ' ਕੀਤੀ। ਬਾੱਦ।

੩ : 'ਸੱਤ ਸਦੈਵ ਸਰੂਪ ਸੱਤਬ੍ਰਤ—' ਵਾਲੇ ਬੱਤੀਹ ਸ੍ਵੈਯੇ ਪੜ੍ਹੇ। ਉਪ੍ਰੰਤ

੪ : 'ਚੰਡੀ ਦੀ 'ਤੇਜ ਤੇਜ' ਬਾਨੀ (ਚੰਡੀ ਦੀ 'ਵਾਰ' ਯਾ 'ਚਰਿਤ੍ਰ') ਤੇ

੫ : 'ਵਿਚਿੱਤ੍ਰ ਨਾਟਕ ਗ੍ਰੰਥ' ਦਾ ਆਰੰਭਕ ਮੰਗਲ ਵਾਲਾ 'ਤ੍ਰਿਭੰਗੀ ਛੰਦ' ਉਚਾਰਣ ਕਰਕੇ 'ਖੰਡੇ ਦੀ ਪਾਹੁਲ' ਤਿਆਰ ਕੀਤੀ।

'ਸ੍ਵੈਯਾਂ' ਤੋਂ ਛੁੱਟ ਬਾਕੀ ਸਾਰੀਆਂ ਬਾਣੀਆਂ ਸੰਮਤ ਸਤਾਰਾਂ ਸੈ ਚਉਰੰਜਾਹ ਤੱਕ ਰਚੀਆਂ ਜਾ ਚੁੱਕੀਆਂ ਸਨ, ਇਸ ਵਾਸਤੇ ਇਨ੍ਹਾਂ ਦਾ ਪੜ੍ਹੇ ਜਾਣਾ ਸੰਭਵ (ਕਰੀਨਿ ਕਿਆਸ) ਵੀ ਹੈ। ਲੇਕਿਨ ਪੂਰਾ 'ਜਪੁ' 'ਅਨੰਦ' ਤੇ 'ਚੌਪਈ' ਦਾ ਸਰਦਾਰ ਸਾਹਿਬ ਨੇ ਕੋਈ ਜ਼ਿਕਰ ਨਹੀਂ ਕੀਤਾ। ਹਾਲਾਂਕਿ ਨੇੜੇ ਦੇ ਲਿਖਾਰੀ—ਭਾਈ ਕੇਸਰ ਸਿੰਘ 'ਛਿੱਬਰ' ਨੇ ਪਹਿਲੀਆਂ ਦੋਵੇਂ ਬਾਣੀਆਂ ਦੱਸੀਆਂ ਹਨ। 'ਚੌਪਈ' 'ਭੰਗੂ' ਸੀ ਤੋਂ ਪਹਿਲੇ ਕਈ ਲਿਖਾਰੀਆਂ ਪੰਜਵੀਂ ਬਾਣੀ ਗਿਣੀ ਹੈ। ਇਹ 'ਚੌਪਈ', ਰਚਨਾ ਭੀ ਸੰਮਤ ੧੭੫੩ ਬਿੱ: ਦੀ ਹੈ।

(੯) ਖ਼ਾਲਸਾ—ਰਾਜ ਸਮੇਂ ਦੇ ਲਿਖਾਰੀਆਂ ਵਿਚੋਂ ਭਾਈ ਸੰਤੋਖ ਸਿੰਘ ਜੀ ਸ਼੍ਰੋਮਣੀ ਕਵੀ ਤੇ ਲਿਖਾਰੀ ਮੰਨੇ ਗਏ ਹਨ। ਆਪ ਨੇ 'ਸ੍ਰੀ ਗੁਰੁ ਪ੍ਰਾਪਤ ਸੂਰਜ' ਗ੍ਰੰਥ ਸੰਮਤ ੧੯੦੦ ਬਿੱ: ਵਿਚ ਸੰਪੂਰਨ ਕੀਤਾ ਹੈ। ਜਿਸ ਦੀ ਰੁੱਤਿ ਤੀਜੀ ਦੇ ਉਨੀਹਵੇਂ ਅੰਸ਼ੂ ਵਿਚ ਕਵੀ ਜੀ 'ਅੰਮ੍ਰਿਤ' ਤਿਆਰ ਕਰਨ ਬਾਰੇ ਐਉਂ ਲਿਖਦੇ ਹਨ :—

ਚੌਪਈ

ਇਹ ਛਿਨ ਇਕ ਬਾਸਨ ਮੰਗਵਾਵਾ।
ਸਤੁਦ੍ਰਵ[1] ਕੋ ਜਲ ਸੁਚਿ ਅਨੁਵਾਵਾ।
ਨਿਜ ਆਗੇ ਰਖਵਾਵਨਿ ਕੀਯੋ।
ਜੋ ਕ੍ਰਿਪਾਨ[2] ਸ੍ਰੀ ਦੇਵੀ ਦੀਯੋ।੧੨

---

1. ਸਤਲੁਜ ਦਰਿਆ।

2. ਭਾਈ ਸਾਹਿਬ 'ਕ੍ਰਿਪਾਨ' ਅਰੁ 'ਖੰਡੇ' ਵਿਚ ਕੋਈ ਫਰਕ ਨਹੀਂ ਮੰਨਦੇ। ਜਿਹਾ ਕਿ ਇਸੇ ਅੰਸ਼ੂ ਦੇ ੨੨ਵੇਂ ਛੰਦ ਵਿਚ ਲਿਖਦੇ ਹਨ :—

"ਜਲ ਮਹਿ ਪਦਤਿ 'ਕ੍ਰਿਪਾਨ' ਫਿਰੈ ਹੈਂ॥
ਪਾਹੁਲ 'ਖੰਡੇ' ਕੀ ਅਬ ਦੈ ਹੈਂ॥੨੨॥

ਉਂਵ, 'ਖੰਡਾ' ਨਾਮ ਦੋ ਧਾਰੀ ਕ੍ਰਿਪਾਨ (ਤਲਵਾਰ) ਦਾ ਹੀ ਹੈ; ਨਾਮ-ਭੇਦ ਵਿਚ ਪੈਣ ਦੀ ਲੋੜ ਵੀ ਨਹੀਂ।

www.Mahapurakh.com

ਤਾ ਮਹਿ ਲਗੇ ਫੇਰਨੇ ਸੁਾਮੀ।
ਬਦਨ ਬਦਤ ਬਾਨੀ ਅਭਿਰਾਮੀ।[1]...੧੩
'ਜਪੁਜੀ' ਪਾਠ ਪ੍ਰਥਮ ਕਰ ਲੀਨਾ।
ਬਹੁਰ 'ਸ੍ਵੈਯੇ' ਪਢਿਬੋ ਕੀਨਾ।
ਪੌੜੀ ਪੰਚ 'ਅਨੰਦ' ਪਢਯੋ ਹੈ।
'ਅੰਮ੍ਰਿਤ' ਮਹਿ ਬਹੁ ਤੇਜ ਬਢਯੋ ਹੈ॥੧੬

(ਜਿਸ ਵਿਚੋਂ ਦੋ ਚਿੜੇ ਚੁੰਜਾਂ ਭਰਿ ਭਰਿ ਪੀ ਗਏ; ਤੇ ਲੜਿ ਮੋਏ)

ਬਹੁਰ ਪਢਤ ਫੇਰਤ ਸੁ ਕ੍ਰਿਪਾਨਾ।
ਭਾ 'ਅੰਮ੍ਰਿਤ' ਸੋ ਤੇਜ-ਨਿਧਾਨਾ.....॥੨੦

ਚਿੜਿਆਂ ਵਾਲੀ ਘਟਨਾ ਭਾਈ ਰਾਮ ਕੌਰ ਨੇ ਗੁਰ-ਮਹਲਾਂ ਵਿਚ ਜਾ ਕੇ, ਮਾਤਾ ਜੀਤੋ ਜੀ ਨੂੰ ਸੁਣਾਈ। ਤਾਂ ਉਹ ਬਹੁਤ ਸਾਰੇ ਪਤਾਸੇ ਲੈ ਕੇ ਦਰਬਾਰਿ ਆਈ; ਤੇ

ਪਤਿ ਕੋ ਰੁਖ ਲਖਿ[2] ਜਲ ਮਹਿੰ ਪਾਏ।
ਸ੍ਰੀ ਸਤਿਗੁਰ ਅਵਿਲੋਕ[2] ਅਲਾਏ[3]।੨੪:—
"ਭਲੋ ਭਯੋ ਤੂੰ ਚਲਿ ਕਰਿ ਆਈ!
ਨੀਰ ਬਿਖੈ ਪਾਈ ਮਧਰਾਈ[4]!
ਨਾਤੁਰ ਪੰਥ ਹੋਤ ਬਡ ਕ੍ਰੂਰਾ!
ਤੇਜ ਕ੍ਰੋਧ ਕਲਹਾ ਕਰਿ ਪੂਰਾ! ੨੫
ਅਪਨਿ ਬਿਗਾਨਾ ਸਮਝਤਿ ਨਾਹੀ!
ਕਰਤਿ ਜੰਗ ਦਿਨ ਰੈਨ ਬਿਤਾਹੀ!
ਮਿਲਿ ਆਪਸ ਮਹਿੰ ਮੋਹ ਨ ਕਰਿਹੀਂ!
ਰਿਸ ਮੋਂ ਭਰੇ ਸ਼ਸਤ੍ਰ ਪਰਹਰਿ ਹੀਂ! ੨੬
ਅਬਿ ਮਿਸਟਾਨ[4] ਜੁ ਪਾਯਹੁ ਤੋਹੀ!
ਯਾ ਤੇ ਪਯਾਰੁ ਪਰਸਪਰ ਹੋਹੀ!
ਨਰ ਨਾਰੀ ਦ੍ਵੈ ਤੇ ਸੰਤਾਨਾ,
ਪ੍ਰਗਟਤਿ ਹੈ ਸਭਿ ਹੂੰ ਜਗ ਜਾਨਾ! ੨੭
ਹੋਨਿ 'ਖਾਲਸਾ'[5] ਸੰਤਤ ਕਾਲਾ।
ਚਲਿ ਆਈ ਭਾ[6] ਭਲੋ ਬਿਸਾਲਾ!!"..੨੮

---

1. ਮੁਖਾਰਬਿੰਦ ਤੋਂ ਪਿਆਰੀ ਬਾਣੀ ਉਚਾਰਦੇ ਹਨ।
2. ਵੇਖਕੇ।
3. ਬੋਲੇ।
4. ਮਿਠਾਸ।
5. 'ਖਾਲਸਾ' ਰੂਪ ਸੰਤਾਨ (ਔਲਾਦ) ਹੋਣ ਸਮੇਂ।
6. ਭਇਆ, ਹੋਇਆ।



www.Mahapurakh.com

(੧੦) ਭਾਈ ਸੰਤੋਖ ਸਿੰਘ ਤੋਂ ਅੱਧੀ ਕੁ ਸਦੀ ਬਾਅਦ ਸੰਮਤ ੧੯੪੯[1] ਬਿੱ: (ਸੰਨ ੧੮੯੨ ਈ:) ਵਿਚ—ਗਿਆਨੀ ਗਿਆਨ ਸਿੰਘ ਨੇ ਤ੍ਵਾਰੀਖ ਗੁਰੂ ਖਾਲਸਾ' (ਦਸਾਂ ਸਤਿਗੁਰਾਂ ਦੇ ਜੀਵਨ ਚਰਿਤ੍ਰ) ਲਿਖਿ-ਸੰਪੂਰਨ ਕੀਤੀ। ਜਿਸ ਵਿਚ ਅੰਮ੍ਰਿਤ ਸੰਸਕਾਰ' ਬਾਰੇ ਐਉਂ ਲਿਖਿਆ ਹੈ :—

...(ਤੰਬੂ ਦੇ) ਅੰਦਰ ਹੀ ਝੱਟ ਪੱਟ ਉਨ੍ਹਾਂ ਨੂੰ ਬਸਤ੍ਰ ਸ਼ਸਤ੍ਰ ਪਹਿਨਾ, ਆਪ ਪਹਿਨ; ਜਿਗਾ, ਕਲਗੀ ਸਜਾ; ਉਨ੍ਹਾਂ ਨੂੰ ਨਾਲ ਲੈ ਕੇ; ਬਾਹਰ ਆ ਗਏ। ਤੇ ਉਨ੍ਹਾਂ ਨੂੰ ਨਾਲ ਚੌਕੀਆਂ ਪਰ ਬੈਠਾਯਾ; ਅਤੇ ਆਪ ਸਿੰਘਾਸਨ ਪਰ ਬਿਰਾਜੇ।......ਸੰਗਤਾਂ ਨੂੰ ਭਰੋਸਾ ਤੇ ਖੁਸ਼ੀ ਬਖਸ਼ ਕੇ ਦੀਵਾਨ ਬਰਖਾਸਤ ਕੀਤਾ॥

ਫੇਰ ਵੈਸਾਖੀ ਦੇ ਦਿਨ ੧੭੫੬ ਬਿ: ਨੂੰ ਕੇਸਗੜ੍ਹ ਸਭਾ ਲਾ ਕੇ, ਉਨ੍ਹਾਂ ਪੰਜਾਂ ਸਿੱਖਾਂ ਨੂੰ ਕੱਛ, ਕ੍ਰਿਪਾਨ ਆਦਿਕ (ਤੇ) ਸੁਫ਼ੈਦ ਬਸਤ੍ਰ ਪਹਿਨਾ; ਸਭ ਦੇ ਅੱਗੇ ਖੜ੍ਹੇ ਕਰਿ; "ਵਾਹਿਗੁਰੂ ਵਾਹਿਗੁਰੂ" ਜਪਣ ਦਾ ਹੁਕਮੁ ਦਿੱਤਾ ਤੇ ਆਪ ਇਕ ਬਰਤਨ ਵਿਚ ਦਰਿਆ ਦਾ ਜਲ ਤੇ ਪਤਾਸੇ ਪਾ ਕੇ; ਵਿਚਕਾਰ ਖੰਡਾ ਫੇਰਦੇ ਹੋਏ; ਜਪੁ, ਜਾਪ ਜੀ, ਸ੍ਵਯੇ ੧੦, ਚੌਪਈ, ਆਨੰਦ ਪੜ੍ਹ ਕੇ; ਅੰਮ੍ਰਿਤ ਤੈਯਾਰ ਕੀਤਾ।

(੧੧) ਪੁਰਾਣੀਆਂ ਪੁਸਤਕਾਂ 'ਚੋਂ ਸਭ ਤੋਂ ਆਖਰੀ 'ਜੀਵਨ ਚਰਿਤ੍ਰ ਬਾਬਾ ਬੁੱਢਾ ਜੀ' ਹੈ, ਜੋ ਉਨ੍ਹਾਂ ਦੇ ਘਰ ਦੇ ਸੇਵਕ ਮੰਗਲ ਸਿੰਘ ਨੇ ਸੰਮਤ ੧੯੭੨-੩ ਵਿਚ ਲਿਖੀ ਹੈ। ਲਿਖਾਰੀ ਨੇ ਭਾਈ ਰਾਮ ਕੌਰ (ਗੁਰਬਖਸ਼ ਸਿੰਘ) ਦੇ ਜੀਵਨ ਚਰਿਤ੍ਰ ਦੱਸਦਿਆਂ ਲਿਖਿਆ ਹੈ :—

ਚੌਪਈ

ਫਿਰ ਸਤਿਗੁਰ ਇਕ ਚੋਜ ਵਿਖਾਵੈਂ।
ਪੰਜੇ ਸਿੱਖ ਲੈ ਬਾਹਰ ਆਵੈਂ।
ਪਿਖ ਕਰਿ ਸੰਗਤਿ ਅਚਰਜ ਹੋਈ।
ਹੱਦ ਹੈਰਾਨੀ ਰਹੀ ਨ ਕੋਈ॥੩੭
ਅਤਿ ਸੁੰਦਰ ਤਿਨ ਰੂਪ ਸੁਹਾਏ।
ਅਚਰਜ ਕਪੜੇ ਗੁਰਾਂ ਪਹਿਰਾਏ।
ਪੰਜ ਕਕਾਰ ਸੀਗ ਪਹਿਰਾਏ :—
ਲੱਕ ਨਾਲ ਕ੍ਰਿਪਾਨ ਸੁਹਾਏ।੩੮
ਤੇੜ ਕਛਹਰਾ, ਹੱਥੀਂ ਕੜਾ।
ਕੰਘਾ ਕੇਸਾਂ ਦੇ ਵਿਚ ਧਰਾ।
ਮੁਖ ਪਰ ਅਚਰਜ ਨੂਰ ਸੁਹਾਵੇ।
ਮੇਹਰ ਗੁਰਾਂ ਦੀ ਅਤਿ ਛਬਿ ਪਾਵੇ॥੩੯
... ... ...
ਗੁਰੂ ਆ ਗੱਦੀ ਪਰ ਬਹਿ ਜਾਵੇ॥੪੧
ਫੇਰ ਸਤਿਗੁਰਾਂ ਵਾਕ ਉਚਾਰਿ।
'ਰਾਮ ਸਤਿਗੁਰਾਂ ਵਾਕ ਉਚਾਰਿ।
'ਰਾਮ ਕੌਰ' ਨੂੰ ਲਿਆ ਹਕਾਰ।

---

1. "ਦੋਹਰਾ। ਨਾਥ ਬੇਦ ਗ੍ਰਹ ਸਸਿ ਪੁਨਯੋ, ਚੇਤ ਸੁ ਮੰਗਲਵਾਰ।
ਗਯਾਨ ਸਿੰਘ ਪੂਰਨ ਕੀਓ, ਪ੍ਰਥਮ ਭਾਗ ਸੁਖਕਾਰ॥"

www.Mahapurakh.com

ਬੋਲੇ ਸਤਿਗੁਰ :—"ਹੇ ਸਿੱਖ ਪਯਾਰੇ।
ਬਾਟਾ ਜਲ ਭਰਿ ਕਰੋ ਤਿਆਰੇ।੪੨
ਰੀਤਿ ਪੁਰਾਨੀ ਕਰਦੇ ਆਏ।
ਇਸ ਕਰਕੇ ਹੋ ਪਾਸ ਬੁਲਾਏ।"
ਹੁਕਮ ਮੰਨਿ ਉਸਿ ਕਾਰ ਕਮਾਈ।
ਜਿਂਵ ਜਿਂਵ ਸਤਿਗੁਰ ਜੀ ਫੁਰਮਾਈ।੪੩
ਜਲ ਦਾ ਬਾਟਾ ਭਰ ਕੇ ਆਂਦਾ।
ਸਤਿਗੁਰ ਦੇ ਆ ਪਾਸ ਟਿਕਾਂਦਾ।
ਫਿਰ ਸਤਿਗੁਰ ਜੀ ਕਿਹਾ ਅਲਾਈ :—
'ਰਾਮ ਕੌਰ! ਤੂੰ ਛੇਤੀ ਜਾਈ।੪੪
ਜੀਤੋ ਜੀ ਨੂੰ ਸਦਿ ਲਿਆਉ।
ਪਤਾਸੇ ਇਸ ਵਿੱਚ ਪਵਾਉ।
... ... ...
ਮਾਤ ਪਤਾਸੇ ਲੇ ਤਤਕਾਲੇ।
ਆ ਕਰਿ ਬਾਟੇ ਦੇ ਵਿਚ ਡਾਲੇ।।੪੯
ਬਾਨੀ ਪੜ੍ਹੀ ਗੁਰਾਂ ਫਿਰ ਜਾਨੋ।
ਜਪੁਜੀ ਜਾਪੁ ਚੌਪਈ ਪਛਾਨੋ।
ਪੜ੍ਹੇ ਸਵਈਏ ਆਨੰਦ ਜਾਨੋ।
ਕੀਤਾ ਅੰਮ੍ਰਿਤੁ ਤਿਯਾਰ ਮਹਾਨੋ।।੫੦
ਆਤਮ ਸ਼ਕਤੀ ਜਿਸ ਵਿਚ ਭਰੀ।
ਸੂਰਬੀਰਤਾ ਅਰੁ ਸੰਗ ਕਰੀ।
ਇਹ ਅੰਮ੍ਰਿਤੁ ਮੁਰਦੇ ਜੀਵਾਵੇ।
ਤੱਤ ਦ੍ਰਿਸ਼ਟਿ ਤੇ ਜਾਇ ਪੁਚਾਵੇ।।੫੧

ਇਹ ਹਨ, 'ਅੰਮ੍ਰਿਤ ਸਾਜਨਾ' ਸਬੰਧੀ ਪੁਰਾਤਨ ਲਿਖਾਰੀਆਂ ਦੇ ਬਿਆਨ; ਜਿਨ੍ਹਾਂ ਵਿਚੋਂ 'ਅੰਮ੍ਰਿਤੁ' ਉਤੇ ਪੜ੍ਹੀਆਂ ਗਈਆਂ ਬਾਨੀਆਂ ਦਾ ਜ਼ਿਕਰ 'ਛਿੱਬਰ' ਸਾਹਿਬ ਨੇ ਸ਼ੁਰੂ ਕੀਤਾ ਹੈ; ਪਰ ਸਿਰਫ਼ ਦੋ ਬਾਨੀਆਂ 'ਜਪੁ' ਤੇ 'ਅਨੰਦ'—ਪੜ੍ਹੀਆਂ, ਦੱਸਿਆ ਹੈ; ਅਰੁ ਮੁਨਸ਼ੀ ਖੁਸ਼ਵਕਤ ਰਾਇ ਨੇ ਕੇਵਲ 'ਪੰਜ ਸਵੱਯੇ' ਹੀ। ਭਾਈ ਸੰਤੋਖ ਸਿੰਘ ਨੇ ਪਹਿਲੇ ਦੋਹਾਂ ਲਿਖਾਰੀਆਂ ਦੀਆਂ ਦੱਸੀਆਂ ਤਿੰਨੇ ਬਾਣੀਆਂ ਮਿਲਾ ਕੇ ਮੰਨ ਲਈਆਂ ਹਨ। ਐਪਰ 'ਸੁਧਰਮ ਮਾਰਗ ਗ੍ਰੰਥ' ਦੇ ਲੇਖਕ ਨੇ 'ਜਾਪੁ ਦਾ ਛੰਦ', 'ਸਵੈਯੇ ੧੦' ਤੇ 'ਚੌਪਈ', ਹੋਰ ਮਿਲਾ ਕੇ ਪੰਜ ਨਗ ਪੂਰੇ ਕਰ ਦਿੱਤੇ ਹਨ। ਸ: ਰਤਨ ਸਿੰਘ 'ਭੰਗੂ' ਦਾ ਬਿਆਨ ਇਨ੍ਹਾਂ ਸਾਰਿਆਂ ਨਾਲੋਂ ਵਿਲੱਖਣ ਹੈ। ਇਨ੍ਹਾਂ ਤੋਂ ਮਗਰਲੇ ਲਿਖਾਰੀਆਂ ਨੇ ਨਿਤਨੇਮ ਵਾਲੀਆਂ ਪੰਜਾਂ ਬਾਣੀਆਂ ਦਾ ਪਾਠ ਹੀ ਪਕਾ ਲਿਆ ਹੈ। ਲੇਕਿਨ 'ਸਵੈਯਾ' ਤੇ 'ਚੌਪਈ' ਬਾਰੇ ਸਿਵਾਇ ਭੰਗੂ ਸਾਹਿਬ ਦੇ ਸਪੱਸ਼ਟ ਨਿਰਣਾ ਕਿਸੇ ਵੀ ਨਹੀਂ ਕੀਤਾ, ਬਈ—ਕਿਸ ਪੋਥੀ ਯਾ ਗਰੰਥ ਵਿਚੋਂ ਕਿਹੜੇ ਕਿਹੜੇ ਪੜ੍ਹੇ ਗਏ? 'ਅਕਾਲ ਉਸਤਤਿ' ਵਿਚ ਦਰਜ ਸਾਰੇ ਸਵੈਯੇ, ਅੰਮ੍ਰਿਤ ਸਾਜਨਾ (ਸੰਮਤ ੧੭੫੫ ਵੈਸਾਖੀ) ਤੋਂ ਬਾਅਦ ਹੀ ਵਜੂਦ ਵਿਚ ਆਏ ਸਹੀ ਹੁੰਦੇ ਨਿ। 'ਬਿਚਿੱਤ੍ਰ ਨਾਟਕ ਗ੍ਰੰਥ' ਦੀ 'ਅੰਤਿਕਾ' ਵਾਲੇ 'ਬੱਤੀਹ ਸਵੈਯੇ' ਵੀ ਇਸ ਗ੍ਰੰਥ ਦੇ ਅੰਤ ਪੁਰ ਹੀ ਰਚੇ ਜਾਣੇ ਸੰਭਵ ਹਨ। ਇਸ ਵਕਤ ਜੋ '੧੦ ਸਵੈਯੇ' (ਸਰਾਵਗ ਸੁੱਧ

www.Mahapurakh.com

ਸਮੂਹ ਸਿਧਾਨ ਕੇ..."ਪਾਠ ਤੋਂ ਅਰੰਭ ਹੋਣ ਵਾਲੇ) ਪੜ੍ਹੇ ਜਾਂਦੇ ਹਨ; ਇਹ ਤਾਂ ਠੀਕ ਓਦੋਂ ਹੀ ਲਿਖੇ ਗਏ, ਜਦੋਂ ਪਰਬਤੀ ਰਾਜਿਆਂ ਨੂੰ ਸਤਿਗੁਰਾਂ ਹਜ਼ੂਰਿ ਸੱਦ ਕੇ, 'ਖ਼ਾਲਸਾ' ਬਣਨ ਵਾਸਤੇ ਪ੍ਰੇਰਨਾ ਕੀਤੀ; ਅਰੁ ਉਨ੍ਹਾਂ ਅੱਗੋਂ ਕਈ ਪ੍ਰਕਾਰ ਦੀਆਂ ਹੁੱਜਤਾਂ ਕੀਤੀਆਂ ਅਤੇ ਢੁੱਚਰਾਂ ਪੜ੍ਹੀਆਂ। ਸਾਹਿਬਾਂ ਨੇ ਉਨ੍ਹਾਂ ਦੇ ਜੋ ਬਾ-ਦਲੀਲ ਤੇ ਬਿ-ਤਮਸੀਲ ਉੱਤਰ ਦਿੱਤੇ; ਉਨ੍ਹਾਂ ਨੇ ਹੀ ਇਨ੍ਹਾਂ ਸਵੈਯਾਂ ਦਾ ਰੂਪ ਧਾਰਿਆ। ਇਸ ਗੱਲ ਦੀ ਸ਼ਾਹਦੀ ਉਂਞ ਤਾਂ ਏਹਨਾਂ ਦੇ ਅੰਦਰੋਂ ਹੀ ਰਾਜਿਆਂ ਨੂੰ ਸੰਬੋਧਨ ਕੀਤੇ ਵਾਕ—

'ਏਤੇ ਭਏ ਤੋ ਕਹਾ ਭਏ ਭੂਪਤਿ'[1] ! ਅੰਤ ਕੋ ਨਾਂਗੇ ਹੀ ਪਾਇ ਪਧਾਰੇ।'
'ਸ੍ਰੀ ਭਗਵਾਨ ਭਜੇ ਬਿਨੁ ਭੂਪਤਿ[1] ! ਏਕ ਰਤੀ ਬਿਨੁ ਏਕ ਨ ਲੇਖੈ !'—

ਆਦਿ ਹੀ ਭਰਦੇ ਹਨ। ਪਰ ਜੇ ਇਤਿਹਾਸਕ ਉਗਾਹੀ ਵੀ ਦਰਕਾਰ ਹੋਵੈ; ਤਾਂ ਭਾਈ ਸੁਖਾ ਸਿੰਘ 'ਗਰੰਥੀ' ਦਾ 'ਗੁਰ ਬਿਲਾਸ' ਵਿਚ ਦਿੱਤਾ ਇਹ ਬਿਆਨ, ਪੇਸ਼ ਕੀਤਾ ਜਾ ਸਕਦਾ ਹੈ :—

ਦੋਹਰਾ

ਅਚੁੱਤ ਨਾਥ ਅਨੰਤ ਗੁਰ, ਦਯਾਸਿੰਧੁ ਹਰਿ ਰਾਇ।
ਪੁਨਿ ਰਾਜੇ ਸਭ ਗਿਰਨ[2] ਕੇ, ਲੀਨੇ ਨਿਕਟਿ ਬੁਲਾਇ॥ ੧੪੩

ਚੌਪਈ

ਮੇਲਾ ਨਿਰਖ ਅਧਿਕ ਬਰ ਭਾਰੀ।
ਆਏ ਥੇ ਸਭ ਪੁਰੀ[3] ਮਝਾਰੀ।
ਗਿਰਦੇ ਸ਼ਹਰ ਚਤੁਰ ਥਰ ਫੇਰਾ;
ਪਰੇ ਹੁਤੇ ਤਿਨ ਕੇ ਅਤਿ ਡੇਰਾ॥ ੧੪੩
ਤਿਨ ਪ੍ਰਤਿ ਸਤਿਗੁਰ ਬਚਨ ਉਚਾਰੇ :—
ਸੁਨੋ ਗਿਰਪਤੋ[4]! ਬਚਨ ਹਮਾਰੇ!
ਤੁਮ ਸਰਣੀ 'ਖਾਲਸ' ਕੀ ਆਵੋ।
ਸਗਲ ਧਰਨਿ ਇਹ ਰਾਜ ਕਮਾਵੋ॥ ੧੪੫

ਉਨ੍ਹਾਂ ਦੇ ਉਜ਼ਰ ਇਨਕਾਰਾਂ ਨੂੰ ਮੁੱਢਲੇ ਸੱਤਾਂ ਸਵੈਯਾਂ ਵਿਚ ਦਿੱਤੀਆਂ ਅਕੱਟ ਦਲੀਲਾਂ ਤੇ ਪ੍ਰਤੱਖ ਤਮਸੀਲਾਂ ਦੁਆਰਾ ਰੱਦ ਕਰ ਦਿੱਤਾ। ਫਿਰ ਵੀ ਉਨ੍ਹਾਂ ਦੇ ਮੱਥੇ ਭਾਗ ਨਾ ਲੱਗੇ, ਤਾਂ ਸਤਿਗੁਰਾਂ ਨੇ, 'ਖ਼ਾਲਸੇ' ਦੇ ਰੌਸ਼ਨ ਭਵਿੱਖ ਉੱਤੇ ਨਜ਼ਰ ਮਾਰਦਿਆਂ, ਘਨ ਜਿਉਂ ਗਰਜ ਕੇ ਫ਼ਰਮਾਇਆ :

ਦਾਨਵ, ਦੇਵ, ਫਨਿੰਦ, ਨਿਸਾਚਰ, ਭੂਤ ਭਵਿੱਖ ਭਵਾਨ ਜਪੈਂਗੇ।
ਜੀਵ ਜਿਤੇ ਜਲ ਮੈ ਥਲ ਮੈ, ਪਲ ਹੀ ਪਲ ਮੈ ਸਭ ਥਾਪ ਥਪੈਂਗੇ।
ਪੁੰਨ ਪ੍ਰਤਾਪਨ ਬਾਢਿ ਜੈਤਧੁਨਿ, ਪਾਪਨ ਕੇ ਬਹੁ ਪੁੰਜ ਖਪੈਂਗੇ।
ਸਾਧੁ ਸਮੂਹ ਪ੍ਰਸੰਨ ਫਿਰੈਂ ਜਗਿ, ਸਤ੍ਰ ਸਭੈ ਅਵਿਲੋਕ ਚਪੈਂਗੇ॥੯॥੨੯॥

ਬੱਸ, ਇਨ੍ਹਾਂ ਦਸਾਂ ਸਵੈਯਾਂ ਦਾ ਇਹੋ ਵਿਸ਼ਾ ਹੈ ਤੇ ਇਹੋ ਰਚਨ ਕਾਲ।

ਅਰੁ 'ਦੀਨਨ ਕੀ ਪ੍ਰਤਿਪਾਲ ਕਰੈ.....' ਵਾਲੇ ਦਸੇ ਸ੍ਵੈਯੇ, 'ਵਿਚਿੱਤ੍ਰ ਨਾਟਕ ਗ੍ਰੰਥ' ਦੀ

1. ਹੇ ਰਾਜਨ!
2. ਪਹਾੜਾਂ ਦੇ।
3. ਅਨੰਦਪੁਰੀ ਵਿਚ।
4. ਹੇ ਰਾਜਿਓ!

www.Mahapurakh.com

ਉਥਾਨਕਾ ਦਾ ਅੰਸੁ ਹਨ; ਤੇ 'ਅਕਾਲ ਉਸਤਤਿ' ਸੰਗ੍ਰਹਿ ਦੇ ੨੪੩ ਤੋਂ ੨੫੪ਵੇਂ ਅੰਕ ਤੱਕ ਆਪਣੇ ਠੀਕ ਟਿਕਾਣੇ ਪਏ ਹੋਏ ਹਨ। ਅਰੁ 'ਉਥਾਨਕਾ' 'ਗ੍ਰੰਥ' ਦੀ ਸਮਾਪਤੀ ਸੰਮਤ ੧੭੫੫ ਬਿ: ਹਾੜ੍ਹ ਤੋਂ ਬਾਅਦ ਹੀ ਲਿਖੀ ਗਈ ਸੀ; ਇਸ ਲਈ ਇਹ ਵੀ ਉਸ ਮੌਕੇ ਮੌਜੂਦ ਨਹੀਂ ਸਨ।

'ਸੱਤਿ ਸਦੈਵ.....' ਤੋਂ ਅਰੰਭ ਹੁੰਦੇ ਸਵੈਯੇ 'ਬਿਚਿੱਤ੍ਰ ਨਾਟਕ ਗ੍ਰੰਥ' ਦੀ ਅੰਤਿਕਾ ਦਾ ਭਾਗ ਹਨ, ਤੇ 'ਪਾਪ ਸੰਬੂਹ ਬਿਨਾਸਨ ਕੋ' ਪਾਠ ਵਾਲੇ 'ਕਲਗੀ ਅਵਤਾਰ ਕਥਾ' ਦਾ। ਇਨ੍ਹਾਂ ਦਾ ਸੰਬੰਧ ਅੰਮ੍ਰਿਤ ਦੀ ਤਿਆਰੀ' ਨਾਲ ਵਧੇਰੇ ਨਹੀਂ ਜਾਪਦਾ।

'ਚੌਪਈ ਕਿਹੜੀ ਪੜ੍ਹੀ ਗਈ ? ਇਸ ਗੱਲ ਦਾ ਨਿਰਣਾ ਵੀ ਕਿਸੇ ਗ੍ਰੰਥਕਾਰ ਨੇ ਨਹੀਂ ਕੀਤਾ। 'ਅਕਾਲ ਉਸਤਤਿ' ਦੇ ਬਾਅਦ ਲਿਖੀ 'ਚੌਪਈ' ਤਾਂ ਯਕੀਨਨ ਅੰਮ੍ਰਿਤ ਸਾਜਨਾ ਤੋਂ ਬਾਅਦ ਹੀ ਵਜੂਦ ਵਿਚ ਆਈ ਹੈ; ਦੂਜੀ (ਹਮਰੀ ਕਰੋ ਹਾਥ ਦੈ ਰੱਛਾ!) ਸੰਮਤ ੧੭੫੩ ਦੇ ਭਾਦਰੋਂ ਮਹੀਨੇ। ਸੋ, ਇਹੋ ਇਸ ਵਕਤ ਪੜ੍ਹਨ ਦਾ ਰਿਵਾਜ ਹੈ।

ਪੰਜਵੀਂ ਬਾਣੀ ਇਸ ਵੇਲੇ 'ਜਾਪੁ' ਪੜ੍ਹੀ ਜਾਂਦੀ ਹੈ। ਇਸ ਦਾ ਜ਼ਿਕਰ, ਸੰਮਤ ੧੯੭੦ ਬਿੱ: ਤੱਕ ਜਨਮੇ ਇਤਿਹਾਸਕ ਗ੍ਰੰਥਾਂ ਵਿਚ ਨਹੀਂ ਆਇਆ। ਹਾਂ, 'ਸੁਧਰਮ ਮਾਰਗ ਗ੍ਰੰਥ' ਵਿਚ, ਪੰਜਾਂ ਪਿਆਰਿਆਂ ਨੂੰ 'ਅੰਮ੍ਰਿਤ ਛਕਾਵਣੇ ਕੀ ਰੀਤਿ' ਦ੍ਰਿੜ੍ਹਾਉਂਦਿਆਂ ਏਨਾ ਕੁ ਜ਼ਿਕਰ ਜ਼ਰੂਰ ਆਇਆ ਹੈ ਕਿ—

'ਜਾਪੁ ਜੀ ਕਾ ਛੰਦ ਪੜੈ!'

ਇਸ ਦਾ ਸਪੱਸ਼ਟ ਮਤਲਬ ਸਿਰਫ ਪਹਿਲਾ 'ਛਪੈ ਛੰਦ' ਹੀ ਸਮਝਿਆ ਜਾ ਸਕਦਾ ਏ; ਸਾਰਾ 'ਜਾਪੁ' ਨਹੀਂ। ਤਵਾਰੀਖੀ ਤੌਰ ਪੁਰ, ਇਹ ਬਾਣੀ 'ਵਚਿੱਤ੍ਰ ਨਾਟਕ ਗ੍ਰੰਥ' ਦੀ ਸੰਪੂਰਨਤਾ ਸੰਮਤ ੧੭੫੫ ਬਿੱ: ਹਾੜ੍ਹ ਤੋਂ ਬਾਅਦ ਹੀ ਹੋਈ ਹੈ; ਅਰੁ ਗ੍ਰੰਥ ਜੀ ਨੂੰ ਤਰਤੀਬ ਦੇਣ ਸਮੇਂ 'ਮੰਗਲਾਚਰਣ' ਵਜੋਂ ਆਰੰਭ 'ਚ ਅੰਕਿਤ ਕੀਤੀ ਗਈ ਸੀ। ਇਸ ਲਈ ਅੰਮ੍ਰਿਤ ਸਾਜਨਾ' ਵਿਚ ਇਸ ਦਾ ਜ਼ਿਕਰ ਅਪ੍ਰਸੰਗਕ ਹੈ।

ਇਸ ਗ੍ਰੰਥ (ਪ੍ਰੇਮ ਸੁਮਾਰਗ) ਵਿਚ ਭਾਵੇਂ 'ਅੰਮ੍ਰਿਤੁ' ਤਿਆਰ ਕਰਨ ਦੀ ਵਿਧੀ ਵਰਣਨ ਨਹੀਂ ਕੀਤੀ, ਤਦ ਵੀ ਬਾਲਕ ਦਾ ਜਨਮ ਸੰਸਕਾਰ ਦੱਸਣ ਲੱਗਿਆਂ, ਹਦਾਇਤ ਕੀਤੀ ਹੈ ਕਿ—

'ਤਬ ਪਾਹੁਲ ਖੰਡੇ ਕੀ, ਜਪੁ ਜਾਪੁ ਪੜ੍ਹਿ
ਕਰਿ, ਸਿੱਖਣੀ ਕਉ ਦੇਵੈ!'

ਇਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਜਿਸ ਸਮੇਂ ਇਸ ਗ੍ਰੰਥ ਦੀ ਰਚਨਾ ਹੋਈ, ਉਸ ਵਕਤ 'ਅੰਮ੍ਰਿਤੁ' ਤਿਆਰ ਕਰਨ ਦੀ ਵਿਧੀ ਸਰਬਤਿ ਸਿੰਘਾਂ ਨੂੰ ਚੰਗੀ ਤਰ੍ਹਾਂ ਚੇਤੇ ਸੀ। ਤਾਹੀਉਂ ਉਸਦਾ ਲਿਖਤ ਵਿਚ ਲਿਆਉਣਾ ਜ਼ਰੂਰੀ ਨਹੀਂ ਸਮਝਿਆ ਗਿਆ। ਸ਼ਾਇਦ, ਇਸ ਧਾਰਮਿਕ ਸੰਸਕਾਰ ਨੂੰ ਗੁਪਤ ਰੱਖਣਾ ਉਸ ਵੇਲੇ ਰਾਜਨੀਤਕ ਮਸਲਿਹਤ ਮੰਨਿਆ ਗਿਆ ਹੋਵੇ; ਜਿਹਾ ਕਿ ਹਰ ਇਕ ਦੀਨ—ਧਰਮ ਵਿਚ ਅਜਿਹਾ ਪਰਦਾ ਰੱਖਿਆ ਜਾਂਦਾ ਹੈ।

ਇਸ ਸਾਰੀ ਤ੍ਵਾਰੀਖੀ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ੧੭੫੬ ਸੰਮਤ ਦੀ ਵੈਸਾਖੀ ਦੇ ਮੌਕੇ, ਦਸਮ ਪਾਤਸ਼ਾਹ ਨੇ, ਜੋ ਖੰਡੇ ਦਾ 'ਅੰਮ੍ਰਿਤੁ' ਤਿਆਰ ਕਰਕੇ ਪੰਜਾਂ ਪਿਆਰਿਆਂ ਨੂੰ ਛਕਾਇਆ, ਉਹ ਸਰਬ ਲੋਹ ਦੇ ਬਾਟੇ ਵਿਚ, ਸਤਲੁਜ ਨਦੀ ਦਾ ਸੁੱਚਾ ਜਲ ਤੇ ਪਤਾਸੇ ਪਾ ਕੇ, ਖੰਡੇ ਦੀ ਧਾਰ ਨਾਲ, 'ਜਪੁ', 'ਅਨੰਦੁ' ਤੇ 'ਚੌਪਈ' ('ਹਮਰੀ ਕਰੋ ਹਾਥ ਦੈ ਰੱਛਾ!' ਤੋਂ 'ਦੁਸਟ ਦੋਖ ਤੇ ਲੇਹੁ ਬਚਾਈ।' ਤੱਕ) ਗੁਰਬਾਣੀ ਰੂਪ ਮਹਾਂ ਮੰਤ੍ਰ ਪੜ੍ਹ ਕੇ, ਅਰੁ ਉਸ ਪੁਰ ਆਪਣੀ ਜਾਦੂ—ਅਸਰ ਅੰਮ੍ਰਿਤ—ਦ੍ਰਿਸ਼ਟੀ ਦਾ ਇਕ—ਟੱਕ ਧਿਆਨ ਧਰ ਕੇ ਤਿਆਰ ਕੀਤਾ ਸੀ। ਲੇਕਿਨ ਬਾਅਦ—ਇਸ ਗ੍ਰੰਥ ਦੇ ਲਿਖੇ ਜਾਣ ਤੱਕ ਸਿੰਘਾਂ ਨੇ ਸਤਿਗੁਰਾਂ ਦੀ ਆਗਿਆ

www.Mahapurakh.com

ਪਾ ਕੇ, ਯਾ ਹਜ਼ੂਰ ਦੇ ਅੰਤਰ ਧਿਆਨ ਹੋ ਜਾਣ ਤੋਂ ਮਗਰੋਂ 'ਗੁਰਮਤਾ' ਸੋਧ ਕੇ, 'ਜਾਪੁ' ਤੇ 'ਸਵਯੈ ੧੦' (ਸਰਾਵਗ ਸੁੱਧ ਸਮੂਹ ਸਿਧਾਨ ਕੇ...') ਭੀ 'ਅੰਮ੍ਰਿਤ' ਤਿਆਰ ਕਰਨ ਵਾਲੇ ਮਹਾਂ ਮੰਤ੍ਰ' ਵਿਚ ਸ਼ਾਮਲ ਕਰ ਲਏ ਸਨ। ਚੂੰਕਿ 'ਅੰਮ੍ਰਿਤ' ਪੰਜਾਂ ਸਿੰਘਾਂ ਰਲ ਕੇ ਤਿਆਰ ਕਰਨਾ ਹੁੰਦਾ ਏ, ਇਸ ਲਈ ਪੰਜਾਂ ਦੀ ਰਸਨਾ ਤੋਂ ਪੰਜ ਬਾਣੀਆਂ ਦਾ ਪਾਠ ਕਰਨਾ ਵੀ ਲਾਜ਼ਮੀ ਠਹਿਰਿਆ।

# 'ਅੰਮ੍ਰਿਤ' ਛਕਾਉਣ ਦੀ ਵਿਧੀ

(੧) 'ਖੰਡੇ ਦਾ ਅੰਮ੍ਰਿਤ' ਤਿਆਰ ਕਰਨ ਦੀ ਵਿਧੀ ਜਿਵੇਂ ਇਸ ਗ੍ਰੰਥ ਵਿਚ ਨਹੀਂ ਦੱਸੀ ਗਈ; ਓਵੇਂ ਕਿਵੇਂ 'ਅੰਮ੍ਰਿਤ' ਛਕਾਉਣ ਦਾ ਢੰਗ ਵੀ ਨਹੀਂ ਬਿਆਨਿਆ। ਕੇਵਲ ਇਹੋ ਦੱਸਿਆ ਹੈ ਕਿ :—

> ਪਹਿਲਾਂ ਦੇ ਕੜਾਹ ਕਰੇ, ਸ੍ਰੀ ਗੁਰੂ ਬਾਬੇ ਅਕਾਲ ਪੁਰਖੁ ਕਾ। ਫਿਰਿ ਨਾਰੀਅਲ, ਸਵਾ ਰੁਪੈਯਾ ਭੇਟ ਰੱਖੇ। ਫੇਰਿ ਉਹ ਪ੍ਰਾਨੀ ਨਵੇਂ ਕਪੜੇ ਪਹਨੇ। ਅਰੁ ਪਗੜੀ, ਜਾਮਾ ਸਪੇਦ ਪਹਰੇ ਅਗਲਬੰਦੀ। ਉਸ ਉਪਰਿ ਕਛ ਪਹਰੇ ਸੁਪੇਦ। ਸੁਥਨ ਪੈਰਾਂ ਤੇ ਲੈ ਕੇ ਕਮਰ ਤੱਕ ਮੌਜਿਆਂ ਦੀ ਤਰਹ ਸਿੰਵਾਇ ਪਹਰੇ, ਚੂੜੀ ਕੋਈ ਵਿਚਿ ਪਵੈ ਨਾਹੀਂ। ਫੇਰ ਪਟਕਾ ਬੰਨ੍ਹੈ। ਤਿਸ ਤੇ ਉਪਰਤ ਪੰਜੇ ਹਥਿਆਰ ਬੰਨ੍ਹੈ। ਖਾਲਸੇ ਵਿਚਿ ਆਇ ਬੈਠੈ। ਜੋ ਆਪਣੇ ਗ੍ਰਿਹ ਬਿਖੈ ਖਾਲਸੇ ਕੋ ਬੁਲਾਵੈ; ਤਾਂ ਪੰਜ ਸਿਖ ਖਾਲਸੇ ਦੇ, ਅਥਵਾ ਸੱਤ ਬੁਲਾਵੈ। ਜੇ ਕੋਈ ਸਹਜ ਪਾਇ ਆਵੈ; ਤਾਂ ਆਵਨੇ ਦੇਇ। ਆਖੈ : ਜੋ "ਧੰਨ ਭਾਗ ਮੇਰੇ ਹੈਂ!" ਫੇਰ ਪਾਹੁਲ ਖੰਡੇ ਦੀ ਕਰੀਐ। ਮਿਠੀ ਕਰਿਕੈ ਉਸ ਪ੍ਰਾਨੀ ਨੂੰ ਦੀਜੀਐ।—"ਵਾਹਿਗੁਰੂ ਸ੍ਰੀ ਅਕਾਲ ਪੁਰਖੁ! ਤੇਰੀ ਸਰਣਿ!
>
> ਤੂ ਪ੍ਰਸਾਦਿ॥ ਖਾਲਸਾ ਤੇਰਾ ਹੋਇਆ! ਗੁਰ ਪ੍ਰਸਾਦਿ॥"—ਫੇਰਿ ਇਹ ਮੰਤ੍ਰ ਪਾਹੁਲ ਨਾਲ ਦੇਕਰ ਪੰਜ ਪਉੜੀ ਅਨੰਦ ਪੜ੍ਹਨਾ। ਫੇਰਿ ਅਰਦਾਸ ਕਰਣੀ; ਜੋ—"ਜੀ! ਅਰਦਾਸ ਸ੍ਰੀ ਅਕਾਲ ਪੁਰਖੁ ਕੇ ਖਾਲਸੇ ਪਾਸ ਹੈ!"—ਉਠਿ ਕੇ, ਹਥਿ ਜੋੜਿਕੇ ਕਰੈ; ਜੋ—"ਇਹੁ ਸਿਖ ਸਰਣਿ ਸ੍ਰੀ ਗੁਰੂ ਅਕਾਲ ਪੁਰਖੁ ਅਰੁ ਖਾਲਸੇ ਕੀ ਆਇਆ ਹੈ! ਇਸ ਕੋ ਦਾਨ ਸਿੱਖੀ ਖਾਲਸੇ ਸ੍ਰੀ ਅਕਾਲ ਪੁਰਖ ਕਾ ਹੋਵੈ! ਮਨ ਇਸ ਦਾ ਜਮੱਯਤ ਨਾਲਿ ਰਹੈ। ਜੋ ਕਿਛੁ ਇਸਦੇ ਮਨੋਰਥ ਹੈਨਿ, ਸੋ ਪੂਰੇ ਹੋਨਿ!!" ਅਰੁ ਪ੍ਰੇਮ-ਜਨੇਊ ਲੋਹੇ ਦਾ, ਅਥਵਾ ਸੋਇਨੇ ਦਾ ਗੁਰੂ ਦੇਇ। ਅਕੈ ਲੋਹੇ ਉਪਰਿ ਸੋਇਨੇ ਕਾ ਰੰਗੁ ਕਰਾਇ ਲਏ। ਅਰੁ ਜੋ ਸੋਇਨੇ ਦਾ ਪਾਏ; ਤਾਂ ਭੀ ਇਕ ਦੋਇ ਤਾਰਾਂ ਲੋਹੇ ਦੀਆਂ ਅਮੇਜ਼ ਕਰੇ; ਸੋਇਨੇ-ਰੰਗ ਕਰਕੈ ਪਹਿਰਾਈਐ।
>
> ਜੋ ਉਸ ਸਿਖ ਪਾਸ ਕਦਾਂਚ ਮਕਤਿ ਸਵਾ ਰੁਪੈਯਾ ਭੇਟ ਦੀ ਨ ਹੋਇ; ਹੋਰ ਜੋ ਕਿਛੁ ਉਪਰਿ ਬਚਨੁ ਹੈ, ਨ ਹੋਇ। ਤਾਂ ਯੌਂ ਕਰੇ : ਸਵਾ ਪੈਸਾ, ਅਥਵਾ ਸਤ ਪੈਸੇ ਦਾ ਪ੍ਰਸਾਦ; ਇਸ ਜੁਗਤਿ ਭੇਟ ਅਰਦਾਸ ਕਰੇ। ਅਰੁ ਕਪੜੇ ਧੁਵਾਇ ਪਹਨੇ....। ਹਥਿਆਰ ਅਪਣੇ ਹੋਨ, ਤਾਂ ਭਲਾ; ਨਹੀਂ ਤਾਂ ਕਿਸੇ ਸਿਖ ਦੇ ਲੈ ਪਹਰੇ; ਜਬ ਉਹ ਸਿਖ ਪਾਹੁਲ ਲਏ।
>
> ਉਸ ਤੋਂ ਉਪਰੰਤ ਕੇਸਰ ਉਸ ਦੇ ਕੱਪੜਿਆਂ ਉਪਰਿ ਛਿੜਕੀਐ। ਸਭ ਕੱਪੜਿਆਂ ਉਪਰਿ ਛਿੜਕਿਆ ਨ ਜਾਇ; ਤਾਂ ਪਗੜੀ ਉਪਰਿ ਛਿੜਕੈ। ਅਰੁ ਪ੍ਰਸਾਦਿ ਉਸਦੇ

www.Mahapurakh.com

ਮੁਹ ਪਾਈਐ। ਪਲੇ ਪਟਕੇ ਦੇ ਨਲੀਯਰ ਤਥਾ ਭੇਟ ਪ੍ਰਸਾਦ ਬੀੜੇ ਉਸ ਸਿਖ ਦੇ ਪਾਈਐ॥੧

(੨) ਭਾਈ ਕੋਇਰ ਸਿੰਘ, 'ਕਲਾਲ' ਦੇ ਰਚੇ 'ਗੁਰ ਬਿਲਾਸ ਪਾ: ੧੦' ਵਿਚ ਵੀ ਗੱਲ ਗੋਲ ਮੋਲ ਹੀ ਰਹਿਣ ਦਿੱਤੀ ਹੈ। ਸੀਸ-ਭੇਟ ਕਉਤੁਕ ਤੋਂ ਬਾਅਦ ਲਿਖਿਆ ਏ :—

ਸ੍ਵੈਯਾ

ਤਾਂ ਕਰ ਸੋਂ ਕਰ ਧਾਰ ਅਏ ਪੁਨਿ ਬੈਠਿ ਸਿੰਘਾਸਨਿ ਕੌਤੁਕ ਹੈਰੇ।
"ਧੰਨ! ਧੰਨ!" ਕਰੈ ਨਰੁ ਨਾਰਿ ਤਥੈ ਪੁਨਿ ਭੂਖਨ ਅਨਿਕ ਦਏ ਤਿਹ ਕੇਰੇ।
ਕੋਰ-ਸਯਾ ਕਰਿ ਆਪ ਸਮਾਨ ਕਰੇ ਤਬ ਹੀ ਅਤਿ ਸੁੰਦਰ ਚੇਰੇ।
ਸਰਤਾ-ਜਲ ਲੀਨ ਅਛੂਤ ਮੰਗਾਇਕੈ, ਪਾਤ੍ਰ-ਲੋਹ ਮੈ ਤਾਂ ਪ੍ਰਭ ਬੇਰੇ॥੨੪॥

ਦੋਹਰਾ

ਅੰਮ੍ਰਿਤ ਗੁਰੂ ਤਯਾਰ ਕਰਿ, ਕੈ ਅਰਦਾਸ ਕੀ ਗੀਤਿ॥
ਠਾਢੇ ਕਮਰ ਛਕਾਇਕੈ, ਸਨਮੁਖ ਪੰਚ ਸੁਨੀਤ॥ ੨੭

ਚੌਪਈ

ਪਾਨ ਜੋੜਿ ਤਿਨ ਅਮੀ ਪਿਵਾਵੈਂ।
"ਬੋਲ : 'ਵਾਹਗੁਰੂ' !" ਮੁਖੋਂ ਕਹਾਵੈਂ।
ਪੰਚਨ ਕੋ ਐਸੇ ਤਬ ਦਯੋ।
ਨਾਮ ਨਗਰ ਤਿਨ ਪੂਛਨ ਕਯੋ॥ ੨੮

*(ਅਧਿ: ੯ਵਾਂ)*

(੩) ਭਾਈ ਕੇਸਰ ਸਿੰਘ 'ਛਿੱਬਰ' ਨੇ ਦੱਸਿਆ ਇ :—

ਚੌਪੇ ਸਿੰਘ ਨੂੰ ਬਚਨ ਕੀਤਾ : "ਬੈਠ ਜਾਹੁ!
ਖੱਬੇ ਕਰ ਉਪਰ ਸੱਜਾ ਧਰ, ਅਤੇ ਪੀਂਦਾ ਜਾਹੁ! ੩੧੯
'ਵਾਹਗੁਰੂ ਜੀ ਕਾ ਖਾਲਸਾ, ਵਾਹਗੁਰੂ ਜੀ ਕੀ ਫਤੇ' ਬੋਲ!"
ਤ੍ਰੈ ਚੁਲੀਆਂ ਸਾਹਿਬ ਨਿਜ ਕਰ ਦਿੱਤਾ; ਤਿਨ ਪੀਤਾ ਰਸਨਾ ਖੋਲ।
ਬੋਦੀ[1] ਰੰਚਕ ਨ ਕਤਰੀ, ਮੁਖ ਛਿੱਟੇ ਲਾਏ।
ਨੇਤ੍ਰੀਂ ਸੀਸ ਪਰ ਭੀ ਪਾਏ॥ ੩੨੦
ਅੱਗੇ ਕੀਤਾ ਬਚਨੁ : "ਇਸ ਜੁਗਤਿ ਕਰ ਲਓ ਸਭ ਕੋਇ॥ ੩੨੧

(੪) ਭਾਈ ਸੁੱਖਾ ਸਿੰਘ ਗ੍ਰੰਥੀ ਦਾ ਕਥਨ ਹੈ :—

ਚੌਪਈ

ਆਯੁਧ,[2] ਭੂਖਨ, ਬਸਤ੍ਰ ਮੰਗਾਏ।
ਨਿਜ ਹਾਥਨੁ ਉਨ ਕੋ ਪਹਿਰਾਏ।
ਕਰੁਣਾ ਦ੍ਰਿਸ਼ਟਿ ਤਵਨ ਪਰ ਧਾਰੀ।
ਆਪ ਸਮਾਨ ਕਰੇ ਸੀਂਗਾਰੀ॥ ੩੨

---

1. ਕੇਸ।
2. ਸ਼ਸਤ੍ਰ ਹਥਿਆਰ।

www.Mahapurakh.com

ਅਪਨੇ ਠਾਂਢਿ ਅਗ੍[1] ਸਭ ਕੀਨੇ।
'ਅੰਮ੍ਰਿਤ' ਓਰ ਨੈਨ ਚਿਤ ਦੀਨੇ।...੩੩
.... .... ....
ਅੰਮ੍ਰਿਤ ਸਤਿਗੁਰ ਕੀਅਸ ਤਯਾਰਾ।
ਪੁਨਿ ਅਰਦਾਸ ਕਰੀ ਬਿਸਤਾਰਾ॥ ੪੨
ਠਾਂਢਿ ਭਏ ਸਭ ਕਮਰ[2] ਛਕਾਈ
ਤਿਨ ਪਾਂਚਨ ਕੇ ਅਗ੍ ਸੁ ਆਈ।
ਪੜ੍ਹੈਂ ਸਲੋਕ ਮੁਖ ਅਮੀ ਪਿਆਵੈਂ।
"ਵਾਹਗੁਰੂ ਮੁਖ ਬੋਲ!" ਬੁਲਾਵੈਂ॥ ੪੩
ਪੰਚਨ ਕੋ ਐਸੀ ਬਿਧਿ ਦੀਨੋ।
ਵਾਸੀ ਨਾਮ ਪੂਛ ਸਭ ਲੀਨੋ।...੪੪
.... .... ....
ਇਹ ਪਾਂਚੋਂ ਪਯਾਰੇ ਨਿਜ ਜਾਨ
ਜਿਨ ਕਹ ਪਾਹੁਲ ਦਈਂ ਨਿਧਾਨ॥੪੭

(੫) 'ਸੁਧਰਮ ਮਾਰਗ ਗਰੰਥ' ਵਿਚ ਲੇਖ ਹੈ—ਅੰਮ੍ਰਿਤ ਤਿਆਰ ਕਰ, ਕਰਦ ਜੁਗਤ ਪਾਂਚੋ ਸ਼ਸਤਰ ਅਪਨੇ ਮੁਖ ਮੈਂ ਨਚੋੜੇ। ਉਚਾਰਾ :—

'ਵਾਹਗੁਰੂ ਜੀ ਕਾ ਖਾਲਸਾ,
ਵਾਹਗੁਰੂ ਜੀ ਕੀ ਫਤੇ।"

ਨੇਤਰੋਂ ਮੇ ਡਾਰੇ। ਪੁਨ : ਕੇਸੋਂ ਮੇ ਪਾਏ। ਤਿਸ ਸਮੇਂ ਉਠ ਕਰ ਸ਼ਸਤਰ ਕੋ ਗੁਰੂ ਰੂਪ ਜਾਨ ਕਰ ਨਿਮਸਕਾਰ ਕੀਆ। ਆਪ ਸਿੰਘਾਸਨ ਪਰ ਬੈਠੇ, ਦਇਆ ਸਿੰਘ ਜੀ ਆਦਿਕਾਂ ਕੋ ਬੈਠਾਰ, ਤਿਨ ਕੋ ਗਾਗਰ ਸੈ ਅੰਮ੍ਰਿਤ, ਗੀਤਿ ਸੋਂ ਛਕਾਯਾ। ਆਗੈ ਖੜਾ ਕਰਿ ਮੁਖ ਨੇਤਰੋਂ ਮੇ ਕੈਸੋਂ ਮੇ ਡਾਰਿਆ। ਅਰਦਾਸ ਕਰਿ ਤਿਨ ਕੋ ਦੀਆ, 'ਪਰਸਪਰ ਪੀਵਹੁ॥"

(੬) ਅਰੁ ਭਾਈ ਸੰਤੋਖ ਸਿੰਘ ਜੀ ਦਾ ਬਚਨ ਹੈ :—

ਚੌਪਈ

ਇਮ ਕਹਿ ਅਪਨੇ ਪੰਚਹੁ ਪਯਾਰੇ।
ਦੇਖਨ ਕਰੇ ਖਰੇ ਅਗਵਾਰੇ॥੨੯
ਕਮਲ ਪਾਨ[3] 'ਅੰਮ੍ਰਿਤ' ਕੋ ਲੀਨੋ।
ਦੇ ਕਰਿ ਤਿਨਹਿ ਪਿਆਵਨ ਕੀਨੋ।
ਲੋਚਨ ਮਹਿ ਛਿਰਕੇ ਫੁਨ ਮਾਹੇ।
ਕੇਸ ਜੂਡ ਮੈਂ ਅੰਜੁਲ[4] ਡਾਰੈ॥੨੯

(੭) ਗਿਆਨੀ ਗਿਆਨ ਸਿੰਘ ਹੋਰੀਂ ਵੀ ਲਗਪਗ ਇਸੇ ਤਰ੍ਹਾਂ ਫ਼ਰਮਾਉਂਦੇ ਹਨ— ਪਹਿਲੇ ਪੰਜ ਵਾਰੀ ਓਸੇ ਖੰਡੇ ਨਾਲ ਆਪਨੇ ਮੂੰਹ ਵਿਚ ਪਾਯਾ। ਫੇਰ ਉਨ੍ਹਾਂ ਨੂੰ ਪਹਿਲੇ

1. ਅਗਾੜੀ, ਮੂਹਰੇ।
2. ਲੱਕ ਬੰਨ੍ਹ ਕੇ, ਕਮਰ ਕੱਸਾ ਕਰਕੇ।
3. ਕਮਲਾਂ ਵਰਗੇ ਕੂਲੇ ਹੱਥਾਂ ਵਿਚ।
4. ਚੂਲ੍ਹੇ।

www.Mahapurakh.com

ਪੰਜ-ਪੰਜ ਚੁਲੇ ਪਿਲਾਏ; ਫੇਰ ਕੇਸਾਂ ਵਿਚ ਪਾਏ; ਫੇਰ ਨੇਤਰਾਂ ਪਰ ਛਿੜਕਾਏ। ਬਾਕੀ ਜੋ ਬਚਯਾ; ਸਭ ਨੂੰ ਇਕੇ ਬਰਤਨ ਵਿਚ ਪਿਲਾਇ ਦਿੱਤਾ। ਹਰ ਇਕ ਚੁਲੇ ਨਾਲ :

'ਬੋਲ ਵਾਹਗੁਰੂ ਜੀ ਕਾ ਖਾਲਸਾ!
ਬੋਲ ਵਾਹਗੁਰੂ ਜੀ ਕੀ ਫਤੇ!'

ਇਹ ਇਸਟ ਮੰਤ੍ਰ ਉਚਾਰਨ ਕਰਦੇ ਕਰਾਉਂਦੇ ਰਹੇ। ਪੁਨਹ ਇਕ ਹੀ ਬਰਤਨ ਵਿਚ ਸਭ ਨੂੰ ਇਕਠੇ ਬੈਠਾ ਕਰ ਕੜਾਹ ਪ੍ਰਸਾਦ ਛਕਾ ਕੇ ਰਹਿਤ ਬਤਾਈ॥

(੮) ਮੰਗਲ ਸਿੰਘ ਜੀ ਲਿਖਦੇ ਨੇ :—

ਇਉਂ ਸਤਿਗੁਰ ਦੇ 'ਪੰਜ ਪਿਆਰੇ'।
ਲਗੇ ਛਕਨ 'ਅੰਮ੍ਰਿਤ' ਹਿਤ ਧਾਰੇ।
ਖੜੇ ਹੋਏ ਪੰਜ ਪਿਆਰੇ ਆਗੇ।
ਅੰਮ੍ਰਿਤ ਗੁਰੂ ਛਕਾਵਨ ਲਾਗੇ। ੫੩
ਪ੍ਰੇਮ ਸਹਿਤ ਗੁਰ ਲਗੇ ਛਕਾਵਨ।
'ਵਾਹਿਗੁਰੂ ਕੀ ਫਤੇ' ਬੁਲਾਵਨ।
'ਮੂਲ ਮੰਤ੍ਰ' ਪਹਿਲੋਂ ਪੜ੍ਹਵਾਏ।
ਫਿਰ 'ਅੰਮ੍ਰਿਤ' ਦੇ ਚੁਲੇ ਪਿਲਾਏ। ੫੪
ਪੰਜ ਵਾਰ ਇਉਂ ਗੁਰਾਂ ਪੜ੍ਹਾਯਾ।
ਅਰੁ 'ਅੰਮ੍ਰਿਤ' ਪੰਜ ਚੁਲੇ ਪਿਲਾਯਾ।
ਪੰਜ ਵਾਰ ਨੇਤ੍ਰ ਛਿਰਕਾਈ।
ਵਾਹਿਗੁਰੂ ਮੁਖ ਫਤੇ ਅਲਾਈ॥ ੫੫
ਪੰਜ ਚੁਲੇ ਕੇਸਾਂ ਵਿਚ ਪਾਏ।
ਇਉਂ ਪੰਜੇ ਦਿਤੇ ਜੀਵਾਏ।
ਬਾਕੀ ਸੀ ਜੋ 'ਅੰਮ੍ਰਿਤ' ਭਾਈ।
ਦਿੱਤਾ ਪੰਜਾਂ ਤਾਈਂ ਛਕਾਈ॥੫੬
ਫਿਰ ਸਤਿਗੁਰ ਨੇ ਬਚਨ ਅਲਾਈ।
ਰਹਿਤ ਖਾਲਸੇ ਸਰਬ ਸੁਨਾਈ।॥੫੮
ਫੇਰ ਕੜਾਹ ਪ੍ਰਸਾਦ ਛਕਾਵੈਂ।
ਗੱਫੇ ਪੰਜਾਂ ਤਈਂ ਲਵਾਵੈਂ।
ਨਾਮ ਧਰੇ ਫਿਰ ਤਿਨ ਕੇ ਜਾਨੋਂ।
ਸੋ ਭੀ ਸੁਨੋ ਅਤੀ ਹਿਤ ਠਾਨੋ॥ ੬੧

'ਅੰਮ੍ਰਿਤ ਸੰਸਕਾਰ' ਸਬੰਧੀ ਇਤਿਹਾਸਕ ਤੌਰ ਪੁਰ ਜਿਤਨਾ ਕੁ ਚਾਨਣ, ਪ੍ਰਾਪਤਿ ਮਸਾਲੇ ਦੇ ਆਸਰੇ ਪਾਇਆ ਜਾ ਸਕਦਾ ਸੀ, ਉੱਤੇ ਵਿਸਥਾਰ ਨਾਲ ਜਤਨ ਕੀਤਾ ਗਿਆ ਹੈ। 'ਖਾਲਸਾ ਪੰਥ' ਵਿਚ ਹੁਣ ਜੋ ਕੁਝ ਵਰਤਾਰਾ ਹੈ, ਇਸੇ ਮਰਯਾਦਾ ਨੂੰ ਪੁਣ-ਛਾਣ ਕੇ 'ਸ੍ਰੀ ਗੁਰੂ ਸਿੰਘ ਸਭਾ' ਲਹਿਰ ਦੇ ਜਨਮ ਤੋਂ ਲੈ ਕੇ ਚਲਾ ਆ ਰਿਹਾ ਹੈ। ਮੰਗਲ ਸਿੰਘ ਜੀ ਦਾ ਬਿਆਨ, ਇਸ ਮਰਯਾਦਾ ਦਾ ਆਖਰੀ ਸਰੂਪ ਸਮਝਿਆ ਜਾ ਸਕਦਾ ਹੈ।

ਲੇਕਿਨ ਖ਼ਾਲਸੇ ਦੀ ਰਹਿਤ-ਬਹਿਤ ਸਬੰਧੀ ਜੋ ਪੁਸਤਕ ਪਾਠਕਾਂ ਦੇ ਪੇਸ਼ ਕੀਤੀ ਜਾ ਰਹੀ ਹੈ, ਇਹ ਹੁਣ ਤਕ ਛਪ ਚੁਕੀਆਂ ਸਭਨਾਂ ਨਾਲੋਂ ਪੁਰਾਣੀ ਹੈ। ਪ੍ਰਚੱਲਤ ਮਰਯਾਦਾ ਨਾਲੋਂ ਇਸ

www.Mahapurakh.com

ਵਿਚ ਕਈ ਗੱਲਾਂ ਬਿਲਕੁਲ ਅਨੋਖੀਆਂ ਹਨ। ਜਿਹਾ ਕਿ ਅੰਮ੍ਰਿਤ ਅਭਿਲਾਖੀ ਦੇ ਪੋਸ਼ਾਕੇ ਵਿਚ—

"ਸੁਥਨ ਪੈਰਾਂ ਤੇ ਲੈ ਕੇ ਕਮਰ ਤਕ ਮੌਜਿਆਂ ਦੀ ਤਰਹ
ਸਿਵਾਇ ਪਹਿਰੇ; ਚੂੜੀ ਵਿਚ ਕੋਈ ਪਵੈ ਨਾਹੀ!"

ਰੇਬ ਪਜਾਮਾ ਜੁਰਾਬਾਂ ਦਾਊ-ਪੈਰ ਦੇ ਅੰਗੂਠੇ ਤੋਂ ਲੱਕ ਤਕ, ਇਕੋ ਬਸਤ੍ਰ (ਪਿਸ਼ਵਾਜ਼)—ਉਚੇਚਾ ਬਣਾ ਕੇ ਪਹਿਨਣ ਦੀ ਹਦਾਯਤ ਹੈ। ਅਰੁ

"ਪਗੜੀ ਜਾਮਾ ਸੁਪੇਦ ਅਗਲਬੰਦੀ"

ਯਾਨੀ ਅੱਜ ਕੱਲ ਦੇ 'ਬੂ ਸ਼ਰਟ' ਵਾਂਗੁ ਅਗਲੇ ਬੰਨਿਓਂ ਖੁਲ੍ਹਾ ਬੀੜੇ ਯਾ ਤਣੀਦਾਰ ਪਹਿਨਣ ਦਾ ਹੁਕਮ ਹੈ। ਨਾਲੇ ਇਕ ਹੋਰ ਸ਼ੈ "ਪ੍ਰੇਮ ਜਨੇਊ" ਯਾ 'ਪਰਮ ਜਨੇਊ' ਲੋਹੇ ਦਾ, ਅਥਵਾ ਸੁਇਨੇ ਦਾ" ਉਸ ਵਿਚ ਵੀ ਲੋਹੇ ਦੀਆਂ ਇਕ ਦੁਇ ਤ੍ਰਾਰਾਂ ਮਿਲਾ ਕੇ ਤੇ ਸੁਇਨੇ ਦੀ ਝਾਲ ਫੇਰ ਕੇ ਪਹਿਨਣ ਦੀ ਤਾਕੀਦ ਹੈ। ਜਿਸ ਨੂੰ ਅੱਜ ਕੱਲ੍ਹ ਸ਼ਾਇਦ ਕੋਈ ਪੁਰਾਤਨ ਮਤੇ ਵਾਲਾ ਨਿਹੰਗ ਸਿੰਘ ਹੀ ਜਾਣਦਾ ਤੇ ਪਹਿਨਦਾ ਹੋਵੇ! ਜਾਪਦਾ ਇ, ਉਸ ਵਕਤ 'ਜੰਞੂ' ਅਤੇ 'ਸੇਲੀ' ਦੀ ਥਾਂ ਲੋਹੇ ਦੀਆਂ ਬਾਰੀਕ ਤਾਰਾਂ ਦਾ ਗੁੰਦਿਆ ਹੋਇਆ ਡੋਰਾ, ਸਿੰਘ ਗਾਤਰੇ ਵਾਂਗੂੰ ਪਹਿਨਦੇ ਸਨ, ਜੋ ਸ੍ਰੀ ਸਾਹਿਬ ਗਾਤਰੇ ਪਾਉਣ ਸਮੇਂ ਪਕਿਆਈ ਵਾਸਤੇ ਸਹਾਇਕ ਹੁੰਦਾ ਸੀ। ਹੁਣ ਵਿਰਲੇ ਨਿਹੰਗ ਸਿੰਘ ਦਸਤਾਰ ਉਤੋਂ ਦੀ, ਬੜੀ ਰੀਝ-ਬੂਝ ਨਾਲ ਸਜਾਉਂਦੇ ਹਨ।

ਹੋਰ, 'ਪੰਜ ਕਕਾਰ' ਦੀ ਥਾਂ, 'ਪੰਜੇ ਹਥਿਆਰ' ਬੰਨ੍ਹਣ ਦਾ ਹੁਕਮ ਹੈ। ਮੁਨਸ਼ੀ ਖੁਸ਼ਵਕਤ ਰਾਇ ਤੇ ਸੰਤ ਭੂਪ ਸਿੰਘ ਜੀ ਨੇ ਵੀ 'ਪੰਜ ਹਥਿਆਰ' ਹੀ ਲਿਖੇ ਹਨ। ਹੋਰ ਵੀ ਕਿਸੇ ਪੁਰਾਤਨ ਲਿਖਤ ਵਿਚ 'ਪੰਜ ਕਕਾਰ' ਦਾ ਵੇਰਵਾ ਨਹੀਂ ਮਿਲਿਆ ਸਿਵਾਇ 'ਜੀਵਨ ਚਰਿਤ੍ਰ ਬਾਬਾ ਬੁਢਾ ਜੀ' ਦੇ, ਜੋ ਮਸਾਂ ਚਾਲੀਹ ਕੁ ਵਰ੍ਹਿਆਂ—ਯਾਨੀ 'ਸਿੰਘ ਸਭਾ ਲਹਿਰ' ਸਮੇਂ ਦੀ ਰਚਨਾ ਹੈ। ਲਿਖਾਰੀ ਨੇ ਯਾ ਪ੍ਰਕਾਸ਼ਕ ਨੇ—ਆਪਣੇ ਲੇਖ ਦੀ ਪੁਸ਼ਟੀ ਵਿਚ ਇਕ ਫਾਰਸੀ ਸ਼ੇਅਰ—

"ਨਿਸ਼ਾਨਿ ਸਿੱਖੀ ਈਂ ਪੰਜ ਹਰਫ਼ ਕਾਫ਼!
ਹਰਗਿਜ਼ ਨ ਬਾਸ਼ਦ ਈਂ ਪੰਜ ਮੁਆੱਫ਼!
ਕੜਾ, ਕਾਰਦੋ ਕੱਛ, ਕੰਘਾ ਬਿਦਾਂ!
ਬਿਲਾ ਕੇਸ ਹੇਚਸਤ ਜੁਮਲਾ ਨਿਸ਼ਾਂ।"

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਦੱਸ ਕੇ ਪੇਸ਼ ਕੀਤਾ ਹੈ। ਇਹ ਛੰਦ ਉਨ੍ਹਾਂ ਕਿਥੋਂ ਪ੍ਰਾਪਤ ਕੀਤਾ? ਕੁਝ ਨਹੀਂ ਦੱਸਿਆ। ਪ੍ਰੋਫੈਸਰ ਗੰਡਾ ਸਿੰਘ ਜੀ ਸਕੱਤ੍ਰ-'ਸਿੱਖ ਹਿਸਟਰੀ ਸੋਸਾਇਟੀ'—ਨੇ ਵੀ ਇਹ ਛੰਦ 'ਮਾਖ਼ਜ਼ਿ ਤ੍ਵਾਰੀਖਿ ਸਿੱਖਾਂ' (ਫ਼ਾਰਸੀ) ਵਿਚ 'ਸਰਬ ਲੋਹ' ਗ੍ਰੰਥ ਦੇ ਕਿਸੇ ਲਿਖਤੀ ਸੈਂਚੇ ਦਾ ਹਵਾਲਾ ਦੇ ਕੇ ਲਿਖਿਆ ਹੈ। ਸੰਗਰੂਰ ਸ਼ਹਿਰ ਵਿਚ ਸੁਰੱਖਿਅਤ ਇਕ ਲਿਖਤੀ ਸੈਂਚੇ ਤੇ ਲਿਖਿਆ ਵੀ ਦੱਸਿਆ ਜਾਂਦਾ ਹੈ। ਸੋ, ਜਿਸ ਤਰ੍ਹਾਂ 'ਸਰਬ ਲੋਹ' ਗ੍ਰੰਥ ਦਸਵੇਂ ਪਾਤਸ਼ਾਹ ਨਾਲ ਮਨਸੂਬ ਕੀਤਾ ਗਿਆ ਹੈ, ਉਸੇ ਤਰ੍ਹਾਂ ਇਹ ਛੰਦ ਵੀ। ਪਰ ਇਹ ਮਨੌਤੀ ਦਰੁਸਤ ਨਹੀਂ। ਫਿਰ, ਇਹ ਛੰਦ ਇਸ ਗ੍ਰੰਥ ਦਾ ਅੰਸ਼ ਵੀ ਨਹੀਂ, ਸਿਰਫ ਕਿਸੇ ਸੱਜਣ ਨੇ, ਯਾਦਗੀਰੀ ਵਾਸਤੇ, ਉਸ ਸੈਂਚੇ ਦੇ ਵਾਧੂ ਪੱਤ੍ਰੇ ਪੁਰ ਲਿਖ ਲਿਆ ਇ।

ਇਸ ਛੰਦ ਦਾ ਅਰਥ ਹੈ :—

'ਸਿੱਖੀ ਦੇ ਨਿਸ਼ਾਨ ਇਹ ਪੰਜ, 'ਕੱਕੇ' ਅੱਖਰ (ਨਾਲ ਲਿਖੇ ਜਾਂਦੇ ਨਾਵਾਂ ਵਾਲੀਆਂ ਵਸਤਾਂ) ਹਨ; ਜੋ ਕਦਾਚਿਤ ਮਾਫ਼ ਨਹੀਂ ਕੀਤੇ ਜਾ ਸਕਦੇ। (ਧਾਰਨੇ ਜ਼ਰੂਰੀ ਹਨ)—ਕੜਾ, ਕਰਦ (ਛੋਟੀ ਸਿੱਧੀ ਕ੍ਰਿਪਾਨ) ਕਛਹਿਰਾ ਤੇ ਕੰਘਾ (ਚਾਰ ਤਾਂ ਇਹ) ਸਮਝੋ; (ਪੰਜਵੇਂ) ਕੇਸ; ਜਿਨ੍ਹਾਂ ਤੋਂ ਬਿਨਾਂ ਇਹ ਸਾਰੇ ਨਿਗੂਣੇ ਹਨ।

www.Mahapurakh.com

ਇਸ ਤਰ੍ਹਾਂ ਦੇ ਮਤਭੇਦਾਂ ਸਬੰਧੀ ਵਿਚਾਰ ਕਰਨਾ, ਸਮੁੱਚੇ 'ਪੰਥ' ਦਾ ਕੰਮ ਹੈ, ਅਸੀਂ ਸਿਰਫ਼ ਅੱਜ ਤੋਂ ਸੌ ਡੂਢ ਸੌ ਵਰ੍ਹਾ ਪਹਿਲਾਂ ਦੀ ਇਕ ਲਿਖਤ ਪੇਸ਼ ਕਰਕੇ 'ਅੰਮ੍ਰਿਤ-ਸੰਸਕਾਰ' ਬਾਰੇ ਇਤਿਹਾਸਕ ਵਿਚਾਰ ਦਾ ਭੋਗ ਪਾ ਦੇਂਦੇ ਹਾਂ :—

'ਸੁਧਰਮ ਮਾਰਗ ਗ੍ਰੰਥ' ਦਾ ਲਿਖਾਰੀ ਸਤਿਗੁਰਾਂ ਵਲੋਂ ਪੰਜਾਂ ਪਿਆਰਿਆਂ ਨੂੰ 'ਅੰਮ੍ਰਿਤ ਛਕਾਵਣੇ ਕੀ ਰੀਤਿ' ਦ੍ਰਿੜ੍ਹਾਉਂਦਾ ਹੋਇਆ, ਬੜੇ ਵਿਸਥਾਰ ਨਾਲ ਲਿਖਦਾ ਇ :—

ਆਗੇ ਤਿਨ ਕੋ ਅੰਮ੍ਰਿਤ ਛਕਾਵਣੇ ਕੀ ਰੀਤਿ ਕਹੀ। ਇਹ ਕਹਾ; ਜੋ ਅੰਮ੍ਰਿਤ ਪਾਨ ਕਰੈਗਾ ਚਾਰ ਵਰਣ ਮੇਂ, ਸੋ ਮੁਕਤ ਹੋਵੈਗਾ। ਔਰ ਨੀਚ ਆਦਿਕ ਭੀ ਗਤਿ ਪਾਵੈਂਗੇ। ਜਹਾਂ ਸਰਬ ਖਾਲਸਾ ਮਿਲ ਬੈਠੇ, ਤਹਾਂ ਬੀਚ ਗੁਰੂ ਰੂਪ ਜਾਨ ਕਰਿ 'ਗੁਰੂ ਗ੍ਰੰਥ ਸਾਹਿਬ' ਰਾਖ ਲੈਣਾ। ਵਹਾਂ ਪਾਂਚੋ ਮਿਲਿ ਏਹੀ ਰੀਤਿ ਕਰਣੀ! ਜੋ ਅੰਮ੍ਰਿਤ ਛਕਿਆ ਚਾਹੈ ਕੱਛ ਪਹਿਰਾਵੈ। ਕੇਸ ਇਕਠੇ ਕਰਿ ਜੂੜਾ ਕਰੇ। ਦਸਤਾਰ ਸਜਾਵੈ। ਹਾਥ ਮੋਂ ਕਰਦ ਦੇ ਸਨਮੁਖ ਖੜਾ ਕਰਨਾ। ਗਾਤਰੇ ਮੈਂ ਸ੍ਰੀ ਸਾਹਿਬ ਪਵਾਵੈ। ਕਹੈ : 'ਸ੍ਰੀ ਵਾਹਿਗੁਰੂ ਕਾ ਜਾਪ ਜਪਹੁ!' ਕੜਾਹ ਪ੍ਰਸਾਦ ਕਰਾਇ ਬੀਚ ਧਰੈ। ਤਉ ਸਿੰਘ ਉਤਮ ਲੋਹ ਕੇ ਪਾਤ੍ਰ ਮੋ ਸ੍ਰੀ ਅੰਮ੍ਰਿਤਸਰ ਜੀ ਦਾ ਅੰਮ੍ਰਿਤ ਪਾਵੇ। ਜੋ ਨਿਕਟ ਨ ਹੋਵੈ, ਤੋ ਜਲ ਸਰ ਕੂਪ ਆਦਿਕ ਪਾਵੈ। ਪਤਾਸੇ ਪਾਵੈ। ਸਰਬ ਲੋਹ ਕੀ ਕਰਦ ਪਾਵੈ। ਜੋ ਉਤਮ ਰਹਤਵਾਨ ਸਿੰਘ ਹੋਵੈ, ਸੋ ਪ੍ਰਥਮੈ ਸੰਪੂਰਣ 'ਜਪੁ' ਕਾ ਆਦਿ ਅੰਤ ਕਾ ਪਾਠ ਕਰੈ 'ਜਾਪੁ ਜੀ' ਕਾ ਛੰਦ ਪੜ੍ਹੇ! 'ਚੌਪਈ' ਪੜ੍ਹਨੀ। ਪੰਜ ਸਵੱਯੇ ਭਿੰਨ ਭਿੰਨ ਪੜ੍ਹੈ। 'ਸ੍ਰਾਵਗ ਸੁਧ ਸਮੂਹ...'੧, 'ਦੀਨਨ ਕੀ ਪ੍ਰਤਿਪਾਲ...' ੨, 'ਪਾਪ ਸੰਬੂਹ ਬਿਨਾਸਨ ਕੋ...' ੩, 'ਸਤਿ ਸਦੈਵ...' ੪। ਪੰਜ ਪਉੜੀਆਂ ਅਨੰਦ ਜੀ ਕੀਆਂ ਪੜ੍ਹੈ। ਕਰਦ ਅੰਮ੍ਰਿਤ ਕੇ ਬੀਚ ਅਪਨੀ ਓਰ ਕੋ ਫੇਰੈ। ਅਰੁ ਚਾਰ ਸਿੰਘ ਸਵੈਯੇ ਪਾਂਚ ਪਾਂਚ ਵਾ ਦਸ ਦਸ ਅਕਾਲ ਉਸਤਤਿ ਕੇ ਪੜ੍ਹਣ। ਕਰਦ ਧਾਰਾ ਆਪਣੀ ਓਰ ਫੇਰੇਂ।

ਪੁਨਾ ਏਕ ਸਿੰਘ ਰਹਿਤਵਾਨ ਅੰਮ੍ਰਿਤ ਛਕਾਵੇ। ਸ੍ਰੀ ਸਾਹਿਬ ਆਪਣੇ ਗਾਤ੍ਰੇ ਪਾਇ ਕਰ, ਕਮਰ ਬਾਂਧ ਕਰ, ਕਰਦ ਸਹਤ ਅੰਮ੍ਰਿਤ ਕਾ ਕਟੋਰਾ ਹਾਥ ਮੋਂ ਲੇਕਰਿ, ਸਰਬ ਕੀ ਆਗਯਾ ਲੇਵੈ। ਅੰਮ੍ਰਿਤ ਛਕਣ ਵਾਲੇ ਸਿੱਖ ਪਾਸ ਜਾਇ ਖੜ੍ਹਾ ਹੋਵੈ। ਉਹ ਕਰਦ ਉਸ ਕੀ ਪਾਗ ਮੇ ਧਰ ਦੇਵੈ। ਅੰਮ੍ਰਿਤ ਛਕਣ ਵਾਲਾ ਸਿੱਖ, ਆਪਣੇ ਬਾਵੇਂ ਹਾਥ ਪਰ ਦਾਹਨਾਂ ਹਾਥ ਰਾਖੇ। ਤਬ ਉਹ ਸਿੰਘ, ਕਟੋਰੇ ਸੇ ਅੰਮ੍ਰਿਤ ਕਾ ਚੁਲਾ ਭਰਿ, ਉਸ ਕੇ ਹਾਥ ਮੋਂ ਡਾਰੇ, ਅਰੁ ਕਹੇ : 'ਬੋਲਹੁ ਵਾਹਗੁਰੂ ਜੀ ਕੀ ਫਤਹ!' ਤਬ ਉਹ ਪੀਵੇ। ਜਿਸ ਤਰ੍ਹਾਂ ਸੁਣੇ, ਉਸੀ ਤਰ੍ਹਾਂ 'ਫਤਹ' ਬੁਲਾਵੇ। ਇਸੀ ਭਾਂਤਿ ਪਾਂਚ ਚੁਲੇ ਛਕਾਵੇ; ਨੇਤ੍ਰ ਸਨਮੁਖ ਕਰਿ 'ਅੰਮ੍ਰਿਤ' ਕੇ ਛਿਟੇ ਮਾਰੇ; ਅਰੁ 'ਫਤਹ' ਬੁਲਾਵੇ। ਪਾਂਚ ਵੇਰ ਕੇਸਾਂ ਮੋਂ ਪਾਵਣਾ।

*ਗੁਰ ਮੰਤ੍ਰ—'੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥'

ਏਤਾ ਮੰਤਰ ਉਪਦੇਸ਼ ਕਰਣਾ। ਰਹਿਤ ਦਸਣੀ :—

---

1. ਇਹ ਮੂਲ-ਮੰਤ੍ਰ' ਹੈ, ਗੁਰਮੰਤ੍ਰ 'ਵਾਹਗੁਰੂ' ਮੰਨਿਆ ਗਿਆ ਹੈ।

www.Mahapurakh.com

ਮੀਣੇ, ਧੀਰ-ਮੱਲੀਏ, ਰਾਮ ਰਾਈਏ, ਸਿਰ ਮੁੰਡਿਤ ਇਨ੍ਹਾਂ ਨਾਲ ਬਰਤਣਾ ਨਾਹੀਂ! ਸਿੰਘੋਂ ਕੀ ਸੇਵਾ ਕਰਣੀ! ਸ਼ਬਦ ਕਾ ਅਭਿਯਾਸ ਕਰਣਾ। ਸ਼ਸਤ੍ਰ-ਸ਼ਾਸਤ੍ਰ ਵਿਦਯਾ ਸਿਖਣੀ।

(ਈਹਾਂ ਸੂਖਮ ਤੇ ਕਹੀ। ਆਗੇ ਦਯਾ ਸਿੰਘ ਜੀ ਕੋ ਬਹੁ ਪ੍ਰਕਾਰ ਉਪਦੇਸ ਕਰੈਂਗੇ) ਇਹ ਕਹਿ ਨਾਮ ਪੁੱਛਣਾ। ਸਿੱਖਾਂ ਕਉ ਸੁਨਾਵਣਾ ਜੋ ਸਰਬੱਤ ਕੀ ਇੱਛਾ ਹੋਇ, ਓਹੀ ਨਾਮ ਰੱਖਣਾ, ਵਾ ਹੋਰ ਰਾਖਣਾ ਜੈਸੇ 'ਸੰਗਤ' ਕਾ ਨਾਮ 'ਸੰਗਤ ਸਿੰਘ' ਰੱਖਣਾ। ਵਾਸੀ ਪੁੱਛਣੀ : ਅਨੰਦਪੁਰ। ਪੰਜ ਪੰਜ ਵਾਰੀ ਵਾਹਗੁਰੂ!' ਕਹਿ ਅਰਦਾਸ ਕਰਣੀ। ਸਰਬੱਤ ਕੋ ਹਾਥ ਜੋੜ ਕਰਿ ਕਹਿਣਾ :—

'ਖ਼ਾਲਸਾ ਜੀ! ਸਿੱਖ ਤਨਖਾਹੀਆ ਹੈ, ਤਨਖਾਹ ਕਾ ਬਚਨ ਹੋਵੇ।'

ਤਬ ਮੁਖ ਤੇ ਕਹੈਂ ਸਰਬੱਤ :—

'੧) ਸਵਾ ਰੁਪਯਾ! ਤਨਖਾਹ ਖਾਲਸੇ ਕੋ ਦੇਵੈ! ਗੋਲਕ ਦਰਬਾਰ ਖਜ਼ਾਨੇ ਮੇਂ ਪਾਵੈ।'

ਸਿੱਖ ਕਹੈ :—'ਮੁਝੈ ਮਨਜ਼ੂਰ ਹੈ!' ਤਬ ਉਸ ਸਿੱਖ ਨੇ ਪਾਂਚ ਬੇਰ 'ਵਾਹਗੁਰੂ!' ਕਹਿ ਅਰਦਾਸ ਕਰਣੀ :—

'ਸਿੱਖ ਤਨਖਾਹ ਮਨਜ਼ੂਰ ਕੀਤੀ ਹੈ! ਬਖਸ਼ ਦਾ ਬਚਨ ਹੋਵੈ!' ਤਬ ਸਭਨਾਂ ਨੇ ਕਹਣਾ; ਜੋ—'ਵਾਹਗੁਰੂ, ਖ਼ਾਲਸਾ ਬਖਸ਼ੇ!'

'ਅੰਮ੍ਰਿਤ-ਪਾਹੁਲ' ਲੈ ਕੇ, ਮਿਲਿ ਸਰਬੱਤ ਖਾਲਸੇ ਕੇ ਪਦੋਂ ਕੋ ਪਰਣਾਮ ਕਰੈ। ਤਬ ਕੜਾਹ ਪ੍ਰਸਾਦ ਵਰਤਾਵਣਾ, ਪਾਹੁਲ ਲੈਣੇ ਵਾਲਿਆਂ ਕੋ। ਆਪਸ ਮੇਂ ਕੜਾਹ ਮੁਖ ਪਾਵੈਂ। ਉਸ ਕੇ ਉਹ ਮੁਖ ਮੈ ਦੇਵੈ। (ਉਸੀ ਕਾਲ ਇਹ ਕਰੈ; ਫੇਰ ਜੂਠਾ ਨਾ ਖਾਵੇ। ਪੀਛੈ ਜਲ ਆਦਿਕ ਭੀ ਛਕੇ, ਤੋ ਪਾਤ੍ਰ ਸੁਚੇਤ ਕਰ ਲਵੇ। ਜੂਠਾ ਖਾਣਾ ਪੀਣਾ ਨਹੀਂ। ਜਿਉਂ ਸੌਚ ਰਖੇ, ਤਿਉਂ ਚੰਗੀ ਹੈ।) ਏਕ ਏਕ ਗ੍ਰਾਸ। ਜੂਠਾ ਹਾਥ ਕੜਾਹ ਕੋ ਨਾ ਲਾਵੈ।

ਪੁਨਾ : ਆਪ ਖਾਵੈ, ਰਹਤਾ ਵਰਤਾਵੈ! ਜੂਠਾ ਖਾਣਾ ਬੁਧਿ ਨਾਸ ਕਰਤਾ ਹੈ। ਪ੍ਰਾਤਾਕਾਲ ਕੇਸੀਂ ਸਨਾਨ ਕਰੇ। ਜੋ ਅੰਮ੍ਰਿਤਸਰ (ਹੋਇ) ਕੇਸਾਂ ਸਮੇਤ ਸਨਾਨ ਟੁਭੇ ਲਗਾਵਣੇ; ਅਰੁ ਜੋ ਔਰ ਕੋਊ ਸਥਾਨ ਹੋਇ, ਤੇ ਕੇਸੀਂ ਸ਼ਨਾਨ ਕਹਾ ਹੈ। (ਔਰ ਜਹਾਂ ਸ਼ਨਾਨ ਕਰੈ; ਤਹਾਂ ਪਾਗ ਸਮੇਤ ਕਰੈ। ਜੋ ਅੰਮ੍ਰਿਤਸਰ ਜੀ ਸ਼ਨਾਨ ਕਰੈ, ਤੌ ਪਾਗ ਉਤਾਰ ਕੈ ਕਰੈ, ਕੇਸਾਂ ਸਮੇਤ। ਕਾਹੇ ਤੇ : ਜੇ ਸ੍ਰੀ ਅੰਮ੍ਰਿਤਸਰ ਜੀ ਮੇਂ ਕੇਸ ਪਵਿਤ੍ਰ ਹੋਤੇ ਹੈਂ) ਤੇ ਸ਼ਨਾਨ ਕਰ ਨਵੀਨ ਬਸਤ੍ਰ ਪਹਿਰੈ, ਤੇ ਕੇਸਰ ਛਿਣਕੈ; ਵ ਕੇਸਰੀ ਬਸਤ੍ਰ ਪਹਿਰੈ।

ਅੰਮ੍ਰਿਤ ਛਕਾਵਣੇ ਕੇ ਤੀਨ ਹੁਕਮ ਹੈਂ:—ਪਹਿਲੇ, ਸਿੰਘ ਪੁਤ ਕੋ ਚਾਲੀਸ ਦਿਨ ਅੰਤਰ ਅੰਮ੍ਰਿਤ ਦੇਵੈ। ਪਨ : ਪਾਂਚ ਅਰੁ ਸਾਤ ਬਰਖ ਲੌ। ਪੁਤ੍ਰ ਸਿੰਘ ਕਾ ਨਾ ਹੋਯ; ਤੌ ਜੇਤੇ ਬਰਖ ਕਾ ਹੋਯ, ਤਿਸ ਕੋ ਅੰਮ੍ਰਿਤ ਛਕਾਵੈ। ਅੱਸੀਹ ਬਰਖ ਲੋ ਲਿਖਾ ਹੈ।

*(ਪੰਨਾ ੫੨ ਤੋਂ ੬੯ ਤੱਕ)*

www.Mahapurakh.com

# ੨—ਸਿੱਖ ਦੀ ਰਹਿਣੀ ਬਹਿਣੀ

ਹਰਿ ਕੌਮ ਤੇ ਧਰਮ (ਮਜ਼ਹਬ) ਦੀ ਰਹਿਣੀ-ਬਹਿਣੀ (ਸ਼ਰਾ—ਮ੍ਰਿਜ਼ਾਦਾ) ਹੀ, ਉਸਦਾ ਜੀਵਨ ਆਧਾਰ ਹੁੰਦਾ ਇ—ਸ਼ਰਾ—ਸ਼ਰੀਯੱਤ ਦੀਆਂ ਖ਼ੂਬੀਆਂ ਹਰ ਕੌਮ, ਮਜ਼ਹਬ ਤੇ ਧਰਮ-ਧੜੇ ਦੀ ਭਲਾਈ, ਵਾਧੇ ਤੇ ਪ੍ਰਚਾਰ ਦਾ ਹੀਲਾ-ਵਸੀਲਾ ਹੋਇਆ ਕਰਦੀਆਂ ਹਨ। ਬਲ-ਛਲ ਨਾਲ ਕਿਸੇ ਮਜ਼ਹਬ ਵਿਚ ਸਿਰਾਂ ਦੀ ਗਿਣਤੀ ਵਧਾਈ ਤਾਂ ਜਾ ਸਕਦੀ ਹੈ, ਪਰ 'ਖ਼ੂਬੀਆਂ' ਦੀ 'ਅਣਹੋਂਦ', ਉਸ ਦੀ 'ਹੋਂਦ' ਵਿਚ ਦੇਰ-ਪਾਈ ਬਹਾਲ ਨਹੀਂ ਰਹਿਣ ਦੇਂਦੀ। ਇਸੇ ਸਚਾਈ ਨੂੰ ਮੁਖ ਰੱਖਦਿਆਂ ਸਿੱਖ-ਸਤਿਗੁਰੂਆਂ ਨੇ 'ਸੱਚ-ਧਰਮ' ਦੇ ਪ੍ਰਚਾਰ ਲਈ, ਬੇਦੀ ਤੇ ਕਤੇਬੀ ਧਰਮਾਂ ਦੇ ਪ੍ਰਚਾਰਕਾਂ ਵਾਲੇ ਬਲ (ਤਲਵਾਰ, ਹਕੂਮਤ ਤੇ ਧਨ ਆਦਿਕ ਦਾ ਲਾਲਚ) ਤੇ ਛਲ (ਨਰਕ, ਸੁਰਗ ਦਾ ਡਰ ਅਰੁ ਸੁਖ-ਸੁਭੀਤਾ) ਦੀ ਥਾਂ ਪ੍ਰੇਮ ਦਾ ਰਸਤਾ ਅਖਤਯਾਰ ਕੀਤਾ। ਸਤਿਗੁਰਾਂ ਦੀ ਸਰਲ-ਸ਼ੁਧੀ ਤੇ ਨਿਰਾਲੀ ਅਕਾਲੀ-ਬਾਨੀ ਵਿਚ 'ਗ਼ਰੀਬੀ' (ਨਿਮ੍ਰਤਾ) ਸੇਵਾ ਤੇ 'ਸਰਬ ਜੀਅ ਦਇਆ' ਦਾ ਹੀ ਉਪਦੇਸ਼ ਭਰਪੂਰ ਹੈ। ਅਰੁ ਗੁਰਬਾਣੀ ਦਾ ਸਮੁੱਚਾ ਤੇ ਸੰਖੇਪ ਭਾਵ, ਇਨ੍ਹਾਂ ਸਿਧਾਂਤਾਂ ਉੱਤੇ ਨਿਰਭਰ ਹੈ, ਕਿ—ਸਲੋਕ ਮ: ੧

"ਘਾਲਿ ਖਾਇ ਕਿਛੁ ਹਥਹੁ ਦੇਹਿ।
ਨਾਨਕ ਰਾਹੁ ਪਛਾਣਹਿ ਸੇਇ!!"
(ਸਾਰੰਗ ਕੀ ਵਾਰ-ਪਉੜੀ ੨੨)
ਗਰੀਬੀ 'ਗਦਾ' ਹਮਾਰੀ।
'ਖੰਨਾ' ਸਗਲਿ ਰੇਨੁ-ਛਾਰੀ।"

*(ਸੋਰਠਿ ਮ: ੫)*

"ਮਨਿ ਸੰਤੋਖੁ' ਸਰਬ ਜੀਅ 'ਦਇਆ।'
ਇਨ ਬਿਧਿ ਬਰਤੁ ਸੰਪੂਰਨ ਭਇਆ।"

*(ਗਉੜੀ ਥਿਤੀ ਮ: ੫, ਪਉੜੀ ੧੧)*

'ਰਾਜੁ' ਨ ਚਾਹਉ, 'ਮੁਕਤਿ' ਨ ਚਾਹਉ
ਮਨਿ 'ਪ੍ਰੀਤਿ' ਚਰਨ ਕਮਲਾਰੇ' ੧-੧੩। ੨੯॥

*(ਦੇਵ ਗੰਧਾਰੀ ਮ: ੫)*

ਅਤੇ—"ਸਾਚ ਕਹੋਂ ਸੁਨਿ ਲੇਹੁ ਸਭੈ,
ਜਿਨਿ 'ਪ੍ਰੇਮ' ਕੀਓ, ਤਿਨ ਹੀ ਪ੍ਰਭੁ ਪਾਯੋ!" ਆਦਿ॥

*(ਸਵੈਯੇ ਪਾ: ੧੦)*

ਸਤਿਗੁਰੂ ਨਾਨਕ ਦੇਵ ਨੇ ਚਹੁੰ ਚੱਕਾਂ ਵਿਚ ਪ੍ਰਚਾਰ ਕਰਦਿਆਂ ਜੋ ਰਹਿਤ-ਮਰਯਾਦਾ ਦ੍ਰਿੜਾਈ, ਤੇ ਭਾਈ ਲਹਿਣਾ ਜੀ ਨੂੰ ਆਪਣਾ, ਪ੍ਰੇਮ-ਮਾਰਗ ਦਸਦਿਆਂ ਸੁਣਾਈ; ਉਹੋ ਸੀਨਾ ਬ-ਸੀਨਾ ਅਗਾਹਾਂ ਉਪਦੇਸ਼ ਹੁੰਦੀ ਚਲੀ ਆਈ। ਸ੍ਰੀ ਗੁਰੂ ਅਮਰਦਾਸ ਜੀ ਨੇ ਉਹੋ 'ਰਹਿਣੀ-ਬਹਿਣੀ', ਆਪਣੇ ਬਣਨ ਵਾਲੇ ਜਾਂ-ਨਸ਼ੀਨ 'ਭਾਈ ਜੇਠਾ ਰਾਮਦਾਸ' ਜੀ ਨੂੰ ਸਿਖਾਈ। ਉਸ ਸਮੇਂ ਦੇ ਲਿਖਾਰੀਆਂ ਨੇ ਸਤਿਗੁਰੂ ਦੇ ਉਪਦੇਸ਼ ਨੂੰ, 'ਸਾਖੀ ਗੁਰੂ ਅਮਰਦਾਸ ਕੀ ਮਹਲਾ ੩'

www.Mahapurakh.com

ਸਿਰਲੇਖ ਦੇ ਕੇ ਇਨ੍ਹਾਂ ਸਿੱਧ ਪੱਧਰੇ ਸ਼ਬਦਾਂ ਵਿਚ ਲਿਖਿਆ ਹੈ :—

ਜੋ ਸਿਖੁ ਗੁਰੂ ਕਾ ਹੋਵੈ, ਤਿਸਕਾ ਉਪਦੇਸੁ ਮੰਨਣਾ! ਪਰ-ਇਸਤਰੀ ਨਾਲਿ ਪ੍ਰੀਤਿ ਨਾਹੀ ਕਰਣੀ! ਜੇ ਪਰਮੇਸੁਰ ਕੀ ਭਗਤਣੀ ਹੋਵੈਗੀ, ਤਾਂ ਭੀ ਤੋਟਾ ਹੈ, ਲਾਹਾ ਨਾਹੀ। ਮੇਲਾ ਸਬਦਿ ਕਾ ਕਰਣਾ! ਜਿਥੈ ਗੁਰੂ ਵਿਸਰੈ ਤਿਥੈ ਮਿਲਣਾ ਨਾਹੀ! ਗੁਰੂ ਕਾ ਆਖਣਾ ਹੈ!!

ਅੰਨ ਬਹੁਤੀ ਭੁਖੈ ਲਗੀ ਜੇਵਣਾ; ਭਰੇ ਤੇ ਭਰਣਾ ਨਾਹੀ! ਅੰਨੁ ਛਡਣਾ ਭੀ ਨਾਹੀ! ਸਵਣਾ ਤਾਂ, ਜਾਂ ਬਹੁਤੀ ਨੀਂਦ ਆਵੈ! ਨੀਂਦ ਬਿਨਾਂ ਸਵਣਾ ਨਾਹੀਂ; ਗਫਲਾਈ ਹੈ! ਦੇਹੀ ਕਉ ਬਹੁਤੁ ਦੁਖੁ ਭੀ ਨਾਂਹੀ ਦੇਵਣਾ! ਅਕੈ ਬਾਣੀ ਗਾਵਣੀ, ਅਕੈ ਗੁਰੂ ਕੀਆਂ ਗੱਲਾਂ (ਜੀਵਨ ਚਰਿਤ੍ਰ) ਬੋਲਣੀਆਂ! ਅਕੈ ਕਿਸੇ ਦਿਆਂ ਬੁਲਾਇਆਂ ਬੋਲਣਾ! ਸਬਦੁ ਗਾਵਣਾ! ਕੂੜ ਨਾਹੀ ਬੋਲਣਾ!!

ਜੋ ਏਨ੍ਹਾਂ ਗੱਲਾਂ ਨੋ ਮਨੈ ਨਾਲਿ ਰਖੈਗਾ, ਸੋ ਮਹਾਂ ਪੁਰਖੁ ਹੋਵੈਗਾ! ਉਸ ਕਾ ਲੇਖਾ ਸਗਲਾ ਨਿਬੜੇਗਾ, ਓਸ ਕੀ ਕੁਲਿ ਕਾ ਉਧਾਰ ਹੋਵੈਗਾ! ਉਸ ਕੇ ਸੰਗੀ ਸਗਲੇ ਤਰਹਿੰਗੇ। ਸਤਿ ਕਰਿ ਮੰਨਣਾ! ਗੁਰੂ ਕਾ ਆਖਣਾ ਹੈ!!

ਜੇ ਕੋਈ ਗੁਰੂ ਨਾਲਹੁ ਭੁਲਦਾ ਹੋਵੈ, ਤਾਂ ਸਮਝਾਵਣਾ; ਆਪਣੀਅਹੁ ਧਿਰਹੁ ਆਖਣਾ; ਜੇ ਮੰਨੇ ਨਾਂਹੀਂ, ਤਾਂ ਓਹੁ ਜਾਣੈ! ਏਹੁ ਆਖਣਾ ਗੁਰੂ ਕਾ ਹੈ!!

ਜੇ ਕੋਈ ਸਿੱਖੁ, "ਉਦਾਸੀ" ਹੋਵੈਗਾ, ਤਾਂ ਉਸ ਕਾ ਬੁਰਾ ਹੋਵੈਗਾ! ਜੇ ਸਿੱਖ ਗ੍ਰਿਸਤ ਵਿਚ ਅਰਾਧੇਗਾ, ਪਰਮੇਸੁਰ ਸੁਖੀ ਰਖੈਗਾ! ਧਰਮ ਕੀ ਕਿਰਤਿ ਕਰਣੀ, ਦੇਵਣਹਾਰੁ ਗੁਰੂ ਬਾਬਾ ਹੈ। ਸਿਖਾਂ ਕੀ ਸੇਵਾ ਕਰਣੀ; ਅਪਣਾ ਆਪੁ ਕਿਛੁ ਨਾਹੀਂ ਜਣਾਵਣਾ! ਦੋਵੈਂ ਸਿਰੇ ਗੁਰੂ ਨੇ ਸਉਪਣੇ, ਅਲਿਪਤੁ ਰਹਿਣਾ। ਗੁਰੂ ਕਾ ਆਖਣਾ ਹੈ!! ੧

ਫਿਰ ਸ੍ਰੀ ਗੁਰੂ ਰਾਮਦਾਸ ਜੀ ਨੇ ਇਸੇ ਗਾਡੀ-ਰਾਹ (ਪ੍ਰੇਮ-ਪੰਥ) ਦਾ ਨਕਸ਼ਾ, ਇਸ ਗੁਰ-ਸ਼ਬਦ ਵਿਚ ਉਲੀਕਿਆ ਹੈ :—

ਸਲੋਕ ਮ: ੪

ਗੁਰੁ ਸਤਿਗੁਰੁ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।
ਉਦਮੁ ਕਰੇ ਭਲਕੇ ਪ੍ਰਭਾਤੀ,
ਇਸਨਾਨ ਕਰੇ ਅੰਮ੍ਰਿਤਸਰਿ ਨ੍ਹਾਵੈ!
ਉਪਦੇਸਿ ਗੁਰੂ : 'ਹਰਿ! ਹਰਿ!!' ਜਪੁ ਜਾਪੈ,
ਸਭੁ ਕਿਲਵਿਖੁ ਪਾਪ ਦੋਖੁ ਲਹਿ ਜਾਵੈ।
ਫਿਰਿ ਚੜੈ ਦਿਵਸੁ ਗੁਰ-ਬਾਣੀ ਗਾਵੈ,
ਬਹਿੰਦਿਆਂ ਉਠਦਿਆਂ ਹਰਿ ਨਾਮੁ ਧਿਆਵੈ।
ਜੋ ਸਾਸਿ-ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰ-ਸਿੱਖੁ ਗੁਰੂ ਮਨਿ ਭਾਵੈ।
ਜਨੁ-ਨਾਨਕੁ ਧੂੜਿ ਮੰਗੈ ਤਿਸੁ ਗੁਰਸਿੱਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ੨॥

*(ਗਉੜੀ ਕੀ ਵਾਰ ਮਹਲਾ ੪—ਪਾ ੧੧ਵੀਂ)*

ਗੁਰਬਾਣੀ ਦੇ ਸਮੁੱਚੇ ਆਸ਼ੇ ਨੂੰ ਸੰਕੋਚ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਜੋ ਉਪਦੇਸ਼ ਕੀਤਾ, ਉਹ ਅਨੇਕਾਂ ਲਿਖਤੀ ਗੁਰੂ ਗ੍ਰੰਥ ਸਾਹਿਬਾਂ ਦੇ ਵਾਧੂ ਪੱਤ੍ਰਿਆਂ ਪੁਰ, ਸਾਖੀ ਮਹਲਾ ੫ ਸਿਰਨਾਵੇਂ ਹੇਠ ਮਿਲਦਾ ਹੈ। ਗੁ: ਮੈਣੀ ਸੰਗਤਿ—ਪਟਨਾ ਸ਼ਹਿਰ ਵਿਚ ਸੰਮਤੁ ੧੭੯੪

www.Mahapurakh.com

ਦੇ ਲਿਖੇ ਇਕ ਸੰਚੇ ਵਿਖੇ ੧੦੨੨ਵੇਂ ਪੱਤਰੇ ਪੁਰ ਅਸਾਂ ਦਰਸ਼ਨ ਕੀਤੇ ਸਨ, ਤੇ ਉਸ ਸਫ਼ੇ ਦਾ ਅਕਸ ਵੀ ਆਂਦਾ ਸੀ, ਜੋ 'ਸਿੱਖ ਰੈੱਫ਼ਰੈਂਸ ਲਾਇਬਰੇਰੀ ਵਿਚ, ਸਾਂਭਿਆ ਹੋਇਆ ਹੈ। ਗੁ: ਬੜੀ ਸੰਗਤਿ ਬਨਾਰਸ ਦੇ ਤੋਸ਼ੇਖਾਨੇ ਤੋਂ ਪ੍ਰਾਪਤ ਹੋਏ ਇਕ ਗ੍ਰੰਥ ਸਾਹਿਬ (ਸਿਰੈਲਾ ਨੰ: ੬੨੮੧) ਦੇ ਪਤਿ ੫੨੪/੨ ਤੇ ਲਿਖਿਆ ਪਾਠ ਇਸ ਤਰ੍ਹਾਂ ਹੈ :—

ੴ ਸਤਿਗੁਰ ਪ੍ਰਸਾਦਿ॥

"ਗੁਰੂ ਬੋਲਿਆ : (ੳ) ਪੰਜ ਕੰਮ ਕਰੈ, ਪੰਜ ਕੰਮ ਨਾ ਕਰੈ।

(੧) ਪਰਦਰਬ ਨ ਹਿਰੈ॥ ੧

(੨) ਪਰਾਈ ਇਸਤ੍ਰੀ ਨ ਰਵੈ॥ ੨

(੩) ਪਰਾਈ ਨਿੰਦਾ ਨ ਕਰੈ॥ ੩

(੪) ਜੂਆ ਨ ਖੇਲੈ॥ ੪

(੫) ਮਦ ਮਾਸੁ ਨ ਖਾਇ॥ ਆਗਿਆ ਭੰਗ ਨ ਕਰੈ॥ ੫

(ਅ) ਪੰਜ ਕੰਮ ਕਰੈ, ਜੋ ਗੁਰੂ ਕਰਾਵੈ :—

(੧) ਸੰਗਤਿ ਨਿੱਤ ਜਾਇ। ਕਿਛੁ ਮੁਹਿ ਪਾਵਣੇ ਨੋ ਲੈ ਜਾਇ।
ਆਰਤੀ-ਕੀਰਤਨੁ ਸੁਣਿ ਸਵੈਂ॥ ੧

(੨) ਅਰਥੀ[1] ਦੁਖੀ ਨਿਮਾਣੇ ਨੋ ਮਾਣੁ ਦੇਇ।
ਪਰਉਪਕਾਰ ਕਰੈ, ਕਰਾਵੈ, ਲੋਚੈ॥ ੨

(੩) ਜਿਸ ਨੋ ਕੁੜਮਾਈ ਕੋਈ ਨ ਕਰੈ, ਤਿਸ ਨੋ ਪੁੰਨ ਅਰਥ ਕੰਨਿਆ ਦਾਨੁ ਦੇਇ। ਅਕੈ[2] ਲੋਚਕੈ ਦਿਵਾਵੈ॥ ੩

(੪) ਮਨਮੁਖ ਤੇ ਜਿਉਂ ਸਿਖੁ ਹੋਵੈ,
ਤਿਉਂ ਲੋਚ ਕਰਿ ਸਿੱਖੁ ਕਰੈ। ਜੀਅ ਦਾਨੁ ਇਹੋ ਹੈ॥ ੪

(੫) ਸਭਨਾ ਜੀਆਂ ਕਾ ਭਲਾ ਮਨਾਵੈ। ਕੋਈ ਦੁਖੈ ਨਾਹੀ।
ਆਤਮਾ ਬ੍ਰਹਮ ਪਛਾਨਣੁ, ਵੱਡੀ ਪੂਜਾ ਏਹਾ ਹੈ॥ ੫॥"

ਇਸੇ ਤਰ੍ਹਾਂ ਭਾਈ ਗੁਰਦਾਸ 'ਭੱਲੇ' ਨੇ ਸਾਰੀ ਗੁਰਬਾਣੀ ਦਾ ਸਾਰ ਲੈ ਕੇ ੩੯ 'ਵਾਰਾਂ'[3] ਲਿਖੀਆਂ ਹਨ, ਜੋ 'ਗੁਰਬਾਣੀ ਦੀ ਕੁੰਜੀ' ਮੰਨੀਦੀਆਂ ਹਨ। ਸਿੱਖਾਂ ਲਈ ਇਸ ਤੋਂ ਉੱਤਮ 'ਰਹਿਤਨਾਮਾ' ਹੋਰ ਨਹੀਂ ਲੱਭਦਾ। ਭਾਈ ਸਾਹਿਬ ਨੇ ਛੇਵੀਂ ਵਾਰ ਵਿਚ ਆਪਣੇ ਸਮੇਂ ਦੇ ਸਿੱਖਾਂ ਦੀ ਨਿੱਤ ਕ੍ਰਿਆ ਇਉਂ ਵਰਨਣ ਕੀਤੀ ਹੈ :—

ਅੰਮ੍ਰਿਤ ਵੇਲੇ ਉਠਿਕੈ, ਜਾਇ ਅੰਦਰਿ ਦਰਿਆਇ ਨ੍ਹਾਵੰਦੇ।
ਸਹਜਿ ਸਮਾਧਿ ਅਗਾਧਿ ਵਿਚਿ, ਇਕ ਮਨਿ ਹੋਇ 'ਗੁਰ ਜਾਪੁ' ਜਪੰਦੇ।
ਮੱਥੇ ਟਿੱਕੇ ਲਾਲ ਲਾਇ, ਸਾਧਸੰਗਤਿ ਚਲਿ ਜਾਇ ਬਹੰਦੇ।
ਸਬਦਿ ਸੁਰਤਿ ਲਿਵਲੀਣ ਹੋਇ, ਸਤਿਗੁਰ-ਬਾਣੀ ਗਾਵਿ ਸੁਣੰਦੇ।
ਭਾਇ-ਭਗਤਿ ਭੈ ਵਰਤਮਾਨ ਗੁਰ-ਸੇਵਾ ਗੁਰ-ਪੁਰਬ ਕਰੰਦੇ।

---

1. ਲੋੜਵੰਦ।

2. ਯਾ ਫੇਰਿ।

3. ਪੰਜਾਬੀ ਬੋਲੀ 'ਚ ਲਿਖੀਆਂ ਵਾਰਾਂ ਤੋਂ ਬਿਨਾਂ ਭਾਈ ਸਾਹਿਬ ਨੇ ਪੂਰਬ ਦੇਸ਼ ਦੀ ਸਾਹਿਤਕ-ਭਾਸ਼ਾ ਵਿਚ ਪੰਜ ਛੇ ਸੌ ਛੰਦਾਂ ਦੀ ਇਕ ਹੋਰ ਪੋਥੀ ਵੀ ਲਿਖੀ ਹੈ, ਜੋ 'ਕਬਿੱਤ ਸਵੈਯੇ' ਕਰ ਕੇ ਪ੍ਰਸਿੱਧ ਹੈ।

www.Mahapurakh.com

ਸੰਝੈ 'ਸੋ ਦਰੁ' ਗਾਵਣਾ, ਮਨ ਮੇਲੀ ਕਰਿ ਮੇਲਿ ਮਿਲੰਦੇ।
ਰਾਤੀ 'ਕੀਰਤਨ-ਸੋਹਿਲਾ', ਕਰਿ ਆਰਤੀ ਪਰਸਾਦੁ ਵੰਡੰਦੇ।
ਗੁਰਮੁਖਿ ਸੁਖਫਲੁ ਪਿਰਮ ਚਖੰਦੇ॥ ੩॥

ਫਿਰਿ ਅੱਠਵੀਂ ਵਾਰ ਵਿਚ ਉਪਦੇਸ਼ ਦੇਂਦੇ ਨਿ :—

"ਉੱਤਮ ਮੱਧਮ ਨੀਚ ਲੱਖ, ਗੁਰਮੁਖਿ ਨੀਚਹੁੰ ਨੀਚ ਸਦਾਏ।
ਪੈਰੀਂ ਪੈ ਪਾ-ਖ਼ਾਕ[1] ਹੋਇ, ਗੁਰਮੁਖਿ ਗੁਰਸਿੱਖੁ ਆਪੁ ਗਵਾਏ।
ਸਾਧਸੰਗਤਿ ਭਉ[2] ਭਾਉ[3] ਕਰਿ, ਸੇਵਕ ਸੇਵਾ-ਕਾਰ ਕਮਾਏ।
ਮਿੱਠਾ ਬੋਲਣੁ ਨਿਵਿ ਚਲਣੁ, ਹਥਹੁ ਦੇ ਕੇ ਭਲਾ ਮਨਾਏ।
ਸਬਦਿ ਸੁਰਤਿ ਲਿਵਲੀਣੁ ਹੋਇ, ਦਰਗਹਿ ਮਾਣੁ ਨਿਮਾਣਾ ਪਾਏ।
ਚੱਲਣ[4] ਜਾਣਿ, ਅਜਾਣੁ[5] ਹੋਇ, ਆਸਾ ਵਿਚ ਨਿਰਾਸ ਵਲਾਏ[6]।
ਗੁਰਮੁਖਿ ਸੁਖਫਲੁ ਅਲਖੁ ਲਖਾਏ॥ ੮॥"

ਅਖ਼ੀਰ ਦਸਮ ਨਾਨਕ—ਸ੍ਰੀ ਗੁਰੂ ਗੋਬਿੰਦ ਸਿੰਘ ਨੇ ਮਨੁੱਖੀ ਜੀਵਨ ਦੇ ਸਾਰੇ ਪੱਖਾਂ—ਧਰਮ, ਅਰਥ, ਕਾਮ, ਮੋਖ—ਦਾ ਧਿਆਨ ਰੱਖ ਕੇ, ਲੋੜ ਮੂਜਬ ਅਸਰ ਭਰੀ ਬਾਣੀ ਰਚੀ, ਜੋ "ਬਚਿੱਤ੍ਰ ਨਾਟਕ" ਤੇ "ਗਿਆਨ ਪ੍ਰਬੋਧ" ਨਾਮੀ ਗ੍ਰੰਥ ਦੀ ਸੂਰਤਿ ਵਿਚ ਰੀਝ ਵਾਲੇ ਗੁਰਮੁਖਾਂ-ਸਾਂਭੀ ਹੋਈ ਹੈ। ਪਹਿਲੇ ਵਿਚ ਸ੍ਰਿਸ਼ਟੀ ਦੇ ਸ਼ੁਰੂ ਤੋਂ ਆਪਣੇ ਸਮੇਂ ਤੱਕ ਜਗਤ-ਇਤਿਹਾਸ (ਬਾਬਾਣੀਆਂ ਕਹਾਣੀਆਂ) ਦਸ ਕੇ ਪੁੱਤ੍ਰਾਂ ਨੂੰ ਸੁਪੁੱਤ੍ਰ ਬਣਾਉਣ ਦਾ ਸੁਚੱਜਾ ਯਤਨ ਕੀਤਾ ਹੈ। ਅਤੇ ਦੂਜੇ ਦੁਆਰਾ ਜ਼ਿੰਦਗੀ ਦੇ ਦੱਸੇ ਹਰ ਪਹਿਲੂ 'ਤੇ ਚਾਨਣ ਪਾ ਕੇ ਚੰਗੇ ਮੰਦੇ ਆਚਰਨ ਦਾ ਫਲ ਵਿਖਾ ਕੇ, ਸਿੱਖਾਂ ਨੂੰ "ਮੁਕੰਮਲ ਇਨਸਾਨ" (ਪੂਰਨ ਮਨੁੱਖ) ਬਣਨ ਦੇ ਟੀਚੇ (ਪੜਾਉ) ਉੱਤੇ ਪੁੱਜਣ ਦਾ ਰਾਹ ਦੱਸਿਆ ਹੈ। ਅਤੇ ਇਨ੍ਹਾਂ ਗ੍ਰੰਥਾਂ ਵਿਚ ਦ੍ਰਿੜ੍ਹਾਏ ਸ਼ੁਭ ਉਪਦੇਸ਼ਾਂ ਦਾ ਨਿਚੋੜ ਕੱਢ ਕੇ, ਮਨੁੱਖਾ ਜਨਮ ਦਾ ਮਨੋਰਥ (ਉਦੇਸ਼) ਇਕ ਛੰਦ ਅੰਦਰ ਗੁੰਦ ਕੇ, ਸ਼ੁਭ ਗੁਣਾਂ ਦੀ 'ਗੰਗਾ', 'ਗੰਗਾ ਸਾਗਰ' ਵਿਚ ਭਰਿ ਵਿਖਾਈ ਹੈ। ਫ਼ਰਮਾਉਂਦੇ ਨਿ :—

ਸ੍ਵੈਯਾ

ਧੰਨਿ ਜੀਓ ਤਿਹ ਕੋ ਜਗ ਮੈਂ, ਮੁੱਖ ਤੇ 'ਹਰਿ', ਚਿੱਤ ਮੈ 'ਜੁੱਧ' ਵਿਚਾਰੈ।
ਦੇਹ ਅਨਿੱਤ, ਨ ਨਿੱਤਿ ਰਹੈ, 'ਜਸ'-ਨਾਵਿ ਚੜ੍ਹੈ, ਭਵ-ਸਾਗਰ ਤਾਰੈ।
'ਧੀਰਜ'-ਧਾਮ ਬਨਾਇ ਰਿਹੈ ਤਨੁ, 'ਬੁੱਧਿ' ਸੁ ਦੀਪਕ ਜਿਉਂ ਉਜੀਆਰੈ।
'ਗਿਆਨਹਿ' ਕੀ ਬਢਨੀ[7] ਮਨਿ ਹਾਥਿ ਲੈ, 'ਕਾਤੁਰਤਾ'[8] ਕੁਤਵਾਰੁ[9] ਬੁਹਾਰੈ॥ ੨੪੯੨

*(ਕ੍ਰਿਸ਼ਨ-ਕਥਾ)*

---

1. ਪੈਰਾਂ ਦੀ ਮਿੱਟੀ—ਚਰਨ ਧੂੜਿ।
2. ਡਰੁ, ਖਉਫ।
3. ਪ੍ਰੇਮ ਪਿਆਰ।
4. ਮਰਨਾ, ਮੌਤ ਚੇਤੇ ਰਖ ਕੇ।
5. ਭੋਲਾ-ਭਾਲਾ, ਸਾਦ-ਮੁਰਾਦਾ।
6. ਜੀਵਨ ਬਿਤਾਵੇ, ਉਮਰ ਹੰਢਾਵੇ।
7. ਝਾੜੂ, ਬੁਹਾਰੀ।
8. ਕਾਇਰਤਾ, ਗੀਦੀਪੁਣਾ।
9. ਕੂੜਾ-ਕਰਕਟ, ਵਿਸ਼ੇ-ਵਿਕਾਰਾਂ ਤੇ ਡਰ-ਭੈ ਦਾ ਗੰਦ-ਮੰਦ।

www.Mahapurakh.com

ਭਾਵ ਇਹ ਕਿ "ਜਗਤ ਵਿਚ ਉਸੇ ਇਨਸਾਨ ਦਾ ਜੀਵਿਆ ਸਕਾਰਥਾ (ਧੰਨਤਾ ਯੋਗ) ਹੈ, ਜੋ ਰਸਨਾ ਤੋਂ 'ਨਾਮ' ਜਪਦਾ ਹੈ, ਅਤੇ ਦਿਲ ਵਿਚ 'ਇਨਸਾਨੀਅਤ' ਤੇ ਪ੍ਰਾਨੀ ਮਾਤ੍ਰ ਦੇ 'ਧਰਮ' ਦੀ ਰਖਿਆ ਹਿਤ 'ਜੁੱਧ' ਕਰਨ ਦਾ ਵਿਚਾਰ ਰੱਖਦਾ ਹੈ। ਇਹ ਵਿਚਾਰ ਕੇ : ਬਈ ਦੇਹੀ (ਸਰੀਰ) ਤਾਂ ਅਨਿੱਤ ਹੈ, ਸਦਾ ਰਹਿਣੀ ਨਹੀਂ, ਇਸ ਨੂੰ 'ਜਸੁ' ਦੀ ਬੇੜੀ 'ਤੇ ਚਾੜ੍ਹਕੇ 'ਭੈ ਸਾਗਰ (ਸੰਸਾਰ)' ਤੋਂ ਪਾਰ ਕਰਦਾ ਹੈ ਅਤੇ ਇਸ ਸਰੀਰ (ਤਨ) ਨੂੰ 'ਧੀਰਜ' ਦਾ ਘਰੁ ਬਣਾ ਕੇ, ਉਸ ਵਿਚ ਅਕਲ ਦਾ ਦੀਵਾ ਜਗਾਉਂਦਾ ਹੈ। ਅਰੁ 'ਗਿਆਨ' ਦੀ ਬੁਹਾਰੀ, 'ਮਨ' ਦੇ ਹੱਥ 'ਚ ਫੜ ਕੇ, ਗੀਦੀਪੁਣੇ (ਕਾਇਰਤਾ) ਦਾ ਕੂੜਾ ਅੰਦਰੋਂ ਸਾਫ਼ ਕਰ ਦੇਂਦਾ ਹੈ।"

'ਨਿਰੰਕਾਰੀ-ਧਰਮ' ਦੀ ਫੁਲਵਾੜੀ ਵਿਚ, ਦਸੇ ਗੁਰੂ-ਜੋਤਿ ਜਾਮੇ, ਇਨ੍ਹਾਂ ਤੌਰ-ਤਰੀਕਿਆਂ ਦੁਆਰਾ ਕਿਸ਼ਤਕਾਰੀ[1] ਕਰਦੇ ਰਹੇ ਹਨ। ਲੇਕਿਨ ਆਖ਼ਰੀ ਕਾਮਲ-ਕਿਰਸਾਣ—ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ—ਨੇ ਜਦੋਂ ਸਤਿਗੁਰੁ ਨਾਨਕ ਦੀ ਇਸ ਪ੍ਰੇਮ-ਫੁਲਵਾੜੀ ਨੂੰ, ਵਾੜ ਰੂਪ ਪ੍ਰਚਾਰਕਾਂ (ਮਸੰਦਾਂ) ਹੱਥੋਂ ਹੀ ਉਜਾੜੀ ਜਾਂਦੀ ਵੇਖਿਆ, ਤਾਂ ਇਸ ਕੰਡਿਆਲੀ ਵਾੜ ਨੂੰ ਉਖਾੜ ਕੇ, ਸਾੜ ਹੀ ਸੁੱਟਿਆ। ਅਰੁ ਉਸ ਦੇ ਥਾਂ 'ਖ਼ਾਲਸਾ' ਰੂਪ ਸਰਬ-ਲੋਹ ਦਾ ਪੱਕਾ ਜੰਗਲ ਉਦਾਲੇ ਵਲ ਦਿੱਤਾ। ਸਰਬ-ਲੋਹ ਦੀਆਂ ਇਨ੍ਹਾਂ ਤਾਰਾਂ ਅੰਦਰ ਬੀਰ-ਰਸੀ ਬਿਜਲੀ ਦੀ ਲਹਿਰ (ਕਰੰਟ) ਜਾਰੀ ਕਰਕੇ, ਇਸ 'ਪ੍ਰੇਮ-ਫੁਲਵਾੜੀ' ਨੂੰ ਸਦਾ ਲਈ ਸੁਰੱਖਿਅਤ ਵੀ ਬਣਾ ਦਿੱਤਾ।

ਸੰਗਤਿ ਨੂੰ 'ਖ਼ਾਲਸਾ' ਦਾ ਰੂਪ ਦੇ ਕੇ, ਜਦੋਂ ਸਤਿਗੁਰਾਂ ਨੇ 'ਪੰਜ ਪਿਆਰੇ' ਚੁਣੇ ਤੇ 'ਪੰਚ ਪਰਧਾਨ' ਵਾਲੀ ਥਾਪਣਾ ਅਟੱਲ ਕੀਤੀ, ਤਦੋਂ ਇਹ ਅਲੌਕਕ ਸਮਾਗਮ ਵੇਖਣ ਵਾਸਤੇ, ਆਂਢ-ਗੁਆਂਢ ਤੋਂ ਆਏ ਰਾਜਿਆਂ-ਉਮਰਾਵਾਂ ਨੂੰ ਵੀ ਕੱਚੇ ਪਿੱਲੇ ਪਰਖਣ ਦੇ ਖਿਆਲ ਨਾਲ—ਠਕੋਰਿਆ। ਉਨ੍ਹਾਂ ਦੇ ਕਈ ਖਾਸ ਉਜ਼ਰ-ਉਲਾਂਭੇ ਨਿਵਿਰਤ ਕਰਦਿਆਂ ਆਪ ਨੇ ਫ਼ਰਮਾਇਆ :—

ਸਰਾਵਗ ਸੁੱਧ[2], ਸਮੂਹ ਸਿਧਾਨ ਕੇ ਦੇਖਿ ਫਿਰਯੋ ਘਰਿ ਜੋਗਿ, ਜਤੀ ਕੇ!
ਸੂਰ ਸੁਰਾਰਦਨ,[3] ਸੁੱਧ ਸੁਧਾਦਿਕ[4] ਸੰਤ ਸਮੂਹ ਅਨੇਕ ਮਤੀ ਕੇ!
ਸਾਰੇ ਹੀ ਦੇਸ ਕੋ ਦੇਖ ਰਹਯੋ ਮਤੁ, ਕੋਊ ਨ ਦੇਖੀਅਤ ਪ੍ਰਾਨਪਤੀ[5] ਕੇ!
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ, ਏਕ ਰਤੀ ਬਿਨੁ ਏਕ ਰੱਤੀ ਕੇ॥ ੧॥ ੨੧॥

ਕਹਾ ਭਯੋ, ਦੋਊ ਲੋਚਨ ਮੂੰਦ ਕੈ, ਬੈਠ ਰਹਯੋ ਬਕ-ਧਯਾਨ[6] ਲਗਾਯੋ।
ਨ੍ਹਾਤਿ ਫ਼ਿਰਯੋ ਲੀਏ ਸਾਤ ਸਮੁੰਦ੍ਰਨ, ਲੋਕ ਗਯੋ ਪਰਲੋਕ ਗਵਾਯੋ!
ਬਾਸ ਕੀਓ ਬਿਖਯਾਨ[7] ਸੋਂ ਬੈਠ ਕੈ, ਐਸੇ ਹੀ ਐਸ਼ ਸੋ ਬੈਸ ਬਿਤਾਯੋ!
ਸਾਚ ਕਹਉਂ, ਸੁਨਿ ਲੇਹੁ ਸਭੈ, ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਯੋ॥ ੯॥ ੨੯।

---

1. ਵਾਹੀ-ਜੋਤੀ, ਬੀਜ-ਬਿਜਾਈ।
2. ਸੁੱਧ ਸਰੇਵੜੇ, ਜੈਨੀ ਸਾਧੂ।
3. ਸੁਰਾਂ (ਦੇਵਤਿਆਂ) ਨੂੰ ਦਲਣ ਵਾਲੇ-ਦੈਂਤ ਸੂਰਮੇ।
4. 'ਸੁੱਧ' ਆਦਿਕ ਸ਼੍ਰੇਣੀਆਂ ਦੇ ਦੇਵਤੇ।
5. ਪ੍ਰਾਣਾਂ ਦਾ ਪਤੀ-ਪਰਮੇਸ਼ਰ।
6. ਬਗਲੇ ਵਰਗਾ ਧਿਆਨ, ਪਾਖੰਡ।
7. ਵਿਸ਼ੇ-ਭੋਗ।

www.Mahapurakh.com

ਕਾਹੂੰ ਲੈ 'ਪਾਹਨ'[1] ਪੂਜਿ ਧਰਯੋ ਸਿਰਿ, ਕਾਹੂੰ ਲੈ 'ਲਿੰਗ;[2] ਗਰੇ ਲਟਕਾਯੋ।
ਕਾਹੂੰ ਲਖਯੋ ਹਰਿ ਅਵਾਚੀ[3] ਦਿਸਾ ਮਹਿ, ਕਾਹੂੰ ਪਛਾਂਹ ਕੋ ਸੀਸ ਨਿਵਾਯੋ!
ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮਿਤ੍ਰਾਨ ਕੋ ਪੂਜਨਿ ਧਾਯੋ!
ਕੂਰ ਕ੍ਰਿਯਾ ਉਰਝਯੋ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦ ਨ ਪਾਯੋ॥ ੧੦॥ ੩੦॥

*(ਅਕਾਲ ਉਸਤਤਿ)*

ਅਰਥਾਤ—ਅਸਾਂ (ਦਸ ਜ਼ਾਮੇ ਧਾਰ ਕੇ, 'ਸੱਚ ਧਰਮ' ਦੀ ਤਲਾਸ਼) ਪੱਕੇ ਜੈਨੀਆਂ, ਸਾਰੇ ਸਿੱਧ-ਜੋਗੀਆਂ ਤੇ ਜਤੀਆਂ ਦੇ ਘਰਿ ਜਾ ਕੇ ਕੀਤੀ ਹੈ। ਸੂਰਮੇ ਦੈਂਤਾਂ, ਸੁੱਧ ਦੇਵਤਿਆਂ, ਅਰੁ ਸਾਰੇ ਦੇਸ਼ ਵਿਚ ਸਭਨਾਂ ਮਤ-ਮਤਾਂਤ੍ਰਾਂ ਦੇ ਸਾਧੂ-ਫ਼ਕੀਰਾਂ ਨੂੰ ਪਰਖ ਵੇਖਿਆ ਹੈ। ਪਰ ਕਿਸੇ ਨੂੰ ਵੀ ਪਰਮੇਸ਼ਰ ਦੇ ਅਨੁਸਾਰੀ ਨਹੀਂ ਪਾਇਆ। ਚੂੰਕਿ ਪਰਮੇਸ਼ਰ ਦੇ ਪਿਆਰ ਤੇ ਮਿਹਰ ਦੀ ਇਕ ਰੱਤੀ ਵੀ ਉਨ੍ਹਾਂ ਵਿਚ ਮੌਜੂਦ ਨਹੀਂ, ਇਸ ਲਈ ਸੱਚਾਈ ਦੇ ਬਾਜ਼ਾਰ ਵਿਚ ਉਨ੍ਹਾਂ ਦੀ ਰੱਤੀ ਭਰ ਕਦਰੁ-ਕੀਮਤ ਨਹੀਂ ਪੈ ਸਕਦੀ॥ ੧॥

ਕੀ ਹੋਇਆ, ਜੇ ਕੋਈ ਅੱਖੀਂ ਮੀਟ ਕੇ ਬਗਲੇ ਵਾਂਗੂੰ ਧਿਆਨ ਲਾਈ (ਪਾਖੰਡ ਖਿਲਾਰੀ) ਬੈਠਾ ਇ; ਯਾ ਸੱਤਾਂ ਸਮੁੰਦਰਾਂ ਤੱਕ (ਮੰਨੇ ਗਏ ਅਠਾਹਠ ਤੀਰਥਾਂ ਵਿਚ) ਨ੍ਹਾਉਂਦਾ ਫਿਰਦਾ ਇ! ਉਸ ਨੇ ਇਸ ਲੋਕ ਦੇ ਸੁਖ ਤਾਂ (ਸਫ਼ਰ ਕਰਦਿਆਂ ਯਾ ਜੋਗ ਸਾਧਨਾ ਸਾਧਦਿਆਂ) ਗਵਾ ਲਏ, ਤੇ ਪਰਲੋਕ ਦੇ ਖਿਆਲੀ-ਸੁਖ ਵੀ (ਪ੍ਰਭੂ ਨਾਲ ਸੱਚਾ-ਸੁੱਚਾ ਪ੍ਰੇਮ ਨ ਕਰਨ ਕਰ ਕੇ) ਵੰਞਾਈਂ ਜਾ ਰਿਹਾ ਹੈ। ਇਉਂ ਇਹ ਨਿਵਿਰਤੀ ਮਾਰਗ ਉਨ੍ਹਾਂ ਦਾ ਫ਼ਜ਼ੂਲ ਹੈ। ਦੂਜੇ ਬੰਨੇ (ਪਰਵਿਰਤੀ ਮਾਰਗ ਧਾਰਨ ਵਾਲੇ) ਘਰਿਸਤੀਆਂ, ਵਿਸ਼ੇ ਭੋਗਾਂ ਵਿਚ ਪੈ ਕੇ, ਸਾਰੀ ਉਮਰ ਇਸੇ ਤਰ੍ਹਾਂ ਦੇ ਐਸ਼ੁ-ਇਸ਼ਰਤ (ਭੋਗ ਵਿਲਾਸ) ਵਿਚ ਗਵਾ ਦਿੱਤੀ। ਇਨ੍ਹਾਂ ਵਿਚੋਂ ਕਿਸੇ ਨੇ ਤਾਂ 'ਸਾਲਗਰਾਮ' ਨੂੰ ਸਤਿਕਾਰ (ਪੂਜ) ਕੇ ਸਿਰ 'ਤੇ ਧਰ ਲਿਆ, ਕਿਸੇ ਨੇ 'ਸ਼ਿਵਲਿੰਗ' ਲੈ ਕੇ ਗਲਿ ਪਾ ਲਿਆ। ਕਿਸੇ ਨੇ 'ਹਰੀ' (ਪਰਮਾਤਮਾ) ਨੂੰ ਦੱਖਣ ਦਿਸ਼ਾ (ਦੁਆਰਕਾ ਆਦਿ) ਵਸਦਾ ਸਮਝ ਕੇ, ਮੱਥਾ ਟੇਕਣਾ ਠੀਕ ਮੰਨ ਲਿਆ, ਅਰੁ ਕਿਸੇ ਨੇ ਲਹਿੰਦੇ (ਕਾਂਬੇ) ਵਲ ਸਜਦਾ ਕਰ ਦਿੱਤਾ। ਕੋਈ ਪਸ਼ੂ (ਮੂਰਖ) ਮੂਰਤੀਆਂ ਪਿਆ ਪੂਜਦਾ ਇ, ਤੇ ਕੋਈ ਕਬਰਾਂ-ਮੜ੍ਹੀਆਂ (ਸਮਾਧਾਂ) ਦੀ ਮੁੱਠੀ ਚਾਪੀ ਕਰਨ ਭੱਜਾ ਜਾਂਦਾ ਹੈ। ਐਉਂ ਸਾਰਾ ਜੱਗ ਕੂੜੇ ਕਰਮਾਂ ਵਿਚ ਉਲਝਿਆ ਪਿਆ ਹੈ। ਕਿਸੇ ਨੇ ਵੀ ਅਕਾਲ ਪੁਰਖ-ਵਾਹਿਗੁਰੂ ਦੀ ਹਕੀਕਤ ਨੂੰ ਨਹੀਂ ਸਮਝਿਆ। ਅਸੀਂ ਨਗਾਰੇ ਦੀ ਚੋਟ ਨਾਲ ਐਲਾਨ ਕਰਦੇ ਹਾਂ, ਸਾਰੇ ਜਣੇ ਕੰਨ ਖੋਲ੍ਹ ਕੇ ਸੁਣ ਲਓ! :—

"ਜਿਨ੍ਹਾਂ ਨੇ ਪ੍ਰਭੂ ਨਾਲ ਸੱਚੀ ਸੁੱਚੀ ਪ੍ਰੀਤਿ ਲਾਈ ਹੈ,
ਉਸੇ ਨੇ ਉਸ ਨੂੰ ਪ੍ਰਾਪਤਿ ਕੀਤਾ ਹੈ।"

ਇਹੋ ਵਜਹ ਹੈ ਕਿ ਅਸਾਂ 'ਸੱਚ ਧਰਮ' ਨੂੰ ਸਾਰੇ ਮਜ਼ਹਬਾਂ ਨਾਲੋਂ ਨਿਆਰਾ ਤੇ ਨਿਰੋਲ ਰੱਖਣ ਲਈ, ਇਹ ਨਵਾਂ 'ਨਿਰਮਲ ਪੰਥ' ਪ੍ਰਗਟ ਕੀਤਾ ਹੈ। ਅਰੁ ਆਪਣੇ ਸਿੱਖਾਂ ਨੂੰ ਹੁਕਮ ਦਿੱਤਾ ਹੈ :—

ਸ੍ਵੈਯਾ

ਜਾਗਤਿ ਜੋਤਿ ਜਪੈ ਨਿਸਿ ਬਾਸੁਰ, ਏਕ ਬਿਨਾਂ ਮਨਿ ਨੈਕੁ ਨ ਆਨੈ!
ਪੂਰਨ ਪ੍ਰੇਮ ਪ੍ਰਤੀਤਿ ਸਜੈ, ਬ੍ਰਤ, ਗੋਰ, ਮੜ੍ਹੀ, ਮਠ ਭੂਲਿ ਨ ਮਾਨੈ!

---

1. ਪੱਥਰ, ਸਾਲਗਰਾਮ।

2. ਸ਼ਿਵਜੀ ਦੇ ਮੂਤ੍ਰਿ-ਅੰਗੁ ਵਰਗਾ ਪੱਥਰ—ਸ਼ਿਵਲਿੰਗ, ਜੋ ਸ਼ਿਵਾਲਿਆ ਵਿਚ ਗੱਡ ਕੇ ਪੂਜਿਆ ਜਾਂਦਾ ਹੈ।

3. ਦੱਖਣ (ਦਿਸ਼ਾ)।

www.Mahapurakh.com

ਤੀਰਥੁ, ਦਾਨੁ, ਦਇਆ, ਤਪੁ, ਸੰਜਮੁ, ਏਕ ਬਿਨਾਂ ਨਹਿ ਏਕ ਪਛਾਨੈ!
ਪੂਰਨ ਜੋਤਿ ਜਗੈ ਘਟ ਮੈ ਤਬ, 'ਖਾਲਸਾ' ਤਾਹਿ ਨਖਾਲਸ ਜਾਨੈ!

*(ਬਚਿੱਤ੍ਰ ਨਾਟਕ ਗ੍ਰੰਥ-ਅਸ.ਫੋਟਕ ਕਬਿੱਤ)*

ਰਾਗਿ ਰਾਮਕਲੀ ਪਾ: ੧੦
ਪ੍ਰਾਨੀ! ਪਰਮ ਪੁਰਖ ਪਗਿ ਲਾਗੋ!
ਸੋਵਤ ਕਹਾ ਮੋਹ-ਨਿੰਦ੍ਰਾ ਮੈ, ਕਬਹੂੰ ਸੁਚਿਤ ਹ੍ਵੈ ਜਾਗੋ॥ ੧॥ ਰਹਾਉ॥
ਅਉਰਨ ਕਹਾ ਉਪਦੇਸਤ ਹੈ ਪਸੁ! ਤੋਹਿ ਪ੍ਰਬੋਧ ਨ ਲਾਗੋ!
ਸਿੰਚਤ ਕਹਾ ਪਰੇ ਬਿਖਯਨ ਕਉ, ਕਬਹੂੰ ਬਿਖੈ ਰਸ ਤਯਾਗੋ!! ੧
ਕੇਵਲ ਕਰਮ, ਭਰਮ ਸੇ ਚੀਨਹੁ, ਧਰਮ-ਕਰਮਿ ਅਨੁਰਾਗੋ!
ਸੰਗ੍ਰਹ ਕਰੋ ਸਦਾ ਸਿਮ੍ਰਨ ਕੋ, ਪਰਮ ਪਾਪ ਤਜਿ ਭਾਗੋ!! ੨
ਜਾ ਤੇ ਦੂਖ ਪਾਪ ਨਹਿ ਭੇਟੈ, ਕਾਲ-ਜਾਲ ਤੇ ਤਾਗੋ!
ਜਉ ਸੁਖ ਚਾਹੋ ਸਦਾ ਸਭਨ ਕੋ, ਤਉ ਹਰਿ ਕੇ ਰਸਿ ਪਾਗੋ॥ ੩॥ ੩

*('ਬਿਚਿੱਤ੍ਰ ਨਾਟਕ ਗ੍ਰੰਥ'—ਅੰਤਿਕਾ)*

ਖੰਡੇ ਦਾ ਅੰਮ੍ਰਿਤ ਛਕਾਉਣ ਸਮੇਂ ਦਸਵੇਂ ਗੁਰੂ ਨਾਨਕ ਨੇ ਆਪਣੇ 'ਨਿਰਮਲ ਪੰਥ' ਨੂੰ, ਹੋਰਨਾਂ ਮਤ-ਮਤਾਂਤਰਾਂ ਵਿਚ ਵਧ ਰਹੀ ਮੈਲਿ-ਮ੍ਰਿਯਾਦਾ ਤੋਂ ਬਚਾਈ ਰੱਖਣ ਵਾਸਤੇ, ਜੋ ਹੋਰ ਪੱਕੀਆਂ ਪਾਬੰਦੀਆਂ ਲਾਈਆਂ, ਉਨ੍ਹਾਂ ਦਾ ਜ਼ਿਕਰ—

(੧) ਪਹਿਲ-ਪਿਰਥਮੇ ਸਤਿਗੁਰਾਂ ਦੇ ਦਰਬਾਰੀ ਲਿਖਾਰੀ—ਕਵਿ ਸੈਨਾਪਤਿ, 'ਖ਼ਾਲਸਾ' ਨੇ ਇਸ ਤਰ੍ਹਾਂ ਕੀਤਾ ਹੈ :—

ਚੌਪਈ

... ... ... ... ...
ਗੁਰ ਸਿੱਖਨ ਕੋ ਬਚਨ ਸੁਨਾਯੋ।
ਜੋ ਸਿੱਖਨ ਜਗ ਮੈ ਪ੍ਰਗਟਾਯੋ। ੧੮। ੧੩੪।
"ਸਿਰ ਗੁੰਮਨ ਕੇ ਮੁਖ ਨਹੀਂ ਲਾਗੋ!
ਪਾਂਚਨ ਕੋ ਸਭ ਸੰਗ ਤਯਾਗੋ!
ਮਰਨਿ ਪਰਨਿ ਤਿਨ ਕੇ ਕਛੁ ਹੋਵੈ;
ਤਹਾਂ ਸਿੱਖ ਨਹੀਂ ਜਾਇ ਖਲੋਵੈ! ੧੯। ੧੩੫।
... ... ... ... ...
ਹੁੱਕਾ[1] ਤਿਆਗੈ, ਹਰਿ ਗੁਨ ਗਾਵੈ!
ਇੱਛਾ ਭੋਜਨ ਹਰਿ ਰਸ ਪਾਵੈ!
ਭੱਦਨ ਤਿਆਗ ਕਰੋ ਰੇ ਭਾਈ!"
ਤਬ ਸਿੱਖਨ ਯਹ ਬਾਤ ਸੁਨਾਈ:—੨੧। ੧੩੭
"ਮਾਤ ਪਿਤਾ ਮਰੇ ਜੇ ਕੋਈ;
ਤਉ ਭੀ,—ਕਹਤ—"ਨ ਭੱਦਨ ਹੋਈ?"

---

1. ਹੁੱਕਾ (ਤਮਾਕੂ) ਵਰਤਣਾ ਛੱਡ ਕੇ, ਹੋਰ ਹਰ ਪ੍ਰਕਾਰ ਦੇ ਰਸਮਈ ਪਦਾਰਥ, ਆਪਣੀ ਰੁਚੀ ਅਨੁਸਾਰ ਛਕੇ।

www.Mahapurakh.com

ਸਤਿਗੁਰਾਂ ਨੇ ਉੱਤਰ ਦਿੱਤਾ—

"ਮਾਤ ਪਿਤਾ ਗੋਬਿੰਦ ਹਮਾਰਾ!
ਏ ਸੰਸਾਰੀ ਝੂਠ ਪਸਾਰਾ! ੨੨। ੧੩੮।
ਤਾ ਪਰ ਭੱਦਨ ਮੂਲ ਨ ਕੀਜੈ!
ਯਹ ਉਪਦੇਸ਼ ਸੱਤਿ ਕਰ ਲੀਜੈ!
ਭੱਦਨ ਭਰਮ, ਧਰਮ ਕਿਛੁ ਨਾਹੀਂ!
ਨਿਸਚੈ ਜਾਨ ਸੰਤ ਮਨ ਮਾਹੀਂ!! ੨੩। ੧੩੯।
... ... ... ... ...
ਮੰਨਤ, ਗੋਲਕ ਅਰੁ ਦਸਵੰਧ!
ਘਰ ਮੈ ਰਾਖੋ, ਤਜੋ 'ਮਸੰਦ'!
ਭੇਟ-ਕਾਰ ਸਤਿਗੁਰ ਕੀ ਹੋਇ,
ਜਾਇ ਹਜ਼ੂਰਿ ਚੜ੍ਹਾਵੈ ਸੋਇ!!੨੫। ੧੪੧

*('ਸ੍ਰੀ ਗੁਰ-ਸੋਭਾ', ਪੰਚਮੋ ਧਿਆਉ)*

(੨) ਗੁਰੂ ਘਰ ਦਾ ਖਾਨਾਜ਼ਾਦ ਲਿਖਾਰੀ, ਭਾਈ ਕੇਸਰ ਸਿੰਘ 'ਛਿੱਬਰ' ਕਹਿੰਦਾ ਇ :—

ਰਹਿਤ ਗੁਰੂ ਕੀ ਦਿੱਤੀ ਸਮਝਾਇ:—
ਸਿਖ ਗੁਰੂ ਕਾ ਮੰਦੇ ਕਰਮ ਨਹੀਂ ਕਮਾਇ! ੩੨੩
ਨਾਈ ਦਾ ਹੱਥੁ ਸੀਸ ਚਿਹਰੇ ਨ ਲੱਗਣਾ ਪਾਵੈ!
ਕੇਸਾਧਾਰੀ ਸਿੱਖ 'ਗੁਰੂ ਕਾ ਪੰਥ' ਕਹਾਵੈ! ੩੨੨
ਗਨਿਕਾ ਦਾ ਸੰਗ ਨ ਕਰੇ! ਸੰਗ ਕੀਤੇ ਤਤਾ[1] ਹੋਵੈ!
ਬੀਰਜ ਪਵੇ ਕੁਥਾਇ; ਤਤੀ[2] ਤਤਾ ਉਪਜ ਖੜੋਵੈ!
ਬੀਰਜ ਹੋਵੈ ਸਿੱਖ ਦਾ, ਘਰ ਤਤਿਆਂ ਕਰੇ ਨਿਵਾਸ।
ਸਿਖ ਹੋਵੈ ਗੁਰੂ ਦਾ, ਅੰਗ ਨ ਲਏ ਤਤੀ ਦਾ ਮਾਸ!! ੩੨੪
ਸ਼ਰਾਬ, ਤਮਾਕੂ, ਚੋਰੀ, ਯਾਰੀ; ਇਨ ਸੋਂ ਹੇਤ ਨ ਕਰੈ!
ਕੁਸੰਗਤਿ ਮੰਦੀ ਸਭ ਪਰਹਰੈ!
ਸਬਦ-ਬਾਣੀ ਸੋਂ ਪ੍ਰੀਤਿ, ਸਤਿ ਸੰਗਤਿ ਵਿਚ ਜਾਵੈ!
ਨਿਜ ਨਾਰੀ ਸੋਂ ਪ੍ਰੀਤਿ ਲਗਾਵੈ।[3]

---

1. 'ਤੁਰਕ' ਦਾ ਪਹਿਲਾ ਅੱਖਰ, ਇਸ਼ਾਰੇ ਮਾਤ੍ਰ ਵਰਤਿਆ ਹੈ।
2. ਤੁਰਕਣੀ, ਮਲੇਛਣੀ (ਮੈਲੀ ਇੱਛਾ ਵਾਲੀ ਨਾਰਿ)
3. ਇਸ ਸਬੰਧ ਵਿਚ, ਸਤਿਗੁਰਾਂ ਨੇ ਖੁਦ ਵੀ ਅਨੂਪ ਕੌਰ ਦਾ 'ਚਰਿਤ੍ਰ' ਬਿਆਨ ਕਰਦਿਆਂ ਲਿਖਿਆ ਇ :—

ਅੜਿਲ

ਸੁਧਿ ਜਬ ਤੇ ਹਮ ਧਰੀ, ਬਚਨ ਗੁਰ ਦਏ ਹਮਾਰੇ!
"ਪੂਤ! ਇਹੈ ਪ੍ਰਣਿ ਤੋਹਿ; ਪ੍ਰਾਨ ਜਬ ਲਗ ਘਟਿ ਥਾਰੇ!
ਨਿਜ-ਨਾਰੀ ਕੇ ਸਾਥ ਨੇਹੁੰ ਤੁਮ ਨਿੱਤ ਬਢੈਯਹੁ!
ਪਰ ਨਾਰੀ ਕੀ ਸੇਜਿ, ਭੂਲਿ ਸੁਪਨੇ ਹੂੰ ਨ ਜੈਯਹੂ!!"੫੧
(ਪੋਥੀ 'ਚਰਿੱਤ੍ਰ ਪਾਖਯਾਨ'—੨੧ਵਾਂ ਚਰਿੱਤ੍ਰ)

www.Mahapurakh.com

ਨਾਮ, ਦਾਨ, ਇਸਨਾਨ; ਧਰਮ ਦੀ ਕ੍ਰਿਤ ਕਮਾਵੈ!! ੩੨੫
ਸਿੱਖ, ਸਿੱਖ ਸੌਂ ਪ੍ਰੀਤਿ; ਦੁਸ਼ਟ ਸੌਂ ਨੇਹੁ ਨ ਲਾਵੈ!
ਕ੍ਰਿਪਨ ਹੋਇ ਨ ਦੱਬੈ; ਜਥਾ ਜਥਾ ਵੰਡਿ ਖਾਵੈ!
ਅਪਨਾ ਧਰਮ ਨ ਤਜੈ; ਨ ਬਿਰਾਨਾ ਲੇਵੈ!
ਪ੍ਰਤੀਤਿ ਰਖੈ ਨਿਜ ਗੁਰੂ ਪਰ; ਸਿੱਖ ਸਾਧ-ਸੰਤ ਨੂੰ ਸੇਵੈ! ੩੨੬

(੩) ਭਾਈ ਸੁੱਖਾ ਸਿੰਘ ਨੇ, ਕਵਿ ਸੈਨਾਪਤਿ ਦੇ ਕਥਨ ਨੂੰ ਰਤਾ ਹੋਰ ਖੋਲ੍ਹ ਕੇ ਐਉਂ ਵਰਣਨ ਕੀਤਾ ਹੈ :—

"ਪਾਂਚਨ ਸੌਂ"—ਕਹਿਂ:—'ਮੇਲ ਨ ਕਰੀਯੈ!
ਨਾਮੁ ਦਾਨੁ ਨਿਸਿ ਦਿਨ ਉਰਿ ਧਰੀਯੈ!
ਮੀਣਾ ਔਰ ਮਸੰਦੀਆ ਜਾਨ।
ਧੀਰਮਲਿ ਰਮਰੱਯਾ ਜੁ ਆਨ। ੪੮
ਪਾਚਮ[1] ਕੋ ਜਾਨਤ ਤੁਮ ਭ੍ਰਾਤ!
ਛਪੀ ਨਹੀਂ ਕਛੁ ਯਾ ਮੈ ਬਾਤ!
ਇਨ ਸੌਂ ਮੇਲ ਨ ਕਰੀਐ ਭਾਈ;"
ਕਰੁਣਾਨਿਧਿ ਇਹ ਬਿਧਿ ਫੁਰਮਾਈ :—੪੯
"ਮੋਰ ਬਚਨ ਸੌਂ ਕਰਹੁ ਪਯਾਰਾ!
'ਖੜਗਕੇਤੁ' ਹੈ ਰੱਛਕ ਥਾਰਾ!
ਝੂਠੇ ਸਰਬ ਉਪਾਵ ਤਿਆਗਹੁ!
ਸ੍ਰੀ ਅਸਿਧੁਜ ਕੀ ਚਰਨੀ ਲਾਗਹੁ!! ੫੦
ਪੋਥੀ[2]-ਗ੍ਰੰਥ ਮਹਲ ਦਸ ਬਾਨੀ,
ਸੋਧਿ ਲਹੋ, ਪਦ ਜੋ ਨਿਰਬਾਨੀ!
ਸ਼ਸਤ੍ਰ ਅਸਤ੍ਰ ਸਿਮਰਹੁ ਬਰਬੁੱਧਾ!
ਖਲ-ਦਲ ਸਾਥ ਕਰਹੁ ਨਿਤ ਜੁੱਧਾ!! ੫੧
ਰਾਜ-ਜੋਗ ਤੁਮ ਕਹ ਮੈ ਦੀਨਾ!
ਪਰਮਜੋਤਿ ਸੰਗ ਪਰਚੋ ਕੀਨਾ!
ਸੰਤ ਸਮੂਹਨ ਕੋ ਸੁਖ ਦੀਜੈ!
ਅਚਲ ਰਾਜ ਧਰਨੀ ਮਹਿ ਕੀਜੈ॥ ੫੨
'ਖਾਲਸ' ਕੀ ਚਰਨੀ ਸਭ ਲਾਗੋ!
ਪਰਮਜੋਤਿ ਕੇ ਰਸ ਮਹਿ ਪਾਗੋ!
ਖੜਗ-ਗੋਦਿ ਤੁਮ ਕਹ ਮੈ ਪਾਯੋ!
ਭਿੰਨ ਭਿੰਨ ਕਰਿ ਪੰਥ ਬਤਾਯੋ॥ ੫੩

---

1. ਪੰਜਵੇਂ (ਸਿਰਗੁੰਮ) ਨੂੰ ਤੁਸੀਂ ਭਾਈ ਜਾਣਦੇ ਹੀ ਓ! ਅਰਥਾਤ—ਕੇਸਾਂ ਦੀ ਬੇਅਦਬੀ ਕਰਨ ਵਾਲਾ ਮੋਨਾ।

2. ਦਸਾਂ ਪਾਤਿਸ਼ਾਹਾਂ ਤੱਕ ਜੋ ਬਾਣੀ ਰਚੀ ਗਈ ਹੈ; ਉਸ ਦਾ ਪਾਠ 'ਪੋਥੀ-ਗ੍ਰੰਥ ਸਾਹਿਬ' ਵਿਚੋਂ ਕਰਕੇ, ਜਨਮ-ਮਰਨ ਰਹਿਤ ਪਦਵੀ ਨੂੰ ਸਮਝਣਾ।

www.Mahapurakh.com

ਦੇਗ ਤੇਗ ਹੈ ਜੀਤ ਤਿਹਾਰੀ!
ਅਸਿਧੁਜ-ਰਹਤ ਲੇਹੁ ਉਰਿ ਧਾਰੀ!
ਮਹਾਂਕਾਲ ਕਾ ਕਰਯੋ ਧਯਾਨਾ!
ਘਟ ਮਹਿ ਨਿਰਖੋ ਹਰਿ ਭਗਵਾਨਾ॥ ੫੪
ਤੁਰਕ[1] ਮਲੇਛਨ ਸੋ ਨਹੀਂ ਮਿਲਨਾ!
ਲੈ ਹਥੀਆਰ ਸਾਮ੍ਹੇ ਪਿਲਨਾ!"
ਇਹ ਬਿਧਿ ਕੈ ਤਿਨ ਸੌਂ ਕਰਤਾਰਾ।
ਬਰਨੀ ਅਨਿਕ 'ਰਹਤ' ਬਿਸਥਾਰਾ॥ ੫੫
"ਸੇਵਾ! ਭਾਉ-ਭਗਤਿ ਉਰਿ ਧਾਰੋ!
ਦੁਸਟ ਬਿਦਾਰਿ, ਸੰਤ ਨਿਸਤਾਰੋ!
ਖੜਗਪਾਨਿ ਬਿਨੁ ਅਵਰੁ ਨ ਮਾਨਹੁ!
'ਸਤਿਨਾਮੁ[2] ਮੰਤ੍ਰ ਮੁਖ ਠਾਨਹੁ!! ੧੦੭
ਬਿਖਿਆ[3] ਕਿਰਿਆ, ਭੱਦਨ ਤਯਾਗਹੁ!
ਜਟਾਜੂਟ ਰਹਬੋ ਅਨੁਰਾਗਹੁ!
ਸਬਦ ਬਿਨ ਅਨਜਾ ਨਹੀਂ ਮੇਲਾ!
ਨਿਸਿ ਦਿਨ ਸਾਧ-ਸੰਗਤਿ ਸੌਂ ਕੇਲਾ!!" ੧੦੯
ਇਹ ਬਿਧਿ ਬਚਨ ਅਨੇਕ ਬਖਾਨੇ!
ਜੋ ਕਬਿ ਪੈ ਨਹੀਂ ਜਾਹਿੰ ਪ੍ਰਮਾਨੇ।
ਪੁਨਿ ਪ੍ਰਭ ਜੂ ਅੱਰਦਾਸਿ ਕਰਾਇ।
ਬੈਠੇ ਸਾਚ ਸਿੰਘਾਸਨ ਆਇ॥ ੧੧੦
ਖਾਸ ਸਿੱਖ ਜੋ ਜੋ ਬਡਭਾਗੀ।
ਸੁਨਿ ਬਚ ਭਏ ਪੰਥ-ਅਨੁਰਾਗੀ।
ਬਚਨ ਅਮੋਲਕ ਜਿਨ ਕਰ ਲਾਗੇ;
ਸ੍ਰੀਮੁਖ ਸੁਨਤੇ ਵਹ ਅਨੁਰਾਗੇ॥ ੧੨੬
ਕੱਛ, ਕੇਸ ਔ ਰਹਿਤ ਜੁ ਸਾਰੀ।
ਸੋ ਲੈ ਮੱਧ ਆਤਮੈ ਧਾਰੀ।
ਖੜਗਕੇਤੁ ਕੋ ਧਰਯੋ ਧਿਆਨਾ।
ਜਿਹ ਬਿਧਿ ਕਹਯੋ ਨਾਥ ਭਗਵਾਨਾ॥ ੧੨੯
ਸੂਦ ਬੈਸ ਖਤ੍ਰੀ ਦਿਜ[1] ਜਾਨਹੁ।
ਏਕ ਠਵਰ ਕਰ ਭੋਜਨ ਠਾਨਹੁ!
ਬੇਦ, ਲੋਕ-ਮਤਿ ਸਰਬ ਤਯਾਗੀ।
ਸ੍ਰੀ ਅਸਿਧੁਜ ਕੋ ਭਯੋ ਅਨੁਰਾਗੀ॥ ੧੩੩

---

1. ਮੈਲੀ ਇੱਛਾ ਵਾਲੇ ਮੁਸਲਮਾਨਾਂ ਨਾਲ ਨਹੀਂ ਮਿਲਣਾ!
2. ਸੱਚਾ ਨਾਮੁ, ਯਾਨੀ 'ਗੁਰਮੰਤ੍ਰ' ('ਵਾਹਗੁਰੂ')
3. ਤਮਾਕੂ ਦਾ ਧੂੰ ਸੜ੍ਹਾਕਣਾ।

www.Mahapurakh.com

ਹਿੰਦੂ ਤੁਰਕ ਸਗਲ ਮਤਿ ਤਯਾਗੇ।
ਏਕ 'ਖਾਲਸਾ' ਰਸ ਅਨੁਰਾਗੇ।
ਬਿਖਯਾ, ਛੱਦਨ, ਸ੍ਵਾਧ, ਜਠੇਰੇ।
ਇਨੈ ਤਯਾਗ ਖਗਕੇਤੁ ਸੁ ਹੇਰੇ॥ ੧੩੯
ਜਹਾਂ ਜਹਾਂ ਸੰਗਤਿ ਗੁਰ-ਪਯਾਰੀ।
ਭਈ 'ਖਾਲਸਾ' ਸਰਬ ਸੁ ਸਾਰੀ।
ਲਿਖ ਲਿਖ ਦੀਨੇ ਹੁਕਮ ਪਠਾਈ :—
"ਮਾਨੈ ਬਚਨ ਸੋਈ ਜਿਨਿ ਜਾਈ!" ੧੪੦
ਜਿਨ ਨਹੀਂ ਮਾਨਯੋ, ਰਾਰ ਬਢਾਈ।
ਤਿਨ ਪ੍ਰਤਿ ਸ੍ਰੀਮੁਖ ਯੋਂ ਫੁਰਮਾਈ :—
"ਅਬ ਨਹੀਂ ਮਾਨਹੁਗੇ ਸੁਨ ਭਾਈ!
ਪੁਨਿ ਮਨ ਹੋ ਪਾਛੇ ਪਛੁਤਾਈ! ੧੪੧

ਦੋਹਰਾ

ਤੁਮ ਅਬ ਹਮਰੇ ਬਚਨ ਬਰ, ਮਾਨਤ ਨਹੀਂ ਮਨ ਮਾਹਿਂ!
ਤੁਮੈ ਸਿੱਖ ਮੁਰ ਜਗਤ ਮੈ, ਕੋ ਮਾਨੈਗੋ ਨਾਹਿਂ! ੧੪੨

ਚੌਪਈ

ਅਧਿਕ ਦੁਖੀ ਹ੍ਵੈ, ਹੋ ਤੁਮ ਜਬੈ!
ਜੈ ਹੋ ਸਰਨਿ 'ਖਾਲਸੇ' ਤਬੈ!
ਤੁਮ ਕਹ ਤੋਰ ਤਾਰਿ ਅਧਿਕਾਈ!
ਲੈ ਹੈ 'ਸ੍ਰੀ ਖਾਲਸਾ' ਮਿਲਾਈ!!" ੧੪੩

(੪) 'ਖਾਲਸਾ-ਰਾਜ' ਦੇ ਅੰਤਲੇ ਸਮੇਂ ਰਚੇ ਗ੍ਰੰਥ 'ਗੁਰ ਪੰਥ ਪ੍ਰਕਾਸ਼' ਵਿਚ, ਸ੍ਰ. ਰਤਨ ਸਿੰਘ 'ਭੰਗੂ' ਲਿਖਦੇ ਹਨ :—

ਚੌਪਈ

ਪੁਨਿ ਸਤਿਗੁਰ ਉਨ ਸਿੱਖਯਾ ਦਈ :—
"ਮੀਣੇ, ਮਸੰਦਨ, ਬਰਤਯੋ ਨਹੀਂ!
ਕੁੜੀਮਾਰ, ਰਮਰਈ, ਨੜੀਮਾਰ!
ਜੋ ਇਨ ਮਿਲੈ, ਸੁ ਹੋਇ ਹੈ ਖ੍ਵਾਰ! ੧੩
ਜਥਾ ਸ਼ਕਤਿ ਗੁਰ-ਗੋਲਕਿ ਪਾਯੋ!
ਕੜਾਹ ਕਰਾਇ ਖਾਲਸੈ ਛਕਾਯੋ!
ਪਹਿਰ ਕਛਹਿਰੇ ਸਿਰ ਬੰਧਯੋ ਪਾਗ!
'ਗੁਰ ਗ੍ਰੰਥ' ਬਚਨ ਪਰ ਰਹਯੋ ਲਾਗ!!"੧੪

ਦੋਹਰਾ

ਯੋਂ ਕਹਿ ਕੈ ਸ੍ਰੀ ਸਤਿਗੁਰੂ, ਗਲਿ ਤੇਗੋ ਦੀਨੋ ਪਾਇ।
ਕਰਦ, ਚਕਰ ਸਿਰ ਪਰ ਧਰੈ, ਮੁਖੋਂ ਅਕਾਲ ਜਪਾਇ॥ ੧੫

ਚੌਪਈ

ਔਰ ਕਹੀ :—"ਗੁਰਬਾਣੀ ਪੜ੍ਹਾਯੋ।
'ਜਪੁ', 'ਜਾਪੁ' ਦੋਇ ਵੇਲੇ ਜਪਾਯੋ।

www.Mahapurakh.com

ਔ 'ਅਨੰਦ', 'ਰਹਿਰਾਸਿ' ਜਪੱਯੋ!
'ਚੰਡੀ ਬਾਨੀ' ਖੜੇ ਪੜ੍ਹੱਯੋ! ੧੬
ਦੁਇ ਵੇਲੇ ਉਠਿ ਬੰਧਯੋ ਦਸਤਾਰੇ!
ਪਹਰ ਆਠ ਰੱਖਯੋ ਸ਼ਸਤ੍ਰ ਸੰਭਾਰੇ!
ਪੀਓ ਸੁੱਖਾ[1] ਅਰੁ ਖੇਲੋ ਸ਼ਿਕਾਰ!
ਸ਼ਸਤ੍ਰ ਵਿੱਦਯਾ ਜਿਮ ਹੋਇ ਸੰਭਾਰ! ੧੭
ਕਰਿ[2] ਝਟਕੋ, ਬਕਰਨ ਕੋ ਖੱਯੋ!
ਮੁਰਦੈ, ਕੁੱਠੈ ਨਿਕਟ ਨ ਜੱਯੋ!
ਕੇਸਨ ਕੀ ਕੀਜੋ ਪ੍ਰਤਿਪਾਲ!
ਨਹਿ ਉਸਤਰਨ ਸੋਂ ਕੱਟਯੋ ਬਾਲ! ੧੮
ਪਿਤ੍ਰਨ ਕਰਮ ਸੁ ਛੋਰਨ ਕਰਨੋਂ!
ਰੱਖਯੋ ਧਯਾਨ ਸੁ ਮੱਧ ਗੁਰ ਚਰਨੋਂ!
ਪਰੈ ਔਰ ਜੋ ਖੋਟੇ ਰਾਹਿ!
ਤਿਨ ਕੋ ਲਾਯੋ ਜਰੂਰ ਤਨਖਾਹਿ[3]!!" ੧੯

ਰਹਿਤ-ਬਹਿਤ ਦਾ ਉਪਦੇਸ਼ ਕਰ ਕੇ, ਸਤਿਗੁਰਾਂ ਪੰਜਾਂ ਸਿੰਘਾਂ ਪਾਸੋਂ ਫਿਰ ਖੁਦ ਅੰਮ੍ਰਿਤ ਛਕਿਆ—

ਦੋਹਰਾ

ਕਰੀ ਜੁ ਸਤਿਗੁਰ ਪ੍ਰਥਮ ਬਿਧਿ, ਸੋਈ ਪੁਨਿ ਬਿਧਿ ਕੀਨ।
ਪੰਜ ਭੁਜੰਗੀ ਜੋ ਭਏ, ਗੁਰ ਉਨ ਤੇ ਪਾਹੁਲ ਲੀਨ॥ ੨੦

ਚੌਪਈ

ਵਹੀ ਵਰਤਾਰੋ ਭੁਜੰਗਨ ਵਰਤਾਯੋ।
'ਆਪੇ ਗੁਰ ਚੇਲਾ' ਕਹਿਵਾਯੋ।
ਯਹੀ ਆਦਿ ਹੁਤ ਆਯੋ ਵਰਤਾਰਾ।
ਜਿਮ ਨਾਨਕ ਗੁਰ ਅੰਗਦ ਧਾਰਾ॥ ੨੧
ਪੀਯੋ ਪਾਹੁਲ ਗੁਰ ਬਚਨਨਿ ਵਾਰੀ।
ਭਯੋ ਖਾਲਸੇ ਵਡ ਕਲਧਾਰੀ।
ਸਾਲ ਬਾਵਨ ਪਰ ਸੱਤ੍ਹ ਸਈ।
ਬੁਧਵਾਰ ਬਿਸਾਖੈ ਪੰਥ ਉਤਪਤਿ ਭਈ॥ ੨੧

(੫) 'ਖਾਲਸਾ-ਰਾਜ' ਦੀ ਸਮਾਪਤੀ ਤੋਂ ਬਾਅਦ, ਖਾਲਸਾ-ਪੰਥ ਵਿਚ, ਬਾਬਾ ਰਾਮ ਸਿੰਘ ਜੀ 'ਨਾਮਧਾਰੀ' ਗੁਰਮਤਿ ਦੇ ਸਰਗਰਮ ਤੇ ਸਿਰਕੱਢ ਪ੍ਰਚਾਰਕ ਹੋ ਗੁਜ਼ਰੇ ਹਨ। ਆਪ ਨੇ ਨਾਮ ਸਿਮਰਨ ਤੇ ਸੇਵਾ ਭਾਵ ਦਾ—ਮਾਨੋ—ਭੰਡਾਰ ਹੀ ਖੋਲ੍ਹ ਦਿੱਤਾ ਸੀ। ਆਪ ਨੇ ਸਿੱਖਾਂ ਨੂੰ ਜੋ ਕਰਣੀ-ਕਰਤੂਤ ਸਿਖਾਈ, ਉਸ ਦਾ ਨਮੂਨਾ ਆਪ ਦੇ ਇਸ ਹੁਕਮਨਾਮੇ ਤੋਂ ਪ੍ਰਗਟ ਹੈ :—

---

1. ਛਪੀ ਪੁਸਤਕ ਵਿਚ, ਪਾਠ 'ਸੁਧਾ' (ਅੰਮ੍ਰਿਤ) ਹੈ। ਪਰ 'ਭੰਗੂ' ਸਰਦਾਰ ਦੇ ਆਪਣੇ ਲਿਖੇ ਖਰੜੇ ਵਿਚ 'ਸ਼ਰਾਬ' ਲਿਖਿਆ ਹੈ।

2. ਬੱਕਰਿਆਂ ਦਾ, ਹੱਥੀਂ ਝਟਕਾ ਕਰ ਕੇ, ਮਾਸ ਖਾਣਾ।

3. ਡੰਨ, ਜੁਰਮਾਨਾ।

www.Mahapurakh.com

ੴ ਸਤਿਗੁਰ ਪ੍ਰਸਾਦਿ॥

ਲਿਖਤਮ ਰਾਮ ਸਿੰਘ। ਹੋਰ, ਸੰਬੂਹ ਖਾਲਸੇ ਜੀ ਕੋ
'ਸ੍ਰੀ ਵਾਹਗੁਰੂ ਜੀ ਕਾ ਖਾਲਸਾ;
ਸ੍ਰੀ ਵਾਹਗੁਰੂ ਜੀ ਕੀ ਫ਼ਤਿਹ!'—

ਬੁਲਾਈ ਪ੍ਰਵਾਨ ਕਰਨੀ! ਹੋਰ, ਰਹਿਤ ਸੰਬੂਹ ਸੰਗਤਿ ਦੇ ਵਾਸਤੇ, ਲਿਖਿਆ ਭੈਣੀ ਤੇ :—

ਪਿਛਲੀ ਰਾਤੀਂ ਉਠ ਕੇ ਦਾਤਨ ਕਰਨੀ। ਫ਼ੇਰ ਇਸਨਾਨ ਕਰਨਾ! ਬਾਣੀ ਪੜ੍ਹਨੀ। ਜੇ ਕੰਠ ਨਾ ਹੋਵੇ, ਤਾਂ ਕੰਠ ਕਰ ਲੈਣੀ! ਸਰਬ ਮਾਈ, ਬੀਬੀ, ਸਰਬਤ ਨੇ ਜਪੁ, ਜਾਪੁ, ਦੋਹਾਂ ਦੇ ਹਜ਼ਾਰੇ ਸ਼ਬਦ, ਜ਼ਰੂਰ ਕੰਠ ਕਰਨੇ। ਰਹਿਰਾਸ, ਆਰਤੀ ਸੋਹਿਲਾ; ਏਤਨੀ ਬਾਣੀ ਜ਼ਰੂਰ ਕੰਠ ਕਰਨੀ। ਤੇ ਸੀਲ ਸੰਤੋਖ ਸਭ ਨੇ ਰੱਖਣਾ। ਭਜਨ ਅੱਠੇ ਪਹਿਰ ਕਰਨਾ, ਗੁਰੂ ਸੱਚੇ ਦਾ!

ਹੋਰ ਪਰਾਈ ਧੀ, ਭੈਣ ਆਪਣੀ ਜਾਣਨੀ। ਪਰਾਇਆ ਹੱਕ ਗੁਰੂ ਜੀ ਨੇ ਅੱਗੇ ਲਿਖ ਹੀ ਛੱਡਿਆ ਹੈ—

"ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ॥"[1]

ਜੇ ਕੋਈ ਭਜਨ ਪੁੱਛ ਕੇ ('ਗੁਰ ਮੰਤ੍ਰ' ਲੈ ਕੇ) ਨਾ ਕਰੂਗਾ; ਉਸ ਦਾ ਮੂੰਹ ਦੂਹੀਂ ਜਹਾਨੀਂ ਕਾਲਾ ਹੋਊਗਾ!

ਹੋਰ ਕਿਸੇ ਦਾ ਕਬੋਲ ਸਹਿ ਜਾਣਾ ਸਭਦਾ! ਜੇ ਕੋਈ ਮਾਰੇ ਕੁੱਛ, ਤਾਂ ਭੀ ਖ਼ਿਮਾ ਕਰਨੀ! ਤੁਸਾਂ ਦਾ ਰੱਛਕ ਗੁਰੂ ਹੈ। ਹਰ ਵਕਤ ਤੁਸੀਂ ਆਪਣੀ ਭਲਾਈ ਛਪਾਉਣ ਦੀ ਕਰਨੀ।

ਦੀਵਾਨ ਲੌਣਾ। ਹਰਿ ਕੀਰਤਨ ਸ਼ਬਦ ਕਰਨਾ! ਜੇਕਰ ਜੱਗ ਕਰਨਾ ਹੋਵੇ; ਚੌਂਕੇ ਵਿਚ ਪੈਰ ਧੋਇ ਕਰ ਬੜਨਾ! ਅਰੁ ਹੋਮ ਭੀ ਕਰਨਾ। ਪਹਿਲਾਂ ਚੌਕਾ ਦੇਣਾ, ਹੋਮ ਦੀ ਜਗ੍ਹਾ। ਲਕੜੀ ਹੋਮ ਵਿਚ ਪਲਾਸ ਦੀ ਪਾਉਣੀ, ਜਾਂ ਬੇਰੀ ਦੀ। ਫੂਕ ਨਹੀਂ ਮਾਰਨੀ; ਹੋਮ ਦੀ ਅੱਗ ਨੂੰ ਪੱਖੀ ਨਾਲ ਝੱਲਣਾ। ਪੰਜ ਆਦਮੀ ਹੋਮ ਵਿਚ ਪੋਥੀਆਂ ਉਤੇ ਬਾਣੀ ਪੜ੍ਹਨੀ; ਚਉਪਈ, ਜਪੁ, ਜਾਪੁ, ਚੰਡੀ ਚਰਿਤ੍ਰ, ਅਕਾਲ ਉਸਤਤਿ। ਛੇਵਾਂ ਆਦਮੀ ਅਹੂਤੀ ਪਾਵੇ; ਸੱਤਵਾਂ ਮਗਰੋਂ ਜਲ ਦਾ ਛਿੱਟਾ ਦੇਵੇ, ਥੋੜ੍ਹਾ-ਥੋੜ੍ਹਾ।

ਜੇ ਕੋਈ ਮੰਦਾ ਕੰਮ ਕਰੇ—ਯਾਰੀ, ਚੋਰੀ ਕਾ; ਕਿਸੇ ਥਾਂਇ ਦਿਵਾਨ ਵਿਚ ਨਹੀਂ ਬੜਨ ਦੇਣਾ। ਜੇਕਰ ਜੋਰਾਬਰ ਹੋਵੈ; ਤਾਂ ਸਭਨਾਂ ਅੱਰਦਾਸਿ ਕਰਨੀ : "ਜੀ! ਇਹ ਆਦਮੀ ਇਥੇ ਆਉਣ ਜੋਗਾ ਹੀ ਨ ਰਹੇ।"

ਹੋਰ, ਜੀ! ਸਭ ਨੇ ਹੱਥ ਜੋੜਨੇ ਪਰਮੇਸੁਰ ਅੱਗੇ; ਜੋ "ਹੇ ਮਹਾਰਾਜ! ਸਾਡਾ ਧਰਮ ਬਣਿਆ ਰਹੇ!"

ਹੋਰ, ਕੱਛਾਂ ਰੱਖਣੀਆਂ, ਪਾਉਂਚਾ ਪਾਇਕੇ ਲਾਹੁਣਾ!

ਹੋਰ, ਕਿਸੇ ਦਾ ਮੰਦਾ ਕਰਮ ਛਪਾਉਣਾ ਨਹੀਂ।

ਹੋਰ, ਜੀ! ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ! ਬੱਟਾ ਨਹੀਂ ਕਰਨਾ!

ਸਦਾ "ਗੁਰੂ! ਗੁਰੂ!!" ਜਪਦੇ ਰਹਿਣਾ!

ਦਾਰੂ, ਮਾਸ ਨਹੀਂ ਖਾਣਾ!

ਖ਼ੌਫ਼ ਰੱਖਣਾ ਗੁਰੂ ਦਾ ਹਰਦਮ!! ੧੩

... ... ...

1. ਵਾਰ ਮਾਝ ਕੀ, ਸਲੋਕ ਮਹਲਾ ੧, ਪਉੜੀ ੭।

www.Mahapurakh.com

ਅਰੁ ਜਿਤਨਾ ਕੁ ਸਰੇ, ਉਤਨਾ ਕੁ ਪੁੰਨ ਦਾਨ ਕਰਣਾ; ਜਥਾ ਸ਼ਕਤਿ। ਭੁੱਖੇ ਨੂੰ ਰੋਟੀ; ਨੰਗੇ ਨੂੰ ਕੱਪੜਾ, ਜਿਤਨਾ ਸਰੇ!—

ਅਰੁ ਹਰ ਵਖਤ ਬੇਨਤੀ ਕਰਨੀ :—

'ਹੇ ਗੁਰੂ ਸਾਹਿਬ ਜੀ! ਅਸੀਂ ਅਪਰਾਧੀ ਪਾਪੀ ਜੀਉ ਹਾਂ; ਤੇਰਾ ਪਤਿਤ ਪਾਵਨ ਬਿਰਦ ਸੁਣਕੇ, ਤੇਰੇ ਬੂਹੇ ਆਇ ਡਿਗੇ ਹਾਂ! ਸਾਨੂੰ ਆਪਣੀ ਕਿਰਪਾ ਕਰਕੇ, ਗੁਰਮਤਿ ਦੀ ਖੈਰ ਪਾਉ! ਅਰੁ ਮਨੁੱਖਾਂ ਦਾ ਮੇਲਾ ਜਿਥੇ ਹੋਵੇ; ਤਾਂ ਗੁਰਮੁਖਾਂ ਦਾ ਮੇਲਾ ਹੋਵੇ! ਮਨਮੁਖਾਂ ਦੀ ਸੰਗਤਿ ਤੇ ਰੱਖ ਲਈਂ; ਮਹਾਰਾਜ! ਜਿੱਥੇ ਜੀਉ ਜਾਵੇ! ਅਰੁ ਹੇ ਮਹਾਰਾਜ! ਜੋ ਤੈਂ ਗੁਰੂ ਰੂਪ ਧਾਰ ਕੇ, ਹੁਕਮ ਦਿੱਤਾ ਹੈ 'ਗੁਰੂ ਗ੍ਰੰਥ ਸਾਹਿਬ' ਮੈਂ, ਸੋ ਤੂੰ ਆਪਣਾ ਹੁਕਮ ਉਤੇ ਪਰਤੀਤ ਦਾ ਦਾਨ ਦੇਈਂ! ਹੇ ਮਹਾਰਾਜ! ਮੈਨੂੰ ਦੂਜੇ ਭਾਉ ਤੇ ਸਦਾ ਹੀ ਰੱਖ ਲਈਂ! ਤੇਰਿਆਂ ਚਰਨਾਂ ਤੋਂ ਬਿਨਾਂ ਮੇਰੀ ਦੂਜੇ ਥਾਂ ਕਦੇ ਭੀ ਪਰਤੀਤ[1] ਨਾ ਹੋਏ! ਹੇ ਮਹਾਰਾਜ! ਮੈਨੂੰ ਸਦਾ ਹੀ ਬੇਮੁਖੀ ਤੋਂ ਰੱਖ ਲਈਂ।

'ਬੇਮੁਖੀ' ਇਸਦਾ ਨਾਉਂ ਹੈ, ਜੋ ਗੁਰੂ ਦੇ ਹੁਕਮ ਤੋਂ ਫਿਰ ਜਾਣਾ! ਅਰੁ ਬਡਾ ਦੁੱਖ ਹੈ ਬੇਮੁਖੀ ਦਾ! ਇਹ ਮੰਗ ਗੁਰੂ ਸਾਹਿਬ ਤੇ ਹਰ ਵਕਤ—ਕਦੇ ਬੋਲਕੇ—ਮੰਗਣੀ, ਕਦੇ ਅੰਦਰ ਹੀ। ਅੰਤਰਜਾਮੀ ਸਾਰੇ ਹੀ ਸੁਣਦਾ ਹੈ।...ਅੱਰਦਾਸਿ ਲਿਖੀ ਚੇਤ੍ਰ ਵਦੀ ਸਾਲ ੧੯੩੧ (੧੮੭੫ ਈ:, ਮਾਰਚ ਵਿਚ)

... ... ...

ਜੋ ਮੈਨੂੰ ਹੁਕਮ ਹੈ ਗੁਰੂ ਸਾਹਿਬ ਦਾ; ਸੋ ਮੈਂ ਲਿਖ ਦਿੰਦਾ ਹਾਂ; ਸਭ ਨੂੰ ਸੁਣਾਇ ਦੇਣੀ; ਜੋ, ਕੋਈ ਵੀ ਚੀਜ਼ ਨਾ ਲਵੇ, ਕਿਸੇ ਦੀ। ਖੋਹ ਲੈਣਾ, ਚੁਰਾਇ ਲੈਣਾ, ਲੈ ਕੇ ਨਾ ਦੇਣਾ; ਇਹ ਮਹਾਂ ਪਾਪ ਹੈ। ਅੱਰਦਾਸਿ ਲਿਖੀ (੧੨) ਚੇਤ ਬਦੀ ੨, ਸਾਲ ੧੯੩੧ (੨੩ ਮਾਰਚ ੧੮੭੫ ਈ:, ਮੰਗਲਵਾਰ)॥ ੧੪॥

ਗੁਰੂਆਂ ਗੁਰੂ 'ਗ੍ਰੰਥ ਸਾਹਿਬ' ਗੁਰੂ ਹੈ। ਸੋ 'ਸਬਦ-ਗੁਰੂ' ਜਿੱਥੇ ਕੋਈ ਮੰਨੂੰ; ਉਧਾ, ਉੱਥੇ ਹੀ ਭਲਾ ਹੋ ਜਾਊਗਾ। ਸੱਤਿ ਮੰਨਣੀ! ਇਹ ਬਾਤ ਹੈ॥ (ਪੰਨਾ ੧੯)

ਭੋਗ, ਗੁਰੂ ਗ੍ਰੰਥ ਸਾਹਿਬ ਦੇ, ਤੇ ਬਾਣੀ ਕੰਠ ਕਰਨ ਸਰਬ ਬੁੱਢੇ, ਬਾਲੇ, ਮਾਈ, ਬੀਬੀ; ਪਿੱਛਲਿ ਰਾਤਿ ਇਸ਼ਨਾਨ। ਤੇ ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾ ਦੇਣੇ।

ਅਰੁ ਜਥਾ ਸ਼ਕਤਿ ਸੇਵਾ ਵੀ ਕਰਨੀ ਅੰਨ ਬਸਤਰ ਦੀ, ਲੋੜਵੰਦ ਦੀ; ਚਾਹੇ ਕਿਸੇ ਪੰਥ ਦਾ ਹੋਵੇ; ਚਾਹੇ ਨਿੰਦਕ ਵੀ ਹੋਵੇ।...ਵੰਡ ਛਕਣਾ ਜਥਾ ਸ਼ਕਤਿ।

... ... ...

ਪਖੰਡ ਨਹੀਂ ਕਿਸੇ ਕਰਨਾ! ਪਖੰਡ ਕੀਤੇ ਤੇ ਮੂੰਹ ਕਾਲਾ ਹੁੰਦਾ ਹੈ, ਦੀਨ ਦੁਨੀ ਮੈ।

ਅਰੁ ਬਸ ਕਰਕੇ ਕਿਸੇ ਕੋ ਫਿੱਕਾ ਭੀ ਨਹੀਂ ਬੋਲਣਾ। ਸੰਮਤ ੧੯੩੭ ਹਾੜ੍ਹ ਬਦੀ ੧॥ (ਸੰਨ ੧੮੮੦, ਜੂਨ ਮਹੀਨੇ) (ਪੰਨਾ ੫੦)

... ... ...

ਮੇਲੇ ਉਤੇ ਅੰਨ ਪਾਣੀ ਆਪੋ ਆਪਣਾ ਖਾਣਾ, ਗੁਰਦੁਆਰੇ ਤੀਰਥ ਉਤੇ—ਮੁਕਤਸਰ, ਅਨੰਦਪੁਰ, ਦਮਦਮੇ, ਅੰਮ੍ਰਿਤਸਰ!...

ਹੋਰ, ਭਾਈ! ਦਸਾਂ ਪਾਤਸ਼ਾਹੀਆਂ ਤੇ ਪਿੱਛੇ ਤਾਂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸਥਾਪਨ ਕਰ ਗਏ ਹਨ। ਸੋ ਸਦਾ ਹੀ ਇਸਥਿਤ ਹੈ। ਹੋਰ ਗੁਰੂ ਕੋਈ ਨਹੀਂ! (ਪੰਨਾ ੫੪)

... ... ...

---

1. ਯਕੀਨ, ਅੱਕੀਦਾ, ਭਰੋਸਾ।

www.Mahapurakh.com

ਭਜਨ ਬਾਣੀ ਤੋਂ ਬਿਨਾਂ ਕੋਈ ਭਾਵੇਂ ਕਿਤਨਾ ਕੰਮ ਕਰੇ; ਰਿਜਕ ਦਾ ਵਾਧਾ ਨਹੀਂ ਹੁੰਦਾ। ਜੇ ਰਿਜਕ ਵੀ ਹੈ ਕਿਸੇ ਪਾਸ ਬਹੁਤਾ, ਉਸ ਦੀ ਨੀਤ ਨਹੀਂ ਭਰਦੀ। ਤ੍ਰਿਸ਼ਨਾ ਦੀ ਅੱਗ ਸਦਾ ਹੀ ਲੱਗੀ ਰਹਿੰਦੀ ਹੈ। ਪੁੰਨ ਦਾਨ ਵੀ ਨਹੀਂ ਹੋ ਸਕਦਾ। ਧਨ ਪਿਆ ਹੀ ਛਡਕੇ ਮਰ ਜਾਂਦੇ ਹੈਨਿ। (ਪੰਨਾ ੫੯)

ਅਰੁ ਸਭ ਨੇ ਬਾਣੀ ਕੰਠ ਕਰਨੀ! ਪੰਜ ਗ੍ਰੰਥ ਤਾਂਈ ਨਾ ਹੋਵੇ, ਤਾਂ ਜਪੁ, ਰਹਿਰਾਸਿ, ਆਰਤੀ, ਸੋਹਿਲਾ। ਹੋਰ ਜੇ ਸੁਖਮਨੀ, ਆਸਾ ਦੀ ਵਾਰ ਪਹਿਲੇ ਤੇ ਸ਼ਨਾਨ ਕਰਕੇ ਬਾਣੀ ਪੜ੍ਹਨੀ, ਜਿੰਨੀ ਕੰਠ ਹੋਵੇ, ਤਾਂ ਕੱਲੇ ਬੈਠਕੇ ਭਜਨ ਬਾਣੀ ਕਰਨਾ। ਅਰੁ ਇਸ਼ਨਾਨ ਸਵਾ ਪਹਿਰ ਦਾ ਤੇ ਬਡਾ ਈ ਮਹਾਤਮ ਹੈ। ਪਰ ਫੇਰ ਜਿੱਥੇ ਤਾਈਂ ਪੁੱਜੇ—ਸਵਾ ਪਹਿਰ, ਚਾਰ ਘੜੀ, ਦੋ ਘੜੀ, ਪਹਿ ਪਾਟੀ 'ਤੇ ਤਾਂ ਜ਼ਰੂਰ ਹੀ ਕਰਨਾ। ਸਾਲ ੧੯੩੭ ਚੇਤਰ ਸੁਦੀ। ੧੧॥ (ਮਾਰਚ ੧੮੮੧)॥

ਸੁਚੇਤੇ ਜਾ ਕੇ ਨ੍ਹੌਣਾ। ਆਕੇ ਕਪਾਹੇ ਲੀੜੇ ਧੋਇ ਲੈਣੇ। ਇਹ ਤੇ ਬਹੁਤ ਅੱਛੀ ਬਾਤ ਹੈ। ਪਰ ਜੋ ਬਹੁਤਾ ਨਾ ਪੁੱਜੇ, ਤਾਂ ਪਾਣੀ ਦਾ ਗੜਵਾ ਤਾਂ ਸਭ ਨੇ ਲੈ ਜਾਣਾ, ਮਰਦਾਨੇ ਭੀ, ਜਨਾਨੇ ਭੀ। ਬਿਨਾਂ ਪਾਣੀ ਨਹੀਂ ਜਾਣਾ, ਝਾੜੇ-ਜੰਗਲ ਕਿਤੇ ਭੀ। ਅਰੁ ਚੌਂਕਾ ਦੇ ਕੇ ਪ੍ਰਸਾਦਿ ਕਰਨਾ। ਸਭ ਨੇ ਚੌਂਕੇ ਵਿਚ ਪੈਰ ਧੋ ਕੇ ਵੜਨਾ। ਵਿਚ ਬੈਠਕੇ ਚੌਂਕੇ ਦੇ ਰੋਟੀ ਨਾ ਖਾਣੀ, ਪ੍ਰਸਾਦਿ ਪਕੌਣੇ ਵਾਲੀ ਨੇ। ਜੋ ਇਹ ਬਾਤ ਮੰਨੇਗਾ, ਤਾਂ ਉਸ ਨੂੰ ਅੱਛਾ ਫਾਇਦਾ ਹੋਊਗਾ। ਜੋ ਨਾ ਮੰਨੂਗਾ, ਉਹ ਭੂਤ ਹੈ, ਮਨੁੱਖ ਨਹੀਂ। (ਪੰਨਾ ੬੩—੪)

ਇਨ੍ਹਾਂ ਉੱਤੇ ਦੱਸੀਆਂ ਸੰਖੇਪ 'ਰਹਿਤਾਂ' ਦਾ ਆਧਾਰ, ਸਤਿਗੁਰਾਂ ਦਾ ਲਿਖਾਇਆ. 'ਰਹਿਤਨਾਮਾ'—'ਬੁੱਧੀ ਬਿਬੇਕ' ਯਾ ਕੋਈ ਉਸ ਤੋਂ ਪਹਿਲਾ ਗ੍ਰੰਥ ਹੈ ਜਿਸ ਨੂੰ ਵਾਰਤਕ ਰੂਪ ਦੇ ਕੇ 'ਪ੍ਰੇਮ ਸੁਮਾਰਗ' ਨਾਮ ਰੱਖਿਆ ਗਿਆ ਹੈ। ਬਾਬਾ ਰਾਮ ਸਿੰਘ ਜੀ ਨੇ ਤਾਂ, ਆਪਣੇ ਇੱਕੀਹਵੇਂ ਹੁਕਮਨਾਮੇ ਵਿਚ, ਸੰਗਤਿ ਨੂੰ ਇਸ ਨੂੰ ਹੀ ਪੜ੍ਹਨ ਦੀ ਹਦਾਯਤ ਭੀ ਕੀਤੀ ਹੈ॥

# ਨਾਨਕ ਪੰਥੀਆਂ ਦੀ ਬੁਨਿਆਦੀ ਰਹਿਤ

ਸਤਿਗੁਰੂ ਨਾਨਕ ਸਾਹਿਬ ਦਾ ਧਰਮ-ਉਪਦੇਸ਼ ਤਾਂ ਚਹੁੰ ਵਰਨਾਂ (ਮਨੁੱਖ ਮਾਤ੍ਰ ਲਈ ਸਾਂਝਾ ਸੀ) ਹਿੰਦੂ ਨੂੰ ਵੇਦਾਂ-ਸ਼ਾਸਤ੍ਰਾਂ ਦੇ ਪ੍ਰਮਾਣ ਦੇ ਕੇ, ਆਪਣੇ ਧਰਮ ਲਈ ਦ੍ਰਿੜ੍ਹ ਕਰਦੇ ਸਨ, ਤੇ ਮੁਸਲਮਾਨਾਂ (ਕਤੇਬੀ ਮਤਿ-ਧਾਰੀਆਂ) ਨੂੰ, ਕਤੇਬਾਂ ਆਦਿ ਦੇ ਹਵਾਲਿਆਂ ਨਾਲ ਆਪਣੀ ਸ਼ੱਰਾ-ਸ਼ਰੀਅਤ ਉਤੇ ਸਹੀ ਅਮਲ ਕਰਨ ਦੀ ਹਦਾਇਤ ਕਰਦੇ ਸਨ। ਪ੍ਰਚੱਲਤ ਮਜ਼ਹਬਾਂ, ਧਰਮਾਂ ਤੇ ਫ਼ਿਰਕਿਆਂ ਵਿਚੋਂ ਜੋ ਭੀ ਬਾਬਾ ਜੀ ਦਾ ਸੱਚਾ ਉਪਦੇਸ਼ ਮੰਨ ਕੇ, ਉਨ੍ਹਾਂ ਦੇ 'ਸਿੱਖ' (ਨਾਨਕ ਪੰਥੀ) ਬਣਦੇ ਸਨ, ਉਨ੍ਹਾਂ ਲਈ ਸਰਬ-ਸਾਂਝੀ ਰਹਿਤ (ਕਰਣੀ) ਇਹ ਉਪਦੇਸ਼ੀ ਜਾਂਦੀ ਸੀ :—

੧—ਸੱਚ ਬੋਲਣਾ।
੨—ਧਰਮ (ਦਸਾਂ ਨਹੁੰਆਂ) ਦੀ ਕਿਰਤ ਕਰਨੀ।
੩—ਵੰਡਿ ਛਕਣਾ।
੪—'ਨਾਮੁ' (ਗੁਰਮੰਤ੍ਰ-'ਵਾਹਗੁਰੂ') ਜਪਣਾ। ਅਤੇ
੫—ਸੰਤ-ਸਵੇਰਿ ਸਤਸੰਗਤਿ ਵਿਚ ਹਾਜ਼ਰ ਹੋ ਕੇ, ਕਥਾ-ਕੀਰਤਨ ਕਰਨਾ ਤੇ ਸੁਣਨਾ।

ਬੱਸ, ਸਮੁੱਚੀ ਗੁਰਬਾਣੀ ਵਿਚ ਇਨ੍ਹਾਂ ਹੀ ਮੂਲ ਰਹਿਤਾਂ ਦਾ ਸਿੱਧਾ-ਸਰਲ ਉਪਦੇਸ਼ ਹੈ। ਇਹੋ ਮਨੁੱਖੀ ਧਰਮ ਦੇ ਮੂਲ-ਨਿਯਮ (ਅਸੂਲ) ਹਨ, ਜੋ ਹਰ ਸਮੇਂ ਹਰ ਦੇਸ਼ ਵਿਚ ਅਟੱਲ ਰਹਿੰਦੇ

www.Mahapurakh.com

ਹਨ। ਇਨ੍ਹਾਂ ਦੇ ਆਧਾਰ ਤੇ—ਦੇਸ ਕਾਲ (ਸਥਾਨ ਤੇ ਸਮੇਂ) ਦੀਆਂ ਲੋੜਾਂ ਨੂੰ ਮੁੱਖ ਰੱਖ ਕੇ—ਜੋ ਉਪ-ਨਿਯਮ (ਕਾਇਦੇ-ਕਾਨੂੰਨ) ਬਣਦੇ ਹਨ, ਉਹ ਲੋੜ ਅਨੁਸਾਰ ਬਦਲੇ ਵੀ ਜਾ ਸਕਦੇ ਹਨ।

## ੩—ਰਹਿਤਨਾਮਾ ਲਿਖਾਇਆ

'ਮਸੰਦੀ ਮ੍ਰਿਯਾਦਾ' ਮਨਸੂਖ ਕਰਕੇ, ਜਦੋਂ ਸ੍ਰੀ ਗੁਰੂ ਜੀ ਨੇ, ਸੰਗਤਿ ਨੂੰ 'ਖਾਲਸਾ' ਬਣਾ ਲਿਆ, ਅਰੁ ਫਿਰ ਨਾਮ-ਦਾਨੁ, ਗੁਰੂੱਪਦੇਸ਼ ਤੇ 'ਪਾਹੁਲ' ਦੇਣ ਵਾਸਤੇ, ਕਿਸੇ ਇਕ ਗੁਰਮੁਖ ਦੀ ਥਾਂ, 'ਪੰਚ ਪਰਧਾਨ' ਗੁਰਮੁਖ (ਪੰਜ ਪਿਆਰੇ) ਚੁਣਨ ਦੀ ਰੀਤੀ ਪ੍ਰਚੱਲਤ ਕਰ ਦਿੱਤੀ, ਤਦੋਂ ਲਾਜ਼ਮੀ ਤੌਰ ਪੁਰ ਇਸ ਮ੍ਰਿਯਾਦਾ ਨੂੰ ਅਮਰ ਰੱਖਣ ਲਈ 'ਖਾਲਸਾ-ਸਿਮ੍ਰਿਤੀ' ਭੀ ਤਿਆਰ ਕਰਨੀ ਹੀ ਸੀ। ਜਿਵੇਂ ਪਹਿਲਾਂ 'ਖੰਡੇ ਦਾ ਅੰਮ੍ਰਿਤ' ਖੁਦ ਤਿਆਰ ਕਰਕੇ, ਪੰਜਾਂ ਪਿਆਰਿਆਂ ਨੂੰ ਛਕਾਇਆ, ਤਿਵੇਂ ਉਨ੍ਹਾਂ ਪਾਸੋਂ ਤਿਆਰ ਕਰਵਾ ਕੇ, ਖੁਦ ਛਕਿਆ, ਤੇ ਹੋਰਨਾਂ ਅਭਿਲਾਖੀ ਪ੍ਰੇਮੀਆਂ ਨੂੰ ਛਕਵਾਇਆ। ਜਿਨ੍ਹਾਂ ਨੂੰ ਸਿੱਖ ਇਤਿਹਾਸ ਵਿਚ 'ਪੰਝੀਹ ਮੁਕਤੇ' ਨਾਮ ਦੇ ਕੇ, ਸਤਿਕਾਰਿਆ ਗਿਆ। ਫਿਰ ਪੰਜਾਂ ਪਿਆਰਿਆਂ ਨੂੰ ਜਥੇਦਾਰ ਥਾਪ ਕੇ, ਚਾਰ-ਚਾਰ ਗੁਰਮੁਖ ਸਿੰਘ, ਪੰਝੀਹਾਂ ਮੁਕਤਿਆਂ ਵਿਚੋਂ ਉਨ੍ਹਾਂ ਨਾਲ ਸ਼ਾਮਿਲ ਕਰਕੇ, ਪੰਜਾਂ ਪਿਆਰਿਆਂ ਦੇ ਪੰਜ ਜੱਥੇ ਸਾਜੇ। ਉਨ੍ਹਾਂ ਨੂੰ ਬਾਹਰਲੇ ਇਲਾਕਿਆਂ ਵਿਚ ਅੰਮ੍ਰਿਤ ਪ੍ਰਚਾਰ ਕਰਨ ਵਾਸਤੇ ਭੇਜਿਆ। ਉਨ੍ਹਾਂ ਦੀ ਅਗਵਾਈ ਵਾਸਤੇ ਉਸ ਮੌਕੇ 'ਖਾਲਸਾ ਸਿਮ੍ਰਿਤੀ' (ਰਹਿਤਨਾਮਾ) ਗ੍ਰੰਥ ਤਿਆਰ ਕੀਤਾ ਗਿਆ। ਇਸ ਗੱਲ ਦੀ ਉਗਾਹੀ ਪੁਰਾਤਨ ਇਤਿਹਾਸ-ਗ੍ਰੰਥਾਂ ਵਿਚ ਮਿਲਦੀ ਹੈ :—

(੧) ਭਾਈ ਕੇਸਰ ਸਿੰਘ, 'ਛਿੱਬਰ' ਦਾ ਕਹਿਣਾ ਹੈ :—

ਸੰਮਤ ਸਤਾਰਾਂ ਸੈ ਇਕਾਹਟ ਸੇ ਗਏ।
ਮੇਲੇ ਵਿਸਾਖੀ ਦੇ ਸਿੱਖ ਸੰਗਤਿ ਸਭ ਆਵਤ ਭਏ।
ਸਿੱਖ ਸੰਗਤਿ ਆਏ ਲੱਖ ਹਜ਼ਾਰ।
ਸਭ ਤੇ ਊਚਾ ਸਾਹਿਬ ਕਾ ਦਰਬਾਰ॥ ੪੪੨
ਹਜੂਰਿ ਮੁਕਤੇ ਹੋਏ ਦਸ ਤੇ ਚਾਰ (੧੪)।
ਹੱਛੇ ਸਿੱਖ ਰਹਿਤ-ਬਿਬੇਕ ਬੁੱਧਿ-ਬਿਚਾਰ।
ਸਿੱਖ ਸੰਗਤਿ ਦੇ, ਪਾਸ ਤਿਨ੍ਹਾਂ ਦੇ ਜਾਨ!
ਵਹੁ ਆਗੇ ਤੇ ਯਹਿ ਕਰਤ ਬਖਾਨ। ੪੪੩
ਸਿੱਖੀ ਦੀ ਰਹਿਤ ਦਾ ਕਰਨ ਉਪਦੇਸ਼ :—
"ਗੁਰੂ ਕਾ ਸਿੱਖ, ਸਿੱਖ ਨਾਲ ਕਰੇ ਪਿਆਰ ਹੇਤੁ!
ਬ੍ਰਹਮੇ,[1] ਮੁਹੰਮਦ ਦੀ ਕਾਣ[2] ਨ ਕਰੇ!
ਸਿੱਖ, ਨਾਤਾ ਸਿੱਖ ਨਾਲ ਹੀ ਕਰੇ!! ੪੪੪
ਜੰਞੂ, ਟਿੱਕਾ, ਧੋਤੀ ਕਰੇ ਤਿਆਗੁ!
ਨਾ ਤੱਤੇ ਦੀ ਸੰਗਤਿ, ਨਾ ਤੱਤੇ ਸੇਤੀ ਸੁਪਨੇ ਭੀ ਕਰੇ ਲਾਗ।
ਨਾਤਾ ਸਿੱਖ ਨਾਲ, ਜਾਤਿ ਬਰਨ ਕੁਛ ਪੁੱਛੈ ਨਾਹੀ!"

1. ਹਿੰਦੂਆਂ ਦਾ ਵਡੇਰਾ। ਤਿੰਨਾਂ ਮੁਖੀ ਦੇਵਤਿਆਂ 'ਚੋਂ ਇਕ।
2. ਕਾਣ, ਕਣੌਡ, ਮੁਹਛੰਦਗੀ, ਝੇਪ।

www.Mahapurakh.com

ਇਹ ਉਪਦੇਸ ਮੁਕਤੇ ਕਰਨ ਸਭਨਾਂ ਹੀ॥ ੪੪੫
ਸਿੱਖ ਸੰਗਤਿ ਸੁਣਕੇ ਕਰਨ ਬੀਚਾਰ :—
ਜੋ :—'ਇਹ ਉਪਦੇਸ਼ ਹੈ ਅਨਾਚਾਰ[1]!'
ਮੁਸੱਦੀਆਂ ਸਿੱਖਾਂ, ਦੀਵਾਨਾਂ ਨੂੰ ਏਹ ਖਬਰ ਹੋਈ॥
... ... ...੪੪੬

ਸਿੱਖ ਕਿਰਤੀਆਂ ਆਇ ਸੁਨਾਇਆ :—
ਜੋ "ਇਹ ਉਪਦੇਸ਼ ਅਸਾਥੋਂ ਨਹੀਂ ਜਾਂਦਾ ਕਮਾਇਆ!" ੪੪੭

ਤਬ ਸਾਹਿਬ ਏਹ ਫ਼ੁਰਮਾਇਆ :—
"ਇਹ ਹੁਕਮ ਅਸਾਡਾ ਜਾਇ ਕਮਾਇਆ!..."
ਸ਼ਸਤ੍ਰਧਾਰੀ ਹੋਵੈਗਾ ਪੰਥ।
ਗੁਰੂ ਕੇ ਸਿੱਖ ਚਲਣਗੇ ਮਤੇ ਗ੍ਰੰਥ।—
'ਹੁਕਮਿ ਮੰਨਿਐ ਹੋਵੈ ਪਰਵਾਣੁ,
ਤਾਂ ਖਸਮੈ ਕਾ ਮਹਲੁ ਪਾਇਸੀ'—

*(ਵਾਰ ਆਸਾ ਮ: ੧, ਪਉੜੀ ੧੫)*

ਇਹ ਬਚਨ—'ਗ੍ਰੰਥ ਸਾਹਿਬ' ਆਖਿ ਸੁਣਾਇਸੀ॥ ੪੮੮

ਸਿੱਖ ਸੋਈ ਜੋ ਹੁਕਮ—'ਖਾਸ ਦਸਖ਼ਤ' ਅਤੇ 'ਗ੍ਰੰਥ ਜੀ' ਮੰਨੇ!
ਜੋ ਲਿਖਿਆ ਹੋਵੈ 'ਖਾਸ ਦਸਖਤੀ'—ਭੰਨੇ ਟੁੱਟੇ ਅੱਖਰ ਦੇਖ ਲਏ ਵੰਨ-ਕੁਵੰਨੇ।
'ਵਾਕ ਗ੍ਰੰਥ' ਅਤੇ 'ਹੁਕਮਨਾਵੈ' ਸਚੁ ਕਰਿ ਜਾਣੈ।
ਪਰ ਜੇਹੜਾ 'ਦਸਤਖਤ ਖਾਸ' ਗੁਰੂ ਕੇ ਪਛਾਣੈ। ੪੮੯
ਚਤੁਰਾਈਆਂ ਚਾਤ੍ਰ ਬਹੁਤ ਕਰੇਸਨ।
ਪਰ ਮ੍ਰਿਜਾਦ ਗ੍ਰੰਥ ਨ ਭੰਨ ਸਕੇਸਨ॥ ੪੯੦
... ... ...

ਸਾਹਿਬ ਬਚਨ ਐਸੇ ਹੈ ਕੀਤਾ :—
ਸਿੱਖ ਨਾਤਾ ਸਿੱਖ ਨਾਲ ਕਰੇ,
ਪਰ ਮੱਥੇ ਨਾਲ ਮੱਥਾ ਮਿਲਦਾ ਦੇਖ ਲੀਤਾ!
'ਗ੍ਰੰਥ ਜੀ' ਵਿਚ ਭੀ ਐਸੇ ਕਹਿਆ।
ਸੋਈ ਬਚਨ ਸਚਿ ਕਰਿ ਲਹਿਆ।
"ਮੂਲੁ ਜਾਨਿ ਗੱਲਾਂ ਕਰੇ, ਹਾਨਿ ਲਾਏ ਹਾਣੁ।[2]"—
ਇਹ ਬਚਨ 'ਗ੍ਰੰਥ ਜੀ' ਕੇ ਸੱਤਿ ਕਰਿ ਜਾਣੁ! ੪੯੧
ਜੋ ਸਿੱਖ ਨੂੰ ਸੇਵਕ ਨਾਲ ਨਾਤਾ ਲੈਣ ਦਾ ਹੋਵੈ।
ਤਾਂ ਜਿਉਂ ਤਿਉਂ ਕਰਿ ਲਏ, ਕੰਮ ਨਹੀਂ ਖੋਵੈ।
ਹੱਥ ਜੋੜਿ ਪਿੱਛੋਂ ਲਏ ਬਖਸ਼ਾਇ।
ਕੇਸਾਂ ਦਾ ਬੁਰਾ ਨਹੀ ਮੂਲ ਮੰਗਾਇ। ੪੯੨

---

1. ਹਿੰਦੂ ਮਰਿਜਾਦਾ ਵਿਰੁੱਧ, ਬ੍ਰਹਮਣੀ ਧਰਮ ਦੇ ਉਲਟ।
2. ਵਾਰ ਮਾਝ ਕੀ—ਸਲੋਕ ਮਹਲਾ ੨, ਪਉੜੀ ੨੨॥

www.Mahapurakh.com

ਹੋਰ ਰਹਿਤ ਕੁਰਹਿਤ ਸਭ ਲਏ ਖਖਸਾਇ।
ਕੇਸਾਂ ਦਾ ਮੰਦਾ ਨਹੀਂ ਮੂਲ ਮੰਗਾਇ!"
ਚਉਪੇ ਸਿੰਘ ਨੂੰ ਬਚਨ ਸਾਹਿਬ ਇਹ ਕੀਤਾ।—
"ਲਿਖ 'ਰਹਿਤਨਾਮਾ-ਬੁੱਧੀ ਬਿਬੇਕ', ਸਿੱਖੀ ਦੀ ਰੀਤਾ!" ੪੯੩
ਤਿਨ ਕਹਿਆ : 'ਗਰੀਬ ਨਿਵਾਜ! ਤੇਰੇ ਰਿਦੇ ਦੀ ਤੂਹੇਂ ਜਾਣੇ!
ਇਹ ਜੀਉ ਤੁੱਛ ਬੁੱਧਿ, ਤੇਰੋ ਹਿਰਦੇ ਦੀ ਕਿਆ ਪਛਾਣੇ!"
ਬਚਨੁ ਕੀਤਾ :—"ਤੇਰੀਆਂ ਰਸਨਾਂ ਉਪਰਿ ਹਉਂ ਹਾਂ!
ਤੂੰ ਦੀਦਾਰ ਕਰੁ, ਸਨਮੁਖ ਸਉਹਾਂ!!" ੪੯੪
ਦੀਦਾਰ ਕਰਨੇ ਨਾਲਿ, ਬੁੱਧਿ ਪ੍ਰਗਣੁ ਹੋਇ ਆਈ।
ਤਿਨ 'ਰਹਿਤਨਾਮਾ' ਲਿਖਿਆ ਦਿਨ ਤ੍ਰੈ ਚਾਰ[1] ਲਾਈ।
ਜੋ ਸਿੱਖੀ ਦੀ ਰੀਤਿ ਆਹੀ ਸਭ ਲਿਖੀ।
ਜਿਸ ਦੇ ਪੜ੍ਹਿਆਂ ਪ੍ਰਾਪਤਿ ਹੋਵੈ ਸਿੱਖੀ॥ ੪੯੫
ਸੋ, ਪਹਿਲੇ ਉਸਦਾ ਉਤਾਰਾ, ਸੀਤਲ ਸਿੰਘ 'ਬਹੁਰੂਪੀਏ' ਲਿਖਾਇਆ।
ਉਪਰਿ ਦਸਖਤ 'ਸਹੀ' ਲਏ ਪਵਾਇਆ।
ਫਿਰ 'ਸੂਦ' ਸਿੱਖ ਨੇ ਕੀਤਾ ਉਤਾਰਾ।
ਤਿਨ ਭੀ ਖਾਸ ਦਸਖਤ 'ਸਹੀ' ਪਵਾਈ ਮਝਾਰਾ॥ ੪੯੬
... ... ...
ਅਠਾਰਾਂ ਸੈ ਤਨਖਾਹ ਅਤੇ ਰਹਿਤ ਲਿਖਣ ਵਿਚ ਆਈ।...੫੦੧
... ... ...
'ਬਚਿਤ੍ਰ ਨਾਟਕ' ਦੇ ਪੰਜਵੇਂ ਧਿਆਇ ਵਿਚਿ ਹੈ ਲਿਖਿਆ।
ਧਰਮ ਹੇਤ ਸਾਹਿਬ ਦੀਨੀ ਸਿਖਿਆ :—
"ਕਾਰਨ ਧਰਮੁ ਪੰਥ ਜੁਦਾ ਹੈ ਕੀਤਾ!
ਗੁਰੂ ਕਾ ਸਿੱਖ ਚਲੇ ਧਰਮ ਕੀ ਰੀਤਾ!! ੫੦੪ (ਦਸਵਾਂ ਚਰਨ)

ਇਹ ਇਸ਼ਾਰਾ ਭਾਈ ਸਾਹਿਬ ਨੇ 'ਬਚਿੱਤ੍ਰ ਨਾਟਕ ਗ੍ਰੰਥ' ਦੀਆਂ ਇਨ੍ਹਾਂ ਪੰਕਤੀਆਂ ਵਲਿ ਕੀਤਾ ਜਾਪਦਾ ਇ :—

ਦੋਹਰਾ

ਤਿਨ ਬੇਦੀਅਨ ਕੀ ਕੁਲ, ਬਿਖੇ, ਪ੍ਰਗਟੇ ਨਾਨਕ ਰਾਇ।
ਸਭ ਸਿੱਖਨ ਕੋ ਸੁਖ ਦਏ, ਜਹਂ ਤਹਂ ਭਏ ਸਹਾਇ॥ ੪

ਚੌਪਈ

ਤਿਨ ਇਹ ਕਲਿ ਮੋ ਧਰਮੁ ਚਲਾਯੋ।
ਸਭ ਸਾਧਨ ਕੋ ਰਾਹਿ ਚਲਾਯੋ।
ਜੋ ਤਾ ਕੇ ਮਾਰਗ ਮਹਿ ਆਏ।
ਤੇ ਕਬਹੂੰ ਨਹਿ ਪਾਪ ਸੰਤਾਏ॥ ੫
ਜੇ ਜੇ ਪੰਥ ਤਵਨ ਕੇ ਪਰੇ।

---

1. ਤਿਨ+ਚਾਰ=ਸੱਤ; ਯਾਨੀ ਭਾਈ ਚਉਪਾ ਸਿੰਘ ਨੇ ਸੱਤਾਂ ਦਿਨਾਂ ਵਿਚ 'ਰਹਿਤ ਨਾਮਾ' ਲਿਖਕੇ ਸ੍ਰੀ ਗੁਰੂ ਮਹਾਰਾਜ ਦੇ ਹਜ਼ੂਰਿ ਪੇਸ਼ ਕੀਤਾ।

www.Mahapurakh.com

ਤਾਪ ਪਾਪ ਤਿਨਕੇ ਪ੍ਰਭਿ ਹਰੇ।
ਦੂਖ ਭੂਖ ਕਬਹੁੰ ਨ ਸੰਤਾਏ।
ਜਾਲ ਕਾਲ ਕੇ ਬੀਚਿ ਨ ਆਏ॥ ੬

*(ਅਪਨੀ ਕਥਾ)*

ਯਾੱਨੀ, ਇਹ ਪੰਥ 'ਖ਼ਾਲਸਾ' (ਨਿਰਮਲ) ਅਸਾਂ ਅੱਡ ਨਹੀਂ ਕੀਤਾ, ਸਗੋਂ ਸਤਿਗੁਰੂ ਨਾਨਕ ਰਾਇ ਨੇ ਹੀ ਹਿੰਦੂ ਤੁਰਕ ਦੇ ਪੁਰਾਣੇ ਚਲੇ ਆ ਰਹੇ ਧਰਮਾਂ ਤੋਂ ਨਿਆਰਾ 'ਸੰਤ-ਮਾਰਗੁ' ਚਾਲੂ ਕੀਤਾ ਹੈ। ਸਾਡੀ ਡਿਊਟੀ ਤਾਂ ਇਸ 'ਨਿਰਮਲ ਪੰਥ' ਦਾ ਪ੍ਰਚਾਰ ਕਰਨ, ਤੇ ਇਸਦਾ ਅੰਤਮ ਰੂਪ ਡਉਲ੍ ਕੇ ਰਹਿਤ ਮਰਿਆਦਾ ਦੀ ਠੁਕ ਬੰਨ੍ਹਣ ਵਾਸਤੇ, ਸ੍ਰੀ ਗੁਰੂ ਅਕਾਲ ਪੁਰਖ ਵਲੋਂ ਲੱਗੀ ਹੈ। ਜੋ ਅੱਜ ਇਹ ਰਹਿਤ-ਨਾਮਾ ਲਿਖਵਾ ਕੇ ਪੂਰੀ ਕਰ ਦਿੱਤੀ ਹੈ॥

(੨) ਇਸ ਮੌਕੇ 'ਰਹਿਤ-ਨਾਮਾ' ਲਿਖੇ ਜਾਣ ਦਾ ਪਤਾ, 'ਸ੍ਰੀ ਤਖ਼ਤ ਪਟਨਾ ਸਾਹਿਬ' ਦੇ ਗ੍ਰੰਥੀ ਬਾਬਾ ਸੁਮੇਰ ਸਿੰਘ ਜੀ ਨੇ ਵੀ ਸੰਮਤੁ ੧੯੩੮ ਬਿ੍ਕਮੀ ਵਿਚ ਰਚੇ ਗਰੰਥ—'ਸ੍ਰੀ ਗੁਰੁ ਪਦ ਪ੍ਰੇਮ ਪ੍ਰਕਾਸ਼'—ਵਿਖੇ ਦਿੱਤਾ ਹੈ। ਲਿਖਦੇ ਨਿ :—

ਚੌਪਈ

... ... ...
ਤਾਂ ਤੇ ਚਉਪਾ ਸਿੰਘ ਬੁਲਾਈ।
ਕਹੀ ਕ੍ਰਿਪਾਨਿਧਿ ਕਛੁ ਮੁਸਕਾਈ :—
"ਤੁਮ ਮੇਰੇ ਘਰ ਕੇ ਹੋ ਗਯਾਤਾ!
"ਛਿੱਬ੍ਰ ਬਿਪ੍ਰ[1]' ਧਰਮਾਦਿਕ ਖਯਾਤਾ! ੧੩
ਤਾਂਤੇ ਰਹਤਨ ਲਿਖ ਕਰਿ ਲਯਾਵੋ!
ਮੇਰੇ ਦਸਖ਼ਤ ਤਬ ਕਰਵਾਵੋ!
ਤਵ ਰਸਨਾ ਪਰ ਮੋਰ ਨਿਵਾਸਾ!
ਮਿਲਿ ਗੁਰਮੁਖਨ ਲਿਖਹੁ ਰਹਿਰਾਸਾ[2]! ੧੪
ਸਰਬ ਭਾਉ ਸਭ ਭਾਂਤਿ ਸੰਭਾਰੀ!
'ਗੁਰੂ ਗ੍ਰੰਥ'—ਤੁਕ ਕੇ ਅਨੁਸਾਰੀ।
'ਰਚਹੁ 'ਰਹਤਨਾਮਾ' ਸੁਖਧਾਮਾ!
ਸੁਨਿ ਤਿਨ ਕਰਯੋ ਤਥਾ ਹੀ ਕਾਮਾ। ੧੫
ਸਪਤਮ ਦਿਵਸ ਤਯਾਰ ਕਰਿ ਲਯਾਯੋ।
ਸਾਚੇ ਸਤਿਗੁਰ ਸੁਨਿ ਸੁਖ ਪਾਯੋ।
ਨਿਜ ਕਰ ਕਮਲ ਸਹੀ ਕਰ ਦੀਨੀ।
ਸੰਸਯ ਸਰਬ ਹਤਨ ਕਰ ਚੀਨੀ॥ ੧੬। ਸਾਖੀ ੭੯ਵੀਂ

*(ਛਾਪਾ ਲਿੱਥੋ—ਪੰਨਾ ੨੮੬)*

ਸੋ, ਇਨ੍ਹਾਂ ਪੁਰਾਣੀਆਂ ਲਿਖਤਾਂ ਤੋਂ ਯਕੀਨ ਹੁੰਦਾ ਹੈ ਕਿ ਸ੍ਰੀ ਸਤਿਗੁਰੂ ਨੇ 'ਨਿਰਮਲ ਪੰਥ'

---

1. ਛਿੱਬਰ ਗੋਤ੍ਰੀ ਬ੍ਰਹਮਨ। ਭਾਈ ਚੌਂਪਾ ਸਿੰਘ ਇਸੇ ਕੁਲਿ ਦਾ ਦੀਪਕ ਸੀ।
2. (ਫਾਰਸੀ—'ਰਾਹਿ ਰਾਸਤ') ਸਿੱਧਾ ਰਾਹੁ।

www.Mahapurakh.com

ਨੂੰ ਆਖਰੀ ਤੇ ਸਥਾਈ ਰੂਪ ਦੇ ਕੇ ਉਸਦੀ ਅਟੱਲ ਮਰਿਆਦਾ ਭੀ ਜ਼ਰੂਰ ਉਸੇ ਵੇਲੇ 'ਰਹਿਤਨਾਮਾ' ਲਿਖਵਾ ਕੇ ਬੰਨ੍ਹ ਦਿੱਤੀ ਸੀ। ਭਾਈ ਚਉਪਾ ਸਿੰਘ ਦਾ ਲਿਖਿਆ 'ਰਹਿਤਨਾਮਾ' ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਨੇ ਵੇਖਿਆ ਹੈ। 'ਸ੍ਰੀ ਗੁਰ ਤੀਰਥ ਸੰਗ੍ਰਹ' ਵਿਚ ਉਸਦਾ ਜ਼ਿਕਰ ਕਰਦਿਆਂ, ਬਾਬਾ ਸੁਮੇਰ ਸਿੰਘ ਦੇ ਇਸ ਕਥਨ ਦੀ ਉਗਾਹੀ ਭੀ ਭਰੀ ਹੈ, ਕਿ ਉਸ 'ਰਹਿਤ ਨਾਮੇ' ਵਿਚ 'ਸ੍ਰੀ ਗੁਰੂ ਗ੍ਰੰਥ' ਦੀਆਂ ਤੁਕਾਂ ਦੇ ਭਾਵ ਹਰਿ ਪਹਿਲੂ ਤੋਂ ਵਿਚਾਰ ਕੇ, ਰਹਿਤਾਂ-ਕੁਰਹਿਤਾਂ ਵਰਣਨ ਕੀਤੀਆਂ ਹਨ। ਪੰਡਿਤ ਜੀ ਦੇ ਲਫ਼ਜ਼ ਹਨ :—

"ਚੌਧਵਾਂ, (ਰਹਿਤਨਾਮਾ)—ਗੁਰੂ ਦਸਮ ਜੀ ਕੇ ਖਿਲਾਵੇ ਚਉਪਾ ਸਿੰਘ ਜੀ ਕਾ।
ਇਸ ਨੇ ਬੀਚ ਮੇਂ ਗ੍ਰੰਥ ਸਾਹਿਬ ਜੀ ਕੀ ਤੁਕਾਂ ਭੀ ਲਿਖੀ ਹੈਂ।" (ਪੰਨਾ ੧੧੬)

ਪ੍ਰੋਫੈਸਰ ਗੰਡਾ ਸਿੰਘ ਸਾਹਿਬ, ਸਕੱਤਰ, 'ਸਿੱਖ ਹਿਸਟਰੀ ਸੋਸਾਇਟੀ ਨੇ ਭੀ ਉਸ ਗ੍ਰੰਥ ਦੇ ਦਰਸ਼ਨ ਕੀਤੇ ਹਨ, ਚੰਗਾ ਚੋਖਾ ਵੱਡਾ ਸੀ। ਪਰ ਜੋ ਬਾਜ਼ਾਰੋਂ ਹੁਣ ਛਪਿਆ ਲੱਭਦਾ ਹੈ, ਉਹ ਮਸਾਂ ਚੁਵਰਕੀ ਜਿਹੀ ਹੈ; ਜੋ ਭਾਈ ਸਾਹਿਬ ਦੇ ਕਿਸੇ ਹੋਰ ਪ੍ਰੇਮੀ ਨੇ ਲਿਖਿ ਛਪਵਾ ਕੇ ਪ੍ਰਕਾਸ਼ੀ ਹੈ। ਇਸੇ ਤਰ੍ਹਾਂ ਭਾਈ ਦਇਆ ਸਿੰਘ ਜੀ, ਭਾਈ ਨੰਦ ਲਾਲ, ਭਾਈ ਪ੍ਰਹਲਾਦ ਸਿੰਘ ਤੇ ਭਾਈ ਦੇਸਾ ਸਿੰਘ ਆਦਿ ਹਜ਼ੂਰੀ ਸਿੰਘਾਂ ਦੇ ਨਾਮ ਪੁਰ ਅਨੇਕਾਂ 'ਰਹਿਤਨਾਮੇ' ਲਿਖੇ, ਛਪੇ ਲੱਭਦੇ ਹਨ। ਪਰ ਹਨ ਸਾਰੇ ਹੀ ਗੁੰਮਨਾਮ ਵਿਦਵਾਨਾਂ ਦੇ ਰਚੇ ਹੋਏ, ਉਨ੍ਹਾਂ ਦੀ ਹਕੀਕਤ, ਅੰਦਰਲੀਆਂ ਉਗਾਹੀਆਂ ਤੋਂ ਹੀ ਖੁਲ੍ਹ ਜਾਂਦੀ ਹੈ।

ਭਾਈ ਕੇਸਰ ਸਿੰਘ 'ਛਿੱਬਰ' ਦੇ ਰਚੇ 'ਬੰਸਾਵਲੀ-ਨਾਮੇ' ਦਾ ਇਕ ਉਤਾਰਾ ਪਿੰਡ ਰਾਣੀਵਾਲਾ, (ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ) ਦੇ ਵਸਨੀਕ ਕਿਸੇ ਪ੍ਰੇਮੀ ਭਾਈ ਮਤਾਬ ਸਿੰਘ ਨੇ ਸੰਮਤ ੧੯੧੪ ਬਿ: ਵਿਚ ਕੀਤਾ ਹੈ, ਉਹ ਗ੍ਰੰਥ ਕਿਸੇ ਤਰ੍ਹਾਂ ਸਾਡੇ ਪਾਸ ਭੀ ਪੜ੍ਹਨ ਵਾਸਤੇ ਪੁੱਜ ਗਿਆ ਸੀ।[1] ਉਸ ਪੁਸਤਕ ਵਿਚ, ਚੰਗਾ ਵੱਡਾ ਛੇ ਸੌ ਤੋਂ ਵੱਧ ਬੰਦਾਂ (ਪੈਰਿਆਂ) ਵਿਚ ਲਿਖਿਆ 'ਰਹਿਤਨਾਮਾ' ਭੀ ਹੈਗਾ ਇ। ਐਪਰ ਉਸ ਨੂੰ ਪੜ੍ਹਨ ਦਾ ਅਉਸਰ ਨਹੀਂ ਮਿਲਿਆ। ਹੋ ਸਕਦਾ ਇ, ਉਹ ਭਾਈ ਚਉਪਾ ਸਿੰਘ ਵਾਲੇ ਰਹਿਤਨਾਮੇ ਦਾ ਹੀ ਉਤਾਰਾ ਹੋਵੇ, ਅਰੁ ਭਾਈ ਕੇਸਰ ਸਿੰਘ 'ਛਿੱਬਰ' ਨੇ ਆਪਣੀ ਪੁਸਤਕ ਦੇ ਨਾਲ ਉਹ ਭੀ ਸ਼ਾਮਿਲ ਕਰ ਦਿੱਤਾ ਹੋਵੇ। ਦੋਵੇਂ ਬਜ਼ੁਰਗ ਇਕੋ ਕੁਲਿ 'ਛਿੱਬਰ' ਦੇ ਚੰਨ-ਚਰਾਗ ਹੋਣ ਦੇ ਨਾਤੇ ਕੋਈ ਖਰੜਾ ਉਨ੍ਹਾਂ ਦੇ ਹੱਥ ਲੱਗ ਗਿਆ ਹੋਵੇਗਾ। ਇਹ ਗੱਲ ਸੰਭਵ ਭੀ ਹੈ।

ਲੇਕਿਨ ਇਹ ਗ੍ਰੰਥ ਜੋ ਅਸੀਂ ਆਪ ਦੇ ਪੇਸ਼ ਕਰ ਰਹੇ ਹਾਂ, ਭਾਈ ਚਉਪਾ ਸਿੰਘ ਦਾ ਲਿਖਿਆ 'ਬੁੱਧੀ ਬਿਬੇਕ' ਰਹਿਤਨਾਮਾ ਨਹੀਂ, ਇਸਦਾ ਨਾਮ 'ਪ੍ਰੇਮ-ਸੁਮਾਰਗ' ਹੈ। ਇਹ ਕਿਸੇ ਕਵਿਤਾ ਵਿਚ ਲਿਖੇ 'ਰਹਿਤਨਾਮੇ' ਦਾ ਵਾਰਤਕ ਰੂਪ ਹੈ॥

## ੪—ਇਹ ਲੱਭਾ ਕਿਵੇਂ ?

ਇਨ੍ਹਾਂ ਅੱਖਰਾਂ ਦੇ ਲਿਖਾਰੀ ਨੂੰ, ਗੁਰਮਤਿ ਦੀ ਗੁੜ੍ਹਤੀ, ਅੱਠ-ਦੱਸ ਵਰ੍ਹੇ ਦੀ ਉਮਰੇ ਗੁਰਮੁਖੀ ਅੱਖਰ ਸਿਖਾਣ ਵਾਲੇ ਗੁਰਮੁਖ ਬਾਬਾ ਗੁਰਦਿੱਤ ਸਿੰਘ ਜੀ ਤੋਂ ਦਸਮ ਪਾਤਿਸ਼ਾਹ ਦੀ ਬਾਣੀ

1. ਇਹ ਗ੍ਰੰਥ, ਸ: ਈਸ਼ਰ ਸਿੰਘ ਨੰਬਰਦਾਰ—ਪਿੰਡ ਗੰਡੀਵਿੰਡ ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ—ਪਾਸ ਹੈਸੀ।

www.Mahapurakh.com

ਪੜ੍ਹਨ-ਗੁੜ੍ਹਨ ਦਾ ਸ਼ੌਕ ਜਾਗਿਆ ਸੀ।

ਫਿਰ 'ਗੁਰਦੁਆਰਾ ਸੁਧਾਰ ਲਹਿਰ' ਸਮੇਂ ਜਦੋਂ ਪੰਥਕ ਸਰਗਰਮੀਆਂ ਵਿਚ ਹਿੱਸਾ ਲੈਣ ਦਾ ਅਉਸਰ ਮਿਲਿਆ, ਤਾਂ ਜੇਲ੍ਹ ਯਾਤਰਾ ਵਿਚ ਹੋਰ ਧਾਰਮਿਕ ਗ੍ਰੰਥਾਂ ਦੇ ਪਾਠ-ਵਿਚਾਰ ਦਾ ਸੁਭਾਗ ਭੀ ਲੱਭਾ।

੧੯੨੭ ਈ: ਵਿਚ ਜੇਲੋਂ ਖਲਾਸੀ ਮਿਲਣ ਪੁਰ, ਮੁੜਿ 'ਅਕਾਲੀ' ਅਖ਼ਬਾਰਾਂ ਦੀ ਸੇਵਾ ਮਿਲੀ। ਸ਼ਾਇਦ-ਸੰਨ ੧੯੩੦ ਈ: ਵਿਚ, 'ਖਾਲਸਾ ਸਮਾਚਾਰ—ਅੰਮ੍ਰਿਤਸਰ' ਦੇ ਸਤਿਕਾਰ ਯੋਗ ਸੰਪਾਦਕ ਭਾਈ ਸੇਵਾ ਸਿੰਘ ਜੀ ਨਾਲ ਦਸਵੇਂ ਪਾਤਸ਼ਾਹਾਂ ਦੀ ਰਚਨਾ ਬਾਰੇ ਵਿਚਾਰ, ਕਦੀ ਕਦਾਈਂ ਹੁੰਦੀ ਰਹੀ। ਉਨ੍ਹਾਂ ਹੀ ਦਿਨਾਂ ਵਿਚ ਭਾਈ ਸਾਹਿਬ ਨੇ ਇਸ ਗ੍ਰੰਥ—'ਪ੍ਰੇਮ ਸੁਮਾਰਗ'-ਦਾ ਜ਼ਿਕਰ ਕੀਤਾ ਅਰੁ ਦੱਸਿਆ, ਕਿ "ਪੁਸਤਕ ਦੁਰਲੱਭ ਹੈ, ਪਰੁ ਇਕ ਕਾਪੀ 'ਪਬਲਿਕ ਲਾਇਬ੍ਰੇਰੀ—ਲਾਹੌਰ' ਵਿਚ ਹੈਗੀ ਐ।" ਲੇਕਿਨ ਉਸ ਮੌਕੇ ਇਸ ਸਰੀਰ ਦੀ ਸੇਵਾ ਚੂੰਕਿ 'ਅਕਾਲੀ' ਅਖਬਾਰਾਂ ਦੇ ਸਮਰਪਨ ਸੀ; ਕੰਮ-ਕਾਰ ਦੇ ਅਠਾ-ਕੁੱਠ ਰੁਝੇਵੇਂ ਦੇ ਕਾਰਨ—ਸਾਲ ਕੁ ਭਰ ਲਾਹੌਰ ਰਹਿੰਦਿਆਂ ਭੀ—"ਪਬਲਿਕ ਲਾਇਬ੍ਰੇਰੀ' ਤੱਕ ਜਾਣ ਦੀ ਫੁਰਸਤ ਨਾ ਮਿਲੀ।

ਸੰਮਤ ੧੯੯੭ (ਬਿ: ੧੯੪੦ ਈ:) ਤੋਂ ਬੁੰਗਾ—'ਸ਼ਹੀਦ ਗੰਜ ਬਾਬਾ ਬਸੰਤ ਸਿੰਘ ਜੀ' ਵਿਚ ਟਿਕਣ ਲਈ ਟਿਕਾਣਾ ਪ੍ਰਾਪਤਿ ਹੋਇਆ। ਇਸ ਬੁੰਗੇ ਦੇ ਸਾਹਮਣੇ ਮਕਾਨ ਵਿਚ ਬ੍ਰਿਧ ਬਾਬਾ ਈਸ਼ਰ ਸਿੰਘ ਜੀ 'ਰਾਗੀ' ਨਿਵਾਸ ਰੱਖਦੇ ਸਨ। ਬੀਕਾਨੇਰ ਰਿਆਸਤ ਵਿਚ ਜ਼ਮੀਨ ਖਰੀਦ ਲੈਣ ਕਰਕੇ, ਉਨ੍ਹਾਂ ਨੂੰ 'ਗੁਰੂ ਕੀ ਨਗਰੀ' ਦਾ ਵਾਸਾ ਛੱਡਣਾ ਪੈ ਗਿਆ। ਬਾਬਾ ਜੀ ਨੇ ਆਪਣੇ ਪੁਰਾਣੇ ਪੁਸਤਕਾਂ ਦੇ ਪਟਾਰ ਝਾੜੇ—ਫੋਲੇ, ਤਾਂ ਇਕ ਫਟੀ-ਪੁਰਾਣੀ ਲਿਖਤੀ ਪੁਸਤਕ—ਸ਼ਾਇਦ ਨਿਕਾਰਾ ਜਾਣਕੇ—'ਸ਼ਹੀਦ ਗੰਜ' ਵਿਚ ਲੱਗੇ ਸੇਵਾਦਾਰ ਭਾਈ ਸੰਤ ਸਿੰਘ 'ਨੰਗਲ' (ਜ਼ਿਲ੍ਹਾ ਲੁਧਿਆਣਾ) ਨਿਵਾਸੀ—ਨੂੰ ਦੇ ਗਏ। ਭਾਈ ਜੀ ਨੇ ਉਹ ਸਾਨੂੰ ਸੌਂਪ ਦਿੱਤੀ। ਪੜ੍ਹਿਆ, ਤਾਂ ਨਾਮ 'ਪ੍ਰੇਮ ਸੁਮਾਰਗ' ਮਾਲੂਮ ਹੋਇਆ। ਇਸ ਨਾਮ ਨੇ ਸੁੱਤੀਆਂ ਯਾਦਾਂ ਜਗਾ ਦਿੱਤੀਆਂ। ਪਰ ਪੁਸਤਕ ਦਾ ਸਿਰਫ਼ ਧੜ ਹੀ ਸੀ, ਸਿਰ ਤੇ ਪੈਰ, ਜ਼ਾਲਿਮ ਸਮੇਂ ਦੀ ਬੇ-ਦਰੇਗ ਤੇਗ ਨੇ ਲਾਹ ਸੁਟੇ ਸਨ। ਏਨਾਂ ਹੀ ਗਨੀਮਤ ਜਾਣਕੇ, ਰਾਤ ਬਰਾਤੇ ਉਸ ਨੂੰ ਪਦ-ਛੇਦ ਰੂਪ ਵਿਚ ਨਵਾਂ ਚੋਲਾ ਪਹਿਨਾ ਦਿੱਤਾ ਗਿਆ। ਪਰ ਪੂਰਾ ਕਰਨ ਦੀ ਖੁਤਖੁਤੀ ਅੰਦਰ ਲੱਗੀ ਹੀ ਰਹੀ।

ਉਨ੍ਹੀਂ ਦਿਨੀਂ ਚੂੰਕਿ ਗੁਰਦੁਆਰਿਆਂ ਦੇ ਪ੍ਰਬੰਧ ਦੀ ਦੇਖ-ਭਾਲ, ਤੇ ਹਿਸਾਬ-ਕਿਤਾਬ ਦੀ ਪੁੱਛ-ਪੜਤਾਲ ਵਾਸਤੇ ਦੌਰੇ ਪਏ ਰਹਿੰਦੇ ਸਨ, ਟਿਕਾਉ ਘੱਟ ਹੀ ਪ੍ਰਾਪਤਿ ਹੁੰਦਾ ਸੀ। ਕਈ ਵਾਰੀ ਇਕ ਦੋ ਦਿਨਾਂ ਦੀ ਛੁੱਟੀ ਲੈ ਕੇ ਲਾਹੌਰ ਜਾਣਾ ਤੇ ਪਬਲਿਕ ਲਾਇਬ੍ਰੇਰੀ ਵਿਚ ਬਹਿ ਕੇ 'ਪ੍ਰੇਮ ਸੁਮਾਰਗ' ਦੀ ਨਕਲ ਕਰਨੀ। ਇਸ ਤਰ੍ਹਾਂ ਕੁਝ ਆਪ ਤੇ ਕੁਝ ਸ: ਬਚਿੱਤਰ ਸਿੰਘ ਸਾਹਿਬ ਗੁ: ਇੰਸਪੈਕਟਰ ਦੇ ਉਦਮ ਨਾਲ—ਜੋ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 'ਕਾਨੂੰਨੀ ਮਹਿਕਮੇ' ਵਿਚ ਲਾਹੌਰ ਲੱਗੇ ਹੋਏ ਸਨ—ਉਤਾਰਾ ਕਰਕੇ, ਇਹ ਦੁਰਲੱਭ ਰਹਿਤਨਾਮਾ, ਮਸਾਂ-ਮਸਾਂ ਮੁਕੰਮਲ ਕੀਤਾ। ਹਾਂ, ਸੱਚ! ਬਾਬਾ ਈਸ਼ਰ ਸਿੰਘ ਪਾਸੋਂ ਮਿਲਿਆ ਪੁਰਾਣਾ ਖਰੜਾ, ਸਾਡੇ ਇਕ ਸਾਥੀ ਸ: ਅਰਜਨ ਸਿੰਘ, ਗੁ: ਇੰਸ: ਨੇ ਪੜ੍ਹਨ ਲਈ ਮੰਗ ਲਿਆ ਤੇ ਮੁੜਿ ਦਰਸ਼ਨ ਹੀ ਨਹੀਂ ਕਰਾਏ। ਇਸੇ ਤਰ੍ਹਾਂ ਆਪਣਾ ਕੀਤਾ ਉਤਾਰਾ ਹੀ ਪੱਲੇ ਰਹਿ ਗਿਆ ਸੀ।

www.Mahapurakh.com

# ੫—ਗ੍ਰੰਥ-ਕਰਤਾ ਨਾਲ ਜਾਣ-ਪਛਾਣ

ਇਸ ਪੁਸਤਕ ਦੇ ਅਰੰਭ ਵਿਚ ਕਿਤੇ ਕਿਤੇ 'ਸ੍ਰੀ ਮੁਖਵਾਕ ਪਾਤਸ਼ਾਹੀ ੧੦' ਤੇ ਕਿਤੇ ਸਿਰਫ਼ 'ਪਾਤਸ਼ਾਹੀ ੧੦' ਪਾਠ ਮਿਲਦਾ ਹੈ। ਇਸ ਦਾ ਮਤਲਬ ਸਿਰਫ਼ ਇਹੋ ਹੈ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਿਚਿੱਤ੍ਰ ਨਾਟਕ ਗ੍ਰੰਥ' ਦੇ 'ਅਪਨੀ ਕਥਾ' ਵਾਲੇ ਭਾਗ ਵਿਚ, ਆਪਣੇ ਪ੍ਰਤੀ ਅਕਾਲ ਪੁਰਖ ਦੀ ਆਗਿਆ ਦਾ ਜੋ ਜ਼ਿਕਰ ਕੀਤਾ ਹੈ, ਉਸੇ ਦਾ ਉਲੇਖ ਇਸ ਦੇ ਪਹਿਲੇ ਅਧਿਆਇ ਵਿਚ ਕੀਤਾ ਗਿਆ ਹੈ। ਫਿਰ ਕੁਝ ਭਵਿੱਖਤ ਬਚਨ ਵੀ ਦਸਮ ਪਾਤਸ਼ਾਹ ਵਲੋਂ, 'ਕਲਗੀ ਅਵਤਾਰ ਕਥਾ' ਤੇ 'ਸਾਖੀ ਰਤਨ ਮਾਲ (ਸੌ ਸਾਖੀ)' ਵਿਚ ਵਰਨੇ ਪ੍ਰਸੰਗਾਂ ਦੀ ਰੌਸ਼ਨੀ ਲੈ ਕੇ ਆਖੇ ਹਨ। ਲੇਕਿਨ ਇਸ ਤੋਂ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਦਸਵੇਂ ਪਾਤਿਸ਼ਾਹ ਖ਼ੁਦ ਆਪ, ਇਹ ਗ੍ਰੰਥ ਦੇ ਰਚਨਹਾਰ ਹਨ। ਇਸੇ ਅਧਿਆਇ ਦੇ ਦੂਜੇ ਪੰਨੇ ਪੁਰ ਨਉਵੀਂ ਸਤਰ ਤੋਂ ਲਿਖਿਆ ਇਹ ਪਾਠ :—

"ਜੋ ਬਿਰਦੁ ਜਾਨਕੈ ਸਤਿਗੁਰੂ ਜੀ ਨੇ ਕਹੀ ਹੈ। ਤਬ ਬਿਰਦੁ ਜਾਨਕੈ ਦਸ ਜਾਮੇ ਇਨ੍ਹਾਂ ਜੀਆਂ ਦੇ ਵਾਸਤੇ ਸਤਿਗੁਰੂ ਪੈਧੇ ਸੇ, ਜੋ ਇਨ੍ਹਾਂ ਜੀਆਂ ਦੀ ਪਾਰਗਿਰਾਮੀ ਹੋਵੈ!"—

ਸਪੱਸ਼ਟ ਕਰ ਦੇਂਦਾ ਹੈ, ਕਿ ਇਸ ਗ੍ਰੰਥ ਦਾ ਲਿਖਾਰੀ, ਦਸਾਂ ਪਾਤਿਸ਼ਾਹਾਂ ਦੇ ਜੋਤਿ-ਜਾਮਿਆਂ ਤੋਂ ਵੱਖਰਾ ਕੋਈ ਹੋਰ ਹੈ। ਜਿਸਨੇ ਸਤਿਗੁਰਾਂ ਦੇ ਸ੍ਰੀ ਮੁਖ ਤੋਂ ਸੁਣੇ, ਯਾ ਉਨ੍ਹਾਂ ਦੇ ਕਵਿਤਾ ਵਿਚ ਲਿਖੇ ਬਚਨਾਂ ਨੂੰ ਵਾਰਤਕ ਕਰਕੇ ਪ੍ਰਚਾਰਿਆ ਹੈ।

ਫਿਰ ਪੰਨੇ ਤੀਜੇ ਦੀ ਗਿਆਰ੍ਹਵੀਂ ਸਤਰ ਤੋਂ ਅਰੰਭੇ ਇਹ ਲਫ਼ਜ਼—

> ਅਰੁ ਕਹੈਗਾ : "ਮੈ ਪਰਮ ਪੁਰਖੁ ਕਾ ਦਾਸ ਹੌਂ!
> ਮਰਦ ਕਾ ਚੇਲਾ ਹੌਂ!" ਅਰੁ ਜਿਤਨੀਆਂ ਮੰਜੀਆਂ
> ਹੋਨਿਗੀਆਂ ਤਿਤਨੀਆਂ ਮਭਣਾਂ ਕਾ ਨਾਸੁ ਹੋਇਗਾ।
> ਕਿਉਂ ਜੋ ਓਤ ਸਮੇਂ ਦੀਵਾਨ ਸਭ ਮੌਕਫ ਹੋਨਿਗੇ;
> ਓਤ ਸਮੇ ਕੇ। ਅਗਲੀਆਂ ਕਿ ਪਿਛਲੀਆਂ ਸਭਨਾਂ
> ਮੰਜੀਆਂ ਕਾ ਨਾਸੁ ਕਰੇਗਾ।—

ਇਸ਼ਾਰਾ ਕਰਦੇ ਹੈਨਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਾਕ—

> "ਮੈਂ ਹੋ ਪਰਮ ਪੁਰਖ ਕੋ ਦਾਸਾ॥
> ਦੇਖਨ ਆਇਓ ਜਗਤ ਤਮਾਸਾ॥...੩੩। ਆਦਿ;

*(ਅਪਨੀ ਕਥਾ'—ਅਧਿ: ੬)*

ਅਰੁ ਮਸੰਦਾਂ ਦੀਆਂ ਮੰਜੀਆਂ (ਗੱਦੀਆਂ) ਦੇ ਸਾਰੇ ਦੀਵਾਨ (ਦਰਬਾਰ-ਸੰਗਤਾਂ) ਮਨਸੂਖ ਕਰਕੇ ਸਰਬਤਿ ਸੰਗਤਿ ਨੂੰ ਆਪਣਾ 'ਖਾਲਸਾ' ਬਨਾਉਣ ਦੇ ਪ੍ਰਸੰਗ ਵਲਿ ਇਹ ਬਚਨ ਅਕਾਲ ਪੁਰਖ ਵਲੋਂ ਦਸਵੇਂ ਪਾਤਸ਼ਾਹ ਪ੍ਰਤਿ ਆਖੇ ਦੱਸੇ ਹਨ; ਪਰ ਦੱਸਣਹਾਰ ਗੁਰੂ ਗੋਬਿੰਦ ਸਿੰਘ ਸਾਹਿਬ ਨਹੀਂ, ਸਗੋਂ ਉੱਤਮ, ਮੱਧਮ ਪੁਰਖ ਤੋਂ ਵੱਖਰਾ ਕੋਈ ਤੀਜਾ-ਤਿਹਾੜ (ਥ੍ਰਡ-ਪਰਸਨ) ਹੈ। ਹੋ ਸਕਦਾ ਇ, ਇਸ ਲਿਖਾਰੀ ਦੇ ਰੂਬਰੂ, ਭਾਈ ਚਉਪਾ ਸਿੰਘ ਜੀ ਪਾਸੋਂ ਲਿਖਵਾਇਆ ਸ੍ਰੀ ਦਸਮੇਸ਼ ਜੀ ਦਾ 'ਬੁੱਧਿ-ਬਿਬੇਕ-ਰਹਿਤਨਾਮਾ' ਹੀ ਹੋਵੇ। ਅਰੁ ਉਸੇ ਦੇ ਆਸਰੇ ਇਹ ਸਾਰਾ ਗ੍ਰੰਥ ਤਿਆਰ ਹੋਇਆ ਹੋਵੇ। ਲੇਕਿਨ ਇਸ ਵਿਚ ਦੱਸੀ ਗਈ ਰਹਿਤ ਮ੍ਰਿਜਾਦਾ ਚੂੰਕਿ ਉਹੋ ਹੈ, ਜੋ ਦਸਵੇਂ ਪਾਤਸ਼ਾਹ ਨੇ ਸੰਗਤਿ ਨੂੰ ਅਪਣਾ 'ਖਾਲਸਾ' ਬਣਾ ਕੇ, ਤੇ ਖੰਡੇ ਦਾ ਅੰਮ੍ਰਿਤ ਛਕਾ ਕੇ, ਉਪਦੇਸ਼ੀ

www.Mahapurakh.com

ਸੀ। ਅਰੁ ਫਿਰ ਭਾਈ ਚਉਪਾ ਸਿੰਘ ਪਾਸੋਂ ਲਿਖਵਾਕੇ, ਸਹੀ ਪਾਈ ਸੀ। ਇਸੇ ਕਰਕੇ ਇਸ ਗ੍ਰੰਥ ਪੁਰ 'ਪਾਤਿਸ਼ਾਹੀ ੧੦' ਪਾ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਸਿੱਧਾ ਮਨਸੂਬ ਕੀਤਾ ਹੈ।

ਇਹ ਪੋਥੀ ਪੜ੍ਹਦਿਆਂ ਕਈ ਥਾਂਈ ਐਉਂ ਜਾਪਦਾ ਇ ਜਿਵੇਂ ਲਿਖਾਰੀ

ਕਿਸੇ ਛੰਦ-ਬੱਧ ਪੁਸਤਕ ਨੂੰ ਉਸੇ ਬੋਲੀ ਵਿਚ ਵਾਰਤਕ ਕਰਦਾ ਜਾ ਰਿਹਾ ਹੈ, ਜਿਸ ਵਿਚ, ਅਸਲ ਲੇਖਕ ਨੇ ਲਿਖੀ ਸੀ। ਜਿਵੇਂ ਕਿ ਹੇਠ ਲਿਖੇ ਵਾਕ ਜਾਂ ਬਚਨ, ਕਈ ਛੰਦਾਂ ਵਿਚੋਂ ਭਾਵ ਲੈ ਕੇ ਪੂਰੇ ਕੀਤੇ ਹਨ, ਪਰ ਨਾਲ ਛੰਦਾਂ ਦੇ ਅੰਕ ਭੀ ਦੇ ਦਿੱਤੇ ਹਨ :—

"ਇਸ ਪ੍ਰਾਣੀ ਸਿਖ ਖਾਲਸੇ ਸ੍ਰੀ ਅਕਾਲ ਪੁਰਖ ਕੇ ਨੋ ਚਾਹੀਐ॥ ੧॥ ਪਹਿਲੇ ਤਉ ਪ੍ਰਸਾਦਿ ਕਰਨੇ ਕੀ, ਖਾਣ ਕੀ ਜਾਗਹਿ ਅੱਛੀ ਬਨਾਏ॥ ੨॥ ਲੀਪੇ ਪੋਚੇ ਮਾਟੀ ਸਪੇਦ ਸਾਥਿ॥ ੩" (ਪੰਨਾ ੬੦)

ਅਤੇ—"ਜਬ ਪ੍ਰਸਾਦਿ ਹੋਵੈ, ਅਰੁ ਸ਼ਬੱਬ ਪਾਇਕੇ ਜੋ ਆਦਮੀ ਪ੍ਰਸਾਦ ਦੀ ਤਿਆਰੀ ਸਮੈ ਆਵਨਿ। ਆਗੈ ਪ੍ਰਸਾਦ ਮਾਫਿਕ ਹੋਵੈ। ਤਾਂ ਮਨ ਬਿਖੈ ਨਾ ਲਿਆਵੈ, ਜੋ 'ਥੋੜਾ ਹੈ। ਕਿਉਂ ਆਏ ਹੈਨਿ।' ਇਸ ਨੀਅਤ ਵਿਚਾਰ ਦਾਲਿਦ੍ਰ ਹੋਂਦਾ ਹੈ॥ ੮॥ ਅਰੁ ਜੋ ਆਏ ਹੋਇੰ ਥੋੜੇ ਮੈਂ ਮਨ ਬਚ ਕ੍ਰਮ ਕਰਿ ਰਾਜੀ ਹੋਵੈਂ। ਛੱਡਿ ਨ ਖਾਏਂ। ਉਸ ਵਿਚ ਬਰਕਤਿ ਪਵੈ; ਕਿਸੀ ਗੱਲ ਦੀ ਕਮੀ ਨ ਹੋਵੈ॥ ੯" (ਪੰਨਾ ੬੩)

"ਸਾਗ ਜਹਾਂ ਤੱਕ ਹੈ, ਸੋ ਸਭ ਪਵਿਤ੍ਰ ਹੈ। ਜੋ ਇਨ੍ਹਾਂ ਵਸਤਾਂ ਮੈ ਸੇ ਅਪਨੀ ਦੇਹੀ ਨੂੰ ਮਾਫਿਕ ਹੋਵੈ ਸੋ ਸਭ ਖਾਏ॥ ੪॥ ਮਾਸ ਖਾਨੇ ਮੈ ਬੀਚਾਰ ਹੈ॥ ੫॥ ਮੱਛੀ ਖਾਨੇ ਮੈ ਬੀਚਾਰ ਹੈ॥ ੬॥ ਕਿਉਂਕਰਿ ਕਿ ਪ੍ਰਥਮ ਤਉ ਅਖੇਟ ਭ੍ਰਿਤ ਸ਼ਿਕਾਰ ਕਰਿ ਖਾਏ॥ ੭॥ ਅਰੁ ਜੋ ਸ਼ਿਕਾਰ ਕਰਿ ਨ ਸਕੈ, ਝਟਕੇ ਕਾ ਖਾਏ। ਅਰੁ ਜੋ ਜਾਨਵਰ ਕਦਾਂਚ ਅਚਾਨਕ ਚੋਟ ਲੱਗੇ ਜੀਵਦੇ, ਤਾਂ ਉਸਦਾ ਭੀ ਮਾਸ ਖਾਣਾ ਕਹਿਆ ਹੈ। ਇਕ ਨਹੀਂ ਖਾਇਃ ਜੇ ਜਾਨ ਕਰਿ ਰੋਗੀ ਹੋਇ। ਉਸਦਾ ਮਾਸ ਬਹੁਤ ਬੁਰਾ ਹੈ ਖਾਣਾ। ਅਪਵਿਤ੍ਰਾਂ ਸਿਹ ਅਪਵਿਤ੍ਰ ਹੈ। ਭਾਵੈਂ ਸ਼ਿਕਾਰ ਕਰੇ ਭਾਵੈਂ ਝਟਕਾ। ਭਾਵੈਂ ਚੋਟ ਲਾਗੇ, ਭਾਵੈਂ ਜ਼ਿਬਹ ਹੋਵੈ।

ਸਭ ਏ ਰੋਗ ਕਰਕੇ ਖਾਣਾ ਕਹਿਆ ਨਾਹੀਂ॥ ੮" (ਪੰਨਾ ੬੪)—ਆਦਿ॥

ਉਤੇ ਦਿੱਤੇ ਵਾਰਤਕ ਪਾਠਾਂ ਵਿਚ ਕਿਸੇ ਛੰਦ ਦਾ ਸੰਖੇਪ ਭਾਵ, ਇਕ ਨਿੱਕੇ ਜਿਹੇ ਵਾਕ ਯਾ ਤੁਕ ਵਿਚ ਹੀ ਦੇ ਦਿੱਤਾ ਹੈ, ਪਰ ਕਿਸੇ ਇਕ ਤੁਕ ਯਾ ਵਾਕ ਨੂੰ, ਇਕ ਤੋਂ ਵੱਧ ਛੰਦਾਂ ਵਿਚੋਂ ਭਾਵ ਲੈ ਕੇ ਪੂਰਿਆਂ ਕੀਤਾ ਗਿਆ ਹੈ। ਅਰੁ ਕਿਸੇ ਛੰਦ ਦਾ ਭਾਵ ਸਪੱਸ਼ਟ ਕਰਨ ਲਈ ਲੰਮਾ ਪਾਠ ਲਿਖਣਾ ਪਿਆ ਹੈ। ਸੋ, ਸਪੱਸ਼ਟ ਹੈ ਕਿ ਗ੍ਰੰਥ-ਲਿਖਾਰੀ ਕਿਸੇ ਕਵਿਤਾ ਵਿਚ ਰਚੇ ਹੋਏ ਗ੍ਰੰਥ ਨੂੰ ਆਮ-ਫਹਿਮ ਵਾਰਤਾ ਵਿਚ ਲਿਖਣ ਦਾ ਜਤਨ ਕਰ ਰਿਹਾ ਹੈ॥

ਅਸਲ ਗ੍ਰੰਥ ਦੇ ਰਚਨਹਾਰ, ਜੇ ਦਸਵੇਂ ਪਾਤਿਸ਼ਾਹ ਆਪ ਨਹੀਂ, ਤਾਂ ਉਹਨਾਂ ਦਾ ਕੋਈ ਸਮਕਾਲੀ ਤੇ ਨਿਕਟਵਰਤੀ ਵਿੱਦਵਾਨ ਜ਼ਰੂਰ ਪ੍ਰਤੀਤ ਹੁੰਦਾ ਇ। ਅਰੁ ਉਹ ਸੰਸਾਰ ਦੇ ਜ਼ਰੂਰੀ ਮਸਲਿਆਂ—ਧਰਮ, ਅਰਥ, ਕਾਮ ਤੇ ਮੋਖ—ਤੋਂ ਪੂਰੀ ਤਰ੍ਹਾਂ ਜਾਣੂ ਹੈ। ਜ਼ਿੰਦਗੀ ਦੇ ਹਰ ਪਹਿਲੂ ਦੀ ਉਸ ਨੂੰ ਸਿੱਖੀ ਨੁਕਤਾ ਨਿਗਾਹ ਤੋਂ ਚੰਗੀ ਚੋਖੀ ਵਾਕਫੀਅਤ ਹੈ। ਫਾਰਸੀ ਬੋਲੀ ਤੇ ਸਰਕਾਰੀ ਰਿਵਾਜੀ ਸ਼ਬਦਾਵਲੀ (ਇਸਤਿਲਾਹਾਤ) ਸੰਬੰਧੀ ਉਸ ਨੂੰ ਚੰਗਾ ਗਿਆਨ ਹੈ। ਰਾਜ-ਪ੍ਰਬੰਧ ਸਬੰਧੀ ਅਹੁਦਿਆਂ ਤੇ ਮਨਸਬਾਂ ਆਦਿ ਬਾਰੇ ਖਾਲਸਈ ਸ਼ਬਦ ਬੜੇ ਢੁਕਵੇਂ ਤੇ ਭਾਵ ਪੂਰਤ ਘੜ ਸਕਦਾ

www.Mahapurakh.com

੧ਓ ਅਕਾਲ ਸਹਾਇ॥

ਪੂਰਨ ਮਾਤਾ ਜੀ ਜੀ ਦੇ ਚਰਨਾ ਪਰ ਮਨੀ ਸਿੰਘ ਕੀ ਡੰਡੌਤ
ਬੰਦਨਾ॥ ਅਗੇ ਸਮਾਚਾਰ ਬਾਚਨਾ ਕਿ ਇਧਰ ਆਨੰਦ ਮੰਗਲ ਸਤ
ਸਰੀਰ ਦਾਸ ਕਾ ਅਧਿਕ ਬਿਕਾਰੀ ਹੋਇ ਗਇਆ ਹੈ। ਕੁਛ ਅਸਤ
ਨਾਹੀ ਰਹਿਆ। ਤਾਪ ਕੀ ਕਲਾ ਦੋ ਚਾਰ ਸੁਣੀ॥ ਪਰ ਖੰਡਿਤ ਕੀ
ਸੇਵਾ ਮੇਂ ਕੋਈ ਆਨੰਦ ਨਾਹੀ॥ ਏਸੁ ਵਿਚਿ ਖਾਲਸੇ ਦਾ ਧਾਮੁ
ਛੂਟਿ ਗਇਆ ਹੈ॥ ਸਿੰਘ ਪਰਘਟ ਕਥਾ ਨਾਹਿ ਵਿਚਿ ਜਾਇ ਬਸੇ ਹੈਂ॥
ਮਲੇਛੋਂ ਕੀ ਏਸੁ ਮੇ ਹੋਨੀ ਹੈ॥ ਬਸਤੀ ਮੇਂ ਖਾਲਸਾ ਜਾਏ ਇਨ੍ਹਾਂ ਕੀ
ਮਲਾਮਤ ਨਾਹੀ॥ ਮੁਠੇ ਮੁਠੇ ਕਰਿ ਮਾਰਦੇ ਹੈਂ॥ ਗੁਰੂ ਦਰੋਹੀ ਧੀ
ਉਨਾ ਦੇ ਸੰਗ ਮਿਲ ਗਏ ਹੈਂ॥ ਦੇਵਾਸੀ ਦੇ ਸਿੰਘ ਕਰਿ ਮੁਕਾਬਲੀ
ਰਹੇ ਹੈਂ॥ ਸਚੀ ਬਾਤ ਛੋੜ ਗਏ ਹੈਂ॥ ਮਤ ਮਈ ਭਾਗ ਗਏ ਹੈਂ॥
ਮਾਤੇ ਪਰ ਅਬੀ ਤੋ ਅਕਾਲ ਕੀ ਕਲਾ ਹੈ ਕਮਜੋਰੀ ਖਬਰ ਨਾਹੀ॥
ਸਾਹਿਬਾ ਦੇ ਹੁਕਮ ਅਟਲ ਹੈਂ॥ ਧਿਆਨ ਸਿੰਘ ਦੇ ਪੁਤਰੋਂ ਦਾ ਹੁਕਮ
ਸਤੁ ਹੋਇ ਗਇਆ ਹੈ॥ ਪੋਥੀਆਂ ਜੋ ਦੈਂਡਾ ਸਿੰਘ ਲਿਖ ਭੇਜੀ ਸੀ॥
ਉਨਾ ਵਿਚਿ ਸਾਹਿਬਾਂ ਦੇ ੩੦੩ ਚਰਿਤ੍ਰ ਉਪਖਿਆਨ ਦੀ ਪੋਥੀ
ਜੋ ਹੈ ਸੋ ਜੀਤਾ ਸਿੰਘ ਨੂੰ ਮਾਲਾ ਵਿਚਿ ਦੇਣਾ ਜੀ। ਨਾਮ ਮਾਨ ਕੀ
ਪੋਥੀ ਦੀ ਖਬਰ ਅਬੀ ਮਿਲੀ ਨਾਹੀ॥ ਕਰਿ ਸਕਾਂ ਤਾਂ ਪਰ
ਧਾਮ ਤੇ ਮਿਲਣਾ॥ ਉਤਰ ਦੇਣ ਨਾਹੀ॥ ਜੋ ਮਿਲ ਅਬੀ ਭੇਜ ਦੇਵਾਂਗੇ॥
ਏਸ ਵਿਚਿ ਹੋਣਾ ਹੈ ਕਿ ਧੀਰ ਬੰਧਨ ਮੁਕਤਿ ਹੋਇ ਜਾਣਾ ਪਇਆ ਹੈ॥
ਸਾਹਿਬ ਬਾਣੀ ਕਾਮ ਗੋ॥ ਤੇਨਾ ਪ੍ਰ ਜੋ ਸਾਹਿਬਜਾਦੇ ਕੀ ਖਲੀ
ਕੇ ਆਰੂਪਨ ਨਹੀ ਗੁਰੂ ਕਿਆ ਮੰਤ੍ਰ ਸੇ ਭੇਜਾ ਹੈ॥ ੧੭ ਤਜਤਪਨ
ਧੀ ਮੈਂ ਕ੍ਰਿਪਾ ਸਿੰਘ ਸੇ ਭਰਪਾਏ॥ ਰਜਤਪਨ ਇਸੇ ਤੇਸਾ ਦੀਆ॥
ਇ॥ ਨੂੰ ਸਮਰਥਕ ਧੀ ਹੈ॥ ਇਸ ਸੇ ਉਠਿ ਜਾਦੇ ਕੋ ਅਕਸਰੀ
ਹੈ ਸਿਸਾਧ ਨਾਹੀ ਦੀਆ॥ ਜੋ ਦੇਵੇ ਤਾਂ ਧਰੇ ਸਹਿਰ ਸੇ ਰੂਹੀ
ਕਰਾਇ ਭੇਜਦੇ॥ ਅਸਾਡੇ ਸਰੀਰ ਦੀ ਰਖਿਆ ਰਹੀ ਤਾਂ
ਕੁਆਰ ਦੇ ਮਹੀਨੇ ਆਵਾਂਗੇ॥ ਮਿਤੀ ਵੈਸਾਖ ੨੨॥
ਦਸਖਤ ਮਨੀ ਸਿੰਘ॥ ਗੁਰੂਚਕ੍ਰ ਚੀਨਾ ਮ ਜੁਆਬ ਪੋਥੀ
ਮੇਂ॥

+ ਸੰਮਤ ੧੯੨੪ ਬਿ: = ਅਪ੍ਰੈਲ ੧੮੬੭ ਈ:

ਹੈ। ਆਮ-ਵਾਕਫੀਅਤ (ਜਨਰਲ ਨਾਲਿਜ) ਭੀ ਗ੍ਰੰਥਕਾਰ ਭਾਈ ਗੁਰਦਾਸ 'ਭੱਲੇ' ਵਾਂਗੂੰ ਬੜੀ ਖੁਲ੍ਹੀ ਤੇ ਵਿਸ਼ਾਲ ਹੈ। ਫਾਰਸੀ ਦੇ ਕਈ ਲਫ਼ਜ਼ਾਂ ਨੂੰ ਆਮ ਪ੍ਰਚਲਿਤ ਰੂਪ ਵਿਚ ਭੀ ਵਰਤਦਾ ਹੈ। ਜਿਹਾ ਕਿ 'ਪੈਗੰਬਰ' ਨੂੰ 'ਪਿਕੰਬਰ' 'ਫਾਰਗ' ਨੂੰ 'ਫਾਰਕ', 'ਨਜ਼ਦੀਕ' ਨੂੰ 'ਨਜੀਕ' 'ਰੋਜ਼ਗਾਰ' ਨੂੰ 'ਰੁਜ਼ਗਾਰ' ਤੇ 'ਸਫ਼ੇਦ' ਨੂੰ 'ਸੁਪੇਦ' ਆਦਿ। ਇਨ੍ਹਾਂ ਰੂਪਾਂਤ੍ਰ ਸ਼ਬਦਾਂ ਤੋਂ ਬਿਨਾਂ, ਲਿਖਾਰੀ ਨੇ ਹੋਰ ਅਨੇਕ ਲਫ਼ਜ਼ ਅਰਬੀ ਫਾਰਸੀ ਦੇ ਪੂਰੀ ਸੁੱਧ ਸੂਰਤਿ ਵਿਚ ਵਰਤੇ ਹਨ। ਜਿਹਾ ਕਿ ਮਉਕੂਫ ਰੁਜੂ, ਜਮਯੱਤ, ਕੁਸ਼ਾਇਸ਼, ਮਾਲੂਮ, ਆਸਤੀਨ, ਕਮਰ, ਫ਼ਤਿਹ, ਪਾਇਜਾਮਾ, ਮੌਜ਼ੇ, ਬਾਜ਼ੂਬੰਦ, ਆਜਿਜ਼, ਰੁਖ਼ਸਤ, ਖ਼ਸਲਤ, ਜ਼ਿਬਹ ਤੇ ਮੁਯੱਸਰ ਆਦਿ।

ਇਸ ਤਰ੍ਹਾਂ ਦੀ ਵਿਸ਼ੇਸ਼ ਯੋਗਤਾ ਤੇ ਵਿਸ਼ਾਲ ਜਾਣਕਾਰੀ ਤੋਂ ਪਤਾ ਲਗਦਾ ਇ ਕਿ ਇਸ ਗ੍ਰੰਥ ਦਾ ਲਿਖਾਰੀ, ਸ੍ਰੀ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਦਾ ਕੋਈ ਦਰਬਾਰੀ ਲਿਖਾਰੀ ਮੁਨਸ਼ੀ-ਫ਼ਾਜ਼ਿਲ ਤੇ ਮਹਾਂ-ਗਿਆਨੀ ਹੈ॥

ਇਸ ਗ੍ਰੰਥ ਦੀ ਬੋਲੀ ਭੀ ਉਹੋ ਹੈ, ਜੋ ਸਤਿਗੁਰਾਂ ਦੇ ਸਮੇਂ ਯਾ ਉਸਦੇ ਅਗਲੇ ਪਿਛਲੇ ਨੇੜ ਵਿਚ ਲਿਖੀ-ਵਰਤੀ ਜਾਂਦੀ ਸੀ। ਜਿਹਾ ਕੁ ਭਾਈ ਮਨੀ ਸਿੰਘ ਸ਼ਹੀਦ ਨੇ ਮਾਤਾ ਸੁੰਦਰ ਸਰੂਪ ਜੀ ਤੇ ਸਾਰਿਸ ਦੇਵੀ ਜੀ ਵਲਿ ਲਿਖੇ ਇਸ ਬਿਨੈ ਪੱਤ੍ਰ ਵਿਚ ਵਰਤੀ ਹੈ :-

੧ਓ ਅਕਾਲ ਸਹਾਏ॥

ਪੂਜ ਮਾਤਾ ਜੀ ਦੇ ਚਰਨਾਂ ਪਰ ਮਨੀ ਸਿੰਘ ਕੀ ਡੰਡੌਤ ਬੰਦਨਾ॥ ਬਹੁਰੋ ਸਮਾਚਾਰ ਵਾਚਨਾ ਕਿ ਇਧਰ ਆਉਨ ਪਰ ਸਾਡਾ ਸਰੀਰ ਵਾਯੂ ਕਾ ਅਧਿਕ ਵਿਕਾਰੀ ਹੋ ਗਇਆ ਹੈ। ਸੁਅਸਤ ਨਾਹੀ ਰਹਿਆ। ਤਾਪ ਕੀ ਕਥਾ ਦੋ ਬਾਰ ਸੁਨੀ। ਪਰ ਮੰਦਿਰ ਕੀ ਸੇਵਾ ਮੇਂ ਕੋਈ ਆਲਕ ਨਾਹੀ। ਦੇਸੁ ਵਿਚਿ ਖਾਲਸੇ ਕਾ ਬਲੁ ਛੂਟਿ ਗਇਆ ਹੈ॥ ਸਿੰਘ ਪਰਬਤਾਂ ਬਬਾਨਾਂ ਵਿਚਿ ਜਾਇ ਬਸੇ ਹੈਨ। ਮਲੇਛੋਂ ਕੀ ਦੇਸੁ ਮੇ ਦੋਹੀ ਹੈ॥ ਬਸਤੀ ਮੇ ਬਾਲਕ ਜੁਵਾ ਇਸਤ੍ਰੀ ਸਲਾਮਤੁ ਨਾਹੀਂ। ਮੁਛ ਮੁਛ ਕਰਿ ਮਾਰਦੇ ਹੈਨ। ਗੁਰੂ ਦਰੋਹੀ ਭੀ ਉਨ੍ਹਾਂ ਦੇ ਸੰਗੁ ਮਿਲਿ ਗਏ ਹੈਨ॥ ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ॥ ਸਬੀ ਚਕੁ ਛੋੜ ਗਏ ਹੈਨ॥ ਮੁਤਸਦੀ ਭਾਗ ਗਏ ਹੈਨ। ਸਾਡੇ ਪਰ ਅਬੀ ਤੋਂ ਅਕਾਲ ਕੀ ਰਛਾ ਹੈ॥ ਕਲ ਕੀ ਖ਼ਬਰ ਨਾਹੀਂ॥ ਸਾਹਿਬਾਂ ਦੇ ਹੁਕਮ ਅਟਲ ਹੈਨਿ॥ ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤੁ ਹੋਇ ਗਇਆ ਹੈ। ਪੋਥੀਆਂ ਜੋ ਝੰਡਾ ਸਿੰਘ ਹਥਿ ਭੇਜੀ ਥੀ। ਉਨ੍ਹਾਂ ਵਿਚ ਸਾਹਿਬਾਂ ਦੇ ੩੦੩ ਚਰਿਤ੍ਰ-ਉਪਖਿਆਨ ਦੀ ਪੋਥੀ ਜੋ ਹੈ, ਸੋ ਸੀਹਾਂ ਸਿੰਘ ਨੂੰ ਮਹਲ ਵਿਚਿ ਦੇਨਾਂ ਜੀ। ਨਾਮਮਾਲਾ ਕੀ ਪੋਥੀ ਦੀ ਖ਼ਬਰੁ ਅਬੀ ਮਿਲੀ ਨਾਹੀ॥ ਕਰਿਸਨਾਵਤਾਰ ਪੂਰਬਾਰਧ ਤੋਂ ਮਿਲਾ॥ ਉਤਰਾਰਧ ਨਾਹੀਂ॥ ਜੋ ਮਿਲਾ ਅਸੀਂ ਭੇਜ ਦੇਵਾਂਗੇ॥ ਦੇਸ ਵਿਚਿ ਗੋਗਾ ਹੈ ਕਿ ਬੰਦਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ। ਸਾਹਿਬ ਬਾਹੁੜੀ ਕਰਨਗੇ॥ ਤੋਲਾ ੫ ਸੋਨਾ ਸਾਹਿਬਜਾਦੇ ਕੀ ਘਰਨੀ ਕੇ ਆਭੂਖਨ ਲਈ ਗੁਰੂ ਕਿਆਂ ਖਡੂਰ ਸੇ ਭੇਜਾ ਹੈ॥ ੧੭ ਰਜਤਪਨ ਬੀ ਝੰਡਾ ਸਿੰਘ ਸੇ ਭਰ ਪਾਨੇ॥ ਪੰਜ ਰਜਤਪਨ ਇਸੇ ਤੋਸਾ ਦੀਆ। ਇਸ ਨੂੰ ਬਦਰਕਾ ਬੀ ਹੈ। ਇਸ ਸੇ ਉਠਿ ਜਾਵੇਗਾ। ਮਸਤਦੀਓਂ ਨੇ ਹਿਸਾਬ ਨਾਹੀ ਦੀਆ। ਜੋ ਦੇਂਦੇ ਤਾਂ ਬਡੇ ਸਹਿਰ ਸੇ ਹੁੰਡੀ ਕਰਾਇ ਭੇਜਦੇ। ਅਸਾਡੇ ਸਰੀਰ ਦੀ ਰਛਿਆ ਰਹੀ ਤਾਂ ਕੁਆਰ ਦੇ ਮਹੀਨੇ ਆਵਾਂਗੇ॥ ਮਿਤੀ ਵੈਸਾਖੁ ੨੨॥ ਦਸਖਤ ਮਨੀ ਸਿੰਘ॥ ਗੁਰੂਚਕੁ ਬੁੰਗਾ॥ ਜੁਆਬ ਪੋਰੀ ਮੇਂ!!"

www.Mahapurakh.com

ਇਸ ਬੋਲੀ ਤੇ ਤਰਜ਼ਿ ਬਿਆਨੀ ਦੇ ਮੇਲ-ਗੇਲ ਤੋਂ ਖਿਆਲ ਹੋ ਸਕਦਾ ਇ ਕਿ ਭਾਈ ਮਨੀ ਸਿੰਘ ਜੀ ਨੇ ਯਾ ਉਨ੍ਹਾਂ ਦੇ ਕਿਸੇ ਹੋਰ ਸੰਗੀ ਸਾਥੀ ਵਿੱਦਵਾਨ ਨੇ ਹੀ ਭਾਈ ਚਉਪਾ ਸਿੰਘ ਵਾਲੇ, ਯਾ ਹੋਰ ਪੁਰਾਣੇ ਰਹਿਤਨਾਮੇ ਨੂੰ ਸਰਲ ਵਾਰਤਾ ਵਿਚ ਉਲਥਾਇਆ ਹੋਵੇਗਾ॥

## ੬. 'ਪ੍ਰੇਮ ਸੁਮਾਰਗ' ਦਾ ਰਚਨ-ਕਾਲ

ਇਸ ਗ੍ਰੰਥ ਦਾ ਜੋ ਉਤਾਰਾ, ਸਰ ਅਤਰ ਸਿੰਘ ਸਾਹਿਬ 'ਭਦੌੜ' ਨੇ 'ਪਬਲਿਕ ਲਾਇਬ੍ਰੇਰੀ—ਲਾਹੌਰ' ਨੂੰ ਸੌਂਪਿਆ ਹੈ, ਉਸਦੇ ਅੰਤ ਪੁਰ "ਸੰਮਤ ੧੯੩੧" (ਬਿੱਕ੍ਰਮੀ) ਪਿਆ ਹੋਇਆ ਹੈ। ਇਸ ਤੋਂ ਪਹਿਲਾਂ ਦੀ ਲਿਖਤੀ ਸੈਂਚੀ ਹੁਣ ਸਾਨੂੰ ਲੱਭੀ ਹੈ। ਜੋ ਸੰਮਤੁ ੧੯੫੮ ਬਿੱ: (੧੭੦੧ ਈ:) ਦੀ ਲਿਖੀ ਹੋਈ ਹੈ। ਸੰਮਤ ੧੯੩੪ ਬਿੱ: (੧੮੭੭ ਈ:) ਵਿਚ ਸਤਿਕਾਰ ਯੋਗ ਬਾਬਾ ਰਾਮ ਸਿੰਘ ਜੀ 'ਨਾਮਧਾਰੀ' ਨਜ਼ਰਬੰਦੀ ਦੇ ਦਿਨੀਂ ਲਿਖੇ ਇਕ ਹੁਕਮਨਾਮੇ ਨਾਲਿ 'ਇਕ ਸੰਚੀ'—ਵੀਹ ਵਿੱਸਵੇ—'ਸਾਖੀ ਰਤਨ ਮਾਲ' (ਸੌ ਸਾਖੀ)—ਭੇਜਕੇ, ਤਾਕੀਦ ਕਰਦੇ ਹਨ :—

ੴ ਸਤਿਗੁਰ ਪ੍ਰਸਾਦਿ॥

ਭਾਈ ਇਹ ਸੰਚੀ ਭੇਜੀ ਹੈ ਤੁਮਰੇ ਪਾਸ, ਤੁਸੀਂ ਪੜ੍ਹ ਕੇ ਫੇਰ ਸਾਨੂੰ ਦੇ ਦੇਣੀ ਨਾਨੂ ਸਿੰਘ[1] ਏਸ ਸੰਚੀ ਨਾਲ ਪਿਆਰ ਰੱਖਦਾ ਹੈ, ਨਿੱਤ ਦੇਖਦਾ, ਪੜ੍ਹਦਾ ਹੈ। ਜੇ ਤੁਸੀਂ ਰੱਖਣੀ ਹੋਵੇ ਤਾਂ ਉਤਾਰਾ ਕਰ ਲੈਣੀ। ਨਹੀਂ ਤਾਂ, ਪੰਜਾਬ ਤੇ ਈ ਆਈ ਹੈ, ਤੁਸੀਂ ਉਥੇ ਜਾ ਕੇ ਦੇਖ ਲੈਣੀ, ਉਤਾਰ ਲੈਣੀ। ਇਹ ਸੰਚੀ 'ਪ੍ਰਹਿਲਾਦ ਸਰ' ਬਾਲੀ ਪੋਥੀ ਤੇ ਨਿਕਲੀ ਹੈ। ਸਾਨੂੰ ਦੇ ਗਿਆ ਹੈ ਨਰੈਣ ਸਿੰਘ[2]। ਏਦੂੰ ਪਿਛੇ ਜੋ ਸੰਚੀ ਮੈਂ ਲਿਖ ਰਿਹਾ ਹਾਂ, ਸੋ ਸਭ ਪੂਰਾ ਹੁੰਦਾ ਆਇਆ ਹੈ। ਅਰੁ ਭਾਈ! ਹੁਣ ਏਸ ਸੰਚੀ ਮੈ ਜੋ ਲਿਖਾ ਹੈ, ਸੌ ਸਾਖੀਆਂ ਮੈ, ਜੋ ਬਾਤ ਗੁਰੂ ਜੀ ਨੇ ਲਿਖੀ ਹੈ (ਉਹੀ ਹੈ)। ਅਗੇ ਗੁਰੂ ਜਾਣੇ! ਨਾਲੇ 'ਪ੍ਰੇਮ ਸੁਮਾਰਗ' ਮੈ ਲਿਖਾ ਹੈ, ਦੇਖ ਲੈਣਾ!

ਅਗੇ ਹੋਰ, ਏਸ ਸੰਚੀ ਦਾ ਦੀਦਾਰ ਕਰਿਆ ਕਰਨਾ। ਗੁਰੂ ਦੇ ਬਚਨ ਹੈਨ। ਇਹ 'ਅਰਦਾਸ'[3] ਪੜ੍ਹਕੇ ਸਾਨੂੰ ਦੇ ਦੇਣੀ, ਕਲ ਬਾਰਾਂ ਬਜੇ॥...੨੧

('ਹੁਕਮਨਾਮੇ'—ਪੰਨਾ ੧੯)

ਇਨ੍ਹਾਂ ਦੇ ਲਾਗ ਲਾਉਣੇ ਹੀ, ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਨੇ 'ਸ੍ਰੀ ਗੁਰ-ਤੀਰਥ ਸੰਗ੍ਰਹਿ' ਪੁਸਤਕ ਰਚੀ ਹੈ। ਜਿਸਦੇ ਪੰਨਾ ੧੧੫ ਪੁਰ ਰਹਿਤਨਾਮਿਆਂ ਦੀ ਸੂਚੀ ਦਿੱਤੀ ਹੋਈ ਹੈ। ਦਸਵੇਂ ਨੰਬਰ—੨ ਤੇ ਲਿਖਿਆ ਇ :—

"੧੦ ਦਸਵਾਂ ਗੁਰੂ ਜੀ ਕੇ ਨਾਮ ਕਾ—'ਪ੍ਰੇਮ ਸੁਮਾਰਗ ਗ੍ਰੰਥ'।"

ਇਨ੍ਹਾਂ ਤੋਂ ਬਿਨਾਂ, ਸ: ਬ: ਭਾਈ ਕਾਨ੍ਹ ਸਿੰਘ ਜੀ ਨੇ ਆਪਣੇ ਲਿਖੇ ਗ੍ਰੰਥ 'ਗੁਰਮਤ ਸੁਧਾਕਰ' ਦੀ ਕਲਾ ੬ ਵਿਚ ਇਸ ਗ੍ਰੰਥ ਦਾ ਸਾਰੰਸ਼ ਦੇਂਦਿਆਂ ਮੰਨਿਆ ਹੈ, ਕਿ

"ਇਸ ਪੁਸਤਕ ਦੇ ਆਦਿ, 'ਸ੍ਰੀ ਮੁਖਵਾਕ ਪਾਤਸ਼ਾਹੀ ੧੦' ਲਿਖਿਆ ਹੈ। ਪਰ ਇਹ ਕਿਸੇ ਪ੍ਰੇਮੀ ਸਿੱਖ ਦੀ ਰਚਨਾ ਹੈ, ਜੋ ੧੯੮੦ ਅਥਵਾ ੮੫ ਵਿਚ ਲਿਖੀ ਗਈ ਹੈ।" (ਫੁਟ ਨੋਟ—ਪੰਨਾ ੪੪੫)

---

1. ਭਾਈ ਨਾਨੂੰ ਸਿੰਘ (ਪ੍ਰਸਿੱਧ ਨਾਮ—ਕਿਰਪਾਲ ਸਿੰਘ) ਬਾਬਾ ਜੀ ਦਾ 'ਗੜਵਈ' ਸੀ।
2. ਭਾਈ ਨਰੈਣ ਸਿੰਘ, ਫ਼ਲੌਰ—ਜਲੰਧਰ ਦੇ ਵਸਨੀਕ, ਤੇ ਬਾਬਾ ਜੀ ਦੇ ਸਾਦਿਕ (ਸ਼ਰਧਾਲੂ) ਸਨ।
3. ਫਾਰਸੀ—'ਅੱਰਜ਼ਦਾਸ਼ਤ') ਬਿਨੈ ਪੱਤ੍ਰ, ਚਿੱਠੀ।

www.Mahapurakh.com

ਐਪਰ ਇਸ ਗ੍ਰੰਥ ਦੇ ਆਪਣੇ ਲਫ਼ਜ਼—

"ਅਰੁ ਸਿੰਘ ਹੋਇ ਕਰਿ ਹਥਿਆਰ ਆਪਸ ਤੇ ਜੁਦਾ ਨ ਕਰੋ। ਅਰੁ ਸਿੰਘ, ਮੁਖ-ਗਊ ਹੋਇ ਰਹੈ। ਅਤੇ ਜੇ ਕੋਈ ਪੰਜ ਕੱਪੜੇ ਤੇ ਹਥੀਆਰ ਪਹਿਰ ਕਰ ਨਿਕਲੇ, ਦੁਨੀਆਂ ਵਿਚ ਉਸ ਨੂੰ ਕੋਈ ਸਬਬ ਆਇ ਬਣੈ। ਅਰੁ ਕਦਾਂਚ ਜਾਣੈ ਜੋ ਕੋਈ ਦੁਸ਼ਟ ਖੜਾ ਹੈ, ਪਿੱਛਾ ਛੱਡਦਾ ਨਾਹੀ। ਅਰੁ ਧਰਮ ਉਪਰਿ ਅਰੁ ਆਪਣੀ ਗ਼ਰੀਬੀ ਅਬਰੋਈ ਉਪਰਿ ਆਈ ਬਣੀ ਹੈ। ਅਰੁ ਜਬ ਜਾਣੈ ਕਿਸੀ ਸਬਬੁ ਰਹਿੰਦਾ ਨਾਹੀਂ, ਤਾਂ ਓੜਕ ਨੂੰ ਹਥੀਆਰੁ ਕਰੈ। ਪਰ ਇਕ ਫੁਰ ਕੀ ਢਿਲ ਨ ਕਰੇ। ਅਰੁ ਪਿੱਛਾ ਨ ਦੇਇ। ਅਰੁ ਕਦਾਂਚ ਜਾਣੈ, ਜੋ ਮੋਰੀ ਰਛਿਆ ਗੁਰੂ ਬਾਬਾ ਕਰਦਾ ਹੈ, ਅਰੁ ਦਾਉ ਨਿਕਲਨੇ ਦਾ ਹੈ, ਤਾਂ ਨਿਕਾਲ ਰਖੈ। ਆਪ ਕਉ ਬਚਾਇ ਕਢੈ। ਅਰੁ ਕਦਾਂਚ ਜਾਣੈਂ ਮੁਝ ਤੇ ਹਥੀਆਰੁ ਕਰਨੇ ਕਾ ਪਰਾਕ੍ਰਮ ਨਹੀਂ ਬਣ ਆਂਵਦਾ ਅਰੁ ਆਇ ਬਣੀ ਹੈ, ਤਾਂ ਓਤ ਵਖਤ ਉਨ੍ਹਾਂ ਦੇ ਵੱਡਕੇ[1] ਨੂੰ ਜਿਸ ਨੂੰ ਓਹੁ ਮੰਨਦੇ ਹੈਨਿ, ਆਖਦੇ ਹੈਨਿ, 'ਜੋ ਅਸਾਂ ਨੂੰ ਅੰਤਕਾਲ ਸਹਾਈ ਹੋਂਦਾ ਹੈ!' ਓਸਦਾ ਅਮਰੁ[2] ਪਾਏ!...ਅਰੁ ਜੋ ਜਾਨੈ ਅਪਨੇ ਧਰਮ ਉਪਰਿ ਆਇ ਬਨੀ ਹੈ ; ਤਾਂ ਓਤ ਵਖਤ ਓਨ੍ਹਾਂ ਦੇ ਵੱਡਕੇ ਨੋ ਬੁਰਾ ਬੋਲੈ। ਪਰ ਤਦਿ, ਜਦਿ ਜਾਨੈ ਜੋ ਸਖਤੀ ਕਰਦੇ ਹੈਨਿ, ਬਚਦਾ ਕਿਵੇਂ ਨਾਹੀਂ। ਤਾਂ ਆਪਣਾ ਧਰਮੁ ਰੱਖੈ। ਓਨ੍ਹਾਂ ਦੇ ਵੱਡਕੇ ਨੂੰ ਬੁਰਾ ਬੋਲੈ। ਕਿਉਂ ਜੋ ਉਨ੍ਹਾਂ ਦੁਰਬਚਨਾਂ ਦਾ ਸਦਕਾ, ਉਸੀ ਵਖਤਿ ਮਾਰਸਨਿ। ਕਿਉਂ ਜੋ ਏਹੁ ਮਰਨਾ ਆਪਣੇ ਧਰਮ ਪਰਿ ਹੈ, ਤਾਂ 'ਨਾਮ' ਜਪੈ।

ਅਰੁ ਇਨ੍ਹਾਂ ਮਲੇਛਾਂ ਕੀ ਸਤਿਥ ਨਜੀਕਿ ਆਇ ਲਗੀ ਹੈ। ਪਰੁ ਬਹੁਤ ਸਖਤੀ ਕਰਨਿਗੇ। ਪਰੁ ਇਹ ਭੀ ਅੰਤ ਨੂੰ ਸਜਾਇ ਭਾਰੀ ਪਾਵਨਿਗੇ। ਅਰੁ ਜੋ ਕੋਈ ਸਿੱਖ ਖ਼ਾਲਸੇ ਕਾ ਹੋਵੈਗਾ ਸੋ ਆਪਸ ਮੇਂ ਪਿਆਰ ਕਰਨਾ, ਅਰੁ ਨੇਕੀ ਬਦੀ ਨੂੰ ਇਕੱਲੇ ਹੋਇ ਜਾਣਾ। ਅਰੁ ਜੇ ਇਕ ਸਿਖ ਉਪਰਿ ਅਇ ਬਣੈਗੀ ਤਾਂ ਸਭ ਇਕੱਠੇ ਜੀਉ ਦੇਣੇ ਨੂੰ ਤਈਆਰੁ ਹੋਣਾ। ਤਬ ਸਿੱਖਾਂ ਨੂੰ ਸਿੱਖੀ ਦਾ ਫਲ ਹੋਇਗਾ। ਅਰੁ ਉਸ ਵਖਤ ਗੁਰ ਬਾਬਾ ਸ੍ਰੀ ਅਕਾਲ ਪੁਰਖ ਉਨ੍ਹਾਂ ਦੇ ਸਿਰ ਉਪਰਿ ਪਰਤੱਖ ਆਇ ਸਹਾਈ ਹੋਇਗਾ। ਇਸ ਗੱਲ ਵਿਚ ਫੇਰੁ[3] ਨਾਹੀਂ!!" (ਪੰਨਾ ੧੧ ਤੇ ੧੨)—ਇਹ ਲਿਖਤ ਖੋਜੀ ਦਾ ਧਿਆਨ ਉਸ ਬਿਖੜੇ ਸਮੇਂ ਵਲਿ—ਦੂਰ ਪਿੱਛੇ—ਲੈ ਜਾਂਦੀ ਹੈ, ਜਿਸ ਦਾ ਜ਼ਿਕਰ ਭਾਈ ਮਨੀ ਸਿੰਘ ਜੀ ਨੇ ਆਪਣੇ ਬਿਨੈਪੱਤ੍ਰ ਵਿਚ ਇੰਞ ਕੀਤਾ ਹੈ :—

"ਦੇਸ ਵਿਚ ਖ਼ਾਲਸੇ ਕਾ ਬਲੁ ਛੁਟਿ ਗਇਆ ਹੈ। ਸਿੰਘ ਪਰਬਤਾਂ ਬਬਾਨਾਂ ਵਿਚਿ ਜਾਇ ਬਸੈ ਹੈਨ। ਮਲੇਛੋਂ ਕੀ ਦੇਸ ਮੈ ਦੋਹੀ ਹੈ। ਬਸਮੀ ਮੇਂ ਬਾਲਕ ਜਵਾ ਇਸਤ੍ਰੀ ਸਲਾਮਤ ਨਾਹੀਂ। ਮੁਛ ਮੁਛ ਕਰਿ ਮਾਰਦੇ ਹੈਨ। ਗੁਰੂ ਦਰੋਹੀ ਭੀ ਉਨ੍ਹਾਂ ਦੇ ਸੰਗ ਮਿਲਿ ਗਏ ਹੈਨ। ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨਿ।...ਦੇਸ਼ ਵਿਚ ਰੰਗਾ ਹੈ, ਕਿ 'ਬੰਦਾ' ਬੰਧਨ-ਮੁਕਤਿ ਹੋਇ ਭਾਗ ਗਇਆ ਹੈ। ਸਾਹਿਬ ਬਾਹੁੜੀ ਕਰਨਗੇ!"

ਭਾਈ ਸਾਹਿਬ ਨੇ ਆਪਣੇ ਇਸ 'ਲਿਖੇ' ਪੁਰ 'ਮਿਤੀ ਵੈਸਾਖ ੨੨" ਪਾਈ ਹੈ। ਰਿਵਾਜ ਅਨੁਸਾਰ 'ਸੰਮਤੁ' ਲਿਖਣਾ ਜ਼ਰੂਰੀ ਨਹੀਂ ਸਮਝਿਆ। ਲੇਕਿਨ "ਬਾਬਾ ਬੰਦਾ ਜੀ ਦੇ "ਬੰਧਨ ਮੁਕਤ ਹੋਈ ਭਾਗ ਜਾਣ" ਦਾ ਜ਼ਿਕਰ ਕਰਕੇ, ਉਸ ਸੰਮਤ ਦੀ ਸੋਝੀ ਭੀ ਕਰਾ ਦਿੱਤੀ ਹੈ। ਹੁਣ ਅਸੀਂ ਬਾਬਾ ਜੀ ਦੇ ਫੜੇ ਜਾਣ, ਸ਼ਾਹਜਹਾਨਾਬਾਦ (ਦਿੱਲੀ) ਜਾ ਕੇ ਅਸਹਿ ਤਸੀਹੇ ਸਹਾਰਣ, ਤੇ ਫਿਰਿ ਲੋਪ ਹੋ ਜਾਣ ਦੀ ਅਵਾਈ ਉਡਣ ਦੇ ਸਮਾਚਾਰ, ਮੁਗਲ ਹਕੂਮਤ ਦੀ ਤਾਰੀਖ ਵਿਚੋਂ

1. ਨਬੀ ਰਸੂਲ, ਹਜ਼ਰਤ ਮੁਹੰਮਦ ਸਾਹਿਬ।
2. ਹੁਕਮ, ਹਦਾਯਤ।
3. ਫਰਕ, ਸ਼ੱਕੁ-ਸ਼ੁਭਾ।

www.Mahapurakh.com

ਸੁਖੱਲੇ ਹੀ ਲੱਭ ਸਕਦੇ ਹਾਂ।

ਮੁਗਲ ਬਾਦਸ਼ਾਹ ਬਹਾਦੁਰ ਸ਼ਾਹ ਤੇ ਫੱਰੁਖਸੀਅਰ ਦਾ ਸਮਕਾਲੀ ਸਰਕਾਰੀ ਲਿਖਾਰੀ ਮੁਹੰਮਦਹਾਦੀ 'ਕਾਮਵਰ ਖਾਨ' ਆਪਣੀ ਲਿਖੀ ਤ੍ਵਾਰੀਖ 'ਤਜ਼ਕਰਾਤੁਲ ਸਲਾਤੀਨਿ ਚੁਗੱਤਾ' (ਫ਼ਾਰਸੀ) ਵਿਚ ਬਾਬਾ ਬੰਦਾ ਸਿੰਘ 'ਬਹਾਦੁਰ' ਦੇ ਸਾਥੀ ਸਿੰਘਾਂ ਸਮੇਤ ਫੜੇ ਜਾਣ ਦੀ ਤਾਰੀਖ਼ ੨੧ ਜ਼ੀ ਹਿੱਜਾ, ਸੰਨ ੧੧੨੭ ਹਿ: (੫, ੬ ਪੋਹ ੧੭੭੨ ਬਿੱ:) ਦੇਂਦਾ ਹੈ, ਤੇ ਬਾਦਸ਼ਾਹ ਫੱਰੁਖਸੀਅਰ ਦੇ ਹਜ਼ੂਰਿ ਦਿੱਲੀ ਪੇਸ਼ ਹੋਣ ਦੀ ੧੭ ਰੱਬੀ ਅੱਵਲ ੧੧੨੮ ਹਿ: (੩, ੪ ਚੇਤ੍ਰ ੧੭੭੨ ਬਿੱ:)। ਫਿਰਿ ਉਨ੍ਹਾਂ ਦੇ ਸ਼ਹੀਦ ਕੀਤੇ ਜਾਣ ਦੀ ਖ਼ਬਰ ਇਨ੍ਹਾਂ ਲਫ਼ਜ਼ਾਂ ਵਿਚ ਲਿਖਦਾ ਇ :—

"ਬੀਸਤੋਨੁਹਮ (ਜਮਾਦੀ ਆਖ਼ਿਰ)—ਸਰਬਰਾਹ ਖਾਨ, 'ਕੋਤਵਾਲ' ਵ ਇਬਰਾਹੀਮੁੱਦੀਨ ਖਾਨ, 'ਮੀਰ ਆਤਿਸ਼' ਮਕਹੂਰ ਮਲਊਂਨ ਵ ਪਿਸਰ ਸਿਹ ਸਾਲਾਇ ਓ ਰਾ, ਬਾ ਬੀਸਤੋ ਸ਼ਸ਼ ਕਸ ਰਫ਼ੀਕਾਨਸ਼ ਦਰ ਜਵਾਰਿ ਮਿਜ਼ਾਰ ਹਜ਼ਰਤ ਖ੍ਵਾਜਾ ਕੁਤਬੁਲ ਅਕਤਾਬ ਕੁਦਸ ਸਿਰਹ ਬੁਰਦਾ, ਬ ਅੱਜ਼ਾਬ ਤਮਾਮ ਬ-ਕਤਲ ਰਸਾਨੀਦਾ, ਵ ਸਫਹਏ ਜਹਾਨ ਅਜ਼ ਲੌਸਿ ਵਜੂਦਿ ਆਂ ਨਾਪਾਕ, ਮੁਸੱਫਾ ਸ਼ੁਦ।" (ਲਾਇਬ੍ਰੇਰੀ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਲਿਖਤੀ ਖਰੜਾ—ਪੰਨਾ ੭੫੪ ਤੇ ੭੫੮)।

ਅਰਥਾਤ—ਉਣੱਤੀਹ (ਜਮਾਦੀ ਆਖ਼ਿਰ=ਸੰਮਤ ੧੭੭੩ ਮਿਤੀ ੧੧ ਹਾੜ੍ਹ ਸੁਦੀ ਏਕਮ, ਵੀਰਵਾਰ) ਨੂੰ, ਸਰਬਰਾਹ ਖਾਨ ਕੋਤਵਾਲ ਤੇ ਇਬਰਾਹੀਮੁੱਦੀਨ ਖਾਨ 'ਮੀਰਿ ਆਤਿਸ਼' (ਇਨਚਾਰਜ ਤੋਪਖਾਨਾ) ਨੇ ਦੁਖਿਆਰੇ ਲਾੱਨਤੀ (ਬਾਬਾ ਬੰਦਾ ਸਿੰਘ ਜੀ) ਨੂੰ, ਉਸ ਦੇ ਤਿੰਨ ਸਾਲ ਉਮਰ ਦੇ ਪੁਤ੍ਰ (ਅਜੈ ਸਿੰਘ) ਤੇ ਛੱਬੀਹ ਸਾਥੀਆਂ ਸਮੇਤ, ਖ੍ਵਾਜਾ ਕੁਤਬੁੱਦੀਨ ਦੇ ਮਕਬਰੇ ਲਾਗੇ ਲੈ ਜਾ ਕੇ, ਬੇਹੱਦ ਤਸੀਹਿਆਂ ਨਾਲਿ ਕਤਲ ਕਰ ਦਿੱਤਾ। ਅਰੁ ਜਹਾਨ ਦਾ ਪੱਤ੍ਰਾ ਉਸਦੀ ਅਪਵਿੱਤ੍ਰ ਹੋਂਦ ਦੀ ਗੰਦਗੀ ਤੋਂ ਸਾਫ਼ ਹੋ ਗਿਆ।"

ਯਾਂਨੀ—ਹਾੜ੍ਹ ਸੰਮਤ ੧੭੭੩ ਬਿੱ: (ਗਤਿ) ਵਿਚ ਬਾਬਾ ਜੀ ਸ਼ਹੀਦ ਕੀਤੇ ਗਏ, ਤੇ ਉਸ ਮੌਕੇ ਬਾਬਾ ਜੀ ਦੇ ਸ਼ਰਧਾਲੂਆਂ ਇਹ ਅਵਾਈ ਉੜਾ ਦਿੱਤੀ, ਬਈ "ਬਾਬਾ ਜੀ ਆਪਣੀ ਕਰਾਮਾਤ ਦੇ ਸਦਕੇ ਬੰਧਨ-ਮੁਕਤ ਹੋਇ ਭਾਗ ਗਏ ਹੈਨਿ" ਅਰੁ ਕਿਸੇ ਬੰਦਈ ਸਿੰਘ ਨੇ ਉੱਤਰਾ ਖੰਡ ਦੀਆਂ ਰਿਆਸਤਾਂ ਵਿਚ ਜਾ ਕੇ, ਆਪਣੇ ਆਪ ਨੂੰ 'ਬਾਬਾ ਬੰਦਾ ਸਿੰਘ ਬਹਾਦੁਰ' ਦੱਸ ਕੇ, ਇਸ 'ਅਫਵਾਹ' ਨੂੰ 'ਹਕੀਕਤ' ਬਣਾਉਣ ਦਾ ਜਤਨ ਭੀ ਕੀਤਾ। ਲਾਜ਼ਮੀ ਤੌਰ ਪੁਰ ਇਹ ਗੱਲ ਸੰਮਤ ੧੭੭੩ ਬਿੱ: ਦੇ ਅੰਤਲੇ ਦਿਨੀਂ, 'ਗੁਰੂ ਚੱਕ ਬੁੰਗੇ' (ਤਖ਼ਤ ਸ੍ਰੀ ਅਕਾਲ ਬੁੰਗੇ-ਅੰਮ੍ਰਿਤਸਰ) ਭਾਈ ਮਨੀ ਸਿੰਘ ਜੀ ਦੇ ਕੰਨੀਂ ਪਈ। ਇਸ ਤੋਂ ਬਾਅਦ ਸੰਮਤ ੧੭੭੪ (ਗਤਿ) ਦੇ ਵੈਸਾਖ ੨੨ ਨੂੰ ਭਾਈ ਸਾਹਿਬ ਨੇ ਮਾਤਾ ਜੀ ਵਲ ਬਿਨੈ-ਪੱਤ੍ਰ ਲਿਖਿਆ। ਬੱਸ ਇਹੋ ਸਮਾਂ ਖ਼ਾਲਸੇ ਦੇ ਬਲ ਛੁੱਟਣ ਤੇ ਮਲੇਛਾਂ ਦੀ ਦੇਸ ਵਿਚ ਦੋਹੀ ਫਿਰਨ ਦਾ ਹੈ। ਜੋ ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਤੋਂ ਦਸ ਸਾਲ ਬਾਅਦ ਤੱਕ ਬਹੁਤਾ, ਤੇ ਮਿਸਲਾਂ ਦੇ ਬਲ ਧਾਰਨ ਤੱਕ, ਰਤਾ ਘੱਟ ਬਿਖੜਾ ਮੰਨਿਆ ਜਾ ਸਕਦਾ ਇ। ਠੀਕ ਇਸੇ ਬਿਖੜੇ ਸਮੇਂ ਵਿਚ ਇਸ ਗ੍ਰੰਥ—'ਪ੍ਰੇਮ ਸੁਮਾਰਗ' ਦਾ ਜਨਮ ਹੋਇਆ ਸਹੀ ਹੁੰਦਾ ਹੈ। ਸ: ਬ: ਭਾਈ ਕਾਨ੍ਹ ਸਿੰਘ ਜੀ ਦੇ ਅਨੁਮਾਨੇ ਜਨਮ-ਸੰਮਤ ੧੮੯੦-੯੫ ਬਿੱ: ਵਿਚ ਤਾਂ 'ਖ਼ਾਲਸੇ' ਦੇ ਰਾਜ ਭਾਗ ਚੜ੍ਹਦੀਆਂ ਕਲਾਂ ਵਿਚ ਸੀ, ਅਰੁ ਮਹਾਰਾਜਾ ਰਣਜੀਤ ਸਿੰਘ, 'ਸ਼ੇਰਿ ਪੰਜਾਬ' ਦੇ ਪੌਰਖ-ਪ੍ਰਬੰਧ ਦੀਆਂ ਧੁੰਮਾਂ ਰੂਸ ਤੇ ਫਰੰਗ (ਯੌਰਪ) ਤੱਕ ਪਈਆਂ ਹੋਈਆਂ ਸਨ। ਉਸ ਸਮੇਂ ਕਿਸੇ ਸਿੰਘ ਨੂੰ ਕਿਸੇ ਦੜੇ-ਦੁਸ਼ਟ ਤੇ ਮੜੇ ਮਲੇਛ ਦੇ ਮੱਥੇ ਲੱਗਣ ਪੁਰ ਬਚਾਉ ਦਾ ਦਾਉ ਲੱਭਣ ਦੀ ਕੋਈ ਲੋੜ ਨਹੀਂ ਸੀ

www.Mahapurakh.com

ਪੈਂਦੀ। ਅਰੁ ਨਾ ਹੀ ਲਿਖਾਰੀ ਨੂੰ ਇਹ ਤਾਕੀਦ ਕਰਨ ਤੇ ਯਕੀਨ ਦਿਵਾਣ ਦੀ ਜ਼ਰੂਰਤ ਸੀ, ਪਈ—

"ਜੇ ਇਕ ਸਿੱਖ ਉਪਰਿ ਅਇ ਬਣੈਗੀ, ਤਾਂ ਸਭੇ ਇਕੱਠੇ ਜੀਉ ਦੇਣੇ ਨੂੰ ਤਈਆਰੁ ਹੋਣਾ!...ਉਸ ਵਕਤ ਗੁਰੂ ਬਾਬਾ ਸ੍ਰੀ ਅਕਾਲ ਪੁਰਖ ਉਨ੍ਹਾਂ ਦੇ ਸਿਰ ਉਪਰਿ ਪਰਤੱਖ ਆਇ ਸਹਾਈ ਹੋਇਗਾ!"

ਹੋਰ ਵੇਖਣ-ਵਿਚਾਰਨ ਵਾਲੀ ਗੱਲ ਇਹ ਹੈ, ਕਿ ਉਸ ਸਮੇਂ ਸਿੰਘਾਂ ਨੂੰ ਸਤਿਗੁਰਾਂ ਦੇ ਪ੍ਰਤੱਖ ਹੋ ਕੇ ਦਰਸ਼ਨ ਦੇਣ ਤੇ ਸਹਾਈ ਹੋਣ ਦਾ ਅਟੱਲ ਵਿਸ਼ਵਾਸ ਸੀ। ਜਿਸ ਦਾ ਜ਼ਿਕਰ ਇਸ ਗ੍ਰੰਥ ਵਿਚ ਅਨੇਕਾਂ ਥਾਈਂ ਆਇਆ ਹੈ। ਇਹੋ ਨਹੀਂ, ਇਤਿਹਾਸਕ ਤੌਰ ਪਰ ਭੀ ਇਸ ਵਿਸ਼ਵਾਸ ਦੇ ਕਈ ਪਰਤੱਖ-ਪ੍ਰਮਾਣ, ਸੰਮਤ ੧੯੬੮ ਬਿੱ: (੧੯੧੧ ਈ:) ਤੱਕ ਮਿਲ ਚੁੱਕੇ ਸਨ। ਜਿਹਾ ਕਿ—

(੧) ਭਾਈ ਕੇਸਰ ਸਿੰਘ 'ਛਿੱਬਰ' ਸਤਿਗੁਰ ਨਾਨਕ ਦੇਵ ਦੇ ਪਰਤੱਖ ਦਰਸ਼ਨ ਕਰਨ ਦੀ ਸ਼ਾਹਦੀ ਭਰਦਾ ਹੋਇਆ ਸੰਮਤ ੧੮੨੬ ਬਿੱ: ਵਿਚ ਲਿਖਦਾ ਇ :—

(ਸਤਿਗੁਰ ਨਾਨਕ ਦਾ ਪੰਜ ਭੂਤਕ ਸਰੀਰ ਲੋਪ ਹੋ ਜਾਣ ਪੁਰ, ਉਨ੍ਹਾਂ ਦੇ ਸ਼ਰਧਾਲੂ ਹਿੰਦੂ ਤੇ ਤੁਰਕਾਂ ਨੇ ਗੁਰੂ ਬਾਬਾ ਜੀ ਦੀ ਮੜੋਲੀ ਪੁਰ ਪਾਈ ਚਾਦਰ ਵੰਡ ਲਈ।)

ਦੋ ਪਟ ਲੀਤੇ ਤੁਰਕਾਂ ਤੋੜ।
ਤੁਰਕਾਂ ਲੈ ਕੇ ਕੀਤੀ ਗੋਰ[1]।
ਉਨ੍ਹਾਂ ਸਾੜ ਕੇ ਚਿਖਾ ਬਨਾਈ।
ਰਾਖ ਹਰਿਸਰ ਦਈ ਪਠਾਈ।
ਜਾਗਾ ਖੋਦਿ ਤਹਾਂ ਖੂਹ ਕੀਆ।
ਇਨ੍ਹਾਂ ਪਾਸ ਬਨਾਇ ਮਕਤਬਾ[1] ਲੀਆ॥ ੪੨
ਦੋਨੋ ਏਕਠੇ, ਏਕ ਦਰਵਾਜ਼ਾ।
ਖੱਬੇ ਮਸੀਤ, ਸੱਜੇ ਕੂਪ[3] ਬਿਰਾਜਾ।
ਵਹੁ ਪੜ੍ਹਦੇ ਕਲਮਾ ਅਤੇ ਨਿਵਾਜਾ।
ਇਧਰ ਸਬਦ, ਸਾਖੀ ਦੀ ਅਵਾਜਾ॥ ੪੩
ਸਿੰਘ ਕੇਸਰ ਇਹ ਕਥਾ ਬਨਾਈ।
ਮਸੀਤ ਕੂਆ ਦੋਨੋ ਡਿਠੇ ਅਖੀਆਂ ਜਾਈ।
ਉਸ ਕੂਏ ਇਸ਼ਨਾਨ ਅਸਾਂ ਭੀ ਹੈ ਕੀਤਾ।
ਉਸ ਕੂਏ ਦਾ ਜਲ ਅੰਮ੍ਰਿਤ ਹੈ ਮੀਠਾ॥ ੪੪

ਦੋਹਰਾ

ਇਕ ਸਿੱਖ ਆਇਓ ਪਰਦੇਸ ਤੇ, ਬੈਠਾ ਕੂਪ ਅਸਥਾਨ :—
"ਤੂੰ ਗੁਰ ਪੂਰਾ ਸੱਚ ਹੈਂ, ਦੇਹ ਦਰਸ ਮੁਹਿ ਆਨ!! ੪੫

1. ਕਬਰ, ਮਿਜਾਰ।
2. ਮਦਰੱਸਾ, ਸਕੂਲ—ਜੋ ਓਸ ਸਮੇਂ ਅਮੂਮਨ ਮਸਜਦ ਵਿਚ ਹੀ ਹੁੰਦਾ ਸੀ।
3. ਖੂਹਾ।

www.Mahapurakh.com

ਚੌਪਈ

ਸੰਮਤ ਸਤਾਰਾਂ ਸੈ ਬਾਨਵੇਂ ਬੀਤੇ।
ਤਬ ਦਰਸਨੁ ਪਰਤੱਖ, ਗੁਰੂ ਨਾਨਕ ਜੀ ਦੀਤੇ।
ਪ੍ਰਾਤੇ ਪਲੰਘੁ ਜਲ ਉਪਰਿ ਆਇ ਪਇਆ।
ਉਪਰਿ ਪਰਤੱਖ ਗੁਰੂ ਨਾਨਕ ਜੀ ਬੈਠਤ ਭਇਆ॥ ੪੬
ਦਰਸਨ ਆਇ ਲਗੀ ਸਭ ਲੁਕਾਈ।
ਚਾਰ ਘੜੀਆਂ ਸਾਹਿਬ ਤਹਿਂ ਦਰਸ ਦਿਖਾਈ।
ਫੇਰ ਅੰਤ੍ਰ ਧਿਆਨ ਹੋਇ ਗਏ।
ਹਜ਼ਾਰਾਂ ਜੀਆਂ ਨੂੰ ਤਹਂ ਦਰਸਨ ਭਏ॥ ੪੭
ਕਿਆ ਕਹੀਐ ਸਤਿਗੁਰ ਦੀ ਵਡਿਆਈ।
ਓਹ ਸਦਾ ਹੀ ਪਰਤੱਖ ਹਾਜ਼ਰ ਜਾਨੋ ਭਾਈ॥...੪੮

*('ਬੰਸਾਵਲੀ ਨਾਮਾ...' ਚਰਨ ਦੂਜਾ)*

(੨) ਗੁਰੂ ਘਰ ਦੇ ਖਾਨਾਜ਼ਾਦ ਸੇਵਕ ਭਾਈ ਸੰਤਦਾਸ 'ਛਿੱਬਰ' ਨੇ ਸਤਿਗੁਰ ਨਾਨਕ ਦਾ ਜੀਵਨ ਕਵਿਤਾ 'ਚ ਭਾਈ ਬਾਲੇ ਵਾਲੀ ਸਾਖੀ ਦੇ ਪੂਰਨਿਆਂ ਪੁਰ ਪੈਰ ਧਰਦਿਆਂ, ਸੰਮਤ ਅਠਾਰਾਂ ਸੈ ਚਉਤੀਹ ਵਿਖੇ ਲਿਖਿਆ ਹੈ। ਜਿਸ ਦੇ ਅਗਾੜੀ ਦਸਵੇਂ ਪਾਤਿਸ਼ਾਹ ਦੇ 'ਪਰਤੱਖ ਦਰਸ਼ਨ' ਦੀ ਸਾਖੀ ਐਉਂ ਲਿਖੀ ਹੈ :—

੧॥ ਦੋਹਰਾ॥

ਨਿਮਸਕਾਰ ਗੁਰਦੇਵ ਕਉ, ਪੁਨਹਿ ਪੁਨਹਿ ਬਲਿਹਾਰ।
ਗੋਬਿੰਦ ਸਿੰਘ ਪ੍ਰਭ ਧਿਆਈਐ, ਨਾਨਕ ਨਾਮੁ ਅਪਾਰ॥ ੧
ਕਲਗੀਵਾਲਾ ਪੁਰਖੁ ਪ੍ਰਭੁ, ਰਵਿ ਰਹਿਆ ਭਰਪੂਰ।
ਗੁਰ ਸਿੱਖਾਂ ਕਉ ਨਿਕਟਿ ਹੈ, ਮਨਮੁਖ ਜਾਨੋ ਦੂਰਿ॥ ੨
ਵਿਸਨਿ ਨਰਾਵਿਨ ਆਤਮਾ, ਧਾਰੇ ਰੂਪ ਅਨੇਕ।
ਪਾਨਿ ਸਭ ਤੇ ਨਿਆਰਾ ਰਹੈ, ਗੋਬਿੰਦ ਪੁਰਖੁ ਅਲੇਖ॥ ੩
ਸੰਤ[1] ਹੇਤਿ ਅਵਤਾਰ ਧਰਿ, ਖਿਨ ਮਹਿ ਰੂਪ ਦਿਖਾਇ।
ਦੁਸ਼ਟਾਂ ਮਾਰੇ ਖੈ ਕਰੇ, ਸੰਤਾਂ ਸਦਾ ਸਹਾਇ॥ ੪
ਆਦਿ ਜੁਗਾਦੀ ਬਿਰਦ ਪ੍ਰਭ, ਰੱਖਿਆ ਕਰੇ ਦਿਆਲ।
ਨਾਨਕ-ਗੋਬਿੰਦ ਪਰਮ ਗੁਰੁ, ਭਗਤ-ਵਛਲ ਪ੍ਰਤਿਪਾਲ॥ ੫
ਸੁਭ ਧਰਤੀ ਪੰਜਾਬਿ ਦੇਸੁ, ਲਹੌਰ ਨਿਕਟਿ ਇਕ ਗਾਉਂ।
ਤਹਾਂ ਏਕ ਸਾਧੂ ਬਸੈ, 'ਸੰਤਿ ਸਿੰਘ' ਉਸਿ ਨਾਉਂ॥ ੬
ਵਰਨ 'ਅਰੋੜਾ' ਆਖੀਐ, ਜਾਤਿ 'ਚਾਵਲਾ' ਮੀਤ!
ਸੋਲਹਿ ਵਰਖ ਕਾ ਬਾਲ ਉਹ, ਹਰਿ ਸਿਉਂ ਲਾਗੀ ਪ੍ਰੀਤਿ॥ ੭

---

1. ਸਿੱਖਾਂ ਦੇ ਇਸ ਵਿਸ਼ਵਾਸ ਦਾ ਪਰਤੱਖ ਪ੍ਰਮਾਣ, ਉਨ੍ਹਾਂ ਹੀ ਦਿਨਾਂ ਵਿਚ ਪਿੰਡ 'ਨਿਆਜ਼ਬੇਗ' ਵਿਖੇ ਮਿਲਿਆ, ਜਿਸਦਾ ਜ਼ਿਕਰ ਅਗਾੜੀ ਚੱਲਕੇ ਕਰਾਂਗੇ।

www.Mahapurakh.com

### ਚੌਪਈ

ਏਕ ਸਮੈ ਪ੍ਰਭ ਕੀਨੀ ਦਇਆ।
ਪਿਤਾ ਸਾਥਿ ਅੰਮ੍ਰਿਤਸਰ ਗਇਆ।
ਤਹਾਂ ਜਾਇ ਕਰਿ ਦਰਸਨ ਪਾਇਆ।
'ਹਰਿ ਮੰਦਰਿ' ਜੀ ਸੀਸ ਨਿਵਾਇਆ॥ ੮
ਮੱਥਾ ਟੇਕਿਆ ਪ੍ਰੀਤਿ ਸਿਉਂ ਪਿਆਰੇ।
ਰਸਨਾ ਗੋਬਿੰਦੁ ਨਾਮ ਉਚਾਰੇ।
ਫੁਨਿ ਇਸਨਾਨ ਕੀਓ ਚਿਤ ਲਾਈ।
ਜਨਮ ਜਨਮ ਕੀ ਮੈਲ ਗਵਾਈ॥ ੯
... ... ... ... ...
ਕਰਿ ਇਸਨਾਨੁ ਜਪੁ ਪੜ੍ਹਿਉਸ ਮੀਤ!
ਉਸ ਬਾਲਕ ਕੀ ਨਿਰਮਲ ਗੀਤਿ॥ ੧੦
ਰੂਪਵੰਤ ਉਹ ਬਾਲਕ ਸੋਹੈ।
ਜੋ ਦੇਖੈ ਤਿਸ ਹੀ ਕਉ ਮੋਹੈ।
ਚਤੁਰ ਸਿਆਨਾ ਪਰਮ ਅਨੂਪ।
ਮਾਤ ਪਿਤਾ ਕਉ ਪਿਆਰਾ ਪੂਤ॥ ੧੧
ਗਾਵੈ ਸਬਦ ਪ੍ਰੇਮ ਸਿਉਂ ਰਾਗ।
ਕੋਇਲ-ਕੰਠ ਬਨਿਓਂ ਵਡਭਾਗ।
ਸਿਰ ਪਰ ਕਾਲੇ ਕੇਸ ਪਿਆਰੇ,
ਦੋ ਹੱਥ ਲੰਮੇ ਵਿੰਘਰਿਆਲੇ[1]॥ ੧੨
ਫੁਨਿ[2] ਪਗੜੀ ਸਿਰ ਬੱਧੀ ਬਾਲ।
ਜਾਮਾ ਪਾਯਾ ਸੁ ਘੇਰੇਦਾਰੁ।
ਪਟਕਾ ਬੱਧੁ ਸੁ ਪ੍ਰੀਤ ਲਗਾਇ।
ਕਰਦ ਕਟਾਰੀ ਕਮਰ ਬਨਾਇ॥ ੧੩
ਨਿਮਸਕਾਰ ਸ਼ਸਤ੍ਰ ਕਉ ਕਰੀ—
"ਜੈ ਚੰਡੀ! ਸ੍ਰੀ ਸਾਹਿਬ!! ਹਰੀ!!!"[3]
ਲੁੰਙੀ ਭੋਛਨ ਊਪਰ ਧਾਰਾ।
ਪਕੜ 'ਦੁਤਾਰਾ' ਸਬਦੁ ਉਚਾਰਾ॥ ੧੪
ਕਰ ਪਰਦਖਣਾ ਡੇਰੇ ਆਏ।
ਰਸਨਾ ਰਾਮ ਨਾਮ ਗੁਨ ਗਾਏ।
ਸਾੜ੍ਹ ਦਿਵਸ 'ਅੰਮ੍ਰਿਤਸਰਿ' ਰਹੇ।

---

1. ਘੁੰਘਰਿਆਲੇ।

2. ਸਿੰਘਾਂ ਦਾ ਇਸੇ ਤਰ੍ਹਾਂ ਦਾ ਪੁਸ਼ਾਕਾ, 'ਪ੍ਰੇਮ ਸੁਮਾਰਗ' ਵਿਚ ਦੱਸਿਆ ਹੈ। (ਦੇਖੋ ਪੰਨਾ ੧੫, ੧੬)

3. ਸ੍ਰੀ ਤਖਤ 'ਅਕਾਲ ਬੁੰਗੇ' ਵਿਰਾਜਮਾਨ ਸ਼ਸਤ੍ਰਾਂ ਦੇ ਦਰਸ਼ਨ ਕਰਕੇ ਨਮਸਕਾਰ ਕਰਨ ਦਾ ਰਿਵਾਜ ਉਸ ਵਕਤ ਭੀ ਹੈਸੀ, ਛੇਵੇਂ ਪਾਤਸ਼ਾਹ ਦੇ ਸਮੇਂ ਤੋਂ ਹੁਣ ਤੱਕ ਬਹਾਲ ਹੈ।

www.Mahapurakh.com

ਫੁਨਿ ਅਪਨੇ ਗ੍ਰਿਹ ਆਵਤ ਭਏ॥ ੧੫
... ... ... ... ...
ਸੰਤ ਸਿੰਘ ਕਉ ਪ੍ਰੀਤਿ ਲਗਾਨੀ।
ਰਸਨਾ ਬੋਲੇ ਅੰਮ੍ਰਿਤ ਬਾਨੀ।
ਕਬਹੂੰ ਬਾਹਰਿ ਨਿਕਸਿ ਸਿਧਾਵੈ।
ਬਨ ਮੇਂ ਜਾਇ ਬਹੇ ਗੁਣ ਗਾਵੈ॥ ੧੭
ਫੁਨਿ ਗ੍ਰਿਹਿ ਆਵੈ ਹਰਿ ਕਾ ਦਾਸ।
ਰਿਦੇ ਪ੍ਰੇਮ ਕੀਨੋ ਪ੍ਰਗਾਸ।
ਗ੍ਰਿਹ ਬਨ ਸਮਸਰ ਸਹਜ-ਸੁਭਾਇ।
ਗੁਨ ਗੋਬਿੰਦ ਗਾਵੈ ਚਿਤੁ ਲਾਇ॥ ੧੮
ਇਹ ਸਰਧਾ ਉਪਜੀ : 'ਪ੍ਰਭ ਸੇਵੋਂ!
ਗੋਬਿੰਦ! ਮੁਝ ਕਉ ਦਰਸਨ ਦੇਵੋ!
ਕਉ ਦੇਖਉਂ ਸੁਖਦਾਤਾ ਸੁਆਮੀ!
ਗੋਬਿੰਦ ਸਿੰਘੁ ਪ੍ਰਭ ਅੰਤਰਜਾਮੀ!! ੧੯
ਕਲਗੀਵਾਲਾ ਪੁਰਖੁ ਸੁਜਾਨ!
ਗੁਰੂ ਗੋਬਿੰਦ ਸਿੰਘ ਸੋਢੀ ਸੁਲਤਾਨ!!"
ਚਾਲਤ ਬੈਸਤ ਸੋਵਤ ਮੀਤ!
ਆਠ ਪੈਹਰ ਦਰਸਨ ਕੀ ਪ੍ਰੀਤਿ॥ ੨੦
ਅਉਰ ਵਾਸਨਾਂ ਉਠੇ ਨ ਕਾਈ।
ਦਰਸਨ ਕੀ ਪਿਆਸਾ ਮਨ ਮਾਹੀ।
ਰਸਨਾ "ਗੋਬਿੰਦ! ਗੋਬਿੰਦ!!" ਗਾਵੈ।
ਚਰਨ-ਕਮਲ ਹਿਰਦੇ ਮੋ ਧਿਆਵੈ। ੨੧
"ਗੋਬਿੰਦ! ਗੋਬਿੰਦ!!" ਉਚਰੇ ਬਾਨੀ।
ਬਿਨੁ ਗੋਬਿੰਦ ਕਛੁ ਅਵਰ ਨ ਜਾਨੀ।
"ਗੋਬਿੰਦ ਹਮਰਾ ਸਤਿਗੁਰ ਦੇਉ!
ਗੋਬਿੰਦ ਠਾਕੁਰ ਅਲਖ ਅਭੇਉ!! ੨੨
ਗੋਬਿੰਦ ਹਮਰੇ ਪ੍ਰਾਨ ਅਧਾਰਾ!
ਗੋਬਿੰਦ ਪੂਰਨ ਹੈ ਕਰਤਾਰਾ!
ਗੋਬਿੰਦ ਬਿਨਾਂ ਦੂਜਾ ਨਹੀਂ ਕੋਇ!
ਗੋਬਿੰਦ ਪਾਰਬ੍ਰਹਮ ਹੈ ਸੋਇ!! ੨੩
ਗੋਬਿੰਦ ਹਮਰੀ ਪੂੰਜੀ ਰਾਸਿ!
ਗੋਬਿੰਦ ਜੀਉ ਪਿੰਡ ਅਰੁ ਸਾਸਿ!
ਗੋਬਿੰਦ ਖੇਤੀ ਵਣਜ ਵੈਪਾਰੁ!
ਗੋਬਿੰਦ ਗ੍ਰਿਹ ਕੁਟੰਬ ਪਰਵਾਰੁ!! ੨੪
ਗੋਬਿੰਦ ਸਖਾ ਪਿਆਰਾ ਮੀਤੁ!

www.Mahapurakh.com

ਗੋਬਿੰਦ ਬਸੇ ਹਮਾਰੇ ਚੀਤਿ।
ਗੋਬਿੰਦ ਮਾਤ ਪਿਤਾ ਅਰੁ ਭਾਈ।
ਗੋਬਿੰਦ ਸਿਉ ਮੈਂ ਪ੍ਰੀਤ ਲਗਾਈ।। ੨੫
ਗੋਬਿੰਦ ਹਮਰਾ ਸਾਚਾ ਸਾਹੁ।
ਗੋਬਿੰਦ ਇਸਟ ਮੰਤ੍ਰ ਵਿੱਸਾਹੁ।
ਗੋਬਿੰਦ ਮੂਲ ਮਾਣ ਅਰੁ ਤ੍ਰਾਣ।
ਗੋਬਿੰਦ ਹਮਰੇ ਹਾਥਿ ਨੀਸਾਣੁ।। ੨੬
ਗੋਬਿੰਦ ਈਤ ਊਤ ਕਾ ਧੋਰਾ।
ਗੋਬਿੰਦ ਸੁਖਦਾਈ ਪ੍ਰਭ ਮੋਰਾ।
ਗੋਬਿੰਦ ਸਿਮਰਨ ਗੋਬਿੰਦ ਨਾਮੁ।
ਗੋਬਿੰਦ ਪੂਜਾ ਤਿਲਕੁ ਇਸਨਾਨੁ।। ੨੭
ਰਸਨਾ ਗੋਬਿੰਦ ਸਿਮਰੋਂ ਮੀਤ।
ਹਿਰਦੈ ਧਿਆਨ ਸਦਾ ਨਿਤਨੀਤ।
ਦਰਸਨੁ-ਦਾਨ ਦੀਜੀਐ ਮੋਹਿ।
ਤੁਮ ਸੁਆਮੀ ਮੈਂ ਸੇਵਕ ਤੋਹਿ।।" ੨੮
ਅੰਤਰਜਾਮੀ ਨਿਕਟਿ ਹਜੂਰਿ।
ਦੇਖੈ ਸੁਨੈ ਸਦਾ ਭਰਪੂਰਿ।[1]
ਸੰਤ ਸਿੰਘ ਬੈਠਾ ਬਨ ਮਾਹਿ।।
ਚਾਰ ਘੜੀ ਦਿਨ ਚੜ੍ਹਿਆ ਆਹਿ।। ੨੯

ਦੋਹਰਾ

ਬਾਨੀ ਭਈ ਅਕਾਸ ਤੇ :—"ਸੁਨਹੁ ਸੰਤ ਸਿੰਘ ਮੀਤ।
ਦਰਸਨ ਦੇਖਹੁ ਨੈਨਿ ਭਰਿ, ਜੋ ਤੁਮਰੀ ਪਰਤੀਤਿ।।" ੩੦

ਚੌਪਈ

ਜੋ ਤੁਮ ਚਾਹੋ ਦਰਸੁ ਦਿਖਾਵਉਂ।
ਕਹੋ ਤੁ ਬਿਸਨ ਰੂਪ ਬਨਿ ਆਵਉਂ।
ਚਾਰ ਭੁਜਾ ਅਰੁ ਆਇਧਿ ਚਾਰ[2];
ਸੰਖ, ਚਕ੍ਰ, ਗਦਾ, ਪਦਮ ਵੀਚਾਰੁ।। ੩੧
ਅਵਰ ਰੂਪ ਜੋ ਚਾਹੇਂ ਦਿਆਲਿ।
ਸੋਈ ਰੂਪ ਕਰੇ ਤਤਕਾਲਿ।
ਮਾਂਗ ਸੰਤ! ਜੋ ਇੱਛਾ ਤੇਰੀ।
ਇਹ ਆਗਿਆ ਅਬ ਹੋਈ ਮੇਰੀ।।" ੩੨
ਸੰਤ ਸਿੰਘ ਤਬ ਬਚਨ ਉਚਾਰਾ :—

1. ਇਹ ਹੈ ਸਿੰਘਾਂ ਦਾ ਸਹੀ ਤੇ ਅਟੱਲ ਵਿਸ਼ਵਾਸ, ਜਿਸ ਦੀ ਧਾਰਨਾ ਬਿਨਾਂ ਕੋਈ ਭੀ 'ਗੁਰੂ ਕਾ ਸੱਚਾ ਸਿੱਖ" ਨਹੀਂ ਬਣ ਸਕਦਾ। ਇਸੇ ਨਿਸ਼ਚੇ ਦੇ ਗੁਰਮੁਖ ਸਿੱਖਾਂ ਨੂੰ ਸਾਹਿਬਾਂ ਦੇ ਪ੍ਰਤੱਖ ਦੀਦਾਰੇ ਹੁੰਦੇ ਰਹੇ ਹਨ; ਤੇ ਹਰ ਕਾਲ ਵਿਚ ਹੋ ਸਕਦੇ ਹਨ।

2. ਸ਼ਸਤ੍ਰ, ਹਥਿਆਰ।

www.Mahapurakh.com

"ਤੂੰ ਸਤਿਗੁਰੁ ਮੈ ਦਾਸ ਤੁਮਾਰਾ!
ਗੁਰੂ ਗੋਬਿੰਦ ਸਿੰਘ ਪ੍ਰਭ ਮੇਰਾ!
ਇਹੀ ਰੂਪ ਮੈਂ ਦੇਖਉਂ ਤੇਰਾ!! ੩੩
ਸਿਰ ਪਰ ਕਲਗੀ ਕੇਸਾਧਾਰੀ!
ਚਾਰੋਂ ਸ਼ਸਤ੍ਰ ਪਹਿਰ ਮੁਰਾਰੀ!
ਐਸਾ ਰੂਪ ਦਿਖਾਵਹੁ ਮੋਹਿ!
ਮੈਂ ਬਲਿਹਾਰੀ ਵੰਞਾਂ ਤੋਹਿ!!" ੩੪
ਤਬ ਸਤਿਗੁਰੁ ਪ੍ਰਭ ਭਏ ਦਿਆਲ।
ਐਸੇ ਰੂਪ ਕੀਓ ਤਤਕਾਲਿ :—
ਕੇਸਾਧਾਰੀ ਗੋਬਿੰਦ ਰਾਇ!
ਪਾਂਚੋ ਸ਼ਸਤ੍ਰ ਅੰਕ ਬਨਾਇ॥" ੩੫
ਸਿਰ ਪਰ ਕਲਗੀ ਸੋਹੇ ਰਹੀ।
ਹੀਰੇ ਲਾਲ, ਜਵਾਹਰ, ਜੜੀ;
ਚੂਨੀ, ਪੰਨੇ, ਮੋਤੀ ਘਨੇ;
ਕਵਨ ਆਹਿ ਜੋ ਕੀਮਤਿ ਗਨੇ॥ ੩੬
ਜਗਮਗ ਜੋਤਿ ਪਰਮ ਉਜਿਆਰਾ।
ਕੋਟਿ ਭਾਨੂੰ[1] ਤਿਸ ਪਾਨੀਹਾਰਾ।
ਘੋੜੇ ਊਪਰ ਕਰੀ ਸਵਾਰੀ।
ਨੇਜਾ ਹਾਥਿ ਲੀਓ ਬਨਵਾਰੀ[2]॥ ੩੭
ਅਮਰ ਅਜੋਨਿ ਜੁ ਆਤਮ ਰਾਯਾ॥
ਸੰਤ ਹੇਤਿ ਇਹੁ ਰੂਪ ਬਨਾਯਾ।
ਜੈਸੀ ਮਨਸਾ ਕਰਿ ਕੁਈ ਧਯਾਵੈ।
ਤੈਸਾ ਫਲੁ ਸਤਿਗੁਰ ਤੇ ਪਾਵੈ!! ੩੮

ਦੋਹਰਾ

ਸੰਤ ਸਿੰਘ ਕੀ ਭਾਵਨਾ, ਗੋਬਿੰਦ ਪ੍ਰਗਟੇ ਆਇ।
ਦਰਸਨੁ ਦੀਨੋ ਦਾਸ ਕਉ, ਲੀਨੋ ਅੰਕ[3] ਬਨਾਇ॥ ੩੯

ਚੌਪਈ

ਗੋਬਿੰਦ ਸਿੰਘੁ ਕ੍ਰਿਪਾ ਕਰਿ ਆਏ।
ਰਸਨਾ ਮੀਠੇ ਬਚਨ ਸੁਨਾਏ।
ਸੰਤ ਸਿੰਘ ਤਬ ਦਰਸ਼ਨ ਪਾਯਾ।
ਚਰਨਾਂ ਊਪਰ ਸੀਸ ਟਿਕਾਯਾ॥ ੪੦
... ... ... ... ...

---

1. ਸੂਰਜ।

2. ਇਸੇ ਤਰ੍ਹਾਂ ਘੋੜੇ ਸਵਾਰ ਤੇ ਨੇਜਾ (ਬਰਛਾ) ਕਰ-ਕਮਲਾਂ ਵਿਚ ਧਾਰਿ ਪਿੰਡ 'ਨਿਆਜ਼ ਬੇਗ' ਦੀ ਵਸਨੀਕ ਵਿਧਵਾ ਮਾਈ ਨੂੰ ਮੀਰ ਮਨੂੰ ਦੇ ਸਮੇਂ ਗੁਰੂ ਜੀ ਨੇ ਦਰਸ਼ਨ ਦਿੱਤੇ।

3. ਜੱਫੀ ਵਿਚ (ਘੁੱਟ ਲਿਆ)

www.Mahapurakh.com

ਬਹੁਤ ਖੁਸ਼ੀ ਪ੍ਰਭ ਭਏ ਦਿਆਲ।
ਸੰਤ ਸਿੰਘ ਕਉ ਕੀਓ ਨਿਹਾਲ।
ਫੁਨਿ ਪਰਨੀਕੇ[1] ਬਚਨ ਉਚਾਰੇ :—
"ਜੋ ਇੱਛੇ ਸੋ ਮਾਂਗ ਪਿਆਰੇ! ੪੨
... ... ... ... !"
ਸੰਤ ਸਿੰਘ ਤਬ ਬੇਨਤੀ ਕਰੀ :—
"ਹੇ ਸਤਿਗੁਰ ਪੂਰਨ ਪ੍ਰਭ ਹਰੀ! ੪੩
ਕਿਆ ਮੈਂ ਮਾਂਗਉ ਸਤਿਗੁਰ ਮੀਤਿ!
ਦਰਸ਼ਨ ਤੁਮਰਾ ਪਰਮ ਪੁਨੀਤ!
ਦਰਸ਼ਨ ਕੀ ਇੱਛਾ ਮਨ ਮਾਹਿਂ!
ਅਵਰ ਭਾਵਨਾ ਹਮਰੀ ਨਾਹਿਂ! ੪੪
ਕਰਿ ਕਿਰਪਾ ਪ੍ਰਭ ਦਰਸ਼ਨ ਦੀਆ!
ਤਨ ਮਨ ਸੀਤਲ ਰੰਗਿ ਰੰਗੀਆ!
ਆਸਾ ਮਨਸਾ ਗਈ ਬਿਲਾਇ!
ਤਉ ਚਰਨੀਂ ਮਨ ਰਹਿਆ ਸਮਾਇ! ੪੫
ਮਾਂਗਉਂ ਇਹੀ ਜੁ ਨਾਮੁ ਤੁਮਾਰਾ!
ਅਵਰ ਸਭੋ ਕਛੁ ਸੁਪਨ-ਪਸਾਰਾ!
ਜੋ ਦੀਸੈ ਮਿਥਿਆ ਜੰਜਾਲ!
ਨਾਮ ਦਾਨ ਮੁਝ ਦੀਜੈ ਦਿਆਲ!!" ੪੬
ਸਤਿਗੁਰ ਦਾਸ ਕਾ ਕਾਰਜ ਕੀਆ!
ਨਾਮ ਖਜਾਨਾ ਜਨ ਕਉ ਦੀਆ!
ਈਤ ਊਤ ਜਨ ਸਦਾ ਖਲਾਸਿ।
ਜੀਵਨ-ਮੁਕਤ ਹੈਂ ਹਰਿ ਕੇ ਦਾਸ॥ ੪੭
ਦੇਵ ਪੁਹਪ ਕੀ ਬਰਖਾ ਕਰੀ।
ਦਰਸ਼ਨ ਦੇਖਿ ਸਗਲ ਮਲੁ ਹਰੀ।
ਸੰਤ ਸਿੰਘ ਕੀਨੀ ਅੱਰਦਾਸਿ।
ਗੁਰੂ ਗੋਬਿੰਦ ਸਤਿਗੁਰ ਕੇ ਪਾਸ। ੪੮
"ਕਹਾਂ ਤੁਮਾਰਾ ਵਾਸਾ ਸੁਆਮੀ?
ਮੁਝੈ ਬਤਾਵਉ ਅੰਤਰਜਾਮੀ!
'ਪੰਥ ਖਾਲਸਾ' ਤੁਮਰਾ ਆਹਿ!
ਜਬ ਸਿੱਖ ਮਰੇ, ਸੁ ਕਹਾਂ ਸਮਾਇ?" ੪੯
ਤਬ ਸਤਿਗੁਰ ਪ੍ਰਭ ਬਚਨ ਉਚਾਰੇ :—
'ਸੁਨਹੁ ਸੰਤ ਸਿੰਘ ਪੂਤ ਹਮਾਰੇ!
ਸਰਬ ਮਾਹਿਂ ਹੈ ਹਮਰਾ ਵਾਸਾ!
ਪ੍ਰਗਟੋਂ ਤਹਾਂ, ਜਹਾਂ ਨਿਜ ਦਾਸਾ!! ੫੦

1. ਅੱਤਿ ਉੱਤਮ, ਬੜੇ ਹੀ ਚੰਗੇ।

www.Mahapurakh.com

ਗੁਪਤੁ ਰਹੋਂ ਨਹੀਂ ਆਪ ਲਖਾਵਹੁੰ।
ਪ੍ਰੇਮੀ ਕਉ ਦਰਸ਼ਨ ਦਿਖਲਾਵਹੁੰ।
ਸਭ ਕੇ ਮੱਧਿ, ਨਿਆਰਾ ਮੀਤੁ!
ਬੇਦ ਪੁਰਾਨ ਲਖੇ ਨਹੀਂ ਰੀਤਿ!! ੫੧

ਸੱਚ-ਖੰਡਿ ਨਿਤ ਵਾਸਾ ਮੇਰਾ।
ਬੈਕੁੰਠ-ਲੋਕੁ, ਜਹਾਂ ਸੰਤ ਬਸੇਰਾ।
ਪੰਥ ਖਾਲਸੇ ਮਾਂਹਿ ਜੁ ਸਿੱਖ!
ਬਾਣੀ ਸ਼ਬਦੁ ਬਿਚਾਰੇ ਗੁਰਮੁਖਿ॥ ੫੨

ਦ੍ਰਿੜ੍ਹਿ ਵਿਸਾਹੁ ਨਿਸਚਾ ਮਨਿ ਹੋਇ!
ਮੁਝ ਬਿਨੁ ਅਵਰ ਨ ਸਿਮਰਹੁ ਕੋਇ!
ਸੀਸ ਜਾਇ, ਪਰ ਸਿਦਕ ਨ ਜਾਵੈ!
ਸਿੰਘ 'ਖਾਲਸਾ' ਸੋਈ ਕਹਾਵੈ!! ੫੩

ਸਾਸਤ੍ਰ ਬੇਦ ਕਾ ਮਤੁ ਨਹੀ ਜਾਨੈ!
ਬ੍ਰਹਮਣ ਕਹੇ ਸੁ ਤਿਲ ਨਹੀ ਮਾਨੈ!
ਸ਼ਬਦ ਬੀਚਾਰੇ, ਖੋਜੇ ਗ੍ਰੰਥ!
ਸ੍ਰੀ ਖਾਲਸੇ ਕਾ ਇਹੁ ਪੰਥ!! ੫੪

'ਪੰਥ ਖਾਲਸਾ' ਰੂਪ ਹਮਾਰਾ!
ਖੋਜੇ 'ਸ਼ਬਦ', ਸੋਈ ਮੁਝ ਪਿਆਰਾ!
ਪੰਚ ਸਿੱਖ ਜੋ ਕਹੈਂ, ਸੁ ਮਾਨੈ!
'ਪੰਥ ਖਾਲਸਾ' ਗੁਰੁ ਪਛਾਨੈ! ੫੫
ਐਸੇ ਸਿੱਖ ਜਬ ਦੇਹਿ ਤਯਾਗੈਂ!
ਮੁਕਤਿ ਹੋਇ ਫੁਨਿ ਵਿਲਮ ਨ ਲਾਗੈ!
'ਸੱਚ-ਖੰਡ' ਸੋ ਵਾਸਾ ਪਾਵੈ!
ਅਮਰ ਹੋਇ ਮੁਝ ਮਾਹਿੰ ਸਮਾਵੈ!!" ੫੬

ਐਸੇ ਬਚਨ ਕਹੇ ਜਬ ਦਿਆਲਿ।
ਮੱਥਾ ਟੇਕਿਆ ਸੁੰਦਰ ਬਾਲਿ!
ਗੋਬਿੰਦ ਖੁਸ਼ੀ ਕਰੀ ਪ੍ਰਭੁ ਨਾਥਿ!
ਥਾਪੀ ਦੀਨੀ ਸੱਜੇ ਹਾਥਿ॥ ੫੭

ਫੁਨਿ ਪ੍ਰਭ ਘੋੜੇ ਥੀਏ ਸਵਾਰ।
ਸਤਿਗੁਰੁ ਗੋਬਿੰਦ ਪੁਰਖੁ ਅਵਤਾਰਿ!

www.Mahapurakh.com

ਬਹੁੜ ਬੇਨਤੀ ਕੀਨੀ ਬਾਲਿ :—
'ਫਿਰ ਕਬ ਦਰਸ਼ਨ ਹੋਇ ਦਿਆਲ ?'॥ ੫੮
ਤਬ ਸਤਿਗੁਰ ਇਹ ਬਚਨ ਉਚਾਰੇ :—
'ਸੁਨਹੁ ਸੰਤ ਤੁਮ ਰੂਪ ਹਮਾਰੇ!
ਮੁਝ ਅਰ ਤੁਝ ਮੈ ਭੇਦ ਨ ਕੋਈ!
ਜਹਾਂ ਤਹਾਂ ਮੈਂ ਪੂਰਨ ਸੋਈ!! ੫੯

ਜਬ ਉਪਜੇ ਤੁਮ ਦਰਸਨ-ਪਿਆਸ!
ਤਬਹੀ ਮੈ ਆਵਉਂ ਤੁਮ ਪਾਸ!" ੬੦
... ... ... ... ...
ਸਤਿਗੁਰ ਅੰਮ੍ਰਿਤ-ਬਚਨ ਸੁਨਾਯਾ।
ਅੰਤ੍-ਧਯਾਨ ਹੋਇ ਸਰਬ ਸਮਾਯਾ।
ਸੰਤ ਸਿੰਘ ਗ੍ਰਿਹ ਆਇਓ ਮੀਤ!
ਜਹਂ ਤਹਂ ਦੇਖੇ 'ਗੋਬਿੰਦ' ਨੀਤ॥ ੬੧

"ਗੋਬਿੰਦ! ਗੋਬਿੰਦ!!" ਜਪੈ ਮੁਰਾਰੀ।
ਮਾਤ ਪਿਤਾ ਸਭ ਕੁਲਿ ਨਿਸਤਾਰੀ।
ਅਬ ਇਹ ਕਥਾ ਸੰਪੂਰਣ ਭਈ।
ਜੈਸੀ ਸੁਨੀ ਤੈਸੀ ਸਭ ਕਹੀ॥ ੬੨

ਪੜ੍ਹੇ ਸੁਣੇ ਜੋ ਪ੍ਰੀਤ ਲਗਾਇ।
ਜੋ ਇੱਛੇ ਸੋਈ ਫਲੁ ਪਾਇ।
ਸੰਮਤੁ ਅਠਾਰਾਂ ਸੈ ਅਰੁ ਚਾਰੁ।
'ਨਾਨਕ-ਗੋਬਿੰਦ' ਮਿਲੇ ਕ੍ਰਿਪਾਲ॥ ੬੩

ਸੰਮਤ ੧੮੦੪ (ਬਿੱ: ੧੭੪੭ ਈ:)
ਵਾਹਗੁਰੂ ਜੀ ਕੀ ਫ਼ਤਿਹ!
ਗੁਰਬਰ ਅਕਾਲ!!

ਪਹਿਲਾ 'ਪਰਤੱਖ ਦਰਸ਼ਨ', ਲਿਖਾਰੀ ਭਾਈ ਕੇਸਰ ਸਿੰਘ 'ਛਿੱਬਰ' ਦਾ ਅੱਖੀਂ ਡਿੱਠਾ ਵਾਕਿਆ ਸੀ। ਇਹ ਦੂਜਾ; ਉਸੇ ਗੁਰਸਿੱਖ ਘਰਾਣੇ ('ਛਿੱਬਰ ਬ੍ਰਾਹਮਣ' ਵੰਸ) ਦੇ ਚੰਨ-ਚਰਾਗ-ਭਾਈ ਸੰਤ ਦਾਸ 'ਛਿੱਬਰ' ਨੇ ਵਰਤੇ ਵਰਤਾਰੇ ਤੋਂ ਤੀਹ ਸਾਲ ਬਾਅਦ (ਆਪਣੀ ਸੋਝੀ ਵਿਚ) ਵਰਤਿਆ, ਸੁਣਿ-ਸੁਧਾਰ ਕੇ ਲਿਖਿਆ ਹੈ। ਇਸ ਲਈ ਇਨ੍ਹਾਂ ਦੀ ਸਚਾਈ ਤੇ ਸਿਦਕ ਪੁਰ ਕਿਸੇ ਸ਼ੱਕ-ਸ਼ੁਭਾ ਦੀ ਗੁੰਜਾਇਸ਼ ਪ੍ਰਤੀਤਿ ਨਹੀਂ ਹੁੰਦੀ। ਇਸੇ ਨੇੜ-ਤੇੜ ਵਿਚ ਵਾਪਰੀ ਤੀਜੀ ਚਮਤਕਾਰੀ ਘਟਨਾ ਹੋਰ ਸੁਣੋ :—

(੩) ਮੁਨਸ਼ੀ ਖੁਸ਼ਵਕਤ ਰਾਏ ਨੇ ਸੰਨ ੧੮੧੧ ਈ: (੧੮੬੮ ਬਿੱ:) ਵਿਖੇ ਤਯਾਰ ਕੀਤੀ ਆਪਣੀ ਕਿਤਾਬ 'ਤ੍ਵਾਰੀਖਿ ਸਿੱਖਾਂ' (ਫ਼ਾਰਸੀ) ਵਿਚ, ਨਵਾਬ ਮੀਰ ਮਨੂੰ ਦੇ ਸਮੇਂ (੧੮੦੮-

www.Mahapurakh.com

੧੦ ਬਿੱ:) ਦੀ ਸਾਖੀ ਸੁਣਾਈ ਹੈ :—

"ਨਵਾਬ ਮੀਰ ਮਨੂੰ ਦੀ ਅੱਮਲਦਾਰੀ (ਸੰਮਤ ੧੮੦੬ ਤੋਂ ੧੮੧੦ ਬਿੱ: ਤੱਕ) ਵਿਚ ਭੀ ਸਿੰਘ ਲੁਕੇ ਛਿਪੇ ਰਹਿੰਦੇ ਸਨ। ਕਦੀ-ਕਦੀ ਮੌਕਾ ਤਾੜ ਕੇ ਅੰਮ੍ਰਿਤਸਰ ਇਸ਼ਨਾਨ ਭੀ ਕਰ ਜਾਂਦੇ ਸਨ। ਅਰੁ ਨਵਾਬ ਦੇ ਬੰਦੇ ਪਿੰਡਿ ਪਿੰਡਿ ਉਨ੍ਹਾਂ ਦੇ ਖੁਰੇ ਸੁੰਘਦੇ ਫਿਰਦੇ ਰਹਿੰਦੇ। ਜਿੱਥੇ ਕਿਤੇ ਕਿਸੇ ਨੂੰ ਸਿੱਖ-ਸੂਰਤ ਵਿਚ ਵੇਂਹਦੇ ਫੜ ਕੇ ਹਜ਼ੂਰਿ ਚਾ ਪੇਸ਼ ਕਰਦੇ। ਉਸ ਦਾ ਧਨ, ਧਾਮ ਜ਼ਬਤ ਕਰਕੇ, ਕੇਸ ਕਟਾ ਦੇਂਦੇ ਸਨ। ਰਵਾਇਤ ਹੈ :—

"ਇਕ ਦਿਨ ਮੀਰ ਮਨੂੰ ਨੂੰ ਖ਼ਬਰ ਮਿਲੀ : ਕਿ 'ਨਿਆਜ਼ ਬੇਗ' ਪਿੰਡ ਵਿਚ ਕੁਝ ਸਿੰਘ ਲੁਕੇ ਹੋਏ ਨਿ। ਉਨ੍ਹਾਂ ਦੀ ਅਲਖ ਮੁਕਾਣ ਲਈ ਆਪਣੇ ਦੋ ਕੁ ਸੌ ਸਵਾਰ ਭੇਜਿਉ ਸੂ। ਉਨ੍ਹਾਂ ਉਸ ਪਿੰਡ ਜਾ ਕੇ ਘਰ-ਘਰ ਛਾਣ ਮਾਰਿਆ। ਪਰਜਾ ਦੀ ਹਰ ਸ਼ੈ ਆਪਣੇ ਵਾਸਤੇ ਜਾਇਜ਼ ਮੰਨ ਕੇ ਖੋਹ ਖਿੰਞ ਲਈ। ਇਕ ਗਰੀਬ ਵਿਧਵਾ (ਸਿੰਘਣੀ) ਨੇ ਦੁਖੇ ਦਿਲ ਨਾਲ ਠੰਢੇ ਹਾਉਕੇ ਭਰਦਿਆਂ ਅਰਦਾਸਿ ਕੀਤੀ :—

"ਹੇ ਦਸਵੇਂ ਪਾਤਸ਼ਾਹ! ਜੇ ਤੂੰ ਸਾਨੂੰ ਛੱਡ ਜਾਣਾ ਸੀ, ਤਾਂ ਇਨ੍ਹਾਂ ਲੋਕਾਂ ਨੂੰ ਆਪਣੇ ਸਿੱਖ ਬਣਾਕੇ, ਕਿਉਂ ਖਰਾਬ ਕਰਨਾ ਸੀ? ਜੇ ਤੂੰ ਸਾਡਾ ਸੱਚਾ ਸਤਿਗੁਰੂ ਹੈਂ, ਤਾਂ ਇਨ੍ਹਾਂ ਅੱਜ਼ਾਬਾਂ ਤੋਂ ਸਾਨੂੰ ਛੁਡਾਉ!"

ਕਹਿੰਦੇ ਨਿ: ਤਤਕਾਲ ਇਕ ਨੀਲੇ ਬਾਣੇ ਵਾਲਾ ਸਵਾਰ, ਹੱਥ 'ਚ ਬਰਛਾ ਫੜਿਆ ਹੋਇਆ, ਇੱਨ ਬਿੱਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਬੜੀ ਫੁਰਤੀ ਤੇ ਚੌਕਸੀ ਨਾਲ ਅਜ਼ਗੈਬੋਂ ਪ੍ਰਗਟ ਹੋਇਆ। ਉਸੇ ਸਿੰਘਣੀ ਪਾਸੋਂ ਪੁੱਛਿਓਸੁ :—'ਤੂੰ ਕੀ ਚਾਹੁੰਦੀ ਏਂ?'

ਬੋਲੀ—'ਗੁਰੂ ਗੋਬਿੰਦ ਸਿੰਘ—ਜਿਸ ਨੇ ਅਸਾਂ ਲੋਕਾਂ ਨੂੰ ਖਰਾਬ ਕੀਤਾ, ਠੀਕ ਹੀ ਮਰ ਗਿਆ! ਜੇ ਜੀਉਂਦਾ ਹੁੰਦਾ, ਤਾਂ ਇਸ ਵੇਲੇ ਇਹ ਅੱਤਿਆਚਾਰ ਸਾਡੇ ਉਤੇ ਨਾ ਹੁੰਦੇ! ਅਸੀਂ ਉਸ ਦੇ ਸਿੱਖ ਜੁ ਸਾਂ!' ਉਸ ਅਨੋਖੇ ਸਵਾਰ ਨੇ ਫ਼ਰਮਾਇਆ :—

'ਜੇ ਉਹ ਜੀਉਂਦਾ ਇ ਤਾਂ ਜ਼ਰੂਰ ਬਾਹੁੜੇਗਾ! ਖਾਤਿਰ ਜਮਾੱ ਰੱਖੁ!'

ਉਸ ਸਵਾਰ ਦੀ ਖਬਰ ਸੁਣਦਿਆਂ ਸਾਰ, ਨਵਾਬ ਦੇ ਆਦਮੀ ਉਸ ਨੂੰ ਫੜਨ ਦੇ ਇਰਾਦੇ ਨਾਲ ਇਕੱਠੇ ਹੋ ਕੇ ਆ ਪਏ। ਭਾਵੇਂ ਉਹ ਸਵਾਰ ਇਕੱਲਾ ਹੀ ਸੀ, ਲੇਕਿਨ ਦੁਸ਼ਮਣਾਂ ਦੀਆਂ ਅੱਖੀਆਂ ਨੇ ਉਸ ਦੇ ਨਾਲ ਹਜ਼ਾਰਾਂ ਸਵਾਰਾਂ ਦੀ ਜੱਮੀਅਤ ਦੇਖੀ। ਥੋੜ੍ਹਾ ਕੁ ਚਿਰ ਲੜਦੇ ਤੇ ਮਰਦੇ ਨਵਾਬ ਦੇ ਸਵਾਰ, ਹਾਰਕੇ ਉਠਿ ਨੱਸੇ। ਅਰੁ ਉਹ ਨੀਲੇ ਦਾ ਸਵਾਰ, ਤੇ ਉਸ ਦੇ ਸਾਥੀ ਘੋੜ-ਚੜ੍ਹੇ ਭੀ, ਤੁਰੰਤ ਲੋਪ ਹੋ ਗਏ, ਕਿਸੇ ਨੂੰ ਕੁਝ ਪਤਾ ਨਾ ਲੱਗਾ, ਕਿ ਕਿਧਰੋਂ ਆਏ ਸਨ, ਤੇ ਕਿੱਧਰ ਚਲੇ ਗਏ! ਸਿੱਖਾਂ ਦਾ ਖਿਆਲ ਹੈ, ਖੁਦ ਗੁਰੂ ਗੋਬਿੰਦ ਸਿੰਘ (ਮਹਾਰਾਜ) ਸਨ, ਤੇ ਜ਼ਾਲਮਾਂ ਦਾ ਵਿਨਾਸ਼ ਕਰਨ ਆਏ ਸਨ।" (ਲਿਖਤੀ ਪੋਥੀ-ਪੱਤ੍ਰਾ ੫੧)

# ੭—ਖਾਲਸਾ ਜੀ ਦੀ ਅੱਰਦਾਸਿ

ਇਕ ਹੋਰ ਵੱਡਾ ਸਬੂਤ, ਇਸ ਗ੍ਰੰਥ ਦੇ ਪੁਰਾਤਨ ਹੋਣ ਦਾ ਇਹ ਭੀ ਹੈ, ਕਿ ਅੱਰਦਾਸਿ' ਦੀ ਵਰਤਮਾਨ ਰੂਪ-ਰੇਖਾ ਦਾ ਇਸ ਵਿਚ ਕੋਈ ਜ਼ਿਕਰ ਨਹੀਂ! 'ਅੱਰਦਾਸਿ' ਭਾਵੇਂ ਗੁਰ-ਸਿੱਖਾਂ ਦੇ ਧਰਮ-ਕਰਮ ਦਾ ਇਕ ਜ਼ਰੂਰੀ ਅੰਗ ਹੈ, ਤੇ ਨਿਰੰਕਾਰੀ ਧਰਮ' ਦੀ ਬੁਨਿਆਦ ਹੀ ਗੁਰੂ ਬਾਬੇ ਨੇ 'ਅੱਰਦਾਸਿ' ਉੱਤੇ ਉਸਾਰੀ ਹੈ; ਅਰੁ ਫ਼ਰਮਾਇਆ ਹੈ :—

"ਜੋ ਤੁਧੁ ਭਾਵੈ ਸੋਈ ਚੰਗਾ,<br>
ਇੱਕੁ ਨਾਨਕ ਕੀ 'ਅੱਰਦਾਸੇ!'" (ਰਾਗੁ ਬਿਲਾਵਲੁ)

www.Mahapurakh.com

ਫਿਰ ਦੂਜੇ ਜਾਮੇ ਵਿਚ ਹਦਾਯਤ ਕੀਤੀ ਹੈ :—

"ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ।
ਤਿਸੈ ਅੱਗੇ ਨਾਨਕਾ, ਖਲਿਇ ਕੀਚੈ ਅੱਰਦਾਸਿ।"

(ਮਾਰੂ ਵਾਰ..ਪਉੜੀ ੨੦ਵੀਂ)

ਤਦ ਵੀ ਦਸਵੇਂ ਪਾਤਸ਼ਾਹ ਦੇ, ਪੰਜ ਭੂਤਕ ਸਰੀਰ ਅੰਦਰ ਜੋਤਿ ਜਗਾਉਂਦੇ ਰਹਿਣ ਤੱਕ, 'ਅੱਰਦਾਸਿ' ਦੀ ਸੂਰਤਿ ਇਹ ਨਹੀਂ ਸੀ, ਜੋ ਇਸ ਵਕਤ ਹੈ। ਵਰਤਮਾਨ 'ਅੱਰਦਾਸਿ' ਦੇ ਜਨਮ ਦੀ ਤਿਥਿ-ਸੰਮਤ ਦਾ ਸਹੀ ਪਤਾ ਤਾਂ ਹਾਲਾਂ ਕਾਫੀ ਖੋਜ-ਪੜਤਾਲ ਦਾ ਮੁਹਤਾਜ ਹੈ, ਫਿਰ ਵੀ ਮੇਰੀ ਚਉਬੀਹ-ਪੰਝੀਹ ਵਰ੍ਹੇ ਦੀ ਖੋਜ-ਪੜਤਾਲ ਵਿਚ, 'ਅੱਰਦਾਸਿ' ਦਾ ਪੌਣੀ ਕੁ ਸਦੀ ਪੁਰਾਣਾ ਲਿਖਤੀ ਸਰੂਪ ਇਹ ਲੱਭਾ ਹੈ :—

"੧ਓ ਵਾਹਗੁਰੂ ਜੀ ਕੀ ਫਤਿਹ!"
"ਸ੍ਰੀ ਭਗਉਤੀ ਜੀ ਸਹਾਇ!!"
('ਵਾਰ ਸ੍ਰੀ ਭਗਉਤੀ ਜੀ ਕੀ॥" ਪਾਤਿਸ਼ਾਹੀ ੧੦)

"ਪ੍ਰਿਥਮੈ ਭਗਉਤੀ ਸਿਮਰਕੈ, ਗੁਰ ਨਾਨਕ ਲਈ ਧਿਆਇ।
ਫਿਰਿ ਅੰਗਦ ਗੁਰੁ ਤੇ ਅਮਰਦਾਸ, ਰਾਮਦਾਸੈ ਹੋਈ ਸਹਾਇ।
ਅਰਜੁਨ ਹਰਿਗੋਬਿੰਦ ਨੂ, ਸਿਮਰੌ[1] ਸ੍ਰੀ ਹਰਿਰਾਇ।
ਸ੍ਰੀ ਹਰਿਕ੍ਰਿਸ਼ਨ ਧਿਆਈਐ[2] ਜਿਸੁ ਡਿੱਠੇ ਸਭ ਦੁਖ ਜਾਇ।
ਤੇਗ ਬਹਾਦੁਰ ਸਿਮਰੀਐ, ਘਰਿ ਨਉਂ ਨਿਧਿ ਆਵੈ ਧਾਇ।
ਸਭ ਥਾਈਂ ਹੋਇ ਸਹਾਇ॥ ੧

ਸਤਿ ਸ੍ਰੀ ਅਕਾਲਪੁਰਖੁ ਜੀ ਕਾ ਖਾਲਸਾ ਜੀ ਸਾਹਿਬ। ਬੋਲੋ ਜੀ ਵਾਹਿਗੁਰੂ!!

ਖਾਲਸੇ ਜੀ ਕੋ ਨਾਮ-ਦਾਨ, ਸੀਲੁ ਦਾਨੁ, ਸੰਤੋਖ ਦਾਨੁ, ਬੁਧਿ-ਦਾਨੁ, ਬਿਬੇਕ-ਦਾਨੁ। ਕੇਸਾਂ, ਸਾਸਾਂ ਕਾ ਸਹਾਈ ਵਾਹਗੁਰੂ! ਖ਼ਾਲਸੇ ਜੀ ਕੀ ਦੇਗ-ਤੇਗ ਫਤਿਹ! ਚਉਕੀਆਂ, ਬੁੰਗੇ ਜੁਗੋ ਜੁਗਿ ਅਟੱਲ! ਧਰਮ ਕਾ ਜੈਕਾਰੁ! ਜਹਾਂ ਜਹਾਂ ਖ਼ਾਲਸਾ ਜੀ ਸਾਹਿਬੁ, ਤਹਾਂ ਤਹਾਂ ਰੱਛਿਆ ਰਿਆਇਤ! ਪੰਥ ਕੀ ਜੀਤ! ਸ੍ਰੀ ਸਾਹਿਬ ਜੀ ਸਹਾਇ! ਖਾਲਸੇ ਜੀ ਕਾ ਬੋਲ ਬਾਲਾ!!

ਪ੍ਰਿਥਮੈ ਸਮੂਹ ਖ਼ਾਲਸੇ ਜੀ ਕੀ ਅੱਰਦਾਸਿ :—ਸਮੂਹ ਖਾਲਸੇ ਜੀ ਕੋ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਕੇ ਇਸ਼ਨਾਨ, ਨਨਕਾਣੇ, ਡੇਹਰੇ ਸਾਹਿਬ ਜੀ ਕੇ ਦੀਦਾਰ! ਤਰਨਤਾਰਨ, ਖਡੂਰ ਸਾਹਿਬ, ਬਾਵਲੀ ਜੀ ਕੇ ਇਸ਼ਨਾਨ, ਕੀਰਤਪੁਰ, ਕੇਸਗੜ੍ਹ ਸ੍ਰੀ ਅਨੰਦਪੁਰ ਸਾਹਿਬ ਜੀ ਕੇ ਦੀਦਾਰ, ਪਟਣੇ, ਪਾਉਂਟੇ ਸਾਹਿਬ ਜੀ ਕੇ ਦੀਦਾਰ ਮੁਕਤਸਰਿ, ਦਮਦਮੇ ਸਾਹਿਬ ਜੀ ਕੇ ਦੀਦਾਰ, ਇਸ਼ਨਾਨ, ਸਮੂਹ ਖਾਲਸੇ ਜੀ ਕੋ ਨਗਾਰਿਆਂ ਨਿਸ਼ਾਨਾਂ ਜੀ ਕੀ ਤਾਬਿਆ ਸ੍ਰੀ ਅਬਚਲਨਗਰ-ਹਜ਼ੂਰ ਸਾਹਿਬ ਜੀ ਕੇ ਦੀਦਾਰ! ਸ਼ਹੀਦਾਂ, ਮੁਰੀਦਾਂ, ਹਠੀਆਂ ਤਪੀਆਂ, ਸੰਤਾਂ, ਭਗਤਾਂ, ਸਿਦਕਵਾਨਾਂ ਕੀ ਕਮਾਈ ਕਾ ਸਦਕਾ, ਸੱਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਜੀ ਸਾਹਿਬ ਬੋਲੋ ਜੀ ਵਾਹਗੁਰੂ!!

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪਾਠ, ਦੀਦਾਰ, ਸੰਬੂਹ ਸਾਧ ਸੰਗਤਿ ਜੀ ਕਾ ਸਦਕਾ! ਸੱਤਿ ਸ੍ਰੀ ਅਕਾਲ ਪੁਰਖੁ ਜੀ ਕਾ ਖਾਲਸਾ ਜੀ ਸਾਹਿਬ ਬੋਲੋ ਜੀ ਵਾਹਗੁਰੂ!!

ਜੀ ਗੁਰੂ ਗਰੀਬ ਨਿਵਾਜ! ਸ਼ਬਦ ਚਉਕੀ, ਸੋ ਦਰੁ-ਰਹਰਾਸਿ ਜੀ ਕੀ ਅੱਰਦਾਸਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਚਰਨਕਵਲਾਂ ਪਾਸਿ, ਸਿੱਖ ਪੜ੍ਹਦੇ ਸੁਣਦੇ, ਸਮੂਹ ਕੇ ਕਾਰਜ ਰਾਸਿ!!੧"

---

1. ਸਿਮਰਯੋ, ਸਿਮਰੀ (ਯਾ ਸਿਮਰਿਆ) ਹੈ।
2. 'ਹੈ' ਦਾ ਪੰਜਾਬੀ ਉਚਾਰਨ ਤੇ ਰੂਪ।

www.Mahapurakh.com

('ਦਉਰੇ ਕੀ ਪੋਥੀ' ਸੰਮਤ ੧੯੪੩ ਬਿੱ: ੧੮੮੬ ਈ: ਦੀ ਲਿਖਤਿ)

ਇਸ ਅੱਰਦਾਸਿ ਵਿਚ 'ਵਾਰੁ-ਭਗਉਤੀ' ਵਾਲੀ ਪਉੜੀ, ਬੁੰਗਿਆਂ, ਸ਼ਹੀਦਾਂ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਜ਼ਿਕਰ, ਸਮੂਹ ਖ਼ਾਲਸੇ ਜੀ ਕੋ ਨਗਾਰਿਆਂ ਨਿਸ਼ਾਨਾਂ ਜੀ ਕੀ ਤਾਬਿਆ ਸ੍ਰੀ ਅਬਚਲਨਗਰ-ਹਜ਼ੂਰ ਸਾਹਿਬ ਜੀ ਕੇ ਦੀਦਾਰ ਦੀ ਲੋਚਾ ਆਦਿ, ਖ਼ਾਲਸਾ ਜੀ ਦੇ ਬਿਖੜੇ ਸਮੇਂ ਲੰਘ ਚੁੱਕਣ-ਸੰਮਤ ਅਠਾਰਾਂ ਸੈ ਸੋਲ੍ਹਾਂ-ਸਤਾਰਾਂ (ਬਿੱ: ੧੭੬੦ ਈ:) ਤੋਂ ਬਾਅਦ ਹੀ ਸ਼ਾਮਿਲ ਹੋ ਸਕਦੇ ਹਨ। ਬਲਕਿ ਇਸ 'ਅੱਰਦਾਸਿ', ਦੇ ਸਾਰੇ ਅੰਗ-ਪ੍ਰਤਯੰਗ, ਖਾਲਸਾ ਜੀ ਦੇ 'ਬੁੱਢਾ ਦਲ', 'ਤਰੁਣਾ ਦਲ' ਤੇ 'ਬਾਰਾਂ ਮਿਸਲਾਂ' ਦੀ ਸਥਾਪਨਾ ਤੋਂ ਭੀ ਬਾਅਦ ਡਉਲ੍ਹੇ ਗਏ ਹਨ। ਸੋ ਇਸ ਅੰਦਰਲੀ ਇਤਿਹਾਸਕ ਉਗਾਹੀ ਤੋਂ ਭੀ, ਇਹ ਉਤਮ ਗ੍ਰੰਥ, ਭਾਈ ਮਨੀ ਸਿੰਘ, ਤਾਰੂ ਸਿੰਘ ਤੇ ਤਾਰਾ ਸਿੰਘ ਆਦਿ ਸ਼ਹੀਦ ਸਿੰਘ ਦੇ ਜੀਵਨ-ਜੋਤਿ ਜਗਦੇ ਸਮੇਂ-ਸੰਮਤੁ ਸਤਾਰਾਂ ਸੌ ਪੈਂਹਠ ਤੇ ਅਠਾਰਾਂ ਸੌ ਸੋਲ੍ਹਾਂ ਬਿੱਕ੍ਰਮੀ (੧੭੦੮-੫੯ ਈ:) ਵਿਚਕਾਰ-ਹੀ ਲਿਖਿਆ ਗਿਆ ਸਹੀ ਹੁੰਦਾ ਇ।

ਹੋਰ ਤਾਂ ਹੋਰ, 'ਆਦਿ ਗ੍ਰੰਥ' ਨੂੰ ਵੀ ਇਸ ਪੁਸਤਕ ਦੇ ਚਰਨ ਕਾਲ ਤੱਕ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਉਪਾਧੀ ਪ੍ਰਾਪਤਿ ਨਹੀਂ ਸੀ ਹੋਈ, 'ਪੋਥੀ' ਯਾ 'ਗਿਰੰਥ' ਹੀ ਸੱਦਿਆ ਜਾਂਦਾ ਸੀ। ਜਿਹਾ ਕਿ ਇਸ ਪੁਸਤਕ ਵਿਚ ਥਾਂ-ਥਾਂ ਲਿਖਿਆ ਮਿਲਦਾ ਹੈ॥

## ੮-ਛਾਪਣ ਦੀ ਲੋੜ

ਪ੍ਰੋਫੈਸਰ ਤੇਜਾ ਸਿੰਘ, ਐਮ.ਏ., 'ਖਾਲਸਾ ਕਾਲਜ ਅੰਮ੍ਰਿਤਸਰ' ਦੀ ਸੇਵਾ ਪੂਰੀ ਨਿਬਾਹ ਕੇ, "ਖਾਲਸਾ ਕਾਲਜ-ਬੰਬਈ" ਦੇ ਪ੍ਰਿੰਸੀਪਲ ਜਾ ਲੱਗੇ, ਤਾਂ ਉਨ੍ਹਾਂ ਨੇ 'ਪ੍ਰੇਮ-ਸੁਮਾਰਗ ਗ੍ਰੰਥ' ਲੱਭਕੇ ਉਤਾਰਾ ਕਰ ਭੇਜਣ ਦੀ ਆਗਿਆ ਕੀਤੀ। ਪਰ ਇਹ ਸਰੀਰ ਕਾਰੋਬਾਰ ਦੇ ਰੁਝੇਵੇਂ ਕਰਕੇ, ਦੋਵੇਂ ਸੇਵਾ ਸਾਰਨ ਤੋਂ ਅਸਮਰੱਥ ਰਿਹਾ। ਇਹ ਗ੍ਰੰਥ ਪੂਰਾ ਤਾਂ ਕਦੀ ਛਪਿਆ ਹੀ ਨਹੀਂ, ਵਿਚੋਂ ਪਹਿਲੇ, ਦੂਜੇ ਅਧਿਆਉ ਦਾ ਕੁਝ ਕੁ ਅੰਸ਼ 'ਭਾਈ ਪ੍ਰਤਾਪ ਸਿੰਘ, ਸੁੰਦਰ ਸਿੰਘ, ਪੁਸਤਕਾਂ ਵਾਲੇ-ਬਾਜ਼ਾਰ ਮਾਈ ਸੇਵਾਂ-ਅੰਮ੍ਰਿਤਸਰ ਨੇ ਆਪਣੇ ਛਾਪੇ 'ਰਹਿਤਨਾਮੇ' ਪੁਸਤਕ ਵਿਚ ਦਿੱਤਾ ਸੀ। ਪਰ ਮਸਾਂ ਵੰਨਗੀ ਮਾਤ੍ਰ। ਸ: ਬ: ਭਾਈ ਕਾਨ੍ਹ ਸਿੰਘ ਜੀ 'ਨਾਭਾ' ਨੇ ਭੀ ਸਾਧਾਰਨ ਸਿੱਖ ਲਈ ਦੱਸੀਆਂ ਗਈਆਂ ਰਹਿਤਾਂ, ਛਾਂਟ ਸਵਾਰ ਕੇ ਆਪਣੇ ਲਿਖੇ ਗ੍ਰੰਥ 'ਗੁਰਮਤ ਸੁਧਾਕਰ' ਨਾਲ ਰਲਾਈਆਂ ਸਨ। ਪਰ 'ਖਾਲਸਾ-ਰਾਜ' ਤੇ 'ਸਹਜ-ਜੋਗ' ਵਾਲੇ ਭਾਗ ਉੱਕੇ ਨਹੀਂ ਸਨ ਛੂਹੇ।

ਹੁਣ ਭਾਰਤ-ਵਰਸ਼ ਦੇ, ਬਦੇਸ਼ੀ ਗੁਲਾਮੀ ਤੋਂ ਖਲਾਸੀ ਪ੍ਰਾਪਤ ਕਰਨ ਪੁਰ, ਦੇਸ ਵਿਚ ਸਹੀ, ਸੌਖਾ ਤੇ ਸੁਚੱਜਾ ਰਾਜ ਪ੍ਰਬੰਧ ਸਥਾਪਨ ਦੀ ਲੋੜ ਪ੍ਰਤੀਤ ਹੋਣ ਲੱਗੀ ਹੈ। ਮੁਸਲਮਾਨਾਂ ਤਾਂ ਹੱਥ ਪੱਲਾ ਮਾਰ ਕੇ, ਦੇਸ਼ ਦੇ ਦੋ ਚਾਰ ਟੋਟੇ ਟੁੱਕ ਲਏ, ਤੇ 'ਇਸਲਾਮੀ ਹਕੂਮਤ' ਕਾਇਮ ਕਰਨ ਦਾ ਚਾਉ ਪੂਰਾ ਕਰ ਲਿਆ। ਪਰ ਬਾਕੀ ਭਾਰਤ ਵਿਚ, ਧਰਮ-ਕਰਮ ਤੇ ਇਸ਼ਟ-ਉਪਾਸਨਾ, ਸਭਨਾਂ ਦੀ ਇਕ ਨਾ ਹੋਣ ਕਰਕੇ, ਉਲਟੀ ਵਾਉ ਵਗ ਪਈ ਹੈ। ਸਾਂਝਾ ਤੇ ਸਰਬ ਸੁਖਦਾਈ ਰਾਜ ਪ੍ਰਬੰਧ ਚਾਲੂ ਕਰਨ ਦੀ ਥਾਂ, ਆਪੋ ਆਪਣੀ ਮੱਚ ਗਈ, ਤੇ ਉਲਟੀ ਵਾੜ ਖੇਤ ਨੂੰ ਹੀ ਖਾਣ ਡਹਿ ਪਈ ਹੈ। ਜਿਸ ਖ਼ਾਲਸਾ ਰਾਜ ਦਾ ਖਿਆਲ, ਦੀਨਾਂ ਦੇ ਦਰਦੀ ਸ੍ਰੀ ਸਤਿਗੁਰੂ ਨਾਨਕ ਗੋਬਿੰਦ ਸਿੰਘ ਨੇ ਅਰਸ਼ਾਂ ਤੋਂ, ਫਰਸ਼ਾਂ ਦੇ ਵਾਸੀਆਂ ਲਈ ਆਂਦਾ ਸੀ, ਅਰੁ ਥੋੜ੍ਹਾ ਕੁ ਚਿਰ, ਮਹਾਰਾਜਾ ਰਣਜੀਤ ਸਿੰਘ ਨੇ ਉਸ ਦਾ ਝਲਕਾਰਾ ਪੰਜਾਬ ਦੀ ਧਰਤੀ 'ਤੇ ਵਿਖਾਲਿਆ ਸੀ, ਉਸ ਨੂੰ ਪਿਛਾਹਾਂ ਸੁੱਟ ਕੇ, ਫਿਰਕੂ ਨਫ਼ਰਤ ਦਾ ਨਾਮ ਹੀ 'ਸੈਕੂਲਰ-ਸਰਕਾਰ' ਰੱਖ ਲਿਆ ਗਿਆ

www.Mahapurakh.com

"ਜਬ ਜਾਨੈ, ਜੋ ਮੈ ਰਾਹ ਮੈਂ ਮੁਸਾਫਰ ਹੋ; ਅਥਵਾ ਪਰਦੇਸ ਬਿਖੈ ਹੋਂ।

ਅਰੁ ਜਾਨੈ, ਜੋ ਯਹਿ ਜੁਗਤਿ ਬਨ ਨਹੀਂ ਆਂਵਦੀ, ਤਾਂ ਜਿਉਂ ਖਾਏ, ਤਿਉਂ ਹੀ ਖਾਏ। ਡਰੁ ਨਾਹੀਂ! ਪਰ ਜੁਗਤਿ ਨ ਛਡੈ। ਪ੍ਰਸਾਦੁ ਹੱਛਾ ਖਾਏ!!" ੧

ਸੋ, ਇਸ ਹਦਾਯਤ ਨੂੰ, ਛਾਤ੍ਰਬਿਰਤੀ ਵਾਲੇ (ਲੜਾਕੇ)—"ਨਿਹੰਗ ਸਿੰਘ' ਪੂਰੀ ਤਰ੍ਹਾਂ ਮੰਨਦੇ ਹਨ, ਪਰ ਸ਼ਾਂਤਿ ਸੁਭਾਉ ਵਾਲੇ (ਸਾਗਾਹਾਰੀ)—'ਸਾਧੂ' ਤੇ 'ਨਾਮਧਾਰੀ ਸਿੰਘ', ਇਸ ਤੋਂ ਸੁਤੰਤਰ ਹਨ॥

ਸੁਭਾਵਾਂ ਦਾ ਇਹੁ ਵਿਤਕਰਾ, 'ਤੱਤ ਖਾਲਸਾ' (ਅਕਾਲੀ ਸਿੰਘਾਂ) ਤੇ 'ਬੰਦਈ ਸਿੰਘਾਂ ਵਿਚਕਾਰ, ਇਕ ਸਮੇਂ ਮਤਿ-ਭੇਦ ਦੀ ਪੱਕੀ ਕੰਧ ਬਣਿ ਖਲੋਤਾ ਸੀ। ਕਿਉਂਜੋ ਬਾਬਾ ਬੰਦਾ ਜੀ ਨੇ, ਮਾਸ ਮੱਛੀ ਤੇ ਹਰ ਤਰ੍ਹਾਂ ਦੇ ਨਸ਼ੇ (ਅਮਲ)—ਬਲਕਿ ਲਸਣ ਤੇ ਗੰਢੇ ਆਦਿ ਵਰਤਣ ਦੀ ਭੀ ਮਨਾਹੀ ਕਰ ਦਿੱਤੀ ਸੀ॥

ਫਿਰਿ, ਚਉਥੇ ਬਚਨ ਵਿਚ ਕਹਿਆ ਹੈ :—

"ਮਾਸ ਖਾਣੈ ਮੇ ਬੀਚਾਰ ਹੈ। ਮੱਛੀ ਖਾਣੇ ਮੈ ਭੀ ਬੀਚਾਰ ਹੈ।

ਕਿਉਂਕਰਿ, ਕਿ ਪ੍ਰਿਥਮ ਤਉ ਅਖੇਟ ਬ੍ਰਿਤ-ਸ਼ਿਕਾਰ ਕਰ ਖਾਏ॥ ੫॥

ਅਰੁ ਜੋ ਸ਼ਿਕਾਰ ਕਰਿ ਨ ਸਕੇ, ਝਟਕੇ ਕਾ ਖਾਏ। ਅਰੁ ਜੋ ਜਾਨਵਰ ਕਦਾਂਚ ਅਚਾਨਕ ਚੋਟ ਲੱਗ ਜੀਂਵਦੇ[1] ਤਾਂ ਉਸ ਦਾ ਭੀ ਮਾਸ ਖਾਣਾ ਕਹਿਆ ਹੈ॥ ੬॥

## (੨) ਝਟਕਾ ਤੇ ਹਲਾਲ

"ਜ਼ਿਬਹਿ ਕਾ—ਜਬ ਲਗਿ ਅਉਰ ਤਰ੍ਹਾਂ ਕਾ ਮਾਸ ਹੱਥਿ ਲੱਗੈ; ਤਬ ਲਗਿ ਨ ਖਾਇ। ਜਬ ਜਾਨੇ ਕਿ ਅਉਰ ਤਰਹਿ ਕਾ ਹੱਥਿ ਨਾਹੀਂ ਲੱਗਦਾ, ਤਾਂ ਖਾਇ॥ ੯॥ ਤਿਸ ਕੀ ਭੀ ਜੁਗਤਿ ਹੈ॥ ੧੦॥

"ਜਬ ਮਾਸ ਜ਼ਿਬਹਿ ਕੀਆ ਹੂਆ ਲਿਆਵੈ, ਤਬ ਉਸ ਕਉ ਲੋਹੇ ਕੇ ਬਾਸਨ ਵਿਚਿ ਪਾਏ। ਅਕੈ, ਅਪੁਨੀ ਛੁਰੀ (ਕਰਦ) ਨਾਲ ਬੋਟੀਆਂ ਕਰੈ!" ਅਰੁ ਯਹਿ ਕਹਿ ਕਹਿ ਕਰੇ॥ ੧੧॥ :—

"ਸ੍ਰੀ ਭਗਉਤੀ ਜੀ! ਆਗਿਆ ਅਕਾਲ
ਪੁਰਖ ਕੀ ਸਿਉਂ ਪਵਿੱਤ੍ਰ ਕਰੁ!"

ਜਬ ਜਾਨੈ ਦਰੁਸਤਿ ਹੋਇਆ ਹੈ, ਅਗਨਿ ਉਪਰਿ ਦਸਤੂਰ ਮਾਫਿਕ ਕਰੇ॥ ੧॥ (ਪੰਨਾ ੬੪)

ਮਾਸ ਖਾਣਾ, ਕੁਦਰਤਨ ਜਾਇਜ਼ ਹੈ; ਕਿ ਨਹੀਂ? 'ਬੇਦੀ' 'ਕਿਤੇਬੀ' ਦੋਹਾਂ ਧੜਿਆਂ ਦੇ ਧਰਮ ਗ੍ਰੰਥਾਂ ਤੇ ਇਤਿਹਾਸ ਤੋਂ ਨਿਸਚੇ ਨਹੀਂ ਹੁੰਦਾ! "ਦਇਆ ਧਰਮ ਕਾ ਮੂਲ", ਮੰਨਣ ਵਾਲੇ ਲੋਕ ਭੀ, ਜਾਣੇ ਯਾ ਅਣਜਾਣੇ ਜੀਵ-ਹੱਤਿਆ ਕਰਦੇ ਹੀ ਰਹਿੰਦੇ ਹਨ। ਸਤਿਗੁਰੂ ਨਾਨਕ ਨੇ ਸਾਫ਼ ਲਫ਼ਜ਼ਾਂ ਵਿਚ ਇਸ ਜੀਵ ਹੱਤਿਆ ਨੂੰ ਨੰਗਿਆਂ ਕੀਤਾ ਹੈ :—

ਸਲੋਕ ਮ: ੧॥

"ਜੇਕਰਿ ਸੂਤਕੁ[2] ਮੰਨੀਐ, ਸਭਤੈ[3] ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥

---

1. ਅਚਿੰਤੇ ਸੱਟ—ਗੋਲੀ, ਮੁਤੈਹਰ, ਸੋਟੇ ਆਦਿ—ਨਾਲ ਸ਼ਿਕਾਰ ਕੀਤੇ ਯਾ ਮਸ਼ੀਨ ਨਾਲ ਮਾਰੇ ਜਾਨਵਰ ਦਾ ਮਾਸ, 'ਝਟਕਾ' ਹੀ ਸਮਝਣਾ ਚਾਹੀਦਾ ਇ।

2. ਬਾਲ ਬੱਚੇ ਦੇ ਜਨਮ ਸਮੇਂ 'ਜੀਆਘਾਤ' ਦਾ ਭਰਮ।

3. ਸਭਨਾਂ ਪਾਸੋਂ, ਹਰ ਕਿਸੇ ਤੋਂ।

www.Mahapurakh.com

ਹੈ। ਬਦੇਸ਼ੀ ਗੁਲਾਮੀ ਨਾਲੋਂ ਭੀ ਭੈੜੀ ਤੇ ਮਾਰੂ ਜ਼ਹਿਰ, ਨਵੀਆਂ ਬੋਤਲਾਂ ਵਿਚ ਭਰ ਕੇ, 'ਗੈਰ-ਮਜ਼ਹਬੀ ਹਕੂਮਤ' ਦੇ ਲੇਬਲ (ਚਿੱਟ) ਲਾ ਦਿੱਤੇ ਗਏ ਹਨ। ਇਹੋ ਨਹੀਂ, ਬਈ ਆਰੀਆ ਸਮਾਜੀ ਸੂਝ-ਬੂਝ ਵਾਲੇ ਮਹਾਸ਼ਾ ਗਣ ਹੀ ਇਸ ਗਰਲ- ਗੋਲੀ ਨੂੰ ਅੰਮ੍ਰਿਤ-ਸੰਜੀਵਨੀ ਬੂਟੀ ਦੱਸ ਕੇ, ਬਦੋਬਦੀ ਲੋਕਾਂ ਦੇ ਸੰਘਾਂ ਵਿਚ ਤੁੰਨੀ ਜਾ ਰਹੇ ਨਿ, 'ਖਾਲਸਾ ਪੰਥ' ਦੇ ਆਗੂਆਂ ਵਿਚੋਂ ਭੀ ਕਈ ਸੱਜਣ, ਛੱਤ ਦੇ ਖੱਖਿਆਂ, ਬੱਬਿਆਂ ਦੇ ਖੜਪੈਂਚਾ ਨਾਲ ਰਲ ਕੇ, ਇਸ ਛਲ-ਛਿਦਰ ਦੀ ਛਿੰਞ ਵਿਚ ਲਾਕੜੀ ਬਣੇ ਫਿਰਦੇ ਹਨ।

ਇਸ ਹਾਲਤ ਵਿਚ, ਜ਼ਰੂਰਤ ਮਹਿਸੂਸ ਹੋਈ ਹੈ ਕਿ ਇਹ ਅਮੋਲਕ ਗ੍ਰੰਥ ਛੇਤੀ-ਛੇਤੀ ਪ੍ਰਕਾਸ਼ਤ ਕਰਕੇ, ਇਸ ਵਿਚ ਦੱਸੇ ਗਏ ਮਾਨੁਖੀ-ਜੀਵਨ ਤੇ ਦੇਸ਼ ਕੌਮ ਦੀ ਭਲਾਈ ਦੇ ਸਾਧਨ, ਆਗੂਆਂ, ਹਾਕਮਾਂ, ਤੇ ਮਹਕੂਮ ਲੋਕਾਂ ਦੇ ਪੇਸ਼ ਕੀਤੇ ਜਾਣ। ਇਨ੍ਹਾਂ ਪੂਰਨਿਆਂ ਤੇ ਪੈਰੋ ਪੈਰ ਚਲਦਿਆਂ, ਜੀਵਨ-ਪੈਂਡਾ ਪੂਰਾ ਕਰਨ ਦੀ ਪ੍ਰੇਰਨਾ ਕੀਤੀ ਜਾਵੇ॥

# ੯—'ਪ੍ਰੇਮ ਸੁਮਾਰਗ' ਦਾ ਮਨੋਰਥ

ਜਿਹਾ ਕਿ ਇਸ ਦੇ ਨਾਮ ਤੋਂ ਜ਼ਾਹਿਰ ਹੈ, ਇਹ ਮੁਹੱਬਤ ਦਾ ਇਕ ਸਰੇਸ਼ਟ ਰਸਤਾ (ਮਾਰਗੁ) ਦੱਸਣ ਵਾਲਾ ਗ੍ਰੰਥ ਹੈ। ਸਿਰਜਨਹਾਰ ਦੇ ਸਾਜੇ ਸਰਬ ਸਾਧਾਰਨ ਮਨੁੱਖਾਂ ਲਈ, ਇਸ ਗ੍ਰੰਥ ਦੇ ਸਾਜਨਹਾਰ ਨੇ ਬੜੇ ਸੌਖੇ ਤੇ ਸਿੱਧਰੇ ਪੱਧਰੇ ਸਾਧਨ ਦੱਸੇ ਹਨ। ਸ੍ਰਿਸ਼ਟੀ ਦੇ ਸਾਰੇ ਕਾਰ-ਵਿਹਾਰ, ਸ੍ਰੇਸ਼ਟਾਚਾਰ ਤੇ ਪਿਆਰ ਨਾਲ ਨਿਬਾਹੁ ਹੁੰਦਿਆਂ ਹੋਇਆਂ, ਪਰਮਾਤਮਾ ਨਾਲ ਪ੍ਰੀਤਿ ਪਾਲਣ ਦੇ ਭੀ ਸੁਚੱਜੇ 'ਗੁਰ' ਦੱਸੇ ਹਨ। ਜਨਮ ਤੋਂ ਮਰਨ ਪ੍ਰਯੰਤ, ਇਨਸਾਨੀ ਜ਼ਿੰਦਗੀ ਦੇ ਹਰ ਪਾਸੇ ਪ੍ਰਕਾਸ਼ ਪਾ ਕੇ, ਮਨੁੱਖਤਾ ਦਾ ਸਹਿਜ ਗਿਆਨ ਦ੍ਰਿੜ੍ਹਾਇਆ ਹੈ। ਫਿਰਿ, ਜੇ ਇਸ 'ਨਿਰਮਲ-ਮਾਰਗ' ਦੇ ਪੰਧਾਊ ਨੂੰ ਭਾਗਾਂ ਨਾਲ ਸਾਰੀ ਦੁਨੀਆਂਦਾਰਾਂ ਪੁਰ, ਰਾਜ ਕਰਨ ਦਾ ਸੁਭਾਗ ਪ੍ਰਾਪਤਿ ਹੋਵੇ, ਤਾਂ ਕਿਵੇਂ ਰਾਜ-ਪ੍ਰਬੰਧ ਕਰੇ? ਕਿਵੇਂ ਪਰਜਾ ਨਾਲ ਵਰਤੇ? ਆਪਣੇ ਮੁਸਾਹਿਬਾਂ, ਕਰੀਬੀ ਰਿਸ਼ਤੇਦਾਰਾਂ ਤੇ ਅਧੀਨ ਅਹਿਲਕਾਰਾਂ ਨਾਲ ਕਿਹੋ ਜਿਹਾ ਸਲੂਕ ਕਰੇ? ਹਰ ਗੱਲੇ ਉਸ ਦੀ ਰਾਹ-ਨੁਮਾਈ ਬੜੇ ਸੋਹਣੇ ਢੰਗ ਨਾਲ ਕੀਤੀ ਹੈ। ਗ੍ਰੰਥ ਦੇ ਲਾਭਾਂ ਦਾ ਸਾਰਾ ਵੇਰਵਾ, 'ਵਿਸ਼ੇ ਸੂਚਕ ਤਤਕਰੇ' ਨੂੰ ਪੜ੍ਹਿਆਂ ਮਾਲੂਮ ਹੋ ਜਾਂਦਾ ਹੈ।

# ੧੦—ਭਰਮਣਾ ਨਹੀਂ ਚਾਹੀਦਾ

## (੧) ਮਾਸਾਹਾਰ

ਰਹਿਤ-ਮ੍ਰਿਯਾਦਾ ਉਤੇ ਇਤਿਹਾਸਕ ਵਿਚਾਰ ਪੇਸ਼ ਕਰਦਿਆਂ ਅਸੀਂ ਦੱਸ ਆਏ ਹਾਂ ਕਿ ਹਰ ਧਰਮ ਤੇ ਮਜ਼ਹਬ ਦੇ ਨਿਯਮ (ਅਸੂਲ) ਤਾਂ ਅਟੱਲ ਹੁੰਦੇ ਹਨ, ਪਰ ਉੱਪ ਨਿਯਮ—ਜੋ ਲੋੜ ਅਨੁਸਾਰ ਘੜੇ ਜਾਂਦੇ ਹਨ—ਦੇਸ, ਕਾਲ ਦੇ ਪ੍ਰਭਾਵ ਹੇਠ ਬਦਲਦੇ ਤੇ ਵਧਦੇ ਘਟਦੇ ਰਹਿੰਦੇ ਹਨ। ਇਸ ਨੁਕਤੇ ਨੂੰ ਮੁੱਖ ਰੱਖ ਕੇ ਹੀ ਇਹ ਗ੍ਰੰਥ ਪੜ੍ਹਨਾ-ਗੁੜ੍ਹਨਾ ਉਚਿਤ ਹੋਵੇਗਾ।

ਮਿਸਾਲ ਦੇ ਤੌਰ ਪੁਰ, ਖਾਣ ਪੀਣ ਦੇ ਮਸਲੇ ਨੂੰ ਹੀ ਲੈ ਲਓ! ਇਸ ਗ੍ਰੰਥ ਦੇ ਪੰਜਵੇਂ ਅਧਿਆਉ—ਬਚਨ ਦੂਜੇ ਵਿਚ ਹਦਾਯਤ ਕੀਤੀ ਗਈ ਹੈ :—

"ਅਰੁ ਮਾਸੁ—ਜੇ ਗੁਰੂ ਦੇਇ ਤਉ ਹਰ ਰੋਜ਼ ਪ੍ਰਸਾਦ
ਨਾਲ ਕਰੈ, ਥੋੜਾ, ਬਹੁਤ! ਨਾਗਾ ਨਾ ਕਰੈ।..."

ਪਰ ਇਸ ਹਦਾਯਤ ਨੂੰ, ਇਸੇ ਨੁਕਤੇ ਤੋਂ ਤੀਜੇ ਬਚਨ ਵਿਚ ਢਿੱਲਿਆਂ ਭੀ ਕਰਿ ਦਿੱਤਾ ਹੈ :

www.Mahapurakh.com

ਜੇਤੇ ਦਾਣੇ ਅੰਨ ਕੇ, ਜੀਆਂ ਬਾਝੁ ਨ ਕੋਇ॥
ਪਹਿਲਾਂ, ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉਂਕਰਿ ਰੱਖੀਐ, ਸੂਤਕੁ ਪਵੈ ਰਸੋਇ॥
ਨਾਨਕ ਸੂਤਕੁ ਏਵ ਨ ਉੱਤਰੈ, ਗਿਆਨੁ ਉਤਾਰੈ ਧੋਇ"॥ ੧॥

ਸੱਚ ਪੁੱਛੋ ਤਾਂ :—

"ਮਨ ਕਾ ਸੂਤਕੁ ਲੋਭੁ ਹੈ, ਜਿਹਵਾ ਸੂਤਕੁ ਕੂੜੁ॥
ਅੱਖੀਂ ਸੂਤਕੁ ਵੇਖਣਾ, ਪਰਤ੍ਰਿਆ ਪਰ ਧਨੁ ਰੂਪੁ॥
ਕੰਨੀਂ ਸੂਤਕੁ ਕੰਨਿ ਪੈ, ਲਾ-ਇਤਬਾਰੀ[1] ਖਾਹਿ॥
ਨਾਨਕ ਹੰਸਾ ਆਦਮੀ ਬੱਧੇ ਜਮਪੁਰਿ ਜਾਹਿ॥ ੨॥
"ਸਭੋ ਸੂਤਕੁ ਭਰਮੁ ਹੈ, ਦੂਜੇ ਲੱਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ, ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰ ਹੈ, ਦਿੱਤੋਨੁ ਰਿਜਕੁ ਸੰਬਾਹਿ[2]॥
ਨਾਨਕ ਜਿੰਨ੍ਹੀ ਗੁਰਮੁਖਿ ਬੁੱਝਿਆ; ਤਿਨ੍ਹਾ ਸੂਤਕੁ ਨਾਹਿ॥ ੩॥

(ਵਾਰ ਆਸਾ ਕੀ—ਪਉੜੀ ੧੮ਵੀਂ ਨਾਲਿ)

ਸੋ, ਇਸ ਤਰ੍ਹਾਂ ਅਨਭੋਲ ਹੁੰਦੀ ਜੀਵ ਹੱਤਿਆ (ਹਿੰਸਾ), ਨਿਰਦਇਅਤਾ ਨਹੀਂ ਮੰਨੀ ਜਾਂਦੀ। ਜਿਸ ਦੇਸ਼, ਕਾਲ ਵਿਚ, ਮਨੁੱਖਾ ਦੇਹੀ ਦੀ ਪਾਲਣਾ, ਮਾਸ ਮੱਛੀ ਉੱਤੇ ਹੀ ਨਿਰਭਰ ਹੋਵੇ ਉਥੇ ਪਾਪ, ਪੁੰਨ ਦੇ ਨੁਕਤੇ ਤੋਂ ਮਾਸ ਖਾਣਾ ਯਾ ਨਾ ਖਾਣਾ, ਧਰਮ-ਕਰਮ ਮੰਨ ਲੈਣਾ ਭਰਮ ਹੀ ਕਹਿਣਾ ਚਾਹੀਏ। ਇਸ ਮਸਲੇ ਨੂੰ ਸਿੱਖ-ਇਤਿਹਾਸ ਵਿਚ ਕਈ ਵਾਰੀ ਗਉਲ੍ਹਿਆ ਤੇ ਅਮਲੀ, ਤੌਰ ਪੁਰ ਨਿਜੱਠਿਆ ਭੀ ਗਿਆ ਹੈ।

(੧) ਇਸ ਸੰਬੰਧ 'ਚ ਪਹਿਲੀ ਘਟਨਾ, ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਸਮੇਂ, ਸਾਡੀ ਤ੍ਵਾਰੀਖ਼ ਵਿਚ ਮਿਲਦੀ ਹੈ। 'ਦਬਿਸਤਾਨਿ ਮਜ਼ਾਹਬ' ਦੇ ਲਿਖਾਰੀ ਨੇ ਬਿਆਨ ਕੀਤਾ ਹੈ, ਕਿ :—

ਭਾਈ ਸੁਥਰਾ ਜੀ ਤੇ (ਉਨ੍ਹਾਂ ਦਾ ਚੇਲਾ) ਭਾਈ ਜਾਦੋ—ਦੋ ਫਕੀਰ (ਸਾਧੂ) ਸਨ। ਭਾਈ ਸੁਥਰੇ ਨੇ, ਨਗਰ ਕੋਟਿ (ਮਹਾਂ ਮਾਈ ਦੇ ਮੰਦਿਰ) ਜਾਕੇ, ਮੱਥੇ ਤਿਲਕ ਲਾ ਲਿਆ, ਤੇ ਜੰਞੂ ਗਲ ਪਾ ਲਿਆ। ਉਹ (ਦੋਵੇਂ ਸਿੱਖ ਸਾਧੂ) ਗੋਕੇ ਮਾਸ ਦਾ ਕਬਾਬ, ਬਾਜ਼ਾਰੀ ਰੋਟੀ (ਨਾਨ) ਨਾਲ ਖਾਂਦੇ ਤੇ ਸੈਲਾਂ ਕਰਦੇ ਫਿਰਦੇ ਸਨ। ਹਿੰਦੂਆਂ ਉਨ੍ਹਾਂ ਨੂੰ ਜੋਰੀ ਫੜ ਕੇ, ਕਾਜ਼ੀ (ਸਥਾਨਕ ਮੁਨਸਫ਼=ਜੱਜ) ਦੇ ਪੇਸ਼ ਜਾ ਕੀਤਾ। ਕਾਜ਼ੀ ਨੇ ਉਨ੍ਹਾਂ ਨੂੰ ਕਿਹਾ :—

"ਜੇ ਤੁਸੀਂ ਹਿੰਦੂ ਓ, ਤਾਂ ਗੋਕਾ ਮਾਸ ਤੇ ਬਾਜ਼ਾਰੀ ਨਾਨ (ਮੁਸਲਮਾਨਾਂ ਦੀ 'ਦਾਸ਼ਤ' ਯਾਨੀ 'ਢਾਬੇ' ਦੀ ਪੱਕੀ ਰੋਟੀ) ਖਾਣਾ ਉੱਚਿਤ ਨਹੀਂ। ਅਰੁ ਜੇ ਮੁਸਲਮਾਨ ਹਉ, ਤਾਂ ਤਿਲਕ-ਜੰਞੂ ਧਾਰਨ ਦੀ ਰੀਤਿ (ਮੁਸਲਮਾਨਾਂ ਵਿਚ) ਕਿੱਥੇ ਹੈ?"

ਭਾਈ ਸੁਥਰਾ ਬੋਲਿਆ :—

'ਤਿਲਕੁ', ਕੇਸਰ ਤੇ ਚੰਨਣ ਦਾ ਹੈ! 'ਜੰਞੂ'—ਧਾਗਿਆਂ ਦਾ ਵੱਟਿਆ ਹੋਇਆ ਹੈ। 'ਗੋਕਾ ਮਾਸ'—ਘਾਹ ਤੇ ਜਵਾਂ ਆਦਿ ਦਾ ਬਣਦਾ ਇ। 'ਨਾਨ' (ਰੋਟੀ)—ਕਣਕ ਦੀ ਬਣਦੀ ਹੈ, ਤੇ

---

1. ਸੱਚ ਨਾ ਮੰਨਣ ਜੋਗ ਗੱਲ—'ਚੁਗਲੀ'।
2. ਸਭਨਾਂ ਹੀ, ਹਰ ਇਕ ਪ੍ਰਾਣੀ ਨੂੰ ਰਿਜਕੁ ਦਿੱਤਾ ਹੈ।

www.Mahapurakh.com

ਤੰਦੂਰ—ਗਾਰੇ (ਮਿੱਟੀ ਪਾਣੀ ਦੇ ਮੇਲ) ਤੋਂ ਬਣਾਈਦਾ ਇ।

ਜੇ ਹਕੀਕਤਿ ਪੁਰ ਨਿਗਾਹ ਮਾਰੋ, ਤਾਂ ਇਹ ਸਾਰੀਆਂ ਵਸਤਾਂ, ਚਹੁੰ ਤੱਤਾਂ ਦੀਆਂ ਹੀ ਬਣੀਆਂ ਹੋਈਆਂ ਹਨ। ਜੋ, ਨਾ ਮੁਸਲਮਾਨ ਹਨ, ਨਾ ਹਿੰਦੂ। ਬਾਕੀ ਸਭ ਵਰਤਾਰਾ ਸਿਰਜਨਹਾਰ ਦੇ ਹੁਕਮ ਅੰਦਰ ਵਰਤ ਰਿਹਾ ਹੈ।"

ਕਾਜ਼ੀ ਨਿਰੁੱਤਰ ਹੋ ਗਿਆ, ਤੇ ਉਨ੍ਹਾਂ ਨੂੰ 'ਸੱਚਿਆਂ' ਮੰਨ ਕੇ, ਬਰੀ ਕਰ ਦਿੱਤਾ। (ਪੰਨਾ ੧੭੩)

(੨) ਦੂਜੀ ਮਜਬੂਰੀ, ਸਿੰਘਾਂ ਨੂੰ ਓਦੋਂ ਵਾਪਰੀ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ "ਉੱਚ ਦੇ ਪੀਰ" ਦਾ ਰੂਪ ਧਾਰ ਕੇ, ਚਮਕੌਰ ਦੇ ਘੇਰੇ 'ਚੋਂ ਨਿਕਲੇ। ਅਤੇ ਮਾਛੀਵਾੜੇ ਤੋਂ ਰਾਮਪੁਰ-ਕਟਾਣੀ ਵਲ ਜਾ ਰਹੇ ਸਨ। ਇਸ ਇਲਾਕੇ ਅੰਦਰ ਸ਼ਾਹੀ ਫ਼ੌਜ ਦੇ ਦਸਤਿਆਂ ਨੇ, ਗੁਰੂ ਸਾਹਿਬ ਨੂੰ ਘੇਰਨ, ਫੜਨ ਹਿਤ ਥਾਂ ਪੁਰ ਥਾਂ ਬਉਰਾਂ ਲਾਈਆਂ ਹੋਈਆਂ ਸਨ। ਇਕ ਫ਼ੌਜੀ ਦਸਤਾ 'ਪਿੰਡ ਲੱਲਾ' ਦੀ ਜੂਹੇ ਡੇਰਾ ਪਾਈ ਬੈਠਾ ਸੀ। ਤੜਕਸਾਰ ਗੁਰੂ ਜੀ ਦੀ ਸਵਾਰੀ, ਏਥੋਂ ਲੰਘ ਰਹੀ ਸੀ। ਸਿਪਾਹੀਆਂ ਸ਼ੱਕ ਕਰਕੇ, ਰੋਕ ਲਏ, ਤੇ ਆਪਣੇ ਸਰਦਾਰ ਦੇ ਜਾ ਪੇਸ਼ ਕੀਤੇ। ਸਾਥੀ ਮੁਸਲਮਾਨਾਂ (ਨਬੀ ਖਾਂ, ਗਨੀ ਖਾਂ ਤੇ ਕਾਜ਼ੀ ਬਹਲੋਲ ਪੁਰੀਏ) ਦੇ ਬਿਆਨਾਂ ਪੁਰ ਅਮੱਨਾ ਕਰਕੇ, ਸਰਦਾਰ ਨੇ ਗੁਰੂ ਸਾਹਿਬ ਨੂੰ 'ਉੱਚ' ਨਗਰ (ਆਸਾ ਦੇਸ) ਵਾਲੇ ਪੀਰ ਮਖ਼ਦੂਮ ਦੇ ਜਾਂ-ਨਸ਼ੀਨ (ਮੁਸਲਮਾਨ) ਮੰਨ ਲਿਆ। ਅਰੁ ਜ਼ਿਆਫ਼ਤ (ਪ੍ਰਸ਼ਾਦੁ-ਪਾਣੀ) ਵਰਜ ਕੇ ਖ਼ਿਦਮਤ ਕਰਨ ਦੀ ਸੱਧਰ ਦੱਸੀ। ਜੋ ਗੁਰੂ ਸਾਹਿਬ ਨੇ ਪ੍ਰਵਾਨ ਕਰ ਲਈ, ਤੇ ਸੰਗੀ ਸਿੰਘਾਂ ਨੂੰ ਆਗਿਆ ਦਿੱਤੀ :—

"ਜੋ ਕੁੱਝ ਵੀ ਛਕਣ ਲਈ ਮਿਲੇ, ('ਸਹਜ ਜੋਗ' ਦੀ ਰੀਤਿ ਅਨੁਸਾਰ) "ਤਵ ਪ੍ਰਸਾਦਿ, ਭਰਮ ਦਾ ਨਾਸੁ"[1] ਆਖ ਕੇ, ਅੰਗੀਕਾਰ ਕਰਿ ਲੈਣਾ।"

(੩) ਦਸਮੇਸ਼ ਜੀ ਦੇ ਬੈਕੁੰਠ ਪਧਾਰਣ ਤੋਂ ਬਾਅਦ—ਬਾਬਾ ਬੰਦਾ ਸਿੰਘ 'ਬਹਾਦੁਰ' ਤੇ 'ਖ਼ਾਲਸਾ ਦਲ' ਕਾਇਮ ਹੋਣ ਸਮੇਂ—ਸਿੰਘਾਂ ਨੂੰ ਦੇਸ ਛੱਡ ਕੇ, ਪਰਦੇਸਾਂ ਵਿਚ ਜਾਣਾ ਪੈ ਗਿਆ ਅਤੇ ਵੈਰੀਆਂ ਨਾਲ ਜੰਗਲਾਂ-ਬੀਆਬਾਨਾਂ ਵਿਚ ਜੰਗੀ ਲੁਕਣਮੀਟੀ ਖੇਡਣੀ ਪਈ। ਫਾਕੇ-ਕੜਾਕੇ ਭੀ ਝੱਲਣੇ ਪੈ ਗਏ। ਇਸ ਸੰਕਟ ਵਿਚ ਅਨੇਕ ਵਾਰੀ, ਮੁਸਲਮਾਨ ਫ਼ੌਜੀਆਂ ਦੇ ਬਣੇ ਬਣਾਤੇ ਲੰਗਰ (ਭੋਜਨ) ਤੇ ਹੋਰ ਭੱਖ, ਅਭੱਖ—ਉਨ੍ਹਾਂ ਨੂੰ ਭਜਾ ਕੇ ਤੇ ਖੋਹ ਕੇ ਵੀ ਛਕਣੇ ਪੈਂਦੇ ਹਨ। ਐਸੀ ਮਜਬੂਰੀ ਸਮੇਂ ਸਾਗ-ਮਾਸ ਤੇ 'ਝਟਕਾ' ਹਲਾਲ (ਕੁੱਠਾ ਮਾਸ) ਦਾ ਵਿਚਾਰ ਕਰਨਾ, ਅਸੰਭਵ ਤੇ ਅਨੁਚਿਤ ਹੀ ਹੁੰਦਾ ਸੀ।

ਉਸੇ ਅੱਧੀ ਸਦੀ ਅੰਦਰ, ਰਹਿਤ-ਮ੍ਰਿਯਾਦਾ ਦਾ ਇਹ ਉੱਤਮ ਗ੍ਰੰਥ ਤਿਆਰ ਹੋਇਆ ਹੈ। ਇਸ ਲਈ ਖਾਜ-ਅਖਾਜ ਦੇ ਭਰਮ ਵਿਚ ਪੈ ਕੇ, ਹੈਰਾਨ-ਪ੍ਰੇਸ਼ਾਨ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਲਿਖਾਰੀ ਉੱਤੇ ਗਿਲਾ ਕਰਨ ਦੀ ਲੋੜ ਹੈ। ਸਮੇਂ ਦੀ ਹਕੂਮਤ ਨੇ ਤਾਂ, ਦੇਸ-ਰੱਖਕ ਮਹਿਕਮਿਆਂ—'ਜਲ', 'ਥਲ' ਤੇ 'ਪਵਣ ਦਲ' ਆਦਿ—ਵਿਚ ਝਟਕੇ-ਹਲਾਲ ਦਾ ਸਵਾਲ ਲੰਗਰ 'ਚ 'ਇਕਮਈ' ਵਰਤਾ ਕੇ, ਸਹਿਜੇ ਹੀ ਹੱਲ ਕਰ ਦਿੱਤਾ ਹੈ। ਹੁਣ ਸਾਡਾ ਗਿਲਾ-ਮਾਖਤਾ ਕਰਨਾ, ਤੇ ਔਖੇ-ਭਾਰੇ ਹੋਣਾ, ਵੈਸੇ ਹੀ ਵਿਅਰਥ ਹੋ ਗਿਆ ਹੈ।

(੪) ਉਂਞ, ਸੱਚੀ ਗੱਲ ਤਾਂ ਇਹ ਹੈ, ਕਿ "ਸਿੱਖਾਂ ਵਿਚ (ਮੁੱਢ ਤੋਂ ਹੀ) ਖਾਣ-ਪੀਣ ਦਾ ਕੋਈ ਬੰਧੇਜ ਨਹੀਂ। ਜਿਹਾ ਕਿ ਗਿਆਨੀ ਪ੍ਰਤਾਪ ਮੱਲ 'ਸਿਆਲਕੋਟੀ' ਦੀ ਇਸ ਸਾਖੀ ਤੋਂ ਸਿੱਧ ਹੁੰਦਾ ਹੈ। ਗਿਆਨੀ ਜੀ ਨੇ ਇਕ ਹਿੰਦੂ ਗਭਰੂ ਨੂੰ ਵੇਖਿਆ, ਜੋ ਮੁਸਲਮਾਨ ਹੋਣਾ ਚਾਂਹਦਾ ਸੀ। ਆਪ ਨੇ ਉਸ ਨੂੰ (ਮਿਲ ਕੇ) ਕਿਹਾ :

"ਭਾਈ! ਤੂੰ ਮੁਸਲਮਾਨ ਕਿਉਂ ਬਣਦਾ ਇਂ! ਜੇ ਖਾਣ-ਪੀਣ ਦੀ ਖੁਲ੍ਹ ਚਾਂਹਦਾ ਇਂ, ਤਾਂ ਗੁਰੂ ਕਾ ਸਿੱਖ ਬਣ ਜਾਹੁ! ਜੋ ਮਰਜ਼ੀ ਖਾਵੀਂ ਪੀਵੀਂ।" ('ਦੱਬਸਤਾਨਿ ਮਜ਼ਾਹਬ')

---

1. ਇਸੇ ਭਾਵ ਦੀ ਅੱਰਦਾਸਿ, ਇਸ ਗ੍ਰੰਥ ਦੇ ਲਿਖਾਰੀ ਨੇ, ਇਸ ਮੌਕੇ 'ਤੇ ਕਰਨੀ ਦੱਸੀ ਹੈ।

www.Mahapurakh.com

(੫) ਸਤਿਗੁਰੂ ਨਾਨਕ ਦੇਵ ਨੇ, ਸਾਰੇ ਜੰਬੂ ਦੀਪ (ਦੱਖਣੀ ਏਸ਼ੀਆ) ਵਿਚ ਨਿਰੰਕਾਰੀ ਧਰਮ ਦੇ ਪ੍ਰਚਾਰ ਲਈ ਦੌਰਾ ਕੀਤਾ। ਆਪ, ਪੰਡਿਤ ਮਦਨ ਮੋਹਨ 'ਮਾਲਵੀਆ' ਵਾਂਗ—ਗੰਗਾ ਜਲ ਦੇ ਘੜੇ ਭਰ ਕੇ ਨਾਲ ਨਹੀਂ ਸਨ ਲੈ ਜਾਂਦੇ। ਜਿੱਥੇ ਕਿਤੇ ਪਧਾਰੇ, ਦੇਸ ਤੇ ਸਮੇਂ ਅਨੁਸਾਰ ਸੁਤੇ-ਸਿਧ ਜੋ ਪ੍ਰਾਪਤਿ ਹੁੰਦਾ, ਸੰਗੀਆਂ ਸਮੇਤ ਅੰਗੀਕਾਰ ਕਰ ਲੈਂਦੇ ਸਨ।

ਫਿਰਿ ਛੇਵੇਂ, ਨਉਵੇਂ ਤੇ ਦਸਵੇਂ ਪਾਤਿਸ਼ਾਹ ਨੇ ਵੀ, ਸੁਤੰਤਰ ਤੇ ਰਾਜਿਆਂ, ਬਾਦਸ਼ਾਹਾਂ ਨਾਲ ਰਲ ਕੇ ਅਨੇਕਾਂ ਦੇਸ਼ਾਂ ਵਿਚ ਸਫ਼ਰ ਕੀਤੇ। ਕਦੇ ਕਿਸੇ ਥਾਂ ਛਕਣ-ਛਕਾਉਣ ਸਬੰਧੀ ਅੜਿੱਕੇ ਨਹੀਂ ਪਏ, ਨਾ ਹੀ ਨਿਗੂਣੇ ਇਤਰਾਜ਼ ਉੱਠੇ। ਹਾਂ, ਸੁਆਦਾਂ ਦੇ ਸਦਕੇ, ਯਾ ਹਾਕਮਾਂ ਨੂੰ ਖੁਸ਼ ਰੱਖਣ ਦੀ ਲਾਲਸਾ ਕਰਕੇ, ਕਿਸੇ ਸਾਵਰਨ ਹਿੰਦੂ (ਖੱਤ੍ਰੀ, ਬ੍ਰਾਹਮਣ) ਨੇ ਆਪਣੀ ਧਰਮ ਮ੍ਰਿਯਾਦਾ ਵਿਰੁੱਧ, ਅਭਾਖਿਆ ਕਾ ਕੁੱਠਾ ਬੱਕਰਾ (ਮਾਸ) ਖਾਧਾ, ਤਾਂ ਗੁਰੂ ਬਾਬਾ ਜੀ ਨੇ ਬੜੇ ਜ਼ੋਰਦਾਰ ਲਫ਼ਜ਼ਾਂ ਵਿਚ ਏਨ੍ਹਾਂ ਦੀ ਨਿਖੇਧੀ ਕੀਤੀ। (ਵਾਰ ਆਸਾ)

(੬) ਅਕਬਰ ਤੇ ਜਹਾਂਗੀਰ—ਮੁਗਲ ਬਾਦਸ਼ਾਹਾਂ ਸਮੇਂ ਵੀ ਖਾਣ-ਪੀਣ 'ਚ ਏਨਾ ਤਅੱਸੁਬ, ਤੇ ਪਰਹੇਜ਼ ਨਹੀਂ ਸੀ। ਸ੍ਰੀ ਗੁਰੂ ਅਮਰਦਾਸ ਜੀ ਦੇ ਲੰਗਰ ਵਿਚ, ਅਕਬਰ ਬਾਦਸ਼ਾਹ ਨੇ ਪ੍ਰਸ਼ਾਦ ਛਕ ਕੇ, ਖੁਸ਼ੀ ਮਹਿਸੂਸ ਕੀਤੀ ਅਤੇ ਜਹਾਂਗੀਰ ਨੇ, ਗੁਰੂ ਹਰਿਗੋਬਿੰਦ ਸਾਹਿਬ ਦੇ ਅੰਗ-ਸੰਗ ਹੁੰਦਿਆਂ, ਜੰਗਲਾਂ ਵਿਚ ਸੂਰਾਂ ਦਾ ਸ਼ਿਕਾਰ ਕੀਤਾ॥ (ਤੁਜਕਿ ਜਹਾਂਗੀਰੀ ਪੰਨਾ ੧੧੫)

ਲੇਕਿਨ ਔਰੰਗਜ਼ੇਬ ਦੀ ਅੱਮਲਦਾਰੀ ਵਿਚ, ਹਿੰਦੂਆਂ (ਗੈਰ ਮੁਸਲਮਾਨਾਂ-ਸਭਨਾਂ) ਨੂੰ, ਮਜ਼ਹਬੀ ਤਅੱਸੁਬ ਦੀ ਭਾਵਨਾ ਨਾਲ ਬਹੁਤਾ ਤੰਗ ਕਰਨਾ ਸ਼ੁਰੂ ਹੋ ਗਿਆ ਸੀ। ਧਨ, ਧਰਨੀ ਤੇ ਧੀਆਂ ਭੈਣਾਂ ਦੇ ਡੋਲੇ ਦੇਣ ਦੇ ਲਾਲਚ ਤੋਂ ਬਿਨਾਂ, ਜਾਨੋਂ ਮਾਰਨ ਦੇ ਭੈ ਦੇ ਕੇ, ਜ਼ੋਰੀ ਮੁਸਲਮਾਨ ਬਣਾਉਣ ਦੇ ਕੋਝੇ ਕਾਰੇ ਵੀ ਹੋਏ। ਉਸ ਸਿਆਸੀ ਤੇ ਮਜ਼ਹਬੀ ਤੱਦੀ ਦੇ ਸਮੇਂ, ਧਰਮ-ਰੱਖਿਆ ਲਈ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ, ਕੁੱਠਾ (ਜ਼ਿਬਹ ਕੀਤੇ ਜਾਨਵਰ ਦਾ ਮਾਸ) ਖਾਣਾ ਤੇ 'ਮੂਸਲੀ ਗਮਨ' (ਲਾਲਚ ਯਾ ਕਾਮ ਵਸਿ ਹੋਕੇ, ਮੁਸਲਮਾਨ ਇਸਤ੍ਰੀ ਅੰਗੀਕਾਰ ਕਰਨ) ਦੀ ਮਨਾਹੀ, ਬੜੀ ਸਖ਼ਤੀ ਨਾਲ ਕਰਨੀ ਪਈ ਸੀ। ਪਰ ਮਗਰੋਂ ਜਦ ਇਜੇਹੀ ਤੱਦੀ ਦੇ ਦੰਦ ਭੱਜ ਗਏ, ਤਾਂ ਖ਼ਾਲਸਾ ਜੀ ਨੇ ਲੋੜ ਅਨੁਸਾਰ, ਖਾਣ-ਪੀਣ ਦੇ ਬੰਧਨ ਵੀ ਕੁਝ ਢਿੱਲੇ ਕਰ ਦਿੱਤੇ। ਇਸ ਗ੍ਰੰਥ ਵਿਚ ਦਿੱਤੀਆਂ ਖੁਲ੍ਹਾਂ, ਉਸੇ ਸਮੇਂ ਨਾਲ ਤਅੱਲੁਕ ਰਖਦੀਆਂ ਹਨ॥

## (੩) ਸਹਜਵਾਨ ਕੀ ਗਤਿ

ਗ੍ਰੰਥ ਦੇ ਅੰਤਿ, 'ਸਹਜ ਜੋਗ' ਦਾ ਉਹ ਦੇਸ ਦ੍ਰਿੜ੍ਹਾਇਆ ਗਿਆ ਹੈ। ਅਵਸਥਾ ਦੀ ਬਿਵਸਥਾ ਤੋਂ ਅਨਜਾਣ, ਤੇ ਗੁਰਮਤਿ ਦੇ ਉੱਚੇ ਉਦੇਸ਼ ਸੂਝ-ਬੂਝ ਤੋਂ ਸਖਣੇ ਸੱਜਣ, ਇਸ ਮਾਰਗ ਦੇ ਕੁੱਝ ਨੁਕਤਿਆਂ 'ਤੇ ਕਿੰਤੂ ਕਰ ਸਕਦੇ ਹਨ। ਉਨ੍ਹਾਂ ਦੇ ਭਾਣੇ, ਇਹ ਬਚਨ :—

"ਜੋ ਕਦਾਂਚ ਕੋਈ ਇਸਤ੍ਰੀ ਰਿਤੁਵੰਤੀ ਆਇ ਸੁਆਲ ਕਰੈ; ਤਾਂ ਉਸਕਾ ਆਤਮਾ ਪ੍ਰਸੰਨ ਕਰੈ। ਜੋ ਕਦਾਂਚ ਆਪ ਹੀ ਸਿਉਂ ਕਾਮ ਬਿਆਪਕ ਹੋਇ; ਅਰੁ ਸੰਜੋਗ ਪਾਇ ਉਸ ਸਾਥਿ ਰਿਤੁ ਉਪਚਾਰ ਕਰੈ, ਤਉ ਭੀ ਸਹਜਵਾਨ ਕੀ ਗਤਿ ਹੈ!"—

ਪਰਤ੍ਰਿਯਾ ਗਮਨ (ਵਿਭਚਾਰ) ਦੀ ਖੁੱਲ੍ਹ ਦੇਣ ਦੇ ਤੁੱਲ ਹੈ। ਇਜੇਹਾ ਸ਼ੰਕਾ ਕਰਨ ਲੱਗਿਆਂ, ਇਸ ਉੱਚ ਅਵਸਥਾ ਦੇ ਸਾਰੇ ਪੱਖਾਂ ਨੂੰ ਅੱਖਾਂ ਸਾਹਮਣੇ ਰੱਖਣਾ ਚਾਹੀਦਾ ਇ। ਸੱਚਾ ਸਹਜਵਾਨ (ਬ੍ਰਹਮ ਗਿਆਨੀ) ਹਰ ਤਰ੍ਹਾਂ ਦੇ ਪਾਪ-ਪੁੰਨ ਤੇ ਆਪਣੇ-ਪਰਾਏ ਦੇ ਵਿਚਾਰ ਤੋਂ ਨਿਰਲੇਪ ਹੁੰਦਾ ਹੈ, ਅਰੁ ਉਸਦੀ ਹਰ ਹਰਕਤਿ 'ਹੁਕਮੀ' ਦੇ 'ਹੁਕਮ' ਅੰਦਰ ਹੀ ਹੁੰਦੀ ਹੈ। ਕਾਮ, ਕ੍ਰੋਧ, ਆਦਿ ਠੱਗ-ਚੋਰ ਉਸ ਮਨ ਨੂੰ ਅੰਦਰ ਪ੍ਰਵੇਸ਼ ਹੀ ਨਹੀਂ ਕਰ ਸਕਦੇ। ਉਸਦੇ ਸਾਰੇ ਫੁਰਨੇ ਵੀ ਹੁਕਮ ਅੰਦਰ ਹੀ ਫੁਰਦੇ, ਤੁਰਦੇ ਤੇ ਪੂਰੇ ਹੁੰਦੇ ਹਨ॥

www.Mahapurakh.com

ਇਸ ਲਈ ਐਸੇ ਉਚਾਰਨ ਵਾਲੇ 'ਸਹਜ ਜੋਗੀ' (ਭਾਵੇਂ ਉਹ 'ਨਰੁ' ਹੋਵੇ, ਯਾ ਨਾਰੀ) ਸਬੰਧੀ ਸਾਨੂੰ ਕਿਸੇ ਭਰਮ-ਭੁਲੇਖੇ ਵਿਚ ਪੈਣ ਦੀ ਲੋੜ ਨਹੀਂ। ਹਾਂ, 'ਸਹਜ ਜੋਗ' ਦੇ ਓਹਲੇ, ਭੋਗ-ਬਿਲਾਸ ਕਰਨ ਵਾਲੇ ਪਾਖੰਡੀ 'ਗੁਰੂਆਂ', "ਮਹਾਰਾਜਾਂ" ਤੇ "ਸੰਤਾਂ", "ਮਹੰਤਾਂ" ਤੋਂ ਜ਼ਰੂਰ ਸੁਚੇਤ ਰਹਿਣਾ ਚਾਹੀਦਾ ਹੈ। ਜਿਨ੍ਹਾਂ ਦੀਆਂ ਲੇਂਡੀਆਂ ਆਏ ਦਿਨ ਤਰਦੀਆਂ ਹੀ ਰਹਿੰਦੀਆਂ ਹਨ। ਸ਼ੰਕਾਵਾਦੀ ਭਾਈਆਂ ਨੂੰ ਚਾਹੀਦਾ ਇ, ਕਿ ਇਸ ਅਧਿਆਉ ਨੂੰ ਪੂਰੇ ਗਹੁ ਨਾਲ ਵਾਰ-ਵਾਰ ਵਾਚਿ-ਵਿਚਾਰਕੇ 'ਸਹਜ ਜੋਗ' ਦੇ ਲੱਛਣ ਦ੍ਰਿੜ੍ਹ ਕਰ ਲੈਣ, ਤੇ ਪਾਖੰਡੀਆਂ ਨੂੰ ਇਸ ਕਸਵੱਟੀ ਤੇ ਪਰਖਣ ਦੇ ਜਤਨ ਜ਼ਰੂਰ ਕਰਨ। ਇਜੇਹੇ ਮੁਸ਼ਟੰਡੇ ਪਾਖੰਡੀਆਂ ਦੀ ਪਰਖ ਵਾਸਤੇ ਹੀ, ਇਸ ਗ੍ਰੰਥ ਵਿਚ ਮਹਾਰਾਜੇ-ਬਾਦਸ਼ਾਹਾਂ ਨੂੰ 'ਪਾਤ੍ਰ' ਰੱਖਣ ਦੀ ਹਦਾਯਤ ਕੀਤੀ ਗਈ ਹੈ॥

# ੧੧—ਸੰਪਾਦਕ ਦੀ ਸੇਵਾ

(੧) ਇਸ ਮਸੌਦੇ ਦਾ ਮਸਾਲਾ, ਚੂੰਕਿ ਦੋ ਵੱਖ-ਵੱਖ ਸੰਚਿਆਂ 'ਚੋਂ ਲੈ ਕੇ ਪੂਰਾ ਕੀਤਾ ਗਿਆ ਸੀ, ਹੋ ਸਕਦਾ ਇ, ਪਰਸੰਗਲੀ, ਮੇਲਣ ਵਿਚ, ਕਿਸੇ ਥਾਂ ਗ਼ਲਤ ਗਾਂਢਾ-ਸਾਂਢਾ ਹੋ ਗਿਆ ਹੋਵੇ! ਆਪਣੇ ਦਾਓਂ ਠੀਕ ਲੜੀ ਜੋੜਨ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਪਰ ਕਈ ਥਾਈਂ ਲਿਖਤ, ਬੜੀ ਮਸ਼ਕੂਕ (ਸ਼ੱਕ ਭਰੀ) ਸੀ। ਦੋਹਾਂ ਖਰੜਿਆਂ 'ਚੋਂ ਅੱਖਰ ਵੇਖਕੇ, ਦਰੁਸਤ ਕਰਨ ਦਾ ਹੀਲਾ ਕੀਤਾ ਹੈ। ਤਦ ਵੀ ਜੇ ਕਿਤੇ ਘਾਟ ਰਹਿ ਗਈ ਹੋਵੇ, ਤਾਂ ਮਜਬੂਰੀ ਜਾਣਕੇ; ਪਾਠਕ ਖਿਮਾਂ ਕਰਨ।

ਕਿਸੇ ਸੱਜਣ ਪਾਸ ਹੋਰ ਸੰਚੀ ਹੋਵੇ, ਸ਼ਕੀਆ ਪਾਠ ਉਸ ਨਾਲ ਮੇਲ ਕੇ ਸੋਧ ਲੈਣ, ਅਤੇ ਸੰਪਾਦਕ ਨੂੰ ਵੀ ਸੂਚਨਾ ਦੇ ਕੇ ਧੰਨਵਾਦੀ ਬਣਾਉਣ ਤਾਂ ਜੋ ਅਗਲੀ ਵਾਰ ਛਾਪਣ ਤੋਂ ਪਹਿਲਾਂ ਸੁਧਾਈ ਹੋ ਸਕੇ॥

(੨) ਦੂਜੀ ਸੇਵਾ, ਸੰਪਾਦਕ ਨੇ ਲਿਖਤ ਨੂੰ ਨਿਖੇੜਨ (ਪਦ-ਛੇਦ ਕਰਨ) ਦੀ ਕੀਤੀ ਹੈ। ਲੋੜ ਅਨੁਸਾਰ ਬਿਸਰਾਮ ਚਿੰਨ੍ਹ (ਕਾਮੇ ਤੇ ਸੈਮੀ-ਕੋਲਨ ਆਦਿ) ਲਾ ਕੇ, ਲੰਮੇ ਫਿਕਰੇ ਪੜ੍ਹਨੇ ਸੌਖੇ ਬਣਾਏ, ਅਤੇ ਪ੍ਰਸ਼ਨ ਤੇ ਵਿਸਮਕ ਚਿੰਨ੍ਹ ਦੇ ਕੇ, ਪਾਠ ਸਮਝਾਏ ਹਨ। ਖਾਸ-ਖਾਸ ਵਾਕਾਂ ਨੂੰ ਸਿੱਧੇ ਪੁੱਠੇ ਦੂਹਰੇ ("—") ਯਾ ਇਕਹਰੇ ('—') ਕਾਮੇ ਲਾਕੇ, ਵੱਖਰਿਆਂ ਵੀ ਵਿਖਾਇਆ ਹੈ॥

(੩) ਪ੍ਰਾਚੀਨ ਪੰਜਾਬੀ ਦੇ ਅਉਖੇ ਤੇ ਅਣੋਖੇ ਪਦਾਂ (ਲਫਜ਼ਾਂ) ਤੇ ਸ਼ਬਦਾਂ (ਵਾਕਾਂ) ਦੇ ਅਰਥ—ਪੈਰ ਟਿੱਪਣੀਆਂ ਵਿਚ ਲਿਖਕੇ, ਸਪੱਸ਼ਟ ਕਰਨ ਦਾ ਯਤਨ ਵੀ ਕੀਤਾ ਗਿਆ ਹੈ।

(੪) ਰਹਿਤ-ਮ੍ਰਿਯਾਦਾ ਸਬੰਧੀ ਅਨੇਕਾਂ ਅਸਪੱਸ਼ਟ ਗੱਲਾਂ, 'ਜਾਣ-ਪਛਾਣ' (ਮੁੱਖਬੰਦ) ਵਿਚ, ਇਤਿਹਾਸਕ ਹਵਾਲੇ ਦੇ ਕੇ, ਸਪੱਸ਼ਟ ਕੀਤੀਆਂ ਹਨ।

(੫) ਕਈ ਥਾਈਂ, ਛੁੱਟ ਮਰੋੜੀ ('ਚ, 'ਤੇ) ਲਾ ਕੇ, ਲਫਜ਼ ਦਾ ਪੂਰਾ ਤੇ ਸਹੀ ਰੂਪ ਦਰਸਾਉਣ ਦੀ ਕੋਸ਼ਿਸ਼ ਵੀ ਕੀਤੀ ਹੈ।

(੬) ਜਿਨ੍ਹਾਂ ਪੋਥੀਆਂ-ਗ੍ਰੰਥਾਂ ਦੀ ਸਹਾਇਤਾ ਲੈ ਕੇ, ਸੋਧਾਂ, ਸਪੱਸ਼ਟੀਕਰਣ ਤੇ ਪੁਸਤਕ ਦੀ ਸਾਹਿਤਕ ਅਰੁ ਇਤਿਹਾਸਕ ਮਹਾਨਤਾ ਸਿੱਧ ਕੀਤੀ ਹੈ, ਉਨ੍ਹਾਂ ਦੀ ਸੂਚੀ ਵੀ ਦੇ ਦਿੱਤੀ ਹੈ।

(੭) ਪੋਥੀ ਦਾ ਪਾਠ ਪੂਰੇ ਧਿਆਨ ਨਾਲ ਕਰਕੇ, 'ਵਿਸ਼ੇ ਸੂਚਕ ਤਤਕਰਾ' ਤਿਆਰ ਕੀਤਾ ਹੈ, ਜਿਸ ਦੀ ਮਦਦ ਨਾਲ ਕਿਸੇ ਮਸਲੇ 'ਤੇ ਲੋੜੀਂਦੀ ਵਿਚਾਰ ਸੁਖੱਲੀ ਤੇ ਤੁਰੰਤ ਲੱਭ ਸਕਦੀ ਹੈ॥

ਅੰਮ੍ਰਿਤਸਰ — ਰਣਧੀਰ ਸਿੰਘ
੧ ਮਾਘ, ਸੰ: ੪੮੪ ਗੁਰੂ ਨਾਨਕ — ਸਿੱਖ ਹਿਸਟਰੀ ਸੋਸਾਇਟੀ
(ਸੰਮਤ ੨੦੦੯ ਬਿੱ:) — ੧੩-੧-੧੯੫੩

www.Mahapurakh.com

# ੧੨—ਹਵਾਲੇ ਵਾਲੇ ਗ੍ਰੰਥ, ਪੁਸਤਕ

ਇਸ ਗ੍ਰੰਥ ਨਾਲ ਜਾਣ-ਪਛਾਣ ਕਰਾਉਣ ਤੇ ਰਹਿਤ-ਮ੍ਰਿਯਾਦਾ ਦੀ ਸੰਖੇਪ ਕਥਾ ਦੱਸਣ ਵਾਸਤੇ ਜਿਨ੍ਹਾਂ ਪ੍ਰਮਾਣੀਕ ਗ੍ਰੰਥਾਂ ਤੇ ਇਤਿਹਾਸ-ਪੁਸਤਕਾਂ ਵਿਚੋਂ ਹਵਾਲੇ ਦਿੱਤੇ ਹਨ, ਤੇ ਮਦਦ ਲਈ ਹੈ, ਉਨ੍ਹਾਂ ਦੀ ਸੂਚੀ ਅੱਗੇ ਦੇ ਰਹੇ ਹਾਂ। ਇਨ੍ਹਾਂ ਦੇ ਰਚਨਹਾਰਾਂ ਸੰਪਾਦਕਾਂ ਤੇ ਪ੍ਰਕਾਸ਼ਕ ਸੱਜਣਾਂ ਦਾ ਦਿਲੋਂ-ਮਨੋਂ ਧੰਨਿਵਾਦ!!


੧— **ਸ੍ਰੀ ਗੁਰੂ ਗ੍ਰੰਥ ਸਾਹਿਬ**—ਜੋ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜੁਨ ਦੇਵ ਨੇ ਸੰਮਤ ਸੋਲ੍ਹਾਂ ਸੈ ਅਠਵੰਜਾਹ ਬਿੱਕ੍ਰਮੀ (੧੬੦੧ ਈ:) ਵਿਚ ਭਾਈ ਗੁਰਦਾਸ 'ਭੱਲੇ' ਪਾਸੋਂ ਸੰਪਾਦਨ ਕਰਾਇਆ ਤੇ ਲਿਖਾਇਆ।

੨— **ਗੁਰਬਾਣੀ ਸੰਗ੍ਰਹਿ**—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦਾ ਲਿਖਤੀ ਸੰਚਾ।('ਸਿੱਖ ਰੈਫ੍ਰੈਂਸ ਲਾਇਬ੍ਰੇਰੀ'-ਨੰਬਰ ੧੧੫੦)

੩— **'ਵਾਰਾਂ' ਭਾਈ ਗੁਰਦਾਸ 'ਭੱਲੇ'**—ਦੀ ਰਚਨਾ।ਸੰਮਤ ਸੋਲ੍ਹਾਂ ਸੈ ਤ੍ਰੇਹਟ ਤੇ ਇਕਾਨਵੈਂ ਬਿ: (੧੬੦੬-੩੪ ਈਸਵੀ) ਵਿਚਕਾਰ ਤਿਆਰ ਹੋਈਆਂ।

੪— **'ਦਸਵੇਂ ਪਾਤਸ਼ਾਹ ਕਾ ਗ੍ਰੰਥ'**—ਜਿਸ ਦੀ ਰਚਨਾ ਸੰਮਤ ਸਤਾਰਾਂ ਸਉ ਬੈਤਾਲੀਹ ਤੋਂ ਪੈਂਹਠ ਬਿੱ: (੧੬੮੫-੧੭੦੮ ਈ:) ਤੱਕ ਹੋਈ।

੫— **'ਹੁਕਮਨਾਮੇ'**—ਪਾਤਸ਼ਾਹੀ ਛੇਵੀਂ, ਨਉਂਵੀ ਤੇ ਦਸਵੀਂ ਵਲੋਂ 'ਖ਼ਾਲਸਾ' ਤੇ ਸਿੱਖ ਸੰਗਤਾਂ ਜੋਗ ਲਿਖੇ ਹੋਏ।

੬— **ਸ੍ਰੀ ਗੁਰੂ ਸੋਭਾ**—ਦਰਬਾਰੀ ਲਿਖਾਰੀ, ਕਵੀ ਸੈਨਾਪਤਿ 'ਖ਼ਾਲਸਾ' ਕ੍ਰਿਤ; ਜੋ ਸੰਮਤ ਸਤਾਰਾਂ ਸਉ ਅਠਾਹਠ ਬਿ: (੧੭੧੧ ਈ:) ਵਿਚ ਸੰਪੂਰਨ ਹੋਈ।

੭— **ਭਾਈ ਮਨੀ ਸਿੰਘ 'ਸ਼ਹੀਦ' ਦੀ ਚਿੱਠੀ**—ਸ੍ਰੀ ਮਾਤਾ ਸੁੰਦਰ ਸਰੂਪ ਹੋਰਾਂ ਦੇ ਨਾਮ, ਸੰਮਤ ੧੭੭੪ ਬਿੱ:, ਮਿਤੀ ੨੨ ਵੈਸਾਖ (ਐਪ੍ਰਿਲ ੧੭੧੭ ਈ:) ਨੂੰ ਲਿਖੀ।

੮— **ਤਜ਼ਕਰਾਤੁਲ ਸਲਾਤੀਨਿ ਚੁਗੱਤਾ**—(ਫ਼ਾਰਸੀ)-ਜੋ ਕਾਮਵਰ ਖ਼ਾਨ ਮੁਹੰਮਦ ਹਾਦੀ ਨੇ, ਸੰਮਤੁ ੧੭੬੩-੮੦ ਬਿ: (੧੭੦੬-੨੩ ਈ:) ਵਿਚਕਾਰ ਲਿਖਿਆ।

੯— **ਗੁਰਬਿਲਾਸ ਪਾਤਿਸ਼ਾਹੀ ੧੦**—ਸੰਮਤੁ ੧੮੦੧-੧੧ ਬਿੱ: (੧੭੪੪-੫੧ ਈ:) ਵਿਚ, ਕਵੀ ਕੋਇਰ ਸਿੰਘ, 'ਕਲਾਲ੍' ਨੇ ਲਿਖਿਆ।

੧੦— **ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ**—ਭਾਈ ਧਰਮਦਾਸ 'ਛਿੱਬਰ' 'ਘਰਬਾਰੀ' ਦੀਵਾਨ ਦੇ ਪੋਤ੍ਰੇ ਤੇ ਭਾਈ ਗੁਰਬਖ਼ਸ਼ ਸਿੰਘ ਦਰੋਗਾ ਸ੍ਰੀ ਦਰਬਾਰ ਸਾਹਿਬ ਰਾਮਦਾਸਪੁਰ ਦੇ ਪੁੱਤ੍ਰ, ਭਾਈ ਕੇਸਰ ਸਿੰਘ 'ਛਿੱਬਰ' ਨੇ, ਸੰਮਤੁ ੧੮੨੬-੩੬ ਬਿੱ: (੧੭੬੯-੭੯ ਈ:) ਵਿਚਕਾਰ ਤਿਆਰ ਕੀਤਾ। ਸੰਮਤੁ ੧੯੦੨ ਬਿ: (੧੮੪੫ ਈ:) ਦੀ ਨਕਲ, ਜੋ ਸਿ. ਰੈ. ਲਾਇਬ੍ਰੇਰੀ ਵਿਚ ਸੁਰੱਖਿਅਤ ਹੈ।

੧੧— **ਮਹਿਮਾ ਪ੍ਰਕਾਸ਼**—ਬਾਵਾ ਸਰੂਪ ਦਾਸ 'ਭੱਲੇ' ਨੇ ਵਾਰਤਕ ਸਾਖੀਆਂ ਦੀ ਸੂਰਤਿ, ਕਵੀ ਬੁੱਧ ਸਿੰਘ ਨੂੰ ਸੰਮਤੁ ੧੮੩੩ ਬਿੱ: (੧੭੬੭ ਈ:) ਵਿਚ ਬਖਸ਼ਿਆ। ਅਤੇ ਕਵੀ ਜੀ ਨੇ ਸੰ: ੧੮੯੭ ਬਿੱ: (੧੮੪੦ ਈ:) ਵਿਖੇ ਮੌਜੂਦਾ ਕਾਵਿ ਰੂਪ ਸੰਪੂਰਣ


www.Mahapurakh.com

ਕੀਤਾ। (ਸਿੱ. ਰੈ. ਲਾ. ਨੰਬਰ ੧੧੫੧)

੧੨— **ਸਾਖੀ ਸਤਿਗੁਰ ਨਾਨਕ ਸ਼ਾਹ ਦੀ**—ਭਾਈ ਪੈੜੇ ਮੋਖੇ ਵਾਲੀ ਪ੍ਰਸਿੱਧ ਜਨਮ ਸਾਖੀ ਨੂੰ, ਭਾਈ ਸੰਤ ਦਾਸ 'ਛਿੱਬਰ' (ਭਾਈ ਕੇਸਰ ਸਿੰਘ ਦੇ ਭਰਾ) ਨੇ, ਕਵਿਤਾ ਕਰਕੇ, ਸੰਮਤ ੧੮੩੪ ਬਿੱ: (੧੭੭੭ ਈ:) ਵਿਚ ਸੰਪੂਰਨ ਕੀਤਾ (ਸਿੱ.ਰੈ.ਲਾ. ਨੰ: ੧੯੭੩)

੧੩— **ਗੁਰਬਿਲਾਸ**—ਪਾਤਿਸ਼ਾਹੀ ਦਸਵੀਂ ਕੇ ਚਰਿਤ੍ਰ—ਤਖ਼ਤ ਸ੍ਰੀ ਕੇਸਗੜ੍ਹ-ਅਨੰਦਪੁਰ ਦੇ ਗ੍ਰੰਥੀ ਭਾਈ ਸੁੱਖਾ ਸਿੰਘ ਨੇ, ਸੰਮਤ ੧੮੫੪ ਬਿ: (੧੭੯੭ ਈ:) ਵਿਚ ਲਿਖਿ ਮੁਕਾਏ। (ਸਿ.ਰੈ.ਲਾ.-੭੪੩)

੧੪— **ਤ੍ਵਾਰੀਖਿ ਸਿੱਖਾਂ (ਫ਼ਾਰਸੀ)**—ਸਰਕਾਰ ਅੰਗ੍ਰੇਜ਼ੀ ਵੱਲੋਂ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ 'ਚ ਥਾਪੇ ਵਾਕਿਆਂ ਨਿਗਾਰ ਮੁਨਸ਼ੀ ਖੁਸ਼ਵਕਤ ਰਾਇ ਨੇ, ਸੰਮਤ ੧੮੬੮ ਬਿੱ: (੧੮੧੧ ਈ:) ਤੱਕ ਤਿਆਰ ਕੀਤੀ ਜਿਸਦੀ ਕਲਮੀ ਕਾਪੀ ਡਾ. ਗੰਡਾ ਸਿੰਘ ਸਾਹਿਬ 'ਹਿਸਟੋਰੀਅਨ' ਦੀ ਲਾਇਬ੍ਰੇਰੀ ਵਿਚ ਸਾਂਭੀ ਹੋਈ ਹੈ।

੧੫— **ਸੁਧਰਮ ਮਾਰਗ ਗ੍ਰੰਥ**—ਸੰਤ ਭੂਪ ਸਿੰਘ 'ਨਿਰਮਲੇ' ਨੇ ਖਾਲਸਾ-ਰਾਜ ਸਮੇਂ ਅੰਦਰ ਲਿਖਿਆ, ਅਤੇ ਸੰਤ ਸੰਪੂਰਨ ਸਿੰਘ ਨੇ ਪ੍ਰਕਾਸ਼ ਕੀਤਾ। (ਸਿ.ਰੈ.ਲਾ.-੧੫੨੬)

੧੬— **ਹੁਕਮ ਨਾਮੇ (ਕ੍ਰਿਪਾ ਪੱਤ੍ਰ)**—ਬਾਬਾ ਰਾਮ ਸਿੰਘ ਜੀ 'ਨਾਮਧਾਰੀ' ਨੇ ਸੰਮਤ ੧੯੩੧-੩੭ ਬਿੱ: (੧੮੭੪-੧੮੮੦ ਈ:) ਵਿਖੇ, ਆਪਣੇ ਸਾਦਿਕ ਸਿੱਖਾਂ ਜੋਗ ਲਿਖੇ।

੧੭— **ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼**—ਬਾਵਾ ਸੁਮੇਰ ਸਿੰਘ, ਗ੍ਰੰਥੀ ਤਖ਼ਤ ਸ੍ਰੀ ਹਰਿਮੰਦਰ ਸਾਹਿਬ-ਪਟਨਾ-ਕ੍ਰਿਤ—ਸੰਮਤੁ ੧੯੩੮ (ਬਿੱ: ੧੮੮੧ ਈ:) (ਸਿ.ਰੈ.ਲਾ.-੧੬੬੮)

੧੮— **ਸ੍ਰੀ ਗੁਰੂ ਤੀਰਥ ਸੰਗ੍ਰਹ**—ਜੋ ਪੰਡਿਤ ਤਾਰਾ ਸਿੰਘ 'ਨਰੋਤਮ' ਨੇ ਸੰਮਤ ੧੯੪੦ ਬਿ: (੧੮੮੩ ਈ:) ਤੱਕ ਤਿਆਰ ਕੀਤਾ। (ਸਿ.ਰੈ.ਲਾ.-੮੬੫)

੧੯— **ਤ੍ਵਾਰੀਖਿ ਗੁਰੂ ਖ਼ਾਲਸਾ**—ਲਿਖਤ ਗਿਆਨੀ ਗਿਆਨ ਸਿੰਘ—ਸੰਮਤ ੧੯੪੯ ਬਿ: (੧੮੯੨ ਈ:) ਦੀ ਪੱਥਰ ਛਾਪ। (ਸਿ.ਰੈ.ਲਾ.-੧੫੬੦)

੨੦— **ਗੁਰਮਤ ਸੁਧਾਕਰ**—ਸ: ਬਹਾਦੁਰ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ, ਸੰਮਤ ਨਾਨਕ ਸ਼ਾਹੀ ੪੩੦ (੧੯੫੬ ਬਿ:=੧੮੯੯ ਈ:) ਵਿਚ ਸੰਪਾਦਨ ਕੀਤਾ। (ਸਿੱ: ਰੈ: ਲਾਇਬ੍ਰੇਰੀ ਨੰ: ੨੪੮)

੨੧— **'ਪ੍ਰੇਮ ਸੁਮਾਰਗ' ਗਰੰਥ ਦੀ ਲਿਖਤੀ ਪੋਥੀ**, ਜੋ ਗਿਆਨੀ ਗੁਰਦਿੱਤ ਸਿੰਘ ਮਾਲਕ, 'ਪ੍ਰਕਾਸ਼ ਪ੍ਰੈਸ'-ਚੰਡੀਗੜ੍ਹ ਨੇ ਸਾਂਭੀ ਹੋਈ ਹੈ।

੨੨— **ਜੀਵਨ ਚਰਿਤ੍ਰ ਬਾਬਾ ਬੁੱਢਾ ਜੀ**—ਜੋ ਬੁੱਢੇਕਿਆਂ ਦੇ ਸੇਵਕ ਸ੍ਰੀ ਮੰਗਲ ਸਿੰਘ ਨੇ, ਸੰਮਤ ੧੯੭੨-੩ ਬਿੱ: (੧੯੧੫-੧੬ ਈ:) 'ਚ ਲਿਖਿ ਮੁਕਾਏ। (ਸਿ.ਰੈ.ਲਾ.-੧੧੬੯)

ਨੋਟ— ਇਨ੍ਹਾਂ ਗ੍ਰੰਥਾਂ ਪੋਥੀਆਂ 'ਚੋਂ, ਜਿਤਨੇ ਕੁ ਸੰਪਾਦਕ ਨੇ, 'ਸਿੱਖ ਰੈਫਰੈਂਸ ਲਾਇਬ੍ਰੇਰੀ-ਅੰਮ੍ਰਿਤਸਰ' ਵਿਖੇ ਸੰਗ੍ਰਹ ਕੀਤੇ ਸਨ, ਉਨ੍ਹਾਂ ਦੇ ਰਿਜਿਸਟਰ ਨੰਬਰ ਦੇ ਦਿੱਤੇ ਹਨ। ਬਾਕੀਆਂ 'ਚੋਂ ਕਈ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਵੇਖੇ ਜਾ ਸਕਦੇ ਹਨ।

**ਸੇਵਕ—ਰਣਧੀਰ ਸਿੰਘ**
੧੩-ਜਨਵਰੀ-੧੯੫੩

www.Mahapurakh.com

# ੧੩—ਇਹ ਅਮੁੱਲੀ ਰੀਸਰਚ

'ਪ੍ਰੇਮ ਸੁਮਾਰਗ ਗ੍ਰੰਥ' ਤੀਜੀ ਵਾਰ ਛਾਪਿਆ ਜਾ ਰਿਹਾ ਹੈ। ਇਸ ਵਿਚ ਇਕ ਤਾਂ ਪੁਰਾਣੀ ਪੁਸਤਕ ਇੰਨ ਬਿੰਨ ਦਰਜ ਕੀਤੀ ਗਈ ਹੈ, ਪਰ ਇਸ ਤੇ ਜੋ ਖੋਜ ਸ: ਰਣਧੀਰ ਸਿੰਘ ਹੋਰਾਂ ਕੀਤੀ ਹੈ, ਉਹ ਇਕ ਅਜਿਹੀ ਦੇਣ ਹੈ, ਜਿਸ ਤੇ ਸਰਦਾਰ ਹੋਰਾਂ ਦੀ ਜਿੰਨੀ ਵੀ ਸਰਾਹਣਾ ਕੀਤੀ ਜਾਏ, ਘੱਟ ਹੋਵੇਗੀ। ਉਨ੍ਹਾਂ ਨੇ ਜਿਸ ਤਰ੍ਹਾਂ ਇਹ ਅਮੁੱਲੀ ਲੱਭਤ ਲੱਭੀ ਉਹ ਦਿਲਚਸਪ ਕਹਾਣੀ ਆਪ ਨੇ ਦੱਸੀ ਹੈ। ਪਰ ਉਸ ਤੋਂ ਪਿਛੋਂ ਜੋ ਘਾਲਣਾ ਆਪ ਨੇ ਘਾਲੀਆਂ ਉਨ੍ਹਾਂ ਦਾ ਆਮ ਲੋਕਾਂ ਨੂੰ ਘੱਟ ਹੀ ਪਤਾ ਹੈ।

ਸ: ਰਣਧੀਰ ਸਿੰਘ ਗੁਰਦੁਆਰਾ ਇੰਸਪੈਕਟਰ ਸਨ ਤੇ ਉਸ ਤੋਂ ਪਹਿਲਾਂ ਉਨ੍ਹਾਂ ਨੇ ਨਿਰਭੈ ਅਕਾਲੀ (ਭੜਥੂ ਪ੍ਰੈੱਸ) ਆਦਿ ਅਖ਼ਬਾਰਾਂ ਵਿਚ ਕੰਮ ਕੀਤਾ। ਕਿਰਤੀ ਅਤੇ ਅਕਾਲੀ ਆਦਿ ਅਖਬਾਰਾਂ ਵਿਚ ਕੰਮ ਕਰਦੇ ਰਹੇ। ਇਨ੍ਹਾਂ ਨੂੰ ਪਹਿਲਾਂ ਤੋਂ ਹੀ ਰੀਸਰਚ ਦਾ ਸ਼ੌਕ ਸੀ। ਅਕਾਲੀ ਲਹਿਰ ਸਮੇਂ ਜੇਲ੍ਹ ਜਾਂਦੇ ਤਾਂ ਉਥੇ ਵੀ ਸਟੱਡੀ ਕਰਦੇ ਰਹਿੰਦੇ, ਤੇ ਜਦੋਂ ਜੇਲ੍ਹ ਤੋਂ ਬਾਹਰ ਆਉਂਦੇ ਤਾਂ ਜਗ੍ਹਾ ਜਗ੍ਹਾ ਜਾਂਦੇ ਤੇ ਦਸਮ ਗੁਰੂ ਬਾਰੇ ਖੋਜ ਕਰਦੇ ਰਹੇ। ਦਸਮ ਗ੍ਰੰਥ ਦੀ ਖੋਜ ਇਨ੍ਹਾਂ ਨੇ ੧੯੩੧ ਤੋਂ ਸ਼ੁਰੂ ਕੀਤੀ। ਅੱਜ ਇਹ ਖੋਜ ਮੁਕੰਮਲ ਹੈ ਤੇ ਸਿੱਖ ਤਵਾਰੀਖ਼ ਲਈ ਇਕ ਬਹੁਤ ਵੱਡੀ ਦੇਣ ਦੀ ਹੈਸੀਅਤ ਰੱਖਦੀ ਹੈ। ਇਸ ਖੋਜ ਦੇ ਸਬੰਧ ਵਿਚ ਇਨ੍ਹਾਂ ਨੇ ਲਗਪਗ ਸਾਰੇ ਹੀ ਹਿੰਦੁਸਤਾਨ ਦਾ ਦੌਰਾ ਕੀਤਾ। ਆਮ ਤੌਰ ਤੇ ਪੈਸਾ ਆਪਣੇ ਪਾਸੋਂ ਹੀ ਖਰਚਦੇ ਸਨ ਤੇ ਛੁੱਟੀ ਲੈ ਕੇ ਜਾਂਦੇ ਸਨ। ਕਿਤਿਉਂ ਕਨਸੋਅ ਮਿਲਦੀ—ਭਾਵੇਂ ਉਹ ਕਲਕੱਤਾ ਹੈ ਭਾਵੇਂ ਕੁੱਲੂ—ਉਥੇ ਪੁਜਦੇ ਤੇ ਖਰੜੇ ਪੜ੍ਹਦੇ। ਇਹ ਇਕ ਅਫ਼ਸੋਸਨਾਕ ਹਕੀਕਤ ਹੈ ਕਿ ਸਿੱਖਾਂ ਨੇ ਖੋਜ ਵੱਲ ਬਹੁਤ ਘੱਟ ਦਿਲਚਸਪੀ ਦਿਖਾਈ। ਸਿੱਖ ਸੰਸਥਾਵਾਂ ਆਪਣੇ ਹੀ ਝਗੜਿਆਂ ਵਿਚ ਫਸੀਆਂ ਰਹੀਆਂ ਤੇ ਕਿਸੇ ਨੇ ਵੀ ਆਪਣੇ ਖੋਜੀਆਂ—ਖਾਸ ਕਰਕੇ ਸ. ਰਣਧੀਰ ਸਿੰਘ ਵਰਗੇ ਖ਼ਾਮੋਸ਼ ਖੋਜੀਆਂ—ਵੱਲ ਘੱਟ ਹੀ ਧਿਆਨ ਦਿੱਤਾ। ਕੀ ਇਹ ਸਾਡੀ ਅਣਗਹਿਲੀ ਦੀ ਹੱਦ ਨਹੀਂ? ਕਿ ਸ. ਰਣਧੀਰ ਸਿੰਘ ਦੀ 'ਦਸਮ ਗ੍ਰੰਥ' ਬਾਰੇ ਸਾਰੀ ਉਮਰ ਦੀ ਅਮੁੱਲੀ ਤੇ ਮਹਾਨ ਖੋਜ ਅਜੇ ਖਰੜੇ ਦੀ ਸੂਰਤ ਵਿਚ ਹੀ ਪਈ ਹੈ, ਤੇ ਅਜੇ ਤੱਕ ਵੀ ਛਪ ਕੇ ਸਾਹਮਣੇ ਨਹੀਂ ਆਈ।

ਇਸ ਪੁਸਤਕ ਦਾ ਮੁੱਖ-ਬੰਦ ਵੀ ਸ. ਰਣਧੀਰ ਸਿੰਘ ਦੀ ਅਮੁੱਲੀ ਖੋਜ ਦਾ ਇਕ ਜ਼ਰੂਰੀ ਹਿੱਸਾ ਹੈ। ਮੇਰਾ ਸੰਪਰਕ ਆਪ ਨਾਲ ੧੯੩੭ ਵਿਚ ਹੋਇਆ ਤੇ ੧੯੪੧ ਵਿਚ ਆਪ ਮੈਨੂੰ ਸ਼੍ਰੋਮਣੀ ਕਮੇਟੀ ਵਿਚ ਲੈ ਗਏ। ਉਦੋਂ ਮੈਂ ਕਾਫ਼ੀ ਸਮੇਂ ਇਨ੍ਹਾਂ ਦੇ ਨੇੜੇ ਰਹਿਆ। ਜੋ ਦਿਲਚਸਪੀ, ਮਿਹਨਤ ਤੇ ਲਿਆਕਤ ਇਹ ਖੋਜ ਦੇ ਸਬੰਧ ਵਿਚ ਰੱਖਦੇ ਸਨ, ਉਸ ਨੂੰ ਮੈਂ ਨੇੜੇ ਹੋ ਕੇ ਤੱਕਿਆ। ਇਸੇ ਬਿਨਾਅ 'ਤੇ ਮੈਂ ਕਹਿੰਦਾ ਹਾਂ ਕਿ ਇਹ ਖਾਮੋਸ਼ ਰੀਸਰਚ ਸਕਾਲਰ ਦੀ ਜੋ ਕੀਮਤ ਸਾਨੂੰ ਪਾਉਣੀ ਚਾਹੀਦੀ ਸੀ, ਉਹ ਅਸੀਂ ਨਹੀਂ ਪਾਈ।

ਸਿੱਖ ਇਕ ਮਜ਼ਹਬ ਨਹੀਂ ਸਗੋਂ ਇਕ ਧਰਮ ਹੈ। ਮਜ਼ਹਬ ਕੇਵਲ ਆਤਮਾ ਨਾਲ ਸੰਬੰਧ ਰੱਖ ਸਕਦਾ ਹੈ, ਪਰ ਧਰਮ ਆਤਮਾ ਤੇ ਸਰੀਰ, ਭਾਵ ਮਨੁੱਖੀ ਜੀਵਨ ਦੇ ਹਰ ਪੱਖ ਵਿਚ ਉਸਦੀ ਅਗਵਾਈ ਕਰਦਾ ਹੈ। ਖ਼ਾਲਸਾ ਪੰਥ ਨੂੰ ਗੁਰੂ ਮਹਾਰਾਜ ਨੇ ਹਰ ਪੱਖ ਤੋਂ ਉਜਾਗਰ ਕੀਤਾ। ਇਹ ਰਹਿਤਨਾਮਾ ਇਸ ਗੱਲ ਦਾ ਸਬੂਤ ਹੈ ਕਿ ਦਸਮ ਪਾਤਸ਼ਾਹ ਨੇ ਖਾਲਸਾ ਦੀ ਹਰ ਪੱਖ ਤੋਂ ਅਗਵਾਈ

www.Mahapurakh.com

ਕੀਤੀ। ਇਹ ਰਹਿਤਨਾਮਾ ਜਿਵੇਂ ਕਿ ਸ. ਰਣਧੀਰ ਸਿੰਘ ਨੇ ਦੱਸਿਆ ਹੈ, ਭਾਈ ਮਨੀ ਸਿੰਘ ਵਰਗੇ ਕਿਸੇ ਮਹਾਨ ਹਜ਼ੂਰੀ ਵਿਦਵਾਨ ਦਾ ਲਿਖਿਆ ਹੋਇਆ ਹੈ। ਜਿਸ ਤਰ੍ਹਾਂ ਗੁਰੂ ਮਹਾਰਾਜ ਨੇ ਦਰਸਾਇਆ, ਵਿਦਵਾਨ ਸਿੱਖ ਲਿਖਦਾ ਗਇਆ। ਪਾਠਕ ਦੇਖਣਗੇ ਕਿ ਜਨਮ ਤੋਂ ਲੈ ਕੇ ਮਰਨ ਤੱਕ ਹਰ ਪੱਖ ਦੇ ਸੰਬੰਧ ਵਿਚ ਹਦਾਇਤਾਂ ਮਿਲਦੀਆਂ ਹਨ। ਮੈਂ ਤਾਂ ਕਹਾਂਗਾ ਕਿ ਹਰ ਸਿੱਖ ਨੂੰ ਇਹ ਪੁਸਤਕ ਜ਼ਰੂਰੀ ਹੀ ਪੜ੍ਹਨੀ ਚਾਹੀਦੀ ਹੈ, ਜੋ ਸਿੱਖੀ ਬਾਰੇ ਉਸਦਾ ਅਧਿਐਨ ਅਧੂਰਾ ਨਾ ਰਹਿ ਜਾਏ॥

ਜਲੰਧਰ
੫ ਦਸੰਬਰ, ੧੯੬੫

ਸਾਧੂ ਸਿੰਘ 'ਹਮਦਰਦ'
ਐਡੀਟਰ 'ਅਜੀਤ'

www.Mahapurakh.com

ੴ ਸਤਿਗੁਰ ਪ੍ਰਸਾਦਿ॥

# ਅਥ ਪ੍ਰੇਮ ਸੁਮਾਰਗ ਗ੍ਰੰਥ ਲਖਯਤੇ

ਪਾਤਿਸਾਹੀ ੧੦॥ ਤ੍ਵ ਪ੍ਰਸਾਦਿ
ਆਗਿਆ ਸ੍ਰੀ ਅਕਾਲ ਪੁਰਖੁ ਜੀ ਕੀ ਸਿਉਂ

## ਧਿਆਉ ਪਹਿਲਾ

## ਉਪਦੇਸ ਬੰਦਗੀ ਸਿਮਰਨ ਕੀ ਰਹਿਤ ਕਾ ਚਲਿਆ॥

## ਅਕਾਲ ਪੁਰਖ ਵਾਚ ਇਸ ਕੀਚ ਪ੍ਰਤਿ

ਹੇ ਪੁੱਤਰ! ਤੇਰਾ ਰੂਪ ਮੈਂ ਅਪਨੇ ਰੂਪ ਤੇ ਸਾਜਿ ਸਵਾਰਿ ਨਿਵਾਜਿਆ ਹੈ! ਸੰਸਾਰ ਬਿਖੈ ਪੰਥ-ਪਰਚਾ ਕਰਬੇ ਕਉ। ਕੈਸਾ ਪੰਥੁ? ਜਿਸ ਤੇ ਧਰਮ ਕਾ ਨਿਵਾਸੁ ਹੋਇ। ਅਰੁ ਕਬੁੱਧੀ ਕਾ ਨਾਸ ਹੋਇ। ਅਰੁ ਸਬੁੱਧਿ ਕਾ ਪ੍ਰਗਾਸ ਹੋਇ। ਅਰੁ ਮੈ ਜੋ ਹੌਂ ਸੋ ਪਰਮ ਪੁਰਖੁ ਹੌਂ। ਮੇਰੇ ਜਾਣਨੇ ਬਿਨਾ ਅਉਰ ਦੂਸਰੇ ਕਉ ਜਾਨਣਾ ਨਹੀਂ। ਕਿਉਂ ਜੋ ਪੰਥ ਮੈਂ ਪ੍ਰਗਟ ਕੀਆ ਹੈ। ਅਰੁ ਇਨ ਜੀਆਂ ਕੋ ਮੈਂ ਦਸ ਜਾਮਿਆਂ ਬਿਖੈ ਉਪਦੇਸੁ ਸਬਦੁ ਕਾ ਕਰਤਾ ਰਹਾ ਹੌਂ! (ਤਦ ਭੀ) ਅਬ ਤਾਈਂ ਇਨ ਤੇ ਦੁਨੀਆਂ ਕੀ ਲੱਜਾ ਕਰ ਕੇ ਕਬੁੱਧਿ ਗਈ ਨਾਹੀ। ਅਰੁ ਜੋ ਕਿਛੁ ਕਰਮ ਕੀਤਾ, ਸੁ ਮਨੁੱਖ ਤੇ ਛਪਾਇ ਕੀਤਾ ਹੈ। ਅਰੁ ਮੈਂ ਜੋ ਹੌਂ ਪਰਮ ਪੁਰਖੁ, ਸੋ ਸਭ ਘਟਿ ਬਿਖੈ ਬਿਆਪਿ ਰਹਿਆ ਹੌਂ। ਅਰੁ ਜਾਨਹੁ ਮੁਝ ਤੇ ਕਿਛੁ ਛਪਤਾ ਹੈ? ਅਰੁ ਸਬਦਿ ਕੀ ਆਗਿਆ ਮਾਨੀ ਨਾਹੀਂ। ਅਰੁ ਗੁਰੂ ਨੇ ਜੋ ਦਸ ਸਾਮੇ ਪੈਧੇ ਸੇ, ਸੋ ਉਧਾਰਨੇ ਦੇ ਵਾਸਤੇ। ਜੋ ਇਹ ਸੰਸਾਰੁ ਪਾਪੀ ਹੈ, ਕਿਵੇਂ ਉਧਾਰ ਹੋਵੈ। ਅਬ ਕਲਿਜੁਗ ਨੇ ਅਪੁਨੇ ਅੱਮਲ, ਆਗਿਆ ਸਿਉਂ ਬਹੁਤ ਕੀਏ ਹੈਂ। ਅਬ ਜੇਤੇ ਪੰਥ ਹੈਨਿ, ਸੋ ਸਭ ਮਲੇਛ ਪੰਥ ਸਿਉਂ ਮਿਲ ਜਾਹਿੰਗੇ। ਅਰੁ ਮਲੇਛ ਪੰਥ ਭੀ ਹੁਕਮ ਪਾਇ ਕੈ ਪ੍ਰਗਟਿਆ ਹੈ। ਜੇ ਇਸ ਕੀ ਕਥਾ ਲਿਖੀਐ ਤਉ ਗਿਰੰਥ ਬਢ ਜਾਇ। ਅਰੁ ਮਲੇਛ ਪੰਥ ਭੀ ਅਪਨੇ ਧਰਮ ਬੀਚ ਲਗਾਇਆ ਹੈ, ਭੂਲਾ ਹੈ। ਅਬ ਮੈਂ ਇਸ ਕਉ ਤਾਤਪ੍ਰਜ ਕਹਿ ਦੇਤਾ ਹੌਂ। ਪਰ ਇਸ ਕਾ ਪ੍ਰਗਾਸ ਦਿਨੋ ਦਿਨ ਬਹੁਤ ਹੋਇਗਾ, ਅਰੁ ਹੋਇਆ ਹੈ। ਕਲੂ ਬਿਆਪ ਜਾਇਗਾ, ਅਰੁ ਬਿਆਪਿਆ ਹੈ। ਪੁੱਤ੍ਰ ਮਾਤਾ ਕੀ ਸੇਜ ਪਰ ਚੜ੍ਹੈਗਾ। ਅਰੁ ਭਾਈ ਬਹਿਨ ਕੀ ਸੇਜ ਰਾਵੈਗਾ ਅਰੁ ਪਿਤਾ ਬੇਟੀ ਕੀ ਸੇਜ ਭੋਗੈਗਾ। ਅਰੁ ਇਸ ਥੀਂ ਉਪਰੰਤ ਕਉਨ ਕਉਨ ਬੀਚਾਰ ਗਨੀਐਗਾ! ਅਰੁ ਰਾਜੇ ਪਰਜਾ ਕਉ ਰੋਟੀ ਖਾਨਿ ਨ ਦੇਹਿੰਗੇ, ਦੁਖ ਦੇਵਹਿੰਗੇ। ਤਾ ਧਰਤੀ ਇਨ੍ਹਾਂ ਪਾਪਾਂ ਦਾ ਭਾਰ ਉਠਾਇ ਨ ਸਕੇਗੀ। ਥੋੜ੍ਹੇ ਵਿਚਿ ਬਹੁਤ ਬਿਸਥਾਰ ਹੋਇਗਾ। ਅਰੁ ਬਹੁਤ ਬਿਸਥਾਰੁ ਹੋਵਣੇ ਦੇ ਵਾਸਤੇ ਇਹੁ ਕਹਿਆ ਹੈ। ਜੋ ਕਛੁ ਚਲਣੁ ਚਲਣਾ ਹੋਇਗਾ, ਸੋ ਚਲੈਗਾ।

ਸਹੰਸ ਬਾਤ ਕੀ ਇਹ ਏਕੁ ਹੀ ਬਾਤ ਹੈ ; ਜੋ ਬਿਰਦੁ ਜਾਨ ਕੈ ਸਤਿਗੁਰੂ ਜੀ ਨੇ ਕਹੀ ਹੈ। ਤਬ ਬਿਰਦੁ ਜਾਨ ਕੈ ਦਸ ਜਾਮੇ ਇਨ੍ਹਾਂ ਜੀਆਂ ਦੇ ਵਾਸਤੇ ਸਤਿਗੁਰੁ ਪੈਧੇ ਸੇ; ਜੋ ਇਨ



www.Mahapurakh.com

ਜੀਆ ਕੀ ਪਾਰਗਿਰਾਮੀ ਹੋਵੈ। ਅਰੁ ਏਹੁ ਪੰਥ ਗੁਰੂ ਕਾ ਕਹਾਇਆ ਥਾ। ਅਰੁ ਅਬ ਜੋ ਮਹਾਂ ਪਾਪ ਹੋਹਿੰਗੇ, ਕੋਈ ਕਿਸੀ ਕਉ ਬਦੈਗਾ ਨਾਹੀਂ। ਪਿਆਰੁ, ਭਾਉ-ਭਗਤਿ ਉਠਿ ਜਾਇਗਾ। ਅਰੁ ਮਨਮਤਿ ਚਲਿ ਜਾਇਗੀ। ਇਸ ਤੇ ਮਿਹਰ ਕਰਕੈ, ਅਪਣਾ ਜਾਣ ਕਰਿਕੈ, ਇਸਤੇ ਮਿਲਕੇ ਸ੍ਰੀ ਅਕਾਲ ਪੁਰਖੁ ਜੀ ਖ਼ਾਲਸਾ ਕੀਤਾ ਹੈ। ਅਰੁ ਕਲਿਜੁਗ ਕਉ ਇਹੁ ਆਗਿਆ ਹੋਈ ਹੈ; ਜੋ ਇਸ ਥੀਂ ਸਿਵਾਇ ਜੋ ਕੋਈ ਹੋਰੁ ਪੰਥ ਹੈ, ਸੋ ਸਭ ਮਲੇਛ ਪੰਥੁ ਸੋਂ ਮਿਲਾਇ ਦੇਹਿ। ਕਿਸ ਵਾਸਤੇ ? ਜੋ ਅੰਤ ਮਲੇਛ ਪੰਥੁ ਕਾ ਭੀ ਨਾਸੁ ਹੈ; ਅਰੁ ਨਰਕਗਾਮੀ ਹੋਇਗਾ। ਸੰਮਤ ਸਤਾਰਾਂ ਸੈ ਪਚਵੰਜੇ (੧੭੫੫) ਮਹਿ ਜੋ ਕੋਈ ਇਸ ਪੰਥ ਵਿਖੇ ਆਵੈਗਾ; ਸੋ ਅਪਨੇ ਧਰਮ ਬਿਖੈ ਰਹੈਗਾ। ਨਹੀਂ ਤਾਂ ਕਲਿਜੁਗ ਗਿਰਾਸ ਲਏਗਾ।

੪੫੫ ਕਲਿਜੁਗ ਕੇ ਬਿਖੈ ਸਤਿਜੁਗ ਵਰਤੈਗੋ। ਬੋਧ ਜੀ ਉਸਕਾ ਨਾਉ ਹੋਇਗੋ। ਮਾਘ ਸੁਦੀ ੫ ਦਿਨ, ਰਾਤਿ ਪਿਛਲੀ, ਘੜੀਆਂ ੧੦ ਪਲਾਂ ੩੨। ਤਿਤ ਸਮੇਂ ਜਨਮੁ ਸ੍ਰੀ ਬੋਧ ਜੀ ਕਾ ਭਇਓ। ਸੰਮਤੁ ੧੬੬ ਤਹਾ ਸਤਿਜੁਗ ਕੇ ਰਾਜ ਵਰਤੈਗੋ ਕਲਿਜੁਗ ਮੱਧੇ ਬਰਖ ੧੭੩੦੨੫ ਇਤਨਾ ਪ੍ਰਮਾਨ ਹੋਇਗੋ। ਉਪਰੰਤ ਕਲਿਜੁਗ ਕੋ ਬਹੁਤ ਜੋਰ ਹੋਇਗੋ। ਸਤਿਜੁਗਿ ਆਰਬਲਾ ਮਨੁੱਖ ਕੀ ੨੦੫॥ ਤਿਤ ਸਮੈ ਸੁਖੁ ਬਹੁਤੁ ਹੋਇਗੋ। ਸਤਿਜੁਗ ਕੇ ਦਰਮਿਆਨ ਜੋ ਬਰਤਮਾਨੁ ਹੋਇਗਾ; ਸੋ ਥਿਤੀ ਪ੍ਰਮਾਨ ੧੭। ਨਛੱਤ੍ਰ ੩੬, ਵਾਰਿ ਪ੍ਰਮਾਨ ਬਾਰਾਂ ੧੨, ਮਾਸੇ ਪ੍ਰਮਾਨ ਚਉਦਹ ੧੪, ਦਿਨ ਮਹੀਨੇ ਕੇ ਪੰਜਾਹ ੫੦, ਦਿਨ ਦੀਆਂ ਘੜੀਆਂ ਪੈਂਤਾਲੀਹ ੪੫॥

ਅੰਤਕਾਲਿ ਅਪੁਨੇ ਸੰਤ ਖ਼ਾਲਸੇ ਕੀ ਰੱਛਿਆ ਕੇ ਵਾਸਤੇ—ਕਿਉਂਜੋ ਮਲੇਛ ਪੰਥ ਕਾ ਭੀ ਜੋਰੁ ਹੋਇਗਾ;—ਤਬ ਸੰਭਲ ਨਗਰੀ ਬਿਖੈ ਪ੍ਰਗਾਸੁ ਲੇਵੈਗਾ। ਦੁਸਟਾਂ ਕਾ ਸੰਘਾਰੁ ਕਰੈਗਾ। ਪਰ ਖ਼ਾਲਸੇ ਤੇ ਉਪਰਿ ਧਰਮ ਕੀ ਧਜਾ ਜਾਹਰ ਕਰਵਾਈਐਗੀ, ਅਰੁ ਮਲੇਛਾਂ ਕਾ ਭੀ ਨਾਸੁ ਕਰਵਾਈਐਗਾ। ਪ੍ਰਗਾਸ ਮਰਦ ਕੇ ਚੇਲੇ ਦਾ ਹੋਇਗਾ; ਸੰਭਲ ਨਗਰੀ ਬਿਖੈ। ਅਪਨੇ ਰੂਪ ਤੇ ਪੈਦਾ ਕਰੀਏਗਾ। ਅਰੁ ਦੀਵਾਨ ਮਉਕੂਫ ਕਰੀਐਗਾ। ਅਰੁ ਜੋ ਕੋਈ ਮਨੁੱਖ ਨੋ ਗੁਰੂ ਕਹੈਗਾ ਉਸਕੀ ਜੀਭ ਕਟਵਾਇ ਡਾਲੀਏਗੀ। ਅਰੁ ਕਹੈਗਾ : 'ਮੈ ਪਰਮ ਪੁਰਖੁ ਕਾ ਦਾਸ ਹੌਂ, ਮਰਦ ਕਾ ਚੇਲਾ ਹੋਂ!' ਅਰੁ ਜਿਤਨੀਆਂ ਮੰਜੀਆਂ ਹੋਨਿਗੀਆਂ, ਤਿਤਣੀਆਂ ਸਭਣਾ ਕਾ ਨਾਸੁ ਹੋਇਗਾ। ਕਿਉਂ ਜੋ ਓਤਿ ਸਮੇਂ ਦੀਵਾਨ ਸਭ ਮੌਕੂਫ਼ ਹੋਨਿਗੇ। ਓਤਿ ਸਮੇਂ ਕੇ ਅਗਲੀਆਂ ਕਿ ਪਿਛਲੀਆਂ ਸਭਨਾ ਮੰਜੀਆਂ ਕਾ ਨਾਸੁ ਕਰੇਗਾ।

ਅਰੁ ਇਕੁ ਸੰਨਿਆਸੀ ਬੈਰਾਗੀ ਜੋਗੀ ਮੰਜੀਆਂ ਪਾਇ ਬਹਿਨਗੇ। ਤਿਨਕਾ ਏਹੁ ਹਵਾਲ ਕਰਉਂਗਾ; ਜੋ ਨਰਗ ਘੋਰ ਮੈ ਗੋਤੇ ਦੇਵਾਊਂਗਾ। ਅਰੁ ਝੂਠੇ ਗੁਰੂ ਮਾਇਆ ਕੇ ਵਾਸਤੇ ਡੰਭੁ ਕਰਿ ਕੈ ਸਿੱਖਾਂ ਨੂੰ ਭੁਲਾਇਨਗੇ; ਅਰੁ ਓਹ ਸਿੱਖ ਭੀ ਮਾਇਆ ਹੀ ਦੇ ਵਾਸਤੇ ਹੋਨਿਗੇ॥

ਅਰੁ ਓਹ ਜੋ ਗੁਰੂ ਸਦਾਇਨਗੇ; ਸੋ ਕਿਉਂ ਕਰਿ ਕਹਨਿਗੇ; ਜੋ : 'ਹਮ ਹੀ ਹੈਂ ਹੋਰੁ ਕੋਈ ਨਾਹੀ!' ਅਰੁ ਇਕ ਆਖਨਗੇ ਜੋ 'ਹਮ ਪੁੱਤ੍ਰ ਹੈਂ!' ਅਰੁ ਇੱਕ ਆਖਨਿਗੇ ਜੋ 'ਹਮ ਕਉ ਆਗਿਆ ਹੈ, ਹੁਕਮੁ ਹੈ!' ਅਰੁ ਸਿੱਖ ਭੇਖਧਾਰੀ ਆਖਨਿਗੇ ਜੋ 'ਏਹੀ ਗੁਰੂ ਹੈਨਿ!' ਮਾਇਆ ਦੇ ਭੁਖੇ ਅਹੰਕਾਰੀ ਉਨ੍ਹਾਂ ਦੇ ਪਿੱਛੈ ਲਗਿ ਜਾਨਿਗੇ। ਅਰੁ ਜਿਨ੍ਹਾਂ ਦੇਖੋ ਦੇਖੀ ਸਿਖ ਕਹਾਇਆ ਥਾ; ਅਰੁ ਆਖਨਿਗੇ ਜੋ 'ਅਸਾਂ ਜੇਹਾ ਕੋਈ ਨਾਹੀਂ!' ਓਹ ਸਭੇ ਨਰਕ ਜਾਵਨਿਗੇ ਜਿਨ੍ਹਾਂ ਨੋ ਗੁਰੂ ਕਹਿਣਗੇ। ਅਰੁ ਜਿਨ੍ਹਾਂ ਨੋ ਗੁਰੂ ਰੱਖਿ ਲਏਗਾ; ਤਿਨ੍ਹਾਂ ਕਉ ਆਪਨੀ ਸਰਣੀ ਰਖੈਗਾ। ਤਿਨ ਹੀ ਕੇ ਪ੍ਰਥਾਇ ਇਹ ਗਿਰੰਥ-ਰਹਿਤਾਂ ਚਲਣਾਂ ਕਾ ਹੋਇਆ ਹੈ। ਜਿਸਦੇ ਮੰਨੇ ਤੇ ਉਧਾਰ ਹੋਇਗਾ; ਅਰੁ ਸੁਖਾਲਾ ਹੀ ਰਹੈਗਾ; ਜੋ ਕੋਈ ਮੰਨੇਗਾ। ਸ੍ਰੀ ਅਕਾਲ ਪੁਰਖੁ ਕੀ ਆਗਿਆ ਸੋ ਦਾਨ ਇਨ੍ਹਾਂ ਜੀਆਂ ਨੋ ਹੋਇਆ ਹੈ। ਜੋ ਕੋਈ ਮੰਨੈਗਾ, ਸੁਣੈਗਾ, ਕਮਾਵੈਗਾ, ਸੋ ਉਧਰੈਗਾ। ਅਰੁ ਜੋ ਸਿਖ ਖ਼ਾਲਸੇ ਸ੍ਰੀ

www.Mahapurakh.com

ਅਕਾਲ ਪੁਰਖੁ ਕਾ ਹੋਇਗਾ, ਸੋ ਹੋਰੁ ਦੂਸਰੇ ਮਨੁੱਖ ਕੇ ਜਾਮੇ ਨੋ ਮੰਨੇਗਾ ਨਾਹੀ। ਜਹਾਂ ਜੋਤਿ ਸਬਦ ਕੀ ਹੋਇਗੀ, ਤਹਾਂ ਪੂਜਾ ਕਰਨੀ॥

ਅਰੁ ਕਈ ਝੂਠੇ ਗੁਰੂ ਕਹਾਇਨਿਗੇ। ਓਇ ਨਾ ਮੰਨਨਿਗੇ। ਤਬ ਇਕ ਮਰਦ ਕਾ ਚੇਲਾ ਉਠੇਗਾ। ਅਰੁ ਹਿੰਦੂ, ਮੁਸਲਮਾਨ, ਹੋਰ ਜੋ ਕੋਈ ਪੰਥ ਝੂਠੁ ਕਮਾਵਣ ਵਾਲਾ ਹੋਇਗਾ; ਸੋ ਸਭਨਾ ਕਾ ਨਾਸੁ ਕਰੈਗਾ। ਅਰੁ ਸਚੁ ਦ੍ਰਿੜ੍ਹਾਏਗਾ ਅਰੁ ਮਾਰਗੁ ਇਸ ਗਿਰੰਥ ਕੇ ਚਲਾਏਗਾ। ਤਬ ਸਭ ਕਿਸੇ ਦੀ ਕਬੁੱਧਿ ਕਾ ਨਾਸੁ ਹੋਇਗਾ; ਸਬੁਧਿ ਕਾ ਪ੍ਰਗਾਸ ਹੋਇਗਾ। ਧਰਮ ਦ੍ਰਿੜ੍ਹਾਇਗਾ। ਤਬ ਬਹੁਤ ਚਿਰੁ ਇਸੀ ਜੁਗਤਿ ਵਰਤਾਰਾ ਬਰਤੈਗਾ। ਅਰੁ ਮਰਦ ਕਾ ਚੇਲਾ ਜੋ ਉਠੇਗਾ; ਸੋ ਅਪਨੇ ਖ਼ਾਲਸੇ ਹੀ ਤੇ ਉਠੇਗਾ; ਸੋ ਉਸ ਵਿਚਿ ਕਲਾ ਅਪਨੀ ਪ੍ਰਗਾਸ ਕੀ ਬਖਸੀਏਗੀ। ਬੰਦਗੀ ਕੀ ਤੱਰੀਫ ਗੁਰਿਆਈ ਬਖਸੀਏਗੀ। ਪਰ ਗੁਰੂ ਓਹ ਭੀ ਸਦਾਏਗਾ ਨਾਹੀ॥

ਇਸ ਥੀਂ ਸਿਵਾਇ ਸ੍ਰੀ ਅਕਾਲ ਪੁਰਖ ਕੀ ਆਗਿਆ ਸਿਉਂ ਹਿਕ ਹੋਰੁ ਬੰਦਾ ਭੀ ਮੁਸਲਮਾਨ ਉਠੇਗਾ, ਪੱਛਮ ਦਿਸਾ ਤੇ। ਸੋ ਮਹਾਂਬਲੀ, ਤਬ ਉਸ ਕੇ ਨਾਸ ਕਰਨੇ ਕੇ ਨਮਿਤਿ; ਅਰੁ ਸੰਤ ਖ਼ਾਲਸੈ ਕੀ ਰੱਛਿਆ ਕੇ ਵਾਸਤੇ; ਜੁਗ ਬਦਲ ਕੇ ਪ੍ਰਗਾਸੁ ਹੋਇਗਾ; ਦੀਵਾਨੁ ਲਗੈਗਾ; ਸਤਿਗੁਰੂ ਕਾ ਵਰਤਾਰਾ ਵਰਤੈਗਾ। ਜੋ ਕੋਈ ਇਨ੍ਹਾਂ ਰਹਿਤਾਂ ਦੇ ਪੰਥੁ ਚਲੈਗਾ, ਸਤਿ ਕਰਿ ਮੰਨੈਗਾ, ਸੋ ਪਾਰਗਿਰਾਮੀ ਹੋਇਗਾ। ਅਤੇ ਇਸ ਦੁਨੀਆਂ ਬਿਖੈ ਸੁਖਾਲਾ ਰਹੈਗਾ। ਅਤੇ ਉਸ ਕੇ ਸੰਗੀ ਭੀ ਤਰਹਿੰਗੇ ਅਤੇ ਅਗਲੀਆਂ ਪਿਛਲੀਆਂ ਕੁਲਾਂ ਕਾ ਉਧਾਰੁ ਹੋਇਗਾ। ਅਰੁ ਪਰਮ ਲੋਕ ਬਿਖੈ—ਜਹਾਂ ਸਚੁ ਖੰਡੁ ਹੈ; ਤਹਾਂ ਸੰਤ ਖ਼ਾਲਸਾ ਸ੍ਰੀ ਅਕਾਲ ਪੁਰਖੁ ਕੀ ਸੰਗਤਿ ਹੈ—ਤਹਾਂ ਉਸ ਪ੍ਰਾਣੀ ਕਾ ਨਿਵਾਸ ਹੋਇਗਾ। ਜੋ ਇਨ੍ਹਾਂ ਰਹਿਤਾਂ ਕਉ ਕਮਾਵੈਗਾ, ਸਚਿ ਕਰਿ ਮੰਨੈਗਾ, ਸੋ ਉਧਰੈਗਾ॥੧॥

## ਪਹਿਲਾ ਬਚਨ ਰਹਿਤ ਕਾ

ਇਸ ਪ੍ਰਾਨੀ ਕੇ ਉਧਾਰ ਕਰਨਿ ਕਾ ਸੁਨੁ :—

ਤਾਂ ਆਗਿਆ ਸ੍ਰੀ ਅਕਾਲ ਪੁਰਖ ਜੀ ਕੀ ਹੋਈ ਹੈ; ਜੋ ਇਸ ਪ੍ਰਾਨੀ ਕਉ ਇਹੁ ਚਾਹੀਦਾ ਹੈ, ਜੋ ਪਹਰ ਰਾਤਿ ਪਿਛਲੀ ਰਹੈ; ਤਾਂ ਅੰਮ੍ਰਿਤ ਵੇਲੇ ਉਠੇ। ਉਠਿ ਕਰਿ ਤਾਜੇ ਪਾਣੀ ਨਾਲ ਇਸਨਾਨੁ ਕਰੇ। ਅਰੁ ਜਉ ਜਾਣੈ ਜੇ ਕਦਾਂਚ ਦੇਹੀ ਨੂੰ ਤਾਜਾ ਪਾਣੀ ਮਾਫਕ ਨ ਹੋਇ, ਤਾਂ ਗਰਮ ਕਰਿ ਕੈ ਪਾਣੀ ਕੇ ਸਾਥ ਨ੍ਹਾਵੈ, ਸਿਰ ਪਾਣੀ ਪਾਵੈ। ਜੇ ਬੇਹਾ ਪਾਣੀ ਹੋਇ ਤਾਂ ਗਰਮ ਕਰਿ ਲੇਵੈ। ਅਤੇ ਜੇ ਕਦਾਂਚ ਜਾਣੈ ਜੋ ਕੋਈ ਸਬਬੁ ਨ ਬਣੈ, ਅਥਵਾ ਪਾਣੀ ਹਥਿ ਨ ਆਵੈ, ਅਕੈ ਦੇਹੀ ਨੋ ਕਛੁ ਹੀਲਾ[1] ਹੋਇ ਤਾਂ ਮੁਹ ਹਥ ਪੈਰਾਂ ਅਤੇ ਗੋਡਿਆਂ ਤਕ ਧੋਇ ਲੇਵੈ। ਅਰੁ ਇਕੁ ਨਾਮ—

"ਪਾਕੀ ਨਾਈ ਪਾਕੁ" [2]

ਪੜ੍ਹੈ। ਤਾ ਉਸ ਸਮੈ ਮੁਹ ਹਥੁ ਦੇਇ ਕਰਿ ਪੜ੍ਹੈ ; ਸੱਤ ਵਾਰੀ ਜਦਿ ਪੜ੍ਹੈ ਤਬ ਹੀ ਹਥਾਂ ਨਾਲਿ ਦੇਹਿ ਸਾਰੀ ਸਿਰ ਪੈਰਾਂ ਤੇ ਲੈਕੇ—ਜਿਉਂ ਪਾਣੀ ਸਾਥਿ ਧੋਈਦਾ ਹੈ—ਧੋਵੈ। ਤਾਂ ਦੇਹੀ ਪਵਿਤ੍ਰ ਹੋਵੈ। ਪਰ ਏਹ ਜੁਗਤਿ ਤਦਿ ਕਰੈ ਜੇ ਪਾਣੀ ਹਥਿ ਨਾ ਆਵੈ, ਅਕੈ ਦੇਹ ਸਹੰਦੀ ਨਾਹੀ। ਅੰਮ੍ਰਿਤ ਵੇਲੇ ਪਹਰ ਰਾਤਿ ਰਹੰਦੀ ਇਹਿ ਕਿਰਤਿ ਦੇਹੀ ਦੀ ਕਰੈ। ਪੰਜ ਵੇਰੀ 'ਜਪੁ' ਤੈ 'ਜਾਪੁ' ਪੜ੍ਹੈ।

---

1. ਬਹਾਨਾ, ਬੀਮਾਰੀ ਆਦਿ ਦਾ।

2. ਪੰਜ ਇਸ਼ਨਾਨਾ ਕਰਨ ਸਮੇਂ ਆਸਾ ਦੀ ਵਾਰ ਵਿਚੋਂ ਉਹ ਪਉੜੀ ਪੜ੍ਹੇ ਜਿਸ ਵਿਚ ਇਹ ਤੁਕ ਔਂਦੀ ਹੈ। ਪੜ੍ਹਨ ਸਮੇਂ ਦੋਵੇਂ ਹਥਿ ਮੂੰਹ ਅਗੇ ਕਰੈ। ਭਾਵ—ਹੱਥਾਂ ਨੂੰ ਮੰਤ੍ਰ ਕੇ ਦੇਹੀ ਉੱਤੇ ਫੇਰੇ।

www.Mahapurakh.com

ਨਾਲੇ 'ਅਨੰਦ' ਪੰਜ ਵੇਰੀ ਪੜ੍ਹੈ। ਜੋ ਜਾਨੈ ਕਛੁ ਕੰਮੁ ਦੁਨੀਆਂ ਦਾ ਹੈ; ਤਾਂ 'ਚਰਨ ਕਮਲ' ਆਰਤੀ[1] ਪੜ੍ਹਕੈ ਮੱਥਾ ਟੇਕੈ। ਮੱਥਾ ਟੇਕ ਕੈ ਉਠ ਖੜਾ ਹੋਇ ਅਰਦਾਸਿ ਕਰੈ! ਅਰਦਾਸ ਕਰਕੈ ਜੋ ਕੰਮੁ ਆਇ, ਰੁਜੂ ਹੋਵੈ, ਕਿਆ ਮੁਸ਼ਕਲ, ਕਿਆ ਆਸਾਨੁ, ਸਭ ਮਨੋਰਥ ਪੂਰੇ ਹੋਵਿਹਿ ਅਰੁ ਜੋ ਜਾਣੈ ਕਿਛੁ ਕੰਮ ਨਾਹੀ, ਢਿੱਲ ਹੈ; ਤਾਂ ਪੋਥੀ ਗਿਰੰਥ—ਪਾਤਿਸਾਹੀ ਪਹਲੀ ਤੇ ਲੈ ਕੇ, ਪਾਤਿਸਾਹੀ ਨਾਵੀਂ ਤੀਕ ਜੋ ਬਾਣੀ ਹੈ, ਸੋ ਪੜ੍ਹੈ। ਜੋ ਕਿਛੁ ਗੁਰੂ ਪੜ੍ਹਾਏ। ਫੇਰ "ਚਰਨ ਕਮਲ" ਆਰਤੀ ਪੜ੍ਹਿ ਕੈ ਮੱਥਾ ਟੇਕੈ। ਆਪਣੀ ਬੇਨਤੀ ਆਜਜ਼ੀ ਕਰੈ; ਜੋ—

"ਮੁਝ ਪਤਿਤ ਕਉ ਨਾਮੁ ਦਾਨੁ ਦੇਹਿ,
ਸੁਖਾਲੀਂ ਸਾਸੀਂ ਗੁਰੂ ਚਿਤਿ ਆਵੈ!"

ਏਹਿ ਆਪਣੀ ਬੇਨਤੀ ਕਰਕੈ, ਆਪਣੀ ਜਮਯਤਿ ਹੋਇ ਕਰਿ, ਕਿਰਤਿ ਜੁਗਤਿ ਉਠਿ ਲਾਗੈ। ਪਰ ਪਿਆਰੁ ਬਾਣੀ ਸਬਦ ਨਾਲਿ ਰਾਖੇ। ਸਬਦੁ ਗੁਰੂ ਹੈ, ਸੁਰਤਿ ਇਸ ਦੀ ਚੇਲਾ ਹੈ। ਮਨ ਬਚ ਕਰਮ ਏਕ ਅੰਗੁ ਪੜ੍ਹੈ॥ ੨॥

## ਦੁਤੀਆ ਬਚਨ ਰਹਿਤ ਕਾ

ਹੁਕਮੁ ਹੈ—ਜਾਣੈ ਜੋ ਦੋਇ ਪਹਰ ਦਿਨੁ ਆਇਆ ਹੈ; ਤਾਂ ਫੇਰਿ ਹੱਥ ਪੈਰ ਗੋਡਿਆਂ ਤਕ ਧੋਇ ਕਰਿ, ਇਕ ਵੇਰੀ 'ਜਪੁ', 'ਜਾਪੁ' ਦੋਵੈਂ ਪੜ੍ਹੈ; ਫੇਰ ਕਿਰਤਿ ਕਰੈ। ਅਤੈ ਜੋ ਜਾਨੈ ਪੜ੍ਹਿਆਂ ਬਨਿ ਨਹੀ ਆਂਵਦਾ, ਤਾਂ ਹੱਥ ਪੈਰ ਧੋਵਣੇ; ਧੋਇਕੈ ਇਹ ਜੁਗਤਿ ਕਰੈ :—ਪਹਿਲਾ ਤਾਂ ਇਕ ਧਿਆਨੁ ਸ੍ਰੀ ਅਕਾਲ ਪੁਰਖੁ ਜੀ ਕਾ ਕਰੈ। ਅਰੁ "ਪਾਕੀ ਨਾਈ ਪਾਕੁ" ਨਾਮ ਪੜ੍ਹੈ। ਜੇ ਦੇਹਿ ਪਵਿਤ੍ਰ ਹੋਇ। ਫਿਰਿ ਇਹ ਜਾਨ ਕਰਿ ਪੜ੍ਹੈ, ਮਨ ਬਿਖੈ ਸਤ ਵਾਰੀ :—

ਸ੍ਰੀ ਵਾਹਗੁਰੂ ਅਕਾਲਿ ਪੁਰਖੁ ਜੀ ਤੇਰੀ ਸਰਨਿ ਹਾਂ!

ੴ ਸਤਿ ਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ੧॥
ਚਕ੍ਰ ਚਿਹਨ ਅਰੁ ਬਰਨ, ਜਾਤਿ ਅਰੁ ਪਾਤਿ ਨਹਿਨ ਜਿਹ।
ਰੂਪ ਰੰਗੁ ਅਰੁ ਰੇਖ, ਭੇਖ ਕੋਊ ਕਹਿ ਨ ਸਕਤ ਕਿਹ॥
ਅਚਲ ਮੂਰਿਤਿ ਅਨਭਉ, ਪ੍ਰਕਾਸੁ ਅਮਿਤੋਜਿ ਕਹਿਜੈ।
ਕੋਟਿ ਇੰਦ੍ਰ ਇੰਦ੍ਰਾਣਿ, ਸਾਹੁ ਸਾਹਾਣਿ ਗਣਿਜੈ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ, ਨੇਤਿ ਨੇਤਿ ਬਨਿ ਤ੍ਰਿਨ ਕਹਤ॥
ਤੂ ਸਰਬ ਨਾਮੁ ਕਥੈ ਕਵਨ, ਕਰਮ ਨਾਮੁ ਬਰਨਤ ਸੁਮਤਿ॥ ੨॥

ਏਹ ਪੜ੍ਹੈ। ਸਾਰੇ ਜਪੁ ਜਾਪੁ ਪੜ੍ਹੇ ਦਾ ਫਲੁ ਹੈ। ਅਤੈ ਹੋਰੁ ਕੋਈ ਜ਼ਰੂਰ ਕਿਤੈ ਜਾਣੈ ਦਾ ਕੰਮੁ ਹੋਵੈ ; ਅਤੈ ਹੋਰੁ ਕਿਛੁ ਪੜ੍ਹਿ ਨ ਸਕੈ ਤਾਂ ਇਤਨਾ ਹੀ ਪੜ੍ਹੈ। ਪਰੁ ਇਸ ਨੋ ਇਹੁ ਚਾਹੀਐ ਜੋ ਹਜਾਰ ਕੰਮੁ ਛਡਿ ਕੈ ਜ਼ਰੂਰ ਜੁਗਤਿ ਨਾਲ ਪੜ੍ਹੈ॥ ੩॥

## ਤ੍ਰਿਤੀਆ ਬਚਨ ਰਹਿਤ ਕਾ

ਜਬ ਜਾਣੈ ਦੁਇ ਘੜੀਆਂ ਦਿਨ ਰਹਿਆ ਹੈ, ਤਾਂ "ਸੋ ਦਰੁ" ਰਹਰਾਸਿ ਨਾਲਿ ਪੜ੍ਹੈ। ਜਾਂ

1. ਉਹ ਸ਼ਬਦ, ਜੋ "ਚਰਨ ਕਮਲ" ਪਾਠ ਤੋਂ ਅਰੰਭ ਹੁੰਦਾ ਹੈ। ਸਾਰਾ ਪੜ੍ਹੈ।

www.Mahapurakh.com

ਭੋਗ ਪਾਵੈ ਤਾਂ ਦੋਵੇਂ 'ਜਪੁ' ਤੇ 'ਜਾਪੁ' ਪੜ੍ਹ ਕੈ ਮੱਥਾ ਟੇਕੈ। ਆਪਣੀ ਬੇਨਤੀ ਕਰੈ, ਆਖੈ, ਜੋ—

"ਹਉ ਅਪਰਾਧੀ ਹਾਂ, ਤੇਰਾ ਬਿਰਦੁ ਹੈ ;
ਜਿਉਂ ਭਾਵੈ ਤਿਉਂ ਰਖਿ ਲੇਹੁ।
ਤੇਰਾ ਭਾਣਾ ਮਿੱਠਾ ਲਗੈ, ਨਾਮੁ ਚਿਤਿ ਆਵੈ।
ਜੀ! ਤੇਰੀ ਸਰਨਿ ਹਾਂ!!" ੩॥

## ਚਉਥਾ ਬਚਨ ਰਹਿਤ ਕਾ

ਇਹ ਹੈ—ਜਬ ਜਾਨੇ ਰਾਤਿ ਹੋਈ ਹੈ। ਸਭਨਾਂ ਕੰਮਾਂ ਦੁਨੀਆਂ ਦਿਆਂ ਸੌਂ ਫਾਰਕੁ ਹੋਇ ਰਹਿਆ ਹਾਂ। ਤਾਂ ਬਾਨੀ ਪਾਤਿਸਾਹੀ ਪਹਿਲੀ ਤੇ ਲੇਕਰਿ ਦਸਵੀਂ ਦੀ—'ਬਿਚਿਤ੍ਰ ਨਾਟਿਕ', ਹੋਰ ਬਾਣੀ ਗਿਰੰਥ ਕੀ, ਹੋਰਨਾਂ ਪਾਤਿਸਾਹੀਆਂ ਦੀ ਹੋਵੈ; ਸੋ—ਪੜ੍ਹੈ। ਕੀਰਤਨ ਕਰੈ। ਜੋ ਜਾਣੈ ਜੁ ਨਿੰਦ੍ਰਾ ਬਹੁਤੁ ਆਈ ਹੈ, ਤਾਂ ਕੀਰਤਨ ਸੋਹਿਲਾ ਪੜ੍ਹਿ ਕੈ ਸੋਇ ਰਹੈ। ਮਨ ਆਪਣਾ ਓਤ ਵੇਲੈ ਵਾਹਗੁਰੂ ਜੀ ਕੇ ਚਰਨਾਂ ਬਿਖੇ ਰਖੈ। ਉਪਰਿ ਸਾਸੁ ਨਾਭਿ ਤੇ 'ਵਾਹ' ਸੌਂ ਲੇਵੈ; ਅਰੁ ਤਲੇ ਕਾ ਸਾਸੁ 'ਗੁਰੂ' ਸੌਂ ਛੋਡੈ। ਵਾਹਗੁਰ ਕਾ ਜਾਪੁ ਕਰੈ। ਸੁਰਤਿ ਜਾਗਤੀ ਰਹੈ। ਅਰੁ ਕਰਮ ਕਉ ਲੇਕਰਿ ਸੰਗ ਸੋਵੈ।[1] ਆਪਣਾ ਮਨ ਹੋਰਤ ਠਉਰ ਬਿਖੈ ਜਾਵਣਿ ਨ ਦੇਇ। ਜੋ ਪ੍ਰਾਨੀ ਏਹਿ ਰਹਿਤ ਕਮਾਵੈ—ਅਥਵਾ ਮਰਦ ਅਥਵਾ ਇਸਤ੍ਰੀ—ਸੋ ਪਾਰਗਰਾਮੀ ਹੋਇਗਾ। ਸ੍ਰੀ ਗੁਰੂ ਅਕਾਲ ਪੁਰਖੁ ਜੀ ਕੇ ਪੰਥੁ ਕਾ ਸੁਖੁ ਦੇਖੈਗਾ। ਅਰੁ ਸਭ ਤੇ ਵੱਡੀ ਰਹਿਤ ਏਹੁ ਹੈ, ਜੋ ਮਿਥਿਆ ਨ ਬੋਲੈ। ਮਰਦੁ ਹੋਇਕੈ ਪਰ-ਨਾਰੀ ਕਾ ਸੰਗੁ ਨ ਕਰੈ। ਇਸਤ੍ਰੀ ਹੋਇਕੈ ਪਰਾਏ ਮਰਦੁ ਨੋ ਨ ਦੇਖੈ[2]। ਲੋਭ ਨ ਕਰੈ; ਕ੍ਰੋਧ ਨ ਕਰੈ; ਅਹਿੰਕਾਰ ਨ ਕਰੈ; ਬਹੁਤ ਮੋਹ ਨ ਕਰੈ; ਨਿੰਦਿਆ ਨ ਕਰੈ; ਅਰੁ ਅਸੱਤ ਭੀ ਨ ਬੋਲੈ। ਅਰੁ ਐਸਾ ਸੱਤ ਭੀ ਨ ਬੋਲੈ; ਜੋ ਕਿਸੈ ਦਾ ਬੁਰਾ ਹੁੰਦਾ ਹੋਵੈ। ਅਰੁ ਜੋ ਕਿਛੁ ਕਰੈ, ਸੁਮਤਿ ਹੀ ਕਰੈ। ਅਰੁ ਅੰਤਕਾਲ ਨਦਰਿ ਕਰਿ ਦੇਖੈ। ਅਰੁ ਅਪਣਾ ਚਲਾਣਾ ਇਸ ਮ੍ਰਿਤ-ਮੰਡਲ ਤੇ ਸਾਸਿ ਸਾਸਿ ਚਿਤਾਰੈ, ਭੂਲੈ ਨਾਹੀਂ। ਭਉ ਕਰੈ, ਜੋ ਇਨ੍ਹਾਂ ਸਾਸਾਂ ਹੀ ਤੇ ਕਿਤੈ ਸਾਸਿ ਚਲਨਾ ਹੈ। ਕੋਈ ਸਾਸੁ ਬਿਰਥਾ ਚਲਣੈ ਦੇਵੈ ਨਾਹੀਂ। ਦੁਖਾਵੈ ਕਿਸੇ ਕੋ ਨਾਹੀ। ਮੁਖ ਤੇ ਮਿੱਠਾ ਬੋਲੈ। ਜੇ ਕੋਈ ਬੁਰਾ ਭਲਾ ਕਹੈ, ਮਨ ਬਿਖੈ ਲਿਆਵੈ ਨਾਹੀਂ। ਭਾਵੈਂ ਕੋਈ ਆਦਰੁ ਕਰੈ, ਭਾਵੈਂ ਕੋਈ ਅਨਾਦਰੁ ਕਰੈ; ਹਰਖ ਸੋਗ ਕਿਸੀ ਬਾਤ ਕਾ ਨ ਕਰੈ। ਪਰਾਏ ਦਰਬ ਕਉ ਅੰਗੀਕਾਰੁ ਨ ਕਰੈ। ਧਰਮ ਕੀ ਕਿਰਤਿ ਕਰ ਖਾਇ। ਦਾਤਾ ਗੁਰੁ ਬਾਬਾ ਅਕਾਲ ਪੁਰਖੁ ਹੈ; ਹੋਰਤਿ ਕਿਤੈ ਵਲਿ ਦੇਖੈ ਨਾਹੀ। ਮਟ, ਮੜ੍ਹੀ, ਦੇਵੀ, ਦੇਵਤਾ, ਬੁਤ, ਤੀਰਥ, ਬਰਤ, ਪੂਜਾ-ਅਰਚਾ, ਮੰਤ੍ਰ, ਜੰਤ੍ਰ, ਪੀਰ ਪੁਰਸ਼, ਬ੍ਰਾਹਮਣ, ਪੁੱਛਿ ਨ ਲੇਵੈ। ਤਰਪਣ ਗਾਇਤ੍ਰੀ ਸੰਧਿਆ ਹੋਰਤਿ ਕਿਤੈ ਵਲਿ ਦੇਖੈ ਨਾਹੀ। ਮਨ ਆਪਣਾ ਸ੍ਰੀ ਅਕਾਲ ਪੁਰਖੁ ਜੀ ਕੇ ਚਰਨਾਰਬਿੰਦ ਬਿਖੈ ਰਖੈ। ਅਰੁ ਸੰਤੁ ਖ਼ਾਲਸਾ—ਜੋ ਇਸ ਦਾ ਸੰਗੀ ਹੈ,—ਸੋ ਤਿਨ੍ਹਾਂ ਨਾਲ ਪਿਆਰੁ ਰਖੈ। ਅਰੁ ਸੁਪਾਰਸ ਸਭ ਖ਼ਾਲਸੇ ਕਾ ਹੈ। ਸੋ ਕਉਨ ਖ਼ਾਲਸਾ ਹੈਨਿ? ਜਿਨ੍ਹੀਂ ਕਿਨ੍ਹੀਂ ਆਪਣਾ ਤਨੁ ਮਨੁ ਧਨੁ ਗੁਰੂ ਸ੍ਰੀ ਅਕਾਲ ਪੁਰਖੁ ਜੀ ਕਉ ਸਉਂਪਿਆ ਹੈ। ਕਿਸੀ ਬਾਤ ਕਾ ਉਨ ਕਉ ਹਰਖੁ ਸੋਗੁ ਨਾਹੀਂ। ਅਰੁ ਕਿਸੀ ਕੀ ਆਸਾ ਨਾਹੀਂ ਕਰਤੇ। ਅਰੁ ਇੰਦ੍ਰੀਆਂ ਆਪਣੀਆਂ ਕਉ ਜੀਤ ਬੈਠੇ ਹੈਨਿ। ਅਰੁ ਚਿਤਵਨੀ ਅਪਨੀ ਕਉ ਸ੍ਰੀ ਅਕਾਲ ਪੁਰਖੁ ਜੀ ਕੇ ਚਰਨਾਰਬਿੰਦ ਬਿਖੈ ਰਖਿਆ ਹੈ॥

1. ਭਾਵ, ਦਿਨ ਦੇ ਕੀਤੇ ਚੰਗੇ ਮੰਦੇ ਕੰਮਾਂ ਦੀ ਪੜਤਾਲ ਸੌਣ ਲਗਿਆਂ ਕਰ ਲਇਆ ਕਰੇ।
2. ਮੰਦੀ ਨਜ਼ਰ ਨਾਲ।

www.Mahapurakh.com

ਅਰੁ ਜਬ ਜਾਨੇ ਜੋ ਏਹੁ ਜੀਉ ਸੰਸਾਰ ਦੇ ਕੰਮੁ ਤੇ ਨਿਹਚਿੰਤ ਹੋਇਆ ਹੈ : ਅਤੇ ਅਬ ਸਾਸ ਬਿਰਥੇ ਜਾਤੇ ਹੈਨਿ; ਤਬ ਅਪਨਾ ਮਨੁ ਪਰਮ ਪੁਰਖੁ ਗੁਰੂ ਬਿਖੈ ਰੱਖੈ। ਇਸ ਕਉ ਸਾਸਿ ਗਿਰਾਸਿ ਇਉਂ ਚਾਹੀਦਾ ਹੈ, ਜੋ ਭਾਵੈਂ ਕੈਸਾ ਕੰਮੁ ਖਰਾ ਜ਼ਰੂਰ ਕਾ ਹੋਵੈ ਦੁਨੀਆਂ ਕਾ, ਪਰ ਸੁਰਤਿ ਆਪਣੀ ਗੁਰੂ ਬਿਖੇ ਰੱਖੈ। ਅਰੁ ਅਪਨੀ ਕਰਨੀ ਸਿਮਰਨ ਜੁਗਤਿ ਜਪੁ ਤਪੁ, ਜੋ ਕਿਛੁ ਗੁਰੂ ਕਰਾਏ, ਸੋ ਕਿਸੀ ਕਉ ਜਣਾਏ ਨਾਹੀਂ। ਜਿਤਨਾ ਪੜਦੇ ਬਿਖੈ ਅਰਾਧੇਗਾ, ਤਿਤਨਾ ਹੀ ਫਲੁ ਹੋਇਗਾ; ਅਰੁ ਦਰਸ਼ਨ ਪ੍ਰਾਪਤਿ ਹੋਇਗਾ। ਸਦਾ ਇਸਕੀ ਪ੍ਰੀਤਿ ਚਰਨ ਕਵਲਾਂ ਨਾਲਿ ਜੁਗੋ ਜੁਗ ਲੱਗੀ ਰਹੈਗੀ। ਪਰੁ ਆਪਣਾ ਭੇਦੁ ਜੁਗਤਿ ਸਿਮਰਨੁ ਰਹਿਤ ਕਾ ਜਾਹਿਰ ਕਰਨਾ ਡਿੰਫੁ ਹੈ। ਇਨ੍ਹੀਂ ਕੰਮੀਂ ਪਾਰਬ੍ਰਹਮੁ ਪਰਮੇਸੁਰ ਜੋ ਹੈ, ਅਕਾਲ ਪੁਰਖੁ, ਸੋ ਭਿਜਦਾ ਨਹੀਂ ਅਰੁ ਰੀਝਤਾ ਭੀ ਨਹੀਂ। ਰੀਝਤਾ ਭੀਜਤਾ ਕਿਸ ਬਾਤ ਮੋਂ ਹੈ ? ਇਸ ਬਾਤ ਮੋ ਰੀਝਤਾ ਭੀਜਤਾ ਹੈ : ਸੋ ਪਹਿਲਾਂ ਤਾਂ ਅਪਨਾ ਚਲਨਾ ਇਸ ਮ੍ਰਿਤ ਮੰਡਲ ਤੇ ਜਾਨੈ ਜੋ ਸਾਸ ਆਵਤਾ ਹੈ ; ਅੰਦਰਿ ਤੇ ਬਾਹਰਿ ਆਵੈ ਕਿ ਫੇਰਿ ਨ ਆਵੈ! ਏਹ ਜਾਨ ਕਰਿ ਆਪਨੀ ਦੇਹ ਤੇ ਬਿਰਕਤੁ ਰਹੈ। ਜਬ ਜਾਨੈ ਏਹਿ ਪ੍ਰਾਨੀ, ਜੋ ਮਨ ਬਚ ਕ੍ਰਮ ਦੇਹ ਤੇ ਬਿਰਕਤ ਹੂਆ ਹੋ : ਤਬ ਸ੍ਰੀ ਅਕਾਲ ਪੁਰਖੁ ਕਉ ਹਿਰਦੇ ਮੈ ਅਪਨੇ ਉਪਰਿ ਹਰਿ ਦਮ ਹਾਜਰੁ ਹੀ ਜਾਨੈ। ਤਬ ਇਸ ਕਉ ਕੋਈ ਇੰਦ੍ਰੀ ਨ ਸੰਤਾਵੈ। ਆਪ ਹੀ ਸੋਂ ਬਿਨਾਸੁ ਉਪਜਤਾ ਹੈ। ਗਿਆਨੁ ਕਉ ਰਮੈ। ਅਰੁ ਸਭਨਾਂ ਸੁਖਾਂ ਕਉ ਪ੍ਰਾਪਤਿ ਹੋਇ। ਅਰੁ ਜੋ ਕਛੁ ਸਚੁ ਸਬਦ ਬਾਣੀ ਬਿਖੈ ਬੋਲਣਾ ਹੈ; ਸੋ ਭੀ ਪ੍ਰਾਪਤਿ ਹੋਇ। ਅਰੁ ਅੰਮ੍ਰਿਤ ਸਬਦ ਕਉ ਰਮੈ। ਅਰੁ ਜੋ ਕੋਈ ਭੁੱਖਾ ਨੰਗਾ ਅਰਥੀ ਹੋਇ, ਤਾਂ ਉਸ ਨਾਲਿ ਆਪਣੀ ਵੰਡ ਵਿਚੋਂ,—ਜੋ ਕਿਛੁ ਸਾਹਿਬ ਦਿਤਾ ਹੋਇ, ਸੋ ਵੰਡਿ ਖਾਇ; ਵੰਡਿ ਪਹਰੈ। ਅਰੁ ਕੰਮ ਕਿਸੈ ਕਾ ਜਾਨੈ ਜੋ ਮੁਝ ਤੇ ਹੋਤਾ ਹੈ; ਤਾਂ ਜਾਣੈ ਜੋ ਗੁਰੂ ਕ੍ਰਿਪਾਲ ਹੋਇਆ ਹੈ; ਤਾਂ ਢਿੱਲ ਨ ਕਰੈ। ਅਪਨਾ ਕੰਮੁ ਛੋਡਿ ਕਰਿ, ਉਸ ਪ੍ਰਾਨੀ ਕੇ ਕੰਮੁ ਕਉ ਉਠਿ ਖੜਾ ਹੋਇ; ਜਾਨਿ ਨ ਦੇਇ। ਗੁਰੂ ਕਾ ਰੀਝਾਵਣਾ ਇਸੀ ਬਾਤ ਮੋ ਹੈ। ਜਿਉਂ ਕੋਈ ਜੀਉ ਰਾਜ਼ੀ ਹੋਇ, ਤਿਉਂ ਰਾਜ਼ੀ ਕਰੀਐ; ਦੁਖਾਵੈ ਕਿਸੈ ਨੋ ਨਾਹੀ। ਕੋਈ ਬੁਰਾ ਭਲਾ ਕਹੈ; ਮਨ ਬਿਖੈ ਕਛੁ ਲਿਆਵੈ ਨਾਹੀਂ। ਅਰੁ ਕਿਸੀ ਕਉ ਅਪਣਾ ਮਿਤ੍ਰ ਸਤ੍ਰ ਕਰਿ ਨ ਜਾਣੈ। ਜਹਾਂ ਦੇਖੈ ਤਹਾਂ ਅਬਿਨਾਸੀ ਪੁਰਖੁ ਬਿਆਪਿਆ ਹੂਆ ਹੀ ਦੇਖੈ। ਅਰੁ ਮੁਖ ਤੇ ਜੋ ਬੋਲੈ ਸੋ ਅੰਮ੍ਰਿਤ ਹੀ ਬੋਲੈ; ਬਹੁਤੁ ਗੱਲਾਂ ਨ ਕਰੈ। ਅਕੈ ਸਬਦੁ, ਅਕੈ ਬਾਨੀ, ਅਕੈ ਬਬੇਕ ਕੀ ਸੰਗਤਿ ਪਾਇ, ਗੁਰੂ ਬਾਬੇ ਕੀਆਂ ਸਾਖੀਆਂ ਕਰੈ। ਅਕੈ ਚੁੱਪ ਕਰਿ ਰਹੈ। ਚੁੱਪ ਸਭ ਤੇ ਉੱਤਮ ਹੈ। ਅੰਨ ਬਹੁਤੁ ਭੁੱਖ ਲਗੈ ਤਾਂ ਖਾਏ; ਭਰੇ ਪਰਿ ਨ ਭਰੇ। ਅਤੇ ਨਿੰਦ੍ਰਾ ਦੀ ਮਿਰਯਾਦਾ ਕਰਿ ਛੋਡੈ; ਸਿਵਾਇ ਮਿਰਯਾਦਾ ਸੋਇ ਜਾਵੈ ਨਾਹੀਂ। ਅਤੇ ਅਪਨਾ ਸਰਵੰਸੁ—ਕਿਆ ਪੁੱਤ੍ਰ, ਕਿਆ ਇਸਤ੍ਰੀ, ਕਿਆ ਹੋਰੁ ਲੋਕ ਕੁਟੰਬੁ, ਕਿਆ ਧਨੁ—ਸਭ ਕਉ ਅਪਣਾ ਕਰਿ ਜਾਨੈ ਨਾਹੀਂ। ਇਉਂ ਹੀ ਕਰਿ ਜਾਨੈ ਜੋ ਮੈਂ ਹੁਕਮ ਸੋਂ ਆਇਆ ਹਾਂ; ਮੁਸਾਫਰੁ ਹਾਂ; ਇਨ ਮੋ ਆਇ ਬੈਠਾ ਹਾਂ। ਜਿਉਂ ਸਰਾਇ ਮੋਂ ਮੁਸਾਫਰੁ ਵਸੇਰਾ ਲੇਤਾ ਹੈ, ਤਿਉਂ ਇਨ ਮੋਂ ਮੇਰਾ ਵਸੇਰਾ ਹੈ। ਅਰੁ ਮਿਤੁ ਆਪਣੀ ਕਉ ਸੁਪਨੰਤਰੁ ਕਰਿ ਜਾਣੈ; ਜੋ ਮੈਂ ਉਹੀ ਮੁਸਾਫਰੁ ਹਾਂ। ਇਹੀ ਸਤਿ ਕਰਿ ਜਾਣੈ। ਜੋ ਕੋਈ ਕਿਸੀ ਕਾ ਨਾਹੀਂ। ਰਾਤਿ ਕਾਰਣ ਆਇ ਇਕੱਠੇ ਹੋਏ ਹਾਂ। ਜਿਥੈ ਦਿਨੁ ਹੋਇਆ, ਤਿਥੈ ਆਪੋ ਆਪਨੀ ਰਾਹੀਂ ਉਠਿ ਜਾਨਿਗੇ। ਇਸ ਕਰਕੈ ਮੋਹ ਲਗਾਵੈ ਨਾਹੀਂ। ਉਦਾਸੁ ਹੀ ਰਹੈ। ਕਰਤੇ ਪੁਰਖੁ ਕੀ ਲੀਲ੍ਹਾ, ਵਰਤਾਰਾ ਦੇਖ ਕੈ, ਉਦਾਸੁ ਹੀ ਰਹੈ। ਅਰੁ ਮਨੁ ਅਪਨਾ ਕਰਤੇ ਪੁਰਖੁ ਬਿਖੈ ਰੱਖੈ॥

ਪਰੁ ਸਾਰੀ ਰਹਿਤੁ ਇਹੀ ਹੈ, ਜੋ ਕਿਸੀ ਕਉ ਕਲਪਾਵੈ ਨਾਹੀ, ਅਰੁ ਅੰਦਰਿ ਆਪਣਾ ਕਿਸੀ ਕਉ ਦੇਵੈ ਨਾਹੀ।[1] ਪਰੁ ਕਿਰਤਿ ਰੁਜ਼ਗਾਰ ਕਰਤਾ ਰਹੈ। ਅਰੁ ਜੋ ਕਛੁ ਰੁਜ਼ਗਾਰ ਤੇ ਗੁਰੂ ਦੇਵੈ,

1. ਜਣੇ ਖਣੇ ਨੂੰ ਦਿਲ ਦੀ ਗੱਲ ਨ ਦਸੈ; ਸਿਵਾਇ ਗੁਰੂ ਤੇ ਮਿਤ੍ਰ ਦੇ।

www.Mahapurakh.com

ਉਸ ਸਿਉਂ ਦਸਵਾਂ ਹਿੱਸਾ ਸ੍ਰੀ ਅਕਾਲ ਪੁਰਖ ਜੀ ਕਾ ਜੁਦਾ ਕਰਿ ਰੱਖੈ। ਅਰੁ ਜੋ ਕਿਛੁ ਮੰਨਤਿ ਹੋਵੈ, ਅਰਦਾਸਿ ਹੋਵੈ, ਸੋ ਭੀ ਜੁਦਾ ਕਰਿ ਰਖੈ। ਅਰੁ ਅਪਨੇ ਗ੍ਰਿਹ ਬਿਖੈ ਗੁਰੂ ਸ੍ਰੀ ਅਕਾਲ ਪੁਰਖ ਜੀ ਕਾ ਕੋਠਾ ਕਰਿ ਰਖੈ। ਜਾਣੈ ਕੋਈ ਸਿੱਖ, ਸਾਧੁ, ਕੋਈ ਅਰਥੀ, ਗਰੀਬ ਹੋਇ; ਤਿਸ ਕਉ ਕਠੇ ਸਿਉਂ ਦੇਵੈ। ਕਿਉਂ ਜੋ ਏਹੁ ਖਜ਼ਾਨਾ ਗੁਰੂ ਬਾਬੇ ਕਾ ਹੈ, ਜੋ ਇਸ ਗੁਰੂ ਕੇ ਖਜ਼ਾਨੇ ਵਿਚਹੁ ਸ੍ਰੀ ਅਕਾਲ ਪੁਰਖੁ ਜੀ ਕੇ ਸੰਤਾਂ, ਸਿਖਾਂ ਕੇ ਮੁਹ ਪਾਵੈਗਾ; ਕੱਪੜੇ ਪਹਿਰਾਵੈਗਾ; ਤਿਸ ਕਾ ਸਚੇ ਖੰਡ ਜੰਮੈਗਾ। ਅਰੁ ਕਿਸੀ ਅਉਰ ਅਰਥੀਏ ਕਉ ਚਾਹੀਐ; ਤਉ ਭੀ ਦੇਵੈ। ਅਰੁ ਉਸ ਪ੍ਰਾਨੀ ਕਉ ਕਹਿ ਦੇਵੈ; ਜੋ "ਹੇ ਭਾਈ! ਜਬ ਗੁਰੂ ਬਾਬਾ ਤੇਰੀ ਜਮੀਅਤਿ ਕਰੈ,[1] ਕੁਸਾਇਸ਼[2] ਕਰੈਗਾ, ਤਬ ਏਹੁ ਪੈਸਾ ਪਹੁਚਾਇ ਦੇਵਣਾ। ਅਕੈ ਆਪਣੈ ਪਾਸ ਜਹਾਂ ਗੁਰੂ ਸ੍ਰੀ ਅਕਾਲ ਪੁਰਖ ਜੀ ਕਾ ਖਜਾਨਾ ਹੈ, ਤਹਾਂ ਇਸ ਗੁਰੂ ਕੀ ਕਉਡੀ ਕਉ ਰਖਣਾ।" ਪਰੁ ਇਸਿ ਖ਼ਾਲਸੇ ਕਉ ਚਾਹੀਐ, ਜੋ ਇਸ ਖਜ਼ਾਨੇ ਸਿਉ ਪੂੰਜੀ ਲੇਵੈ; ਅਰੁ ਧਰਮ ਦੀ ਕਿਰਤਿ ਕਰਿ ਖਾਏ। ਜਦਿ ਗੁਰੂ ਬਾਬਾ ਕਿਛੁ ਨਫਾ ਦੇਇ; ਤਦਿ ਪੈਸੇ ਪਹੁਚਾਇ ਦੇਇ; ਅਕੈ ਅਪਣੇ ਪਾਸਿ ਰੱਖੈ; ਅਕੈ ਜਹਾਂ ਸ੍ਰੀ ਅਕਾਲ ਪੁਰਖ ਜੀ ਕਾ ਖ਼ਜ਼ਾਨਾ ਹੋਇ, ਤਹਾਂ ਰੱਖਣੇ। ਇਉਂ ਹੀ ਗੁਰੂ ਕੀ ਕਉਡੀ ਕਾ ਬਿਊਹਾਰ ਕਰਤਾ ਰਹੈ। ਤਬ ਉਸ ਖ਼ਾਲਸੇ ਕਉ ਕਿਸੀ ਬਾਤ ਕੀ ਕਮੀ ਨ ਹੋਇ; ਸਦਾ ਸੁਖੀ ਹੋਇ। ਅਰ ਰਜਾਇ ਸਿਰ ਉਪਰ ਮੰਨੇ; ਰਾਜੀ ਰਹੇ। ਭਾਵੈਂ ਖਸਮ ਸੁਖ ਦੇਵੈ, ਭਾਵੇਂ ਦੁੱਖ ਦੇਵੈ; ਸੰਤੋਖ ਕਰ ਕੈ ਰਾਜੀ ਰਹੈ। ਆਪਸ ਕਉ ਕਛੁ ਜਣਾਵੈ ਨਾਹੀ। ਗੁਮਾਨ ਅਪਨੀ ਰਹਿਨੀ ਕਰਤੂਤ ਕਾ ਨਾ ਕਰੈ। ਅਰੁ ਜੋ ਕਿਛੁ ਕਦਾਚਿਤੁ ਆਪ ਕਉ ਜਨਾਵੈਗਾ, ਸੋ ਸਭ ਬ੍ਰਿਥਾ ਜਾਵੈਗਾ। ਤਾ ਤੇ ਨਿਮਾਣਾ ਹੋਇ ਰਹੈ।

ਅਰੁ ਸਿੰਘ ਹੋਇ ਕਰਿ ਹਥੀਆਰ ਆਪਸ ਤੇ ਜੁਦਾ ਨ ਕਰੈ। ਅਰੁ ਸਿੰਘੁ, ਮੁਖ-ਗਊ ਹੋਇ ਰਹੈ। ਅਤੇ ਜੇ ਕੋਈ ਪੰਜ ਕੱਪੜੇ (ਤੇ ਹਥਿਆਰ) ਪਹਿਰ ਕਰਿ ਨਿਕਲੇ ਦੁਨੀਆਂ ਵਿਚ; ਉਸ ਨੂੰ ਸਬਬੁ ਆਇ ਬਣੈ। ਅਰੁ ਕਦਾਂਚ ਜਾਣੈ, ਜੇ ਕੋਈ ਦੁਸਟੁ ਖੜ੍ਹਾ ਹੈ; ਪਿੱਛਾ ਛਡਦਾ ਨਾਹੀ। ਅਰੁ ਧਰਮ ਉਪਰਿ, ਅਰੁ ਆਪਣੀ ਗ਼ਰੀਬੀ ਅਬਰੋਈ ਊਪਰਿ ਆਇ ਬਣੀ ਹੈ। ਅਰ ਜਬ ਜਾਣੈ, ਜੋ ਕਿਸੀ ਸਬਬੁ ਰਹੰਦਾ ਨਾਹੀ; ਤਾਂ ਓੜਕ ਨੂੰ ਹਥੀਆਰੁ ਕਰੈ। ਪਰੁ ਇਕ ਫੁਰ ਕੀ ਢਿੱਲ ਨ ਕਰੈ। ਅਰੁ ਪਿੱਛਾ ਨ ਦੇਇ। ਅਰ ਕਦਾਂਚ ਜਾਣੇ; ਜੋ ਮੇਰੀ ਰਛਿਆ ਗੁਰੂ ਬਾਬਾ ਕਰਦਾ ਹੈ; ਅਰੁ ਦਾਉ ਨਿਕਲਣੇ ਦਾ ਹੈ; ਤਾਂ ਨਿਕਾਲ ਰਖੈ; ਆਪ ਕਉ ਬਚਾਇ ਕਢੈ। ਅਰੁ ਕਦਾਂਚ ਜਾਣੈ ਮੁਝ ਤੇ ਹਥੀਆਰੁ ਕਰਨੇ ਕਾ ਪਰਾਕ੍ਰਮ ਨਹੀਂ ਬਨਤਾ ; ਅਰ ਆਇ ਬਨੀ ਹੈ; ਤਾਂ ਓਤ ਵਖਤ ਉਨ੍ਹਾਂ ਦੇ ਵਡਕੇ ਨੂੰ—ਜਿਸ ਨੋ ਓਹੁ ਮੰਨਦੇ ਹੈਨਿ, ਆਖਦੇ ਹੈਨਿ : ਜੋ ਅਸਾਨੂੰ ਅੰਤ-ਕਾਲ ਸਹਾਈ ਹੋਂਦਾ ਹੈ—ਓਸ ਦਾ ਅਮਰੁ[3] ਪਾਏ। ਜੇ ਨਾ ਮੰਨਹਿਗੇ ਤਾਂ ਦਰਗਾਹ ਕਰਤੇ ਪੁਰਖੁ ਦੀ ਸ਼ਰਮਿੰਦਾ ਕਰਉਂਗਾ, ਨਰਕ ਘੋਰ ਮੈ ਗੋਤੇ ਦਿਵਾਉਂਗਾ। ਅਰੁ ਜੋ ਜਾਨੈ ਅਪਨੇ ਧਰਮ ਉਪਰਿ ਆਇ ਬਨੀ ਹੈ, ਤਾਂ ਓਤ ਵਖਤ ਓਨ੍ਹਾਂ ਦੇ ਵਡਕੇ ਨੋ ਬੁਰਾ ਬੋਲੈ। ਪਰੁ ਤਦਿ, ਜਦ ਜਾਨੈ ਜੋ ਸਖਤੀ ਕਰਦੇ ਹੈਨਿ, ਬਚਦਾ ਕਿਵੈਂ ਨਾਹੀ। ਤਾਂ ਆਪਣਾ ਧਰਮੁ ਰਖੈ; ਓਨਾ ਦੇ ਵਡਕੇ ਨੂੰ ਬੁਰਾ ਬੋਲੈ। ਕਿਉਂ ਜੋ ਉਨ੍ਹਾਂ ਦੁਰਬਚਨਾਂ ਦਾ ਸਦਕਾ, ਉਸੀ ਵਖਤਿ ਮਾਰਸਨਿ। ਕਿਉਂਜੋ ਜੇ ਏਹੁ ਮਰਨਾ ਆਪਣੇ ਧਰਮ ਪਰਿ ਹੈ, ਤਾਂ ਨਾਮ ਜਪੈ। ਪਰ ਇਨ੍ਹਾਂ ਮਲੇਛਾਂ ਕੀ ਸਾਇਤ ਨਜੀਕਿ ਆਇ ਲਾਗੀ ਹੈ।

1. ਮਾਇਆ ਪਾਸ ਜੁੜ ਜਾਵੇ ਤਾਂ,
2. ਖੁੱਲ੍ਹ, ਰੁਪਯੇ ਪੈਸੇ ਵਲੋਂ ਹੱਥ ਮੋਕਣਾ ਹੋਣਾ।
3. ਹੁਕਮ; ਭਾਵ—ਵਾਸਤਾ ਪਾਵੇ।

www.Mahapurakh.com

ਪਰੁ ਬਹੁਤੁ ਸਖਤੀ ਕਰਹਿਗੇ। ਪਰ ਇਹ ਭੀ ਅੰਤੁ ਨੂੰ ਸਜਾਇ ਭਾਰੀ ਪਾਵਨਿਗੇ। ਅਰੁ ਜੋ ਕੋਈ ਸਿਖ ਖ਼ਾਲਸੇ ਕਾ ਹੋਵੈਗਾ; ਸੋ ਆਪਸ ਮੋ ਪਿਆਰ ਕਰਨਾ। ਅਰੁ ਨੇਕੀ ਬਦੀ ਨੂੰ ਇਕਠੇ ਹੋਇ ਜਾਣਾ। ਅਰੁ ਜੇ ਇਕ ਸਿਖ ਉਪਰਿ ਆਇ ਬਣੈਗੀ; ਤਾਂ ਸਭੇ ਇਕਠੇ ਜੀਉ ਦੇਣੇ ਨੂੰ ਤਈਆਰੁ ਹੋਣਾ। ਤਬ ਸਿਖਾਂ ਨੋ ਸਿਖੀ ਦਾ ਫਲੁ ਹੋਇਗਾ। ਅਰੁ ਉਸ ਵਖਤ ਗੁਰੂ ਬਾਬਾ ਸ੍ਰੀ ਅਕਾਲ ਪੁਰਖੁ, ਉਨ੍ਹਾਂ ਦੇ ਸਿਰ ਉਪਰਿ ਪਰਤੱਖ ਆਇ ਸਹਾਈ ਹੋਇਗਾ। ਇਸ ਗੱਲ ਵਿਚ ਫੇਰੁ ਨਾਹੀ॥

ਅਰੁ ਜੋ ਕੋਈ ਸਿਖੁ ਸ੍ਰੀ ਅਕਾਲ ਪੁਰਖ ਖ਼ਾਲਸੇ ਕਾ ਹੋਵੈ, ਤਿਸ ਕਉ ਮੁਹੋ 'ਸਿੰਘ ਜੀ' ਕਰਿ ਬੁਲਾਵੈ, ਅਰੁ ਆਦਰੁ ਕਰੈ। ਸਿਰ ਕੇਸ ਰੱਖੈ, ਦੂਰਿ ਨ ਕਰੈ, ਭਦਨ[1] ਨ ਕਰੈ।

ਇਹ ਰਹਿਤਾਂ, ਇਸ ਗਿਰੰਥ ਬਿਖੈ ਹੁਕਮ ਹੋਆ ਹੈ। ਸੋ, ਜਿਸ ਪ੍ਰਾਨੀ ਕਉ ਪ੍ਰਾਪਤਿ ਹੋਨਿ; ਸੋ ਉਸ ਮੋ 'ਬਾਸੁ ਗੁਰੂ ਬਾਬੇ ਕਾ ਹੋਇਗਾ। ਗੁਰੂ ਉਸਕਾ, ਉਹ ਗੁਰੂ ਕਾ। ਅਰੁ ਉਸ ਕੇ ਬਚਨਾ ਸਿਉਂ ਅਉਰ ਕਾ ਭਲਾ ਹੋਵੈਗਾ। ਅਰੁ ਜੇ ਕੋਈ ਸੁਨਿਕੈ ਮਨ ਬਿਖੈ ਕਹੈ, ਜੋ

"ਗੁਰੂ ਇਨ੍ਹਾਂ ਰਹਿਤਾਂ ਦੀ ਰਹਿਤ ਕਰਾਏ ;
ਤਾਂ ਮੁਝ ਪਾਪੀ ਦਾ ਭੀ ਉਧਾਰੁ ਹੋਇ!"

ਤਾਂ ਉਸ ਨੂੰ ਭੀ ਅੰਤਕਾਲਿ ਗੁਰੂ ਸਹਾਈ ਹੋਵੈਗਾ। ਅਰ ਜੋ ਇਹ ਰਹਿਤਾਂ ਨ ਕਮਾਵੈਗਾ; ਤਾਂ ਉਸ ਨੂੰ ਗੁਰੂ ਸ੍ਰੀ ਅਕਾਲ ਪੁਰਖੁ ਕਿਆਂ ਸਿਖਾਂ ਨਾਲਿ ਕਿਛੁ ਸਾਂਝ ਰਹੈਗੀ ਨਾਹੀਂ। ਪਰ ਗੁਰੂ ਸ੍ਰੀ ਅਕਾਲ ਪੁਰਖੁ ਸਭਸ ਕਾ ਉਧਾਰੁ ਕਰੈਗਾ। ਅਰੁ ਇਕ ਜੋ ਬੇਮੁਖ ਹੋਵਨਿਗੇ; ਸੋ ਜਾਮਾ ਬਦਲਨੇ ਕੇ ਸਮੇਂ ਜੋ ਬਚਨ ਹੋਇ ਹੈਨਿ, ਸੋ ਮੰਨਹਿਗੇ ਨਾਹੀਂ। ਆਖਨਿਗੇ ਜੋ 'ਗੁਰੂ ਅਬ ਪੂਰਬ ਤੇ ਪੈਦਾ ਇਤਨਿਆਂ ਦਿਨਾਂ ਨੋ ਹੋਇਗਾ!' ਅਰੁ ਮਨੁੱਖਾਂ ਨੋ ਗੁਰੂ ਕਰ ਬੈਠਾਇਨਿਗੇ। ਸ੍ਰੀ ਅਕਾਲ ਪੁਰਖੁ ਨੂੰ ਮੰਨਨਿਗੇ ਨਾਹੀਂ। ਆਖਨਿਗੇ ਜੋ ਕਹਾਂ ਹੈ? ਕਿਛੁ ਨਦਰਿ ਆਂਵਦਾ ਹੈ?' ਅਰੁ ਆਖਨਿਗੇ 'ਅਸੀਂ ਪਰਤਖ ਗੁਰੂ ਕਾ ਦਰਸ਼ਨ ਕਰਨੇ ਹਾਂ!' ਅਰੁ ਜੋ ਕੋਈ ਹੁਕਮਿ ਮੰਨਿ ਕੈ ਸ੍ਰੀ ਅਕਾਲ ਪੁਰਖੁ ਗੁਰੂ ਨੂੰ ਆਪਣਾ ਕਰਿ ਜਾਣੈਗਾ ; ਉਸ ਕੇ ਜੀਅ ਕੇ ਲਾਗੂ ਹੋਨਿਗੇ। ਸੋ ਅੰਤ ਕਾਲ ਨੂੰ ਬਖਸੀਅਹਿੰਗੇ ਨਾਹੀਂ। ਭਾਰੀ ਸਜਾਇ ਪਾਵਹਿੰਗੇ। ਅਰੁ ਇਨ ਤੇ ਸਿਵਾਇ ਜੋ ਕੋਈ ਹੋਵੈਗਾ, ਸੋ ਸਭ ਬਖਸੀਐਗਾ; ਮਿਲਾਈਏਗਾ। ਸੋ, ਕਿਸ ਵਾਸਤੇ? ਜੋ ਗੁਰੂ ਬਾਬੇ ਸਾਂਗੁ ਬਖਸ਼ਿਆ ਹੈ। ਇਹ ਜੋ ਅਸਲ ਜਾਮਾ ਹੈ, ਸੋ ਅਕਾਲ ਪੁਰਖੁ ਕਾ ਹੈ। ਸਭਸ ਕਾ ਉਧਾਰੁ ਕਰੈਗਾ।

ਸਾਸਾਂ ਕਾ ਜਾਪੁ ਜਪੈ। ਸਾਸਿ ਸਾਸਿ ਜੋ ਪ੍ਰੀਤਿ ਲਗਾਵੇਗਾ, ਉਸ ਨੂੰ ਸਹਾਈ ਹੋਵੈਗਾ ਇਸ ਜਾਮੇ ਦਾ ਦਰਸਨੁ ਗੁਰਮੁਖਾਂ ਨੋ ਅੱਠੇ ਪਹਰ ਹੋਇਗਾ। ਇਹ ਜਾਮਾ ਜੋਤਿ ਦਾ ਹੈ। ਜਬ ਦਰਸਨੁ ਹੋਇਗਾ, ਤਬ ਸਭਸ ਮੋ ਜਨਾਈਏਗਾ ਜੋ ਇਹ ਕਰਤਾ ਪੁਰਖੁ ਹੈ। ਅਰੁ ਦੀਵਾਨ ਲਗੈਗਾ, ਸੋ ਇਸੀ ਜਾਮੇ ਜੋਤਿ ਦਾ ਲਗੈਗਾ। ਅਚਰਜੁ ਰੂਪ ਹੋਇ ਕੈ ਉਧਾਰ ਕਰੈਗਾ : ਕਈ ਜੀਆਂ ਕਾ, ਭਗਤਾਂ ਕਾ। ਅਪਰਾਧੀਆਂ ਕਉ ਨਿਸਤਾਰੈਗਾ। ਅਰੁ ਆਖਨਿਗੇ ਜੋ ਇਸ ਨੋ ਨਾਰਾਇਣ ਕਰਿ ਜਾਣੈਗਾ, ਸੋਈ ਉਧਰੈਗਾ। ਅਰੁ ਓਤਿ ਸਮੈ ਖ਼ਾਲਸੇ ਕੀ ਉਸਤਤਿ ਸੰਸਾਰ ਮੈ ਬਹੁਤ ਹੋਇਗੀ। ਫਿਰ ਓਹ ਜੋਤਿ ਦਾ ਜਾਮਾ ਉਧਾਰੁ ਕਰਿਕੈ ਅਲਿਪਤਿ ਹੋਇ ਜਾਵੈਗਾ। ਜਾਮਾ ਛਡੇਗਾ ਨਾਹੀ। ਕਿਸ ਵਾਸਤੇ? ਜੋ ਜੋਤਿ ਦਾ ਹੋਵੈਗਾ। ਕਲਿਜੁਗ ਕੇ ਸਮੈ ਜੋ ਸਤਿਜੁਗ ਵਰਤੈਗਾ; ਸੋ ਤਿਸ ਸਮੈ ਜੋਗ ਜੁਗਤਿ ਕਾ ਇਸੀ ਜਾਮੇ ਜੋਤਿ ਦਾ ਪ੍ਰਗਾਸ ਹੋਵੈਗਾ। ਜੋ ਕਿਛੁ ਕਾਰਨ ਕਰਨਾ ਹੋਵੈਗਾ, ਸੋ ਇਹੁ ਕਾਰਨੁ ਹੋਵੈਗਾ; ਅਰੁ ਫੇਰਿ ਅਲਿਪਤਿ ਹੋਇ ਜਾਵੈਗਾ। ਅਰੁ ਜੋ ਸਿੱਖ ਗੁਰੂ ਸ੍ਰੀ ਅਕਾਲ ਪੁਰਖੁ ਦੇ ਹੋਵਨਿਗੇ, ਸੋ ਅਪਨੇ ਕਰਾਰ ਦੇ ਉਪਰਿ, ਬਚਨ ਪਰਿ, ਸੀਲ ਸੰਤੋਖ ਪਰਿ, ਖੜ੍ਹੇ ਰਹਿਨਗੇ।

1. ਹਜਾਮਤ, ਮੁੰਡਨ।

www.Mahapurakh.com

ਜਬ ਫੇਰਿ ਜੁਗ ਬਦਲੇਗਾ। ਅਰੁ ਤ੍ਰੇਤਾ ਜੁਗੁ ਆਵੈਗਾ; ਤਾਂ ਫੇਰਿ ਮਨੁੱਖ ਦਾ ਜਾਮਾ ਪਹਿਰ ਕਰਿ ਦੀਵਾਨੁ ਲਾਈਏਗਾ। ਉਸੀ ਭਾਂਤਿ ਪ੍ਰਪੰਚ ਸਾਂਗ ਕਰੀਐਗਾ। ਅਕਾਲ ਪੁਰਖ ਕੇ ਨਾਮ ਤੇ ਫੇਰਿ ਗੁਰੂ ਕਾ ਨਾਮ ਪਾਈਐਗਾ। ਕਲਿਜੁਗ ਮਹਿ ਜੋ ਅਪਨੇ ਸਿੱਖ ਕਰੀਅਹਿੰਗੇ, ਸੋ ਓਸ ਸਮੈ ਭੀ ਆਇ ਮਿਲਹਿੰਗੇ। ਅਰੁ ਮਿਲਾਈਅਹਿੰਗੇ। ਅਰੁ ਪੈਰੀਂ ਪਾਈਅਹਿੰਗੇ। ਇਹ ਸ੍ਰੀ ਅਕਾਲ ਪੁਰਖੁ ਕੇ ਖੇਲ ਹੈਨਿ। ਜੋ ਭਾਵੈ ਸੋ ਕਰੈ॥

ਅਰੁ ਖ਼ਾਲਸਾ ਜੋ ਕੀਆ ਹੈ, ਸੋ ਗੁਰਮਤਿ ਕਮਾਵਨੇ ਕਉ ਕੀਆ ਹੈ। ਪਰੁ ਇਸ ਪ੍ਰਾਨੀ ਨੋ ਇਹੀ ਚਾਹੀਐ; ਜੋ ਕਛੁ ਗੁਰੂ ਫ਼ਰਮਾਇਆ ਹੈ, ਸੋ ਉਸ ਕਉ ਅਪਨੈ ਬਿਖੈ ਪਿਆਰੁ ਰਾਖੈ। ਅਉਰ ਬੀਚਾਰ ਕਿਸੀ ਬਾਤ ਕਾ ਨ ਕਰੈ। ਉਸ ਕੀ ਉਹੀ ਜਾਣੈ। ਇਸ ਕਾ ਇਸੀ ਮੋਂ ਭਲਾ ਹੈ। ਪਰੁ ਇਸ ਖ਼ਾਲਸੇ ਨੂੰ ਆਦਰੁ ਕਰੈ, ਭਾਉ ਕਰੈ, ਤਾਂ ਇਸ ਕਾ ਨਿਸਤਾਰਾ ਹੋਇ।

ਧਿਆਉ ਪ੍ਰਿਥਮੰ ਪ੍ਰੇਮ ਸੁਮਾਰਗ ਗਰੰਥ ਕਾ ਪੂਰਾ ਹੋਇਆ॥ ੧

ਸ੍ਰੀ ਅਕਾਲ ਪੁਰਖੁ ਜੀ ਕੀ ਰੱਛਿਆ

———

www.Mahapurakh.com

੧ਓ ਸ੍ਰੀ ਅਕਾਲ ਪੁਰਖੁ ਜੀ ਸਹਾਇ!!

# ਧਿਆਉ ਦੂਤੀਆ

# ਨਾਮ ਦਾਨ ਸਿਖੀ ਅਕਾਲ ਪੁਰਖੁ ਜੀ ਦਾ

ਜੋ ਕੋਈ ਪ੍ਰਾਣੀ ਸਿੱਖ ਖ਼ਾਲਸੇ ਸ੍ਰੀ ਅਕਾਲ ਪੁਰਖੁ ਜੀ ਕਾ ਹੋਇਆ ਚਾਹੈ, ਤਿਸ ਕਉ ਇਸ ਜੁਗਤਿ ਸਾਥ ਸਿੱਖ ਕਰੀਐ :—

ਪਹਿਲਾਂ ਦੇ ਕੜਾਹ ਕਰੇ ; ਸ੍ਰੀ ਗੁਰੂ ਬਾਬੇ ਅਕਾਲ ਪੁਰਖੁ ਕਾ। ਫਿਰਿ ਨਾਰੀਅਲ, ਸਵਾ ਰੁਪਯਾ ਭੇਟ ਰੱਖੇ। ਫੇਰਿ ਉਹ ਪ੍ਰਾਨੀ ਨਵੇਂ ਕੱਪੜੇ ਪਹਿਨੇ। ਅਰੁ ਪਗੜੀ, ਜਾਮਾ ਸਪੇਦ ਪਹਰੇ ਅਗਲਬੰਦੀ, [1] ਉਸ ਉਪਰਿ ਕੱਛ ਪਹਰੇ ਸੁਪੇਦ। ਸੁਥਨ ਪੈਰਾਂ ਤੇ ਲੈ ਕੇ ਕਮਰ ਤਕ ਮੌਜਿਆਂ ਦੀ ਤਰਹ ਸਿਵਾਇ ਪਹਰੇ; ਚੂੜੀ ਕੋਈ ਵਿਚਿ ਪਵੈ ਨਾਹੀ। ਫੇਰਿ ਪਟਕਾ ਬੰਨ੍ਹੇ। ਤਿਸ ਤੇ ਉਪਰੰਤਿ ਪੰਜੇ ਹਥਿਆਰ ਬੰਨ੍ਹੇ। ਖ਼ਾਲਸੇ ਵਿਚਿ ਆਇ ਬੈਠੇ। ਜੋ ਅਪਨੇ ਗ੍ਰਿਹ ਬਿਖੈ ਖ਼ਾਲਸੇ ਕੋ ਬੁਲਾਵੈ, ਤਾਂ ਪੰਜ ਸਿੱਖ ਖ਼ਾਲਸੇ ਦੇ, ਅਥਵਾ ਸੱਤ ਬੁਲਾਵੈ। ਜੇ ਕੋਈ ਸਹਜ ਪਾਇ ਆਵੈ, ਤਾਂ ਆਵਨੇ ਦੇਇ। ਆਖੈ : ਧੰਨ ਭਾਗ ਮੇਰੇ ਹੈਂ! ਫੇਰ ਪਾਹੁਲ ਖੰਡੇ ਦੀ ਕਰੀਐ। ਮਿੱਠੀ ਕਰਿਕੈ ਉਸ ਪ੍ਰਾਨੀ ਨੂੰ ਦੀਜੀਐ।

"ਵਾਹਗੁਰੂ ਸ੍ਰੀ ਅਕਾਲ ਪੁਰਖੁ ਤੇਰੀ ਸਰਣਿ! ਤ੍ਵ ਪ੍ਰਸਾਦਿ!
ਖ਼ਾਲਸਾ ਤੇਰਾ ਹੋਇਆ, ਗੁਰ ਪ੍ਰਸਾਦਿ!"

ਫੇਰਿ ਇਹ ਮੰਤ੍ਰ ਪਾਹੁਲ ਨਾਲ ਦੇ ਕਰ ਪੰਜ ਪਉੜੀਆਂ 'ਅਨੰਦ' ਪੜ੍ਹਨਾ। ਫੇਰਿ ਅਰਦਾਸਿ ਕਰਣੀ; ਜੋ "ਜੀ! ਅਰਦਾਸਿ ਸ੍ਰੀ ਅਕਾਲ ਪੁਰਖੁ ਕੇ ਖ਼ਾਲਸੈ ਪਾਸ ਹੈ"—ਉਠਿ ਕੇ ਹੱਥ ਜੋੜਿ ਕੇ ਕਰੇ; ਜੋ :—

"ਇਹ ਸਿਖ ਸਰਣਿ ਸ੍ਰੀ ਗੁਰੂ ਅਕਾਲ ਪੁਰਖ ਅਰੁ ਖ਼ਾਲਸੇ ਕੀ ਆਇਆ ਹੈ!
ਇਸ ਕੋ ਦਾਨ, ਸਿਖੀ ਖ਼ਾਲਸੇ ਸ੍ਰੀ ਅਕਾਲ ਪੁਰਖ ਕਾ ਹੋਵੈ! ਮਨ ਇਸ ਦਾ ਜਮੱਯਤ [2]
ਨਾਲਿ ਰਹੈ! ਜੋ ਕਿਛੁ ਇਸ ਦੇ ਮਨੋਰਥ ਹੈਨਿ, ਸੋ ਪੂਰੇ ਹੋਨ।"

ਅਰੁ ਪ੍ਰੇਮ-ਜਨੇਊ ਲੋਹੇ ਦਾ-ਅਥਵਾ ਸੁਇਨੇ ਦਾ, ਜੋ ਗੁਰੂ ਦੇਇ। ਅਕੈ ਲੋਹੇ ਉਪਰਿ ਸੁਇਨੇ ਕਾ ਰੰਗੁ ਕਰਾਇ ਲਏ। ਅਰੁ ਜੋ ਸੁਇਨੇ ਦਾ ਪਾਏ, ਤਾਂ ਭੀ ਇਕ ਦੁਇ ਤਾਰਾਂ ਲੋਹੇ ਦੀਆਂ ਅਮੇਜ਼ ਕਰੇ [3]। ਸੁਇਨੇ ਰੰਗੁ ਕਰਕੈ ਪਹਰਾਈਐ। ਜੋ ਉਸ ਸਿਖ ਪਾਸ ਕਦਾਂਚ ਸਕਤਿ ਸਵਾ ਰੁਪਯਾ ਭੇਟ ਦੀ ਨ ਹੋਇ; ਹੋਰ ਜੋ ਕਿਛੁ ਉਪਰਿ ਬਚਨੁ ਹੈ, ਨ ਹੋਇ ; ਤਾਂ ਯੋਂ ਕਰੇ : ਸਵਾ ਪੈਸਾ [4] ਅਥਵਾ ਸੱਤ ਪੈਸੇ ਦਾ ਪ੍ਰਸ਼ਾਦ, ਇਸ ਜੁਗਤਿ ਭੇਟ ਅਰਦਾਸਿ ਕਰੇ। ਅਰੁ ਕਪੜੇ ਧੁਵਾਇ ਪਹਿਨੇ। ਹਥਿਆਰ ਆਪਣੇ ਹੋਣ ਤਾਂ ਭਲਾ, ਨਹੀਂ ਤਾਂ ਕਿਸੇ ਸਿਖ ਦੇ ਲੈ ਪਹਰੇ। ਜਬ ਉਹ ਸਿਖ ਪਾਹੁਲ ਲਏ; ਇਉਂ॥

---

1. ਐਸਾ ਜਾਮਾ ਜਿਸ ਦੇ ਬੰਦ—ਬਟਣ, ਤਣੀਆਂ ਆਦਿ—ਅਗਲੇ ਬੰਨੇ ਹੋਣ, ਪਿੱਛੇ ਨਹੀਂ!
2. ਦ੍ਰਿੜ੍ਹਤਾ, ਪੱਕਾ ਇਰਾਦਾ।
3. ਮਿਲਾਵੇ।
4. ਖ਼ਾਲਸਈ ਬੋਲਾ ਹੈ; ਭਾਵ ਇਕ ਪੈਸਾ!



www.Mahapurakh.com

ਉਸ ਤੇ ਉਪਰੰਤ ਕੇਸਰ ਉਸ ਦੇ ਕੱਪੜਿਆਂ ਉਪਰਿ ਛਿੜਕੀਐ। ਜੇ ਸਭ ਕੱਪੜਿਆਂ ਉੱਪਰ ਛਿੜਕਿਆ ਨ ਜਾਇ; ਤਾਂ ਪਗੜੀ ਉਪਰਿ ਛਿੜਕੈ। ਅਰੁ ਪ੍ਰਸ਼ਾਦੁ ਉਸ ਦੇ ਮੁਹਿ ਪਾਈਐ। ਪੱਲੇ ਪਟਕੇ ਦੇ ਨਲੀਏਰ ਤਥਾ ਭੇਟ, ਪ੍ਰਸ਼ਾਦ ਬੀੜੇ[1] ਉਸ ਸਿੱਖ ਦੇ ਮੁਹਿ ਪਾਈਐ॥ ੧॥

## ਦੁਤੀਆ ਬਚਨ

ਜੋ ਕੋਈ ਅਪਨੀ ਅਰਦਾਸਿ ਖ਼ਾਲਸੇ ਵਿਚਿ ਕਰੇ, ਤਾਂ ਚਾਹੀਐ; ਜੋ ਸਿੱਖ ਖ਼ਾਲਸੇ ਦੇ ਹੋਨ; ਸੋ ਸਭ ਅਪਨਾ ਹ੍ਰਿਦਾ ਸਭ ਠਉਰੋਂ ਤੇ ਸਭ ਚਿਤਵਨੀਅਉਂ ਤੇ ਉਸ ਵਖਤ ਇਕਾਗਰ ਕਰਨ। ਅਰੁ ਚਰਨ ਕੰਵਲ ਕੇ ਬਿਖੈ ਲੀਨ ਕਰਨ। ਲੀਨ ਕਰਕੈ ਅਰਦਾਸਿ ਸੁਨਣ। ਅਧੀਨ ਹੋਇ ਕੈ, ਆਪਸ ਕੋ ਕਿਛੁ ਨ ਜਨਾਇਨ; ਅਰਦਾਸਿ ਕਰਨ : ਜੋ

"ਇਹ ਸਿਖ ਅਰਦਾਸਿ ਕਰਦਾ ਹੈ। ਇਸ ਦੇ ਮਨੋਰਥ
ਗੁਰੂ ਬਾਬਾ ਅਕਾਲ ਪੁਰਖ ਪੂਰੇ ਕਰੈ!"

ਅਰੁ ਜਹਾਂ ਜਹਾਂ ਜਾਇ ਸੰਗੁ ਇਕੱਠੇ ਹੋਨੇ ਦਾ ਹੋਵੈ। ਉਥੈ ਆਪਸ ਮੈਂ ਅਦਬ, ਭਾਉ ਪਿਆਰੁ ਕਰਨਾ। ਬੈਠਣਾ ਅਦਬ ਨਾਲਿ, ਬੋਲਣਾ ਅਦਬ ਨਾਲਿ, ਪ੍ਰਸਾਦ ਖਾਣਾ ਪੀਣਾ ਅਦਬ ਨਾਲਿ। ਐਸਾ ਅਦਬ ਭਾਉ ਕਰਨਾ ਆਪਸ ਵਿਚ, ਜੋ ਜੈਸਾ ਸਿੱਖ, ਗੁਰੂ ਦਾ ਅਦਬ ਕਰਦਾ ਹੈ। ਬਹੁਤ ਬੋਲਣਾ ਨਾਹੀ। ਬਾਣੀ ਸਬਦ ਨਾਲਿ ਪਿਆਰ ਰੱਖਣਾ। ਜੈਸਾ ਚੰਦ ਨਾਲ ਚਕੋਰ ਦਾ ਪਿਆਰੁ ਹੈ; ਜੈਸੇ ਦੀਪਕ ਨਾਲਿ ਪਤੰਗ ਦਾ ਹੈ, ਜੈਸੇ ਲੋਭੀ ਦਾ ਮਾਲ ਨਾਲਿ ਹੈ; ਜੈਸੇ ਉਂਙ[2], ਸੇਜਾ ਨਾਲਿ ਹੈ; ਜੈਸੇ ਭੂਖ, ਸ੍ਵਾਦ ਨਾਲਿ ਹੈ। ਜੈਸੇ ਚੀਟੀਆਂ[3], ਦਲ ਨਾਲਿ ਹੈ; ਜੈਸੇ ਚੁੰਬੁਕ ਲੋਹੇ ਨਾਲਿ ਹੈ। ਤੈਸੇ ਪ੍ਰੀਤਿ ਕਰਨੀ ਸਬਦ ਨਾਲਿ, ਅਰੁ ਚਰਨ ਕੰਵਲ ਨਾਲਿ, ਅਰੁ ਦਰਸਨ ਨਾਲਿ; ਅਰੁ ਨਾਮੁ ਨਾਲਿ। ਅਰੁ ਜਤ ਸਤ ਸੰਤੋਖ ਦਇਆ ਧਰਮੁ, ਖਿਮਾ ਮੈ ਰਹੈ॥

ਅਰੁ ਬ੍ਰਤ ਭੀ ਰਖਣਾ ਹੈ; ਹੁਕਮੁ ਹੈ। ਕਿਆ ਬ੍ਰਤ ਰਖੈ? ਅੱਖੀਆਂ ਕਾ, ਅਰੁ ਜਿਹਬਾ ਕਾ, ਸ੍ਰਵਣੋਂ ਕਾ, ਹਥੋਂ, ਪੈਰੋਂ ਕਾ, ਇੰਦ੍ਰੀ ਕਾ, ਨਾਸਕਾ ਕਾ, ਇਹੁ ਬ੍ਰਤ ਰੱਖੈ। ਅਖੀਆਂ ਕਰਿ ਪਰਤ੍ਰਿਆ, ਪਰਦ੍ਰਬ ਨ ਦੇਖੈ। ਜਿਹਬਾ ਕਰਿ ਮਿਥਿਆ ਨ ਬੋਲੈ; ਨਿੰਦਿਆ ਨ ਕਰੈ; ਅਰੁ ਸੁਆਦ ਨ ਚੱਖੈ ਬਹੁਤਾ, ਸਹਜ ਮੈ ਆਵੈ[4] ਸੁ ਅੰਗੀਕਾਰ ਕਰੈ। ਸ੍ਰਵਣੋਂ ਕਰਿ ਪਰ ਨਿੰਦਿਆ ਨ ਸੁਨੈ। ਹਥੋਂ ਕਰ ਪਰ ਦ੍ਰਬ ਨ ਹਿਰੈ, ਪਰ ਤ੍ਰਿਆ ਨੂੰ ਨ ਲਾਏ। ਪੈਰਾਂ ਕਰਿ ਬੁਰੇ ਕਰਮ ਨੂੰ ਨ ਧਾਏ। ਇੰਦ੍ਰੀ ਕੋ ਸਿਵਾਇ ਅਪਨੀ ਇਸਤ੍ਰੀ, ਸੁਆਦ ਨ ਦੇਇ; ਅੰਗੀਕਾਰ ਨ ਕਰੇ। ਨਾਸਕਾ ਕਰਿ ਜੋ ਬਾਸਨਾ ਬਿਖਿਆ ਮੈ ਲੇਤਾ ਹੈ, ਸੋ ਨ ਲੇਇ; ਬਾਸ ਸੁਬਾਸ ਲੇਇ। ਅਰੁ ਧਿਆਨ ਸ੍ਰੀ ਗੁਰੂ ਕਾ ਕਰਿਕੈ, ਇਹ ਬ੍ਰਤ ਜੋ ਪ੍ਰਾਨੀ ਸਿੱਖ ਰਖੈਗਾ, ਅੰਤ ਕਾਲਿ ਸਾਸ ਸੁਖਾਲੇ ਨਿਕਲਨਗੇ। ਅਰੁ ਗੁਰੂ ਸ੍ਰੀ ਅਕਾਲ ਪੁਰਖ ਚਿਤਿ ਆਵੈਗਾ। ਅੰਤ ਕਾਲ ਨੂੰ ਬਹੁਤੀ ਬਿਲਲਾਇਗੀ; ਅਰੁ ਬਿਲਲਾਂਦੀ ਹੈ। ਸੁਰ, ਨਰ ਮੁਨਿ ਜਨ, ਪੀਰ ਪਿਕੰਬਰ, ਸੰਨਿਆਸੀ, ਬ੍ਰਹਮਚਾਰੀ, ਕਉਨ ਕਉਨ ਕਹੀਐ—ਸਭੇ ਬਿਲਲਾਂਦੀ ਗਈ ਹੈ : 'ਮਤ ਅੰਤ ਕਾਲਿ ਭੀੜ ਪਵੈ!!'

ਮੂਲ ਇਸ ਸਿੱਖੀ ਦੀ ਸੇਵਾ, ਭਾਉ-ਭਗਤਿ ਹੈ। ਜੋ ਕੋਈ ਸੰਗਤਿ ਖ਼ਾਲਸੇ ਬਿਖੈ ਆਵੇ;

1. ਪਾਨਾ ਦੇ ਬੀੜੇ।
2. ਉਂਘਲਾਹਟ, ਨੀਂਦਰ।
3. ਕੀੜੀਆਂ।
4. ਸੁਤੇ-ਸਿੱਧ ਜੋ ਵਸਤ ਮਿਲੇ।
5. ਸਤਿਕਾਰ, ਆਦਰੁ

www.Mahapurakh.com

ਉਸਨੂੰ—ਜਿਤ ਵਲਿ ਬੈਠਨੇ ਨੋ ਆਵੇ—ਪੰਜ ਸਤ ਸਿੱਖ ਉਠਕੈ, ਅਦਬ ਨਾਲਿ ਤੱਜ਼ੀਮ [5] ਕਰਨ। ਆਪਸ ਮੈਂ ਬੈਠਾਇਨ ਭਾਉ ਕਰਿਕੈ। ਜੋ ਕੋਈ ਇਸ ਬੋਲਨੇ ਉਪਰਿ ਚਲੈਗਾ, ਸਿੱਖੀ ਪ੍ਰਾਪਤ ਹੋਇਗੀ; ਸੁਖਾਲਾ ਰਹੇਗਾ। ਗੁਰੂ ਬਾਬੇ ਕੀ ਦਰਗਾਹ ਵਿਚਿ, ਖ਼ਾਲਸੇ ਵਿਚਿ ਵਾਸਾ ਹੋਵੈਗਾ। ਜੀਂਵਦਿਆਂ ਹੀ ਮੁਕਤੀ ਹੋਵੈਗੀ।।

ਅਰੁ ਬਿਖਿਆ ਕਉ, ਬਿਖਿਆ ਕਰਿ ਤਜੈ। ਕਿਉਂਕਰਿ ਜਾਨੈ? ਜਿਉਂ ਲੋਕ ਕਹਤੇ ਹੋਤੇ ਹੈਂ : 'ਜਿਤਨਾ ਹਸਤਾ ਹੈ, ਤਿਤਨਾ ਹੀ ਦਿਲਗੀਰ ਹੋਏਗਾ।' ਇਹ ਬੁਰਾ ਹੈ। ਅਰੁ ਏਕ ਅਉਰ ਭੀ ਹੈ : ਜਿਉਂ ਕੋਈ ਅਛੀ ਬਸਤੁ ਹੋਤੀ ਹੈ, ਸੁਆਦ ਕੀ; ਅਰੁ ਬਹੁਤ ਖਾਤਾ ਹੈ, ਅੰਤਿ ਅਜੀਰਨ ਹੋਤੀ ਹੈ; ਅਰੁ ਬਹੁਤ ਦੁਖ ਪਾਵਤ ਹੈ। ਅਰੁ ਏਕ ਅਉਰ ਭੀ ਹੈ: ਜਿਉਂ ਕਿਸੀ ਸੰਗਿ ਬੁਰਾ ਕਰਤਾ ਹੈ; ਅਰੁ ਪਕੜੀਂਦਾ ਹੈ, ਸਜਾਇ ਮਿਲਤੀ ਹੈ, ਸ੍ਰਮਿੰਦਾ ਹੋਂਦਾ ਹੈ। ਅਰ ਕਰਤਾ ਸੁਖ ਕੋ ਹੈ, ਪਰ ਅੰਤਿ ਦੁਖ ਪਾਂਵੰਦਾ ਹੈ। ਤਿਉਂ ਬਿਖਿਆ ਹੈ।

ਅਰੁ ਜੋ ਕੋਈ ਅਉਰ ਠਉਰ ਬਿਖੈ ਮਿਲੈ, ਸਿਵਾਇ ਮੇਲ ਖ਼ਾਲਸੇ ਕੇ; ਤਉ ਮ੍ਰਾਤਬ [1] ਸਿਰ ਮਿਲੈ। ਜਿਸ ਮ੍ਰਾਤਬ ਦਾ ਹੋਵੈ, ਉਸ ਮ੍ਰਾਤਬ ਅਦਬ ਕਰੈ। ਅਥਵਾ ਸਿਖ ਖ਼ਾਲਸੇ ਦਾ ਹੈ, ਅਰੁ ਸੰਜੋਗ ਪਾਇ ਕਰਿ ਚਾਕਰ ਹੈ ਅਪਨਾ; ਤਾਂ ਉਸ ਸਾਥ ਰਹਿਤ ਬੇਟੇ-ਪਿਤਾ ਦੀ ਕਰੈ। ਅਰੁ ਉਹੁ ਪਿਤਾ ਕਰਿਕੈ ਜਾਨੈ, ਅਦਬ ਕਰੈ। ਅਰੁ ਗੁਰੂ ਆਪਣਾ 'ਸ਼ਬਦ-ਬਾਣੀ' ਕੋ ਜਾਣੈ। ਜੋ ਕਿਛੁ ਬੋਲਣਾ ਸਬਦ ਵਿਚਿ ਹੈ, ਸੋ ਹੁਕਮ ਅਪਨੇ ਗੁਰੂ ਕਾ ਜਾਨੈ। ਜਿਉ ਦੀਵਾਨ ਪ੍ਰਤੱਖ ਹੋਂਦੈ ਮੰਨੀਂਦਾ ਹੈ, ਤਿਉਂ ਮੰਨੈ। ਅਰੁ ਖ਼ਾਲਸੇ ਕੀ ਸੇਵਾ ਕਰੈ; ਜਿਉਂ ਗੁਰੂ ਦੀ ਸੇਵਾ ਸਿਖ ਕਰਦਾ ਹੈ। ਅਰੁ ਦੀਵਾਨੁ ਮਉਕੂਫ ਦੇ ਸਮੇਂ ਵਾਹਗੁਰੂ ਨਿਰੰਕਾਰ ਅਕਾਲ ਪੁਰਖ ਕਾ ਸਿਖ, ਖ਼ਾਲਸੇ ਵਿਚ ਹੋਵੇਗਾ। ਚਾਹੇਗਾ ਜੇ : ਮੈਂ ਗੁਰੂ ਨਾਲਿ ਗੱਲਾਂ ਕਰਾਂ! ਤਾਂ ਸ਼ਬਦ ਪੜ੍ਹੇ, ਸਭ ਨਿਸ਼ਾ ਹੋਵਸ। ਅਰੁ ਜੋ ਚਾਹੈ ਕਿ ਦਰਸ਼ਨ ਕਰਾਂ! ਜਿਥੈ ਖ਼ਾਲਸਾ ਸੰਬੂਹ, ਪੰਜ ਸੱਤ ਅਕੇ ਬਹੁਤ ਹੋਨ; ਉਥੈ ਜਾਇ ਕੈ ਅਦਬ ਨਾਲਿ ਦਰਸ਼ਨ ਕਰੈ; ਪ੍ਰਤੀਤਿ ਕਰਿਕੈ ਕਰੈ। ਦਰਸ਼ਨ ਗੁਰੂ ਕਾ ਪ੍ਰਾਪਤਿ ਹੋਵੈ। ਇਸ ਵਿਚ ਫੇਰੁ [2] ਨਾਹੀ।

ਅਰੁ ਅੱਮਲ ਕਿਸੇ ਸਿੱਖ ਕੇ ਬੀਚਾਰੈ ਨਾਹੀ; ਗੁਰੂ ਜਾਨ ਕੇ ਦਰਸ਼ਨ ਅਰੁ ਸੇਵਾ ਕਰੈ। ਉਕਤਾਵਨਾ ਭੀ ਨਾਹੀਂ। ਗੁਰੂ ਪਰਮ ਪੁਰਖੁ, ਜਾਮਾ ਜੋਤਿ ਦਾ ਪਹਿਰ ਕੈ ਦਰਸਨ ਦੇਵੈਗਾ; ਸਮੈ ਪਾਇ ਕੈ, ਜੁਗ ਬਦਲ ਕੈ। ਉਸ ਜਾਮੇ ਜੋਤਿ ਦੇ ਦੀ ਕਿਆ ਪ੍ਰਤਗਿਆ ਹੋਵੈਗੀ? ਕਿਆ ਨਿਸ਼ਾਨੀ ਹੋਵੈਗੀ? ਅਰੁ ਉਨ੍ਹਾਂ ਸਿੱਖਾਂ ਨੂੰ ਕਿਉਂ ਕਰਿ, ਅਰੁ ਉਸ ਪਹਰੇ ਦੇ ਮਾਨੁੱਖਾਂ ਨੂੰ ਕਿਉਂ ਕਰਿ ਜਨਾਈਐਗਾ? ਪਹਲੇ ਤਉ ਪ੍ਰਛਾਵਾਂ ਉਸ ਦੇਹ ਦਾ ਨ ਹੋਵੈਗਾ। ਦੂਸਰੇ, ਜਿਮੀਂ ਤੇ ਦੁਇ ਅੰਗੁਲੀਆਂ ਉੱਚਾ ਅਲਗ ਨਿਰਾਧਾਰ ਹੋਵੈਗਾ। ਤੀਸਰੇ ਖਾਏ ਪੀਏਗਾ ਕਿਛੁ ਨਾਹੀਂ। ਚਉਹੀਂ ਵਲੀਂ ਜੋ ਲੋਕ ਖੜ੍ਹੇ ਹੋਣਗੇ, ਦਰਸਨ ਨੋ; ਆਖਨਗੇ ਸਭੇ, 'ਅਸਾਂ ਵਲਿ ਦੇਖਦਾ ਹੈ!' ਕਿਆ ਅਗਲੇ, ਕਿਆ ਪਿਛਲੇ, ਕਿਆ ਦਾਹਨੇ, ਕਿਆ ਬਾਏਂ: ਸਭੇ ਆਖਣਗੇ : ਜੋ 'ਅਸਾਂ ਹੀ ਵਲਿ ਦੇਖਦਾ ਹੈ!' ਜੋ ਅਰਦਾਸਿ ਕਰਨਗੇ; ਜੋ ਆਖਨਗੇ ਜੋ : 'ਅਸਾਂ ਹੀ ਨਾਲਿ ਮਿਹਰਵਾਨ ਹੈ!' ਪੰਜਵੈਂ, ਕਾਰ ਭੇਟ ਜੋ ਚੜ੍ਹੇਗੀ ਸੋ ਕਬੂਲ ਹੋਵੈਗੀ। ਅਰੁ ਬਚਨ ਪਾਇ ਕਰਿ, ਉਸੇ ਸਿੱਖ ਦੇ ਹਥਿ ਰਹੈਗੀ। ਖੁਸ਼ੀ ਹੋਵੈਗੀ। ਅਰੁ ਬਚਨ ਹੋਵੈਗਾ, ਜੋ

"ਹਜ਼ੂਰਿ ਪਹੁੰਚੀ, ਕਬੂਲ ਪਈ! ਤੂੰ ਇਹੁ
ਕੌਡੀ, ਦਮੜੀ ਸਿੱਖਾਂ ਨੂੰ ਅਰਬੀਆਂ ਨੂੰ ਦੇਈਂ!"

---

1. ਦਰਜਾ, ਪਦਵੀ, ਅਹੁਦਾ।
2. ਸ਼ੱਕੁ-ਸ਼ੁੱਭਾ, ਫਰਕ, ਝੂਠ।

www.Mahapurakh.com

ਪਰ ਉਸ ਸਮੇਂ ਕਈ ਬਾਰ ਦਾਨ ਹੋਇਗਾ। ਸਭਾ ਅਨੰਦ ਰੂਪ ਮੈਂ ਹੋਇਗੀ ਛੇਵੈਂ, ਜੋਤਿ ਜਾਮਾ ਗੁਰੂ ਕੀ ਜੋ ਦੇਹਿ ਹੋਇਗੀ, ਸੋ ਹੱਥ ਮੈ ਪਕੜੀ ਨ ਜਾਇਗੀ। ਹਥ ਲਾਏ ਕਛੁ ਮਾੱਲੂਮ ਨ ਹੋਇਗੀ;[1] ਬਾਉ ਪ੍ਰਮਾਨ ਹੋਇਗਾ। ਸਤਵੈਂ, ਮਾਤਾ ਪਿਤਾ ਸੋ ਪ੍ਰਗਾਸ ਨਾ ਕਰੀਐਗਾ; ਆਪ ਤੇ ਆਪ ਰੂਪ ਧਾਰ ਬੈਠੀਐਗਾ॥ ੨॥

## ਤ੍ਰਿਤੀਆ ਬਚਨ

ਊਚਾ ਬੋਲਣਾ[2] ਨਾਹੀ। ਨਿੰਦਿਆ, ਲੰਪਟਾਈ, ਬਿਸ੍ਵਾਸ ਘਾਤ, ਲਾ-ਇਤਬਾਰੀ[3] ਚੋਰੀ, ਜਾਰੀ, ਤਾਤ-ਪਰਾਈ, ਬਖੀਲੀ, ਹਿਰਸ, ਹਿੰਸਾ, ਹੰਕਾਰ, ਅਰੁ ਕਾਮ, ਕ੍ਰੋਧ, ਮੋਹ, ਲੋਭ ਤਮਾੱ ਕਰੈ ਨਾਹੀਂ। ਇਨ੍ਹਾਂ ਦਾ ਸੰਗ੍ਰਹਨ ਨ ਕਰੈ, ਅਪਨੈ ਜਾਨਿ। ਅਰੁ ਅਪਨੇ ਵਾਸਤੇ ਮਿਥਿਆ ਨ ਬੋਲੈ। ਪਰ ਜੇ ਕਿਸੇ ਦਾ ਭਲਾ ਹੋਂਦਾ ਹੋਵੈ, ਤਾਂ ਝੂਠ ਬੋਲਣਾ ਜੋਗ ਹੈ। ਅਰੁ ਜੋ ਕਿਸੇ ਦਾ ਕੰਮ ਆਪ ਤੇ ਜਾਨੈ ਹੋਂਦਾ ਹੈ, ਤਾਂ ਆਪਣਾ ਕੰਮ ਛੱਡਕੇ, ਉਸ ਦਾ ਕੰਮ ਕਰ ਦੇਇ। ਅਰੁ ਅਹਿਸਾਨ ਨ ਜਨਾਵੈ। ਜੋ ਕਿਛੁ ਬਿਉਹਾਰ ਦੁਨੀਆਂ ਕਾ ਹੋਵੈ, ਤਾਂ ਉਸ ਨੂੰ ਹੋਣਾ ਅਨਹੋਣਾ, ਗੁਰੂ ਬਾਬੇ ਨਿਰੰਕਾਰ ਤੇ ਜਾਨੈ। ਕਿਸੇ ਊਪਰਿ ਹਰਖ ਸੋਗ ਨ ਕਰੈ। ਪਰ ਤਲਾਇਸ਼[4] ਕਰਦਾ ਰਹੈ।

ਅਰੁ (ਕਿਸੇ ਘਟੀਆ ਸਮਝੀ ਜਾਂਦੀ ਕਿਰਤ ਕਰਨ ਵਾਲੇ ਪ੍ਰਾਨੀ ਉੱਤੇ) ਹਸੈ ਨਾਹੀਂ। ਇਹ ਹਸਣਾ ਅੰਤਿ ਅਉਖਾ ਕਰਸੀ। ਅਰੁ ਜਿਸਨੂੰ ਹਸੈਗਾ, ਉਹ ਕੰਮ ਇਸ ਤੇ ਜਨਮ ਬਿਖੈ ਕਰਾਈਐਗਾ। ਤਿਸ ਤੇ ਹੱਸਣਾ ਨਾਹੀਂ। ਜੋ ਕੋਈ ਕਿਸੇ ਤੇ ਭਲਾ ਬੁਰਾ ਹੋਂਦਾ ਹੈ, ਹੁਕਮ ਪਾਇ ਕੈ। ਜੋ ਕਿਛੁ ਇਹੁ ਕਰੇ, ਸੋ ਅੰਤਕਾਲ ਉਪਰਿ ਨਦਰਿ ਕਰੇ; ਅਰੁ ਗੁਰੂ, ਪਰਮ ਗੁਰੂ ਸਹਾਈ ਹੋਂਦਾ ਹੈ॥ ੩॥

## ਚਤੁਰਥ ਬਚਨ

ਅਬ ਇਸਤ੍ਰੀ ਕਾ ਜਾਮਾ ਚਾਹੈ ; ਜੋ 'ਮੈਂ ਇਸ ਮਾਰਗ ਬਿਖੈ ਆਵਾਂ। ਅਰੁ ਸਿੱਖ ਖ਼ਾਲਸੇ ਸ੍ਰੀ ਅਕਾਲ ਪੁਰਖੁ ਕੀ ਹੋਵਾਂ!' ਇਸ ਜੁਗਤਿ ਹੋਵੈ :—

ਜੋ ਸੁਹਾਗਨਿ ਹੋਵੈ, ਤਾਂ ਅਛੇ ਨਵੇਂ,—ਅਕੇ ਧੋਏ ਕੱਪੜੇ ਹੋਣਿ,—ਪਹਿਨੇ ਕਜਲੀ[5] ਪਹਿਨੇ! ਕਜਲੀ ਕਿਆ? ਜੋ ਅਸਤੀਨਾ ਜਾਮੇ ਦੀਆਂ ਚੂੜੀਆਂ ਦਾਰ ਹੋਂਦੀਆਂ ਹੈਨਿ, ਤਿਉਂ ਅਸਤੀਨਾਂ ਉਸ ਨੂੰ ਹੋਵਨਿ। ਅਰੁ ਦਾਵਨ ਕਮਰ ਤਕ, ਨਾਭਿ ਤੇ ਤਲੈ ਤਕ, ਚੁਨਿਆ ਹੋਇਆ ਹੋਇ। ਹੋਰ ਸਭੇ ਤਰਹ ਚੋਲੀ ਰਹਰਾਸਿ[6] ਕਰਿਕੈ ਪਹਿਨੈ! ਇਕ ਸਿੱਖ ਗੁਰਮੁਖ ਭਲਾ, ਉਸ ਸਿੱਖਣੀ ਨੂੰ ਪਾਹੁਲ ਦੇਇ। ਅਰੁ ਉਸੀ ਤਰਹ ਅਰਦਾਸਿ ਕਰਨ; ਅਰੁ ਕਹਨ :—

"ਗੁਰਮੁਖੀ ਬਿੱਦਿਆ ਪੜ੍ਹੇ! ਸਬਦ ਬਾਣੀ ਨਾਲਿ ਪਿਆਰੁ ਰੱਖੇ, ਪੜ੍ਹੇ!" ਅਰੁ ਜੋ ਸਿੱਖਣੀਆਂ

---

1. 'ਹਵਾ' ਸਮਾਨ—ਬੇ-ਪਕੜ ਹੋਵੈਗਾ।
2. ਅਭਿਮਾਨ ਨਾਲ ਸ਼ੇਖੀ ਮਾਰਨਾ।
3. ਚੁਗਲੀ।
4. ਹੀਲਾ, ਜਤਨ, ਉੱਦਮ-ਭਾਵ ਹਰ ਭਲਾ ਕੰਮ ਕਰਨ ਦਾ ਚਾਉ ਦਿਲ 'ਚ ਰੱਖੇ। ਮੌਕੇ ਦੀ ਉਡੀਕ ਵਿਚ ਰਹੇ।
5. ਕੱਜਲ ਰੰਗੀ, ਕਾਲੀ ਯਾ ਸੁਰਮਈ।
6. ਦਰੁਸਤ, ਠੀਕ।

www.Mahapurakh.com

ਇਸ ਮਾਰਗੁ ਦੀਆਂ ਹੋਵਨ, ਆਪਸ ਮੈਂ ਮੇਲ ਕਰਨ; ਸਬਦ ਬੀਚਾਰਨ। ਜੋ ਅਪਨੇ ਭਰਤੇ ਦੀ ਸੇਵਾ ਕਰੇ, ਆਗਿਆ ਬਿਖੈ ਰਹੈ, ਸਿੱਖੀ ਕਾ ਦਾਨ ਹੋਇਗਾ॥ ੪॥

## ਪੰਚਮ ਬਚਨ

ਅਬ ਜੋ ਬਿਧਵਾ ਇਸਤ੍ਰੀ ਹੋਇ; ਉਸੀ ਜੁਗਤਿ ਨਾਲਿ ਰਹਰਾਸਿ ਕਰਿਕੈ ਪਾਹੁਲ ਦੇਨ; ਜੋ ਕੁਛੁ ਉਪਰਿ ਬਚਨ ਹੈ। ਪਰ ਕੇਸਰ ਬਿਧਵਾ ਉਪਰਿ ਛਿੜਕੈ ਨਾਹੀਂ। ਕੇਸਰ ਜੋ ਕਹਿਆ ਹੈ, ਸੋ ਮਰਦ ਪਰ, ਅਕੇ ਇਸਤ੍ਰੀ ਸੁਹਾਗਨਿ ਪਰ ਛਿੜਕੀਐ। ਅਰੁ ਛੱਲਾ ਲੋਹੇ ਦਾ ਹੱਥ ਪਾਈਐ; ਜਤ ਸਤ ਨਾਲਿ ਰਹੈ॥

ਅਰੁ ਜੋ ਕੋਈ ਸਿੱਖ, ਸਿੱਖ ਨੂੰ ਮਿਲੈ, ਤਾਂ ਆਪਸ ਮੋਂ ਪਹਿਲਾ ਆਖੈ :—

"ਫਤਹ ਵਾਹਗੁਰੂ। ਸ੍ਰੀ ਅਕਾਲ ਪੁਰਖੁ ਜੀ ਕੀ ਸਰਨਿ!"

ਅਗੋਂ ਬੋਲੇ, ਦੂਸਰਾ ਸਿੱਖ ਆਖੈ :—

"ਸਤਿ ਸ੍ਰੀ ਅਕਾਲ ਪੁਰਖੁ ਜੀ ਕਾ ਖ਼ਾਲਸਾ!"

ਅਰੁ ਜੋ ਕਿਛੁ ਬਚਨ ਪਹਿਲੇ ਅਰੁ ਦੂਸਰੇ ਧਿਆਉ ਬਿਖੈ ਹੋਏ ਹੈਨਿ; ਜੋ ਕਮਾਵੈਗਾ, ਸੋ ਆਪ ਹੀ ਇਸੀ ਜਨਮ ਬਿਖੈ ਫਲੁ ਦੇਖੈਗਾ; ਕਿਆ ਮਰਦ ਕਿਆ ਇਸਤ੍ਰੀ। ਮੂਏ ਹੂਏ ਕਿਸ ਜਾਨਿਆ ਹੈ, ਜੋ ਇਹ ਹੋਇਆ ਹੈ? ਅਰੁ ਕਿਸ ਜਵਾਬ ਭੇਜਿਆ ਹੈ? ਊਹਾਂ ਕੀ ਊਹਾਂ ਹੀ ਨਿਬਹਤੀ ਹੈ। ਪਰ ਜੋ ਕੋਈ ਇਨ੍ਹਾਂ ਬਚਨਾਂ ਉਪਰਿ ਚਲੈਗਾ, ਈਹਾਂ ਹੀ ਫੱਲੁ ਦੇਖੈਗਾ। ਅਰੁ ਇਸ ਜਗਹ ਬੀਜੇ ਕਮਾਏਗਾ; ਜੋ ਕਿਛੁ ਗੁਰੂ ਕਰਾਏਗਾ; ਊਹਾਂ ਭੀ ਦੇਖੇਗਾ॥ ੫॥

ਇਤਿ ਸ੍ਰੀ ਪ੍ਰੇਮ ਸੁਮਾਰਗ ਗ੍ਰੰਥੈ, ਧਿਆਉ ਦੁਤੀਆ
ਮੰਤ੍ਰ ਨਾਮ ਦਾਨੰ ਨਾਮ ਸਿਖੰ ਸਮਾਪਤੰ॥

—————

www.Mahapurakh.com

ੴ ਸਤਿਗੁਰ ਪ੍ਰਸਾਦਿ॥

# ਧਿਆਉ ਤ੍ਰਿਤੀਆ, ਜਨਮੁ ਕਾ

# ਜੋ ਪ੍ਰਾਨੀ ਖ਼ਾਲਸੇ ਸ੍ਰੀ ਅਕਾਲ ਪੁਰਖੁ ਕੇ ਗ੍ਰਿਹ ਬਿਖੇ ਆਇ ਪ੍ਰਗਾਸ ਲਏ; ਤਿਸਕੀ ਬਿਧਿ ਰਹਿਤ ਕਰਤੂਤ ਕੀ॥

ਜਿਸ ਸਮੈ ਇਸਤ੍ਰੀ ਕਉ ਅਧਾਨ [1] ਹੋਵੈ; ਤਬ ਪਾਹੁਲ ਖੰਡੇ ਕੀ ਜਪੁ ਜਾਪੁ ਪੜ੍ਹ ਕਰ ਕਰੈ; ਅਰੁ ਸਿੱਖਣੀ ਕਉ ਦੇਵੈ। ਅਰੁ ਖੰਡਾ ਨੰਗਾ ਕਰਿਕੇ। ਅਤੇ ਪੰਜ ਤੀਰ ਕਮਾਨ ਸੁਧੇ, ਮੂਹ ਕੇ ਸਾਹਮਣੇ ਉਸ ਸਿੱਖਣੀ ਕੇ ਰਖੈ; ਆਲੇ ਵਿਚਿ ਯਾ ਉੱਚੀ ਠਉਰ॥ ੧

ਅਰੁ ਉਸ ਸਿਖਣੀ ਨੂੰ ਕਹੈ :—ਦਰਸਨ ਇਨ੍ਹਾਂ ਹਥਿਆਰਾਂ—ਸ੍ਰੀ ਸਾਹਿਬ ਆਦਿ ਦਾ ਕਰੇ! ਗੁਰੂ ਭਾਵੈ, ਉਹ ਜੀਉ ਸ਼ਿਤਾਬ ਜਨਮੁ ਲੇਵੈ। ਅਰੁ ਸਿੱਖਣੀ ਭੀ ਸੁਖਾਲੀ ਸਾਸੀਂ ਖਲਾਸ ਹੋਵੈ। ਅਤੇ ਉਸ ਸਿੰਘਣੀ ਨੂੰ ਕਹੀਐ : ਉਸ ਸਮੇਂ ਇਹੁ ਮੰਤ੍ਰ ਪੜ੍ਹੈ :—

"ਸ੍ਰੀ ਵਾਹਗੁਰੂ! ਸ੍ਰੀ ਗੁਰੂ।
ਸ੍ਰੀ ਅਕਾਲ ਪੁਰਖੁ!
ਤੇਰੀ ਸਰਨਿ ਹਾਂ!!"

ਇਹ ਜਾਪੁ ਮਨ ਬਿਖੇ ਮੁਖ ਤੇ ਉਚਰੇ। ਜੋ ਪ੍ਰਾਨੀ ਜਨਮੈ, ਸੋ ਗੁਰਮੁਖਿ ਖ਼ਾਲਸਾ ਹੋਵੈ॥ ੨॥

## ਦੁਤੀਆ ਬਚਨ

ਜਿਸ ਸਾਇਤ ਜਾਨੇ ਜੁ ਪੁੱਤ੍ਰ ਜਨਮਿਆ ਹੈ, ਤਾਂ ਇਹੁ ਜੁਗਤਿ ਕਰੈ :—

ਪਹਿਲੈ ਤਉ ਸ੍ਰੀ ਸਾਹਿਬ, ਹਥਿਆਰਾਂ ਅਰੁ ਗ੍ਰੰਥੁ ਪੋਥੀ ਦੇ ਅੱਗੇ ਮੱਥਾ ਉਸ ਬਾਲਕ ਦਾ ਟਿਕਾਏ। ਫਿਰਿ ਮਾਤਾ ਦੇ ਅੱਗੇ ਪਾਏ। ਗੁੜ੍ਹਤੀ ਖੰਡਾ ਛੁਹਾਇ ਕਰਿ ਦੇਈਐ; ਅਰਦਾਸਿ ਕਰੈ; ਜੁ—

'ਇਹੁ ਜੀਉ ਤੇਰਾ ਭੇਜਿਆ ਆਇਆ ਹੈ; ਤੇਰੀ ਸਰਣਿ ਹੈ! ਅਰੁ ਇਸ ਦੀ ਹਿੱਮਤ ਤੇ ਸੇਵਾ ਹੋਵੈ; ਰਾਜੀ ਰਹੈ। ਸੰਜੋਗ ਪਾਇ ਕਰਿ ਆਇਆ ਹੈ; ਹਮਾਰਾ ਇਸ ਸਾਥਿ ਕਛੁ ਸਾਕੁ ਦੁਨੀਆ ਦਾ ਨਾਹੀਂ, ਸਿਵਾਇ ਸਿੱਖੀ!!" ੩॥

ਇਹੁ ਅਰਦਾਸਿ ਕਰੈ। ਅਰੁ ਮੋਹ ਉਪਜਾਵੈ ਨਾਹੀ। ਅਤੇ ਪ੍ਰਸਾਦ ਵੰਡੇ ਉਸੀ ਦਿਨ; ਜਥਾ ਸਕਤਿ ਖ਼ਾਲਸੇ ਵਿਚਿ; ਤਥਾ ਭਾਈਆਂ ਵਿਚਿ। ਜਹਾਂ ਉਹ ਸਿੱਖਣੀ ਪ੍ਰਸੂਤ ਹੋਵੈ, ਅਰੁ ਸੋਵੈ ਬੈਠੈ, ਤਹਾ ਉਹ ਹਥਿਆਰ ਉਸ ਦੀ ਦਿਸਟਿ ਅੱਗੈ ਰੱਖੈ, ਨੰਗੀ ਕਰਿਕੈ; ਸੱਤ ਦਿਨ ਤੱਕ। ਫੇਰਿ ਸੱਤਵੇਂ ਦਿਨ ਉਸੀ ਮੰਜੇ ਉਪਰਿ—ਜਿੱਥੇ ਪ੍ਰਸੂਤ ਹੋਈ ਹੈ; ਉੱਥੇ ਇਸਨਾਨੁ ਕਰੇ; ਸਿੱਖਣੀ ਬਾਲਕ ਨਾਲਿ॥ ੪॥

ਇਸਨਾਨੁ ਕਰਿਕੈ ਗਰਮ ਠਉਰ ਬਿਖੈ ਬੈਠੈ! ਜਬ ਜਾਨੇ ਦੁਇ ਪਹਰ ਦਿਨ ਆਇਆ ਹੈ,

---

1. ਗਰਭ, ਪੈਰ ਭਾਰਾ।



www.Mahapurakh.com

ਤਬ ਦੁਇ ਚਉਕੀਆਂ ਕਾਠ ਦੀਆਂ ਲੈ ਆਵੈ। ਫੇਰ ਜਿਮੀਂ ਉਪਰਿ ਚਉਕਾ ਮ੍ਰਿਤਕਾ [1] ਕਾ ਦੇਵੈ॥ ਫੇਰਿ ਉਨ੍ਹਾਂ ਚਉਕੀਆਂ ਦੇ ਚਉਹੀਂ ਵੱਲੀਂ ਚਾਰ ਬਰਛੀਆਂ ਗੱਡੈ, ਜਿਮੀਂ ਪਰਿ।, ਫੇਰਿ ਉਨ੍ਹਾਂ ਚਉਕੀਆਂ ਦੇ ਉਪਰਿ ਤੁਲਾਈ ਬਿਛਾਏ।। ਤਿਸ ਪਰਿ ਬਾਲਕ ਦੀ ਮਾਤਾ ਬਾਲਕ ਨਾਲਿ ਅਰੁ ਪਿਤਾ ਅਛੇ ਕੱਪੜੇ ਪਹਿਰ ਕੇ—ਜੈਸੇ ਗੁਰੂ ਬਾਬਾ ਦੇਵੈ—ਬੈਠਣ। ਮਾਤਾ ਬਾਲਕ ਕੀ ਸਾਲੂ [2] ਪਹਰੇ। ਅਰੁ ਪਿਤਾ ਸੁਪੇਦ ਪਹਰੇ॥ ਅਰੁ ਇੱਕ ਕੱਪੜੇ ਨਾਲਿ ਗਿਰਦ ਚਉਕੀਆਂ ਦੇ ਬਰਛੀਆਂ ਨਾਲਿ ਪੜਦਾ ਕਰੇ॥ ੫॥

ਅਰੁ ਜਾਮਾਂ ਸੁਪੇਦ ਅਗਲਬੰਦੀ, ਪਗੜੀ ਸੁਪੇਦ। ਦੋਨੋਂ ਕਉ ਕੇਸਰ ਅਥਵਾ ਤੁਨ [3] ਵਿਚਿ ਰੰਗ ਲੇਇ। ਕੱਛ ਨਿੱਕੀ, ਅਉਰ ਰੰਗ ਕੀ ਪਟਕਾ ਸਪੇਦ। ਇੱਕ ਜਮਦਾੜ੍ਹ [4] ਲੋਹੇ ਦੀ। ਏ ਸਭੇ ਮਾਫਕ ਬਾਲਕ ਦੇ ਲੈਕਰਿ ਉਸ ਬਾਲਕ ਨੇ ਪਹਿਰਾਏ। ਫੇਰ ਮਾਤਾ ਕੀ ਗੋਦਿ ਬਿਖੈ ਬੈਠਾਏ॥ ਕੜਾਹੀ [5] ਸ੍ਰੀ ਗੁਰੂ ਬਾਬੇ ਅਕਾਲ ਪੁਰਖੁ ਦੀ ਕਰੇ—ਜਥਾ ਸਕਤਿ॥ ਸਤ ਬੀੜੇ ਪਾਨਾਂ ਦੇ, ਨਾਲੀਏਰੁ; ਅਉਰ ਜਥਾ ਸਕਤਿ ਭੇਟ ਰੱਖੇ।। ਪਾਹੁਲ ਖੰਡੇ ਕੀ ਕਰੇ॥ ਫੇਰਿ ਏਹੁ ਸਭ ਵਸਤੂ ਇਕ ਸਾਥ ਮੋ ਰਖੇ॥ ਕੜਾਹੁ ਭੀ ਰੱਖੇ, ਜਿਥੇ ਚਉਕੀਆਂ ਹੋਨਿ। ਅਰ ਜਿਨ੍ਹਾਂ ਉਪਰਿ ਇਸਤ੍ਰੀ ਅਰੁ ਪੁਰਖੁ ਬਾਲਕ ਨਾਲ ਬੈਠੇ ਹੋਨਿ, ਉਨ੍ਹਾਂ ਦੇ ਅੱਗੇ ਰੱਖੇ : ਉਨ੍ਹਾਂ ਚਉਕੀਆਂ ਤੇ ਉੱਚੀ ਠਉਰ॥ ੬

ਪੰਜ ਸਿੱਖ ਭਲੇ, ਸ਼ਬਦ ਕੇ ਬੋਤੇ; ਇੱਕੁ ਪ੍ਰਧਾਨ, ਗੁਰਮੁਖ, ਖ਼ਾਲਸ ਸ੍ਰੀ ਅਕਾਲ ਪੁਰਖੁ ਕਾ, ਜੋ ਅਪਨੀ ਕੁਲ ਬਿਖੈ ਹੋਵੈ, ਤਾਂ ਭਲਾ; ਨਾਹੀਂ ਤਾਂ ਹੋਰ ਬੁਲਾਵੇ। ਤਿਨ੍ਹਾਂ ਦੇ ਅੱਗੇ ਅਰਦਾਸਿ ਕਰੇ। ਜੋ—

> "ਜੀ! ਇਹ ਜੀਉ ਖਸਮ ਭੇਜਿਆ, ਇਸ ਸਿੰਘਣੀ ਦੇ ਗਰਭ ਬਿਖੈ ਆਇਆ ਹੈ। ਇਸ ਕਉ ਸਿੱਖੀ ਅਕਾਲ ਪੁਰਖੁ ਕੇ ਖ਼ਾਲਸੇ ਕੀ ਪ੍ਰਾਪਤਿ ਹੋਇ! ਅਰੁ ਬਖਸ਼ੀਐ! ਅਰੁ ਜੋ ਕਿਛੁ ਕਰਾਰ ਹਜ਼ੂਰ ਕਰਤੇ ਪੁਰਖੁ ਕੇ ਕਰਿ ਆਇਆ ਹੈ; ਉਸ ਤੇ ਸੁਰਖਰੂ ਹੋਵੈ! ਅਤੇ ਮਾਤਾ ਪਿਤਾ ਕੀ ਸੇਵਾ ਕਰੇ! ਅਤੇ ਮਾਤਾ ਪਿਤਾ ਇਸ ਤੇ ਸੁਰਖਰੂ ਹੋਵੇ!! ੭॥

ਪੰਜ ਪਉੜੀਆਂ ਅਨੰਦ ਪੜ੍ਹੀਐ। ਅਰੁ ਮੰਗਲਾਚਾਰ ਹੋਵੈ। ਫੇਰਿ ਬਾਲਕ ਨੂੰ ਮਾਤਾ ਦੀ ਗੋਦ ਤੇ ਲੈ ਕੇ ਪੜਦੇ ਤੇ ਬਾਹਰਿ ਕਰੇ; ਕੱਪੜੇ ਹਥਿਆਰੁ ਸਮੇਤ। ਅਰੁ ਕੰਨ ਛੇਦੇ, ਦੁਰ [6] ਪਾਏ—ਸੁਇਨੇ ਕੇ ਅਥਵਾ ਰੁਪੈ ਕੇ ਦੁਰ,—ਸੋ ਕੰਨ ਛੇਦਿ ਪਾਏ॥ ਖੰਡੇ ਕੀ ਪਾਹੁਲ ਦੇਵੇ॥ 'ਮੰਤ੍ਰ-ਨਾਮੁ' ਦਾਨ ਕਰੇ। ਜਿਉਂ ਊਪਰਿ ਕਹਿਆ ਹੈ॥ ੮

ਅਤੇ ਕੇਸ ਲੜਕੇ ਕੇ ਜਨਮ ਕੇ ਹੋਵਹਿ। ਉਨ੍ਹਾਂ ਕੇਸਾਂ ਦਾ ਬੁਰਾ ਨ ਮੰਗੇ—ਕੇਸ ਵੁਹੀ ਰਖੇ—ਨਾਮੁ 'ਸਿੰਘ' ਰਖੇ॥ ਦੁਇ ਬੀੜੇ ਅਰੁ ਪ੍ਰਸਾਦ। ਸਭ ਭੇਟ, ਬਾਲਕ ਦੇ ਪੱਲੇ ਪਾਏ। ਫਿਰਿ ਮਾਤਾ

---

1. ਮਿੱਟੀ, ਪਾਂਡੂ ਆਦਿ।
2. ਲਾਲ ਰੰਗ ਦਾ ਕੱਪੜਾ।
3. ਤੁਣ ਬ੍ਰਿਛ ਦੀ ਛਾਲ ਉਬਾਲਕੇ ਬਣਿਆ ਰੰਗੁ।
4. ਕਟਾਰੀ।
5. ਦੇਗ, ਕੜਾਹ ਪ੍ਰਸ਼ਾਦ।
6. ਮੋਤੀ। ਕੰਨਾਂ 'ਚ ਬੁੰਦੇ, ਨੱਤੀਆਂ ਤੇ ਤੁੰਗਲ ਆਦਿ ਪਹਿਨਣਾ ਉਸ ਸਮੇਂ ਅਮੀਰੀ ਦੀ ਨਿਸ਼ਾਨੀ ਸੀ। ਵਿਤੁ ਮੂਜਬ ਗ਼ਰੀਬ ਲੋਕ ਭੀ ਰੀਸੋ-ਰੀਸੀ ਸੋਨੇ ਯਾ ਚਾਂਦੀ ਦੇ ਗਹਿਣੇ ਪਹਿਨਦੇ ਸਨ। ਇਹ ਰਿਵਾਜ ਟਾਵਾਂ-ਟਾਵਾਂ ਹਾਲਾਂ ਭੀ ਜਾਰੀ ਹੈ।

www.Mahapurakh.com

ਗੋਦਿ ਬਾਲ ਕੋ ਦੇਇ। ਅਰੁ ਪੰਜ ਬੀੜੇ, ਨਲੀਏਰੁ, ਪ੍ਰਸਾਦੁ ਅਰੁ ਜੋ ਕਿਛੁ ਭੇਟ ਹੋਵੈ; ਸੋ ਬਾਲਕ ਕੇ ਪੱਲੇ ਪਾਏ॥ ਅਰੁ ਕੇਸਰ ਤਥਾ ਤੁਣ ਵਿਚਿ ਪਾਇ ਕੇ ਛਿੜਕੇ, ਪਿਤਾ ਕੇ ਕੱਪੜੇ ਉਪਰਿ ਕੁਲ ਕਾ ਭਾਟ ਅਥਵਾ ਨਾਈ॥ ੯॥

ਫੇਰਿ ਕੜਾਹੁ ਵੰਡੇ। ਜੋ ਉਸ ਸਮੇਂ ਸਿੱਖ ਸਿੱਖਣੀਆਂ ਹੋਨਿ, ਸਭਸ ਨੂੰ ਪ੍ਰਸਾਦੁ ਦੇਵੈ। ਅਰੁ ਭਾਈਆਂ ਬਿਖੈ ਦੇਵੈ। ਫੂਲੋਂ ਕੀ ਮਾਲਾ, ਸਿੱਖ, ਸਿੱਖਣੀ ਬਾਲਕ-ਤੀਨੋ ਕੋ ਪਹਿਰਾਵੈ। ਅਰੁ ਜੋ ਕਿਛੁ ਗਹਿਣੇ ਗੁਰੂ ਬਾਬਾ ਦੇਵੈ, ਬਾਲਕ ਕੋ ਪਹਿਰਾਵੈ। ਸਭਿ ਬਿਧਿ ਕਰੇ॥ ੧੦॥

ਅਰੁ ਬਾਲਕ ਕਾ ਪਿਤਾ ਕਹੂੰ ਬਾਹਰਿ ਯਾ ਪ੍ਰਦੇਸਿ ਹੋਵੈ, ਤਾਂ ਸਭਿ ਬਿਧਿ ਕਰੇ : ਪਿਤਾ ਕੀ ਜਾਗਹਿ ਪਟਕਾ ਉਸ ਪੁਰਖ ਕਾ ਰਖੇ॥ ਅਰੁ ਸੰਜੋਗ ਪਾਇ ਚਲਿ ਗਿਆ ਹੋਵੈ; ਤਬ ਇਹੁ ਬਿਧਿ ਕਰੈ: ਮਾਤਾ ਬਾਲਕ ਕੀ ਚੋਲੀ ਨੱਥ ਨ ਪਹਿਰੇ, ਅਉਰ ਸਭਿ ਬਿਧਿ ਕਰੇ॥ ੧੧॥ ੨

## ਤ੍ਰਿਤੀਆ ਬਚਨ

ਪੁੱਤ੍ਰੀ ਕੇ ਜਨਮ ਕੀ ਬਿਧਿ :—ਨਾਵੇਂ ਦਿਨ ਇਸ਼ਨਾਨ ਕਰੇ, ਸਿੱਖਣੀ ਅਰੁ ਬਾਲਕੀ ਮੰਜੇ ਉਪਰਿ। ਅਰੁ ਜਨਮ ਕੇ ਸਮੇ ਜੋ ਕਿਛੁ ਬਾਲਕ ਕੋ ਕਹਿਆ ਹੈ, ਸੋ ਸਭੀ ਕਰੇ॥ ੧॥

ਇਸਨਾਨ ਕਰਿ ਪਟੜੇ ਪਰ ਕੱਪੜੇ ਪਹਿਰ ਕੇ ਸਿੱਖਣੀ ਬੈਠੇ॥ ੨॥

ਅਤੇ ਭਗਉਤੀ ਕਉ ਨੰਗੀ ਕਰਕੈ, ਸੰਧੂਰ ਚੜ੍ਹਾਇ ਕੇ, ਫੂਲੋਂ ਕੀ ਮਾਲਾ ਮੂਠ ਪਰ ਚੜ੍ਹਾਏ। ਅਰੁ ਚਉਕੀ ਪਰ ਸਾਹਮਣੇ ਇਸਤ੍ਰੀ ਅਰੁ ਬਾਲਕੀ ਕੋ ਰੱਖੇ॥ ੩॥

ਅਰੁ ਲੜਕੀ ਕੋ ਝੱਗਾ, ਟੋਪੀ, ਚੁੰਨੀ, ਸਾਲੂ ਕੀ ਪਹਿਨਾਏ॥ ੪॥

ਪਾਹੁਲ ਖੰਡੇ ਕੀ ਦੇਵੇ। ਨਾਮ ਰੱਖੇ 'ਦੇਵੀ' ਨਾਮਾ॥ ਨੱਕ, ਕੰਨ ਛੇਦੇ॥ ੫॥

ਜਥਾ ਸਕਤਿ ਕੜਾਹੁ ਕਰਕੇ ਵੰਡੇ॥ ਫੇਰਿ ਅਰਦਾਸਿ ਕਰੇ; ਉਸੀ ਬਿਧਿ॥ ੬॥

ਇਤਿ ਸ੍ਰੀ ਪ੍ਰੇਮ ਸੁਮਾਰਗੁ ਗਿਰੰਥੇ, ਧਿਆਉ ਤ੍ਰਿਤੀਆ
ਜਨਮ ਨਾਮੰ ਸਮਾਪਤੰ ਸੰਪੂਰਣੰ॥ ੩॥
ਸਰਬ ਕਾਲ ਰੱਛਿਆ ਸ੍ਰੀ ਅਕਾਲ ਪੁਰਖ ਜੀ ਕੀ ਮੁਝਕੋ!!

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।
ਕਾਰਜੁ ਦੇਇ ਸਵਾਰਿ ਸਤਿਗੁਰੁ ਸਚੁ ਸਾਖੀਐ।
ਸੰਤਾਂ ਸੰਗਿ ਨਿਧਾਨ ਅੰਮ੍ਰਿਤ ਚਾਖੀਐ।
ਭੈ ਭੰਜਨ ਮਿਹਰਵਾਨੁ ਦਾਸ ਕੀ ਰਾਖੀਐ।
ਨਾਨਕ ਹਰਿ ਗੁਨ ਗਾਇ ਅਲਖੁ ਪ੍ਰਭ ਲਾਖੀਐ।

*(ਸ੍ਰੀ ਗੁਰੂ ਅਰਜਨ)*

———

www.Mahapurakh.com

ੴ ਸਤਿਗੁਰ ਪ੍ਰਸਾਦਿ॥

# ਧਿਆਉ ਚਤੁਰਥ

## ਪ੍ਰਥਮ ਬਚਨ—ਸੰਜੋਗ ਬਿਆਹ ਕਾ

ਤਿਸ ਕੀ ਬਿਧੀ :—ਪ੍ਰਥਮੈ ਕੰਨਿਆ ਜਬ ਵਰ-ਜੋਗ ਪ੍ਰਾਪਤਿ ਹੋਇ, ਤਬ ਮਾਤਾ-ਪਿਤਾ ਕਉ ਚਾਹੀਐ, ਜੁ ਸੰਜੋਗ ਕਰਨੇ ਕਾ ਉੱਦਮ ਕਰਨ। ਅਰੁ ਛੋਟੀ ਬਾਲਕੀ ਕਾ ਸੰਜੋਗ ਕਰਨਾ ਕਲੂ ਕਾਲ ਮੈ ਭਲਾ ਹੈ। ਅਰੁ ਸੰਜੋਗ ਤਬ ਕੈਸੇ ਕੁਲ ਬਿਖੈ ਕਰੇ? ਜਿੱਥੇ ਸਿੱਖੀ ਅਕਾਲ ਪੁਰਖ ਦੀ ਹੋਇ। ਖ਼ਾਲਸਾ ਗ਼ਰੀਬ ਕ੍ਰਿਤੀ ਹੋਵੈ॥ ਤਹਾਂ ਸੰਜੋਗ ਬਿਨਾ ਪੁਛੇ ਕਰੈ। ਉਸ ਕੀ ਸ੍ਰੀ ਅਕਾਲ ਪੁਰਖ ਨਾਲ ਬਨਿ ਆਵੈ॥ ਮਾਇਆ ਧਨ ਦੇਖੈ ਨਾਹੀ॥ ਗੁਰੁ ਨਿਰੰਕਾਰ ਦੀ ਆਸ-ਭਰੋਸੇ ਉਪਰਿ ਦੇਵੈ ; ਸੰਜੋਗ ਕਰੇ। ਗੁਰੂ ਭਾਵੇ ਤਾਂ ਬੇਟੀ ਬਹੁਤ ਸੁਖੀ ਹੋਇ, ਅਤੇ ਮਾਤਾ-ਪਿਤਾ ਕਉ ਖੁਸ਼ੀ ਦੇਵੈ॥ ੧॥

## ਦੁਤੀਆ ਬਚਨ

ਸੰਜੋਗ ਬਿਧਿ—ਜਿਸ ਨੋ ਬਿਆਹ ਕਹਿੰਦੇ ਹੈਨਿ; ਖ਼ਾਲਸੇ ਨੁ ਸੰਜੋਗ ਕਹਣਾ ਆਇਆ ਹੈ॥ ਜਿਉਂ ਸੰਸਾਰੀ ਬਿਆਹ ਕਰਦੇ ਹੈਨਿ; ਤਿਉਂ ਨਾ ਕਰੇ। ਪਹਿਲੇ ਸੰਜੋਗ ਕਾ ਆਹਰ ਕਰੇ। ਪੰਚਮੀ ਸੁਦੀ ਨੂੰ ਸੰਜੋਗ ਬਿਧਿ ਕਰੇ। ਕਿਉਂ ਕਰਿ ਕਰੇ? ਡੇਢ ਮਹੀਨਾ ਆਗੇ ਸੰਜੋਗ ਤੇ; ਰੁਪਯਾ, ਮਿਸਰੀ, ਜੋੜਾ, ਹਥਿਆਰ ਜਥਾ ਸਕਤਿ ਗਭਰੂ ਨੂੰ ਸੁਇਨੇ ਦਾ ਪ੍ਰੇਮ ਜਨੇਊ[1] ਨਾਲ ਭੇਜੇ। ਜੋ ਕਦਾਂਚਿ ਸੁਇਨੇ ਦੀ ਸਕਤਿ ਨ ਹੋਇ, ਤਾਂ ਲੋਹੇ ਦਾ ਪ੍ਰੇਮ ਜਨੇਊ; ਪਰ ਉਸ ਪਰ ਸੁਇਨੇ ਕਾ ਰੰਗ ਚੜ੍ਹਾਏ॥ ੧॥

ਮਾਤਾ ਗਭਰੂ ਦੀ ਨੂੰ ਕੱਪੜੇ, ਨਲੀਯੇਰ, ਚੂੜਾ, ਖਰਚੀ ਲਗਨ, ਜਥਾ ਸਕਤਿ ਭੇਜੇ॥ ਜੋ ਕਿਛੁ ਸਰੰਜਾਮ ਸੰਜੋਗ ਕਾ ਕਰੇ; ਸੋ ਜਥਾ ਸਕਤਿ ਕਰੇ। ਅਰੁ ਏਹੀ ਜੁਗਤਿ ਕਰੇ। ਸੋ ਸਾਰੀ ਹੰਕਾਰੀ ਕੀ ਰਉਂਸ ਨ ਕਰੇ॥ ਅਉਰ ਯੇਹੀ ਜੁਗਤਿ ਬੇਟੇ ਵਾਲਾ ਕਰੇ; ਜਥਾ ਸਕਤਿ। ਜਿਸ ਦੇ ਪੱਲੇ ਸੌ ਰੁਪਯੇ ਦੀ ਪੂੰਜੀ ਮਾਤ੍ਰਾ ਹੋਵੈ ਸੋ, ਪੰਝੀ ਰੁਪੈਯੈ ਵਿਚਿ ਸੰਜੋਗ ਕਰਿ ਦੇਵੈ। ਜਿਸ ਦੇ ਪੱਲੇ ਗੁਰੂ ਬਾਂਬੇ ਹਜਾਰ ਦਿੱਤਾ ਹੋਵੈ; ਸੋ ਅਢਾਈ ਸਉ ਲਾਇ ਦੇਵੈ। ਇਸੇ ਤਰਹ ਅਪਨੀ ਮ੍ਰਿਜਾਦਾ ਉਪਰਿ ਚਲੇ॥ ੨

ਅਰੁ ਬੇਟੇ ਵਾਲੇ ਨੋ ਚਾਹੀਐ, ਇਸ ਡੇਢ ਮਹੀਨੇ ਅੰਦਰਿ ਅਪਣਾ ਸਰੰਜਾਮ ਕਰੇ॥ ਅਰੁ ਡੇਢ ਮਹੀਨਾ ਬੇਟੀ ਵਾਲਾ ਅਪਨੀ ਕੁਲ ਬਿਖੈ ਬਿਉਹਾਰ ਲੇਨੇ ਦੇਨੇ ਕਾ ਕਰੇ॥ ੩

ਜਬ ਜਾਨੇ ਸੰਜੋਗ ਵਿਚਿ ਪੰਜ ਦਿਨ ਰਹੇ ਹੈਨਿ; ਤਬ ਕੰਨਿਆ ਕਉ ਅਹਾਰ ਦਾਲ ਚਾਵਲ ਘਿਉ ਸੰਗਿ ਦੇਵੈ। ਰੋਟੀ ਨ ਖਾਇ, ਅਹਾਰੁ ਮ੍ਰਿਜਾਦਾ ਕਾ ਨਰਮ ਦੇਵੈ॥ ਅਰੁ ਮਜੀਠੇ ਕਪੜੇ ਪਹਿਨਾਏ। ਪੰਜਾਂ ਦਿਨਾਂ ਤਕ, ਮਰਦਨ ਬਟਨੇ ਸੰਗਿ ਕਰੇ॥ ਅਰੁ ਕੰਨਿਆ ਕਉ ਚਾਹੀਏ ਜਬ ਜਾਨੇ ਸੁੱਤੀ ਉੱਠੀ ਹੈ, ਤਬ ਉਸ ਸਾਇਤ ਕਹੈ :—

---

1. ਪਤਲੀ ਤਾਰ ਦੀ ਗੁੰਦੀ ਹੋਈ ਜ਼ੰਜੀਰ, ਜੋ ਪਹਿਲੋਂ ਜੰਞੂ ਵਾਂਗੁ ਸਿੰਘ ਗਾਤਰੇ ਪਹਿਨਦੇ ਸਨ, ਹੁਣ ਅਕਸਰ ਨਿਹੰਗ ਸਿੰਘ ਦਸਤਾਰ ਉੱਤੇ ਸੁਚੱਜਤਾ ਨਾਲ ਸਜਾ ਲੈਂਦੇ ਹਨ।



www.Mahapurakh.com

"ਸ੍ਰੀ ਅਕਾਲ ਪੁਰਖੁ ਜੀ ਤੇਰੀ ਸਰਣਿ ਹਾਂ!
ਸੰਜੋਗ ਤੇਰੇ ਹਥਿ ਹੈ! ਬਨਿ ਆਵੈ!"

ਇਹ ਬੇਨਤੀ ਕਰੈ॥ ਅਰੁ ਅਉਰ ਇਸ ਸਮੇਂ ਪੂਜਾ ਅਰਚਾ ਕਿਸੀ ਦੇਵੀ ਦੇਵਤੇ ਦੀ ਨ ਕਰੇ॥ ੪॥ ੨॥

## ਤ੍ਰਿਤੀਆ ਬਚਨ

ਜਿਸ ਦਿਨ ਸੰਜੋਗ ਕਾ ਦਿਨ ਹੋਇ, ਉਸ ਦਿਨ ਕੰਨਿਆ ਕਉ ਦੁਇ ਪਹਿਰ ਦਿਨ ਚੜੇ ਕੜਾਹ ਪ੍ਰਸ਼ਾਦੁ ਖਿਲਾਵੈ, ਅਲਪ ਅਹਾਰੁ॥ ੧

ਅਰੁ ਪਹਰ ਰਾਤਿ ਰਹੰਦੀ ਅੰਮ੍ਰਿਤ ਵੇਲੇ ਸੰਜੋਗ ਬਿਧੀ ਕਰੀਐ। ਪਹਲੇ ਤਾਂ ਜਿਮੀਨ ਉਪਰਿ ਮਾਟੀ ਕਾ ਪੋਚਾ ਦੇਇ॥ ਤਿਸ ਦੇ ਮੱਧਿ ਸਵਾ ਗਜ ਲੰਬਾ, ਪਾਉ ਗਜ ਚੌੜਾ, ਪਾਉ ਗਜ ਡੂੰਘਾ ਟੋਆ ਦੇਵੇ॥ ਅਰੁ ਦੁਇ ਚਉਕੀਆਂ ਕਾਠ ਦੀਆਂ ਲੈ ਆਵੇ। ਇੱਕ ਚਉਕੀ ਦੱਖਣਿ ਦਿਸਾ ਵਲਿ, ਅਰੁ ਇਕ ਉੱਤ੍ਰ ਦਿਸਾ ਵਲਿ ਰੱਖੇ। ਵਿਚਿ ਦੁਹਾਂ ਚਉਕੀਆਂ ਦੇ ਉਹ ਟੋਆ ਹੋਵੈ॥ ੨

ਕੰਨਿਆ ਕਉ ਚੋਲਾ ਚੋਪ ਕੋਰੇ[1] ਕੱਪੜੇ ਦਾ ਪਹਿਰਾਇ ਕੇ, ਹੱਥੀਂ ਪੈਰੀਂ ਮਹਿਦੀ ਲਾਇਕੇ, ਚਉਕੀ ਦੱਖਣ ਦਿਸਾ ਦੀ ਉਪਰਿ ਤੁਲਾਈ ਵਿਛਾਇਕੇ ਨਵੀਂ; ਮੁਹਿ ਕੰਨਿਆ ਕਾ ਉੱਤਰ ਦਿਸਾ ਵਲਿ ਕਰਿ ਬੈਠਾਏ; ਉਸ ਚਉਕੀ ਉਪਰਿ॥ ੩

ਅਤੇ ਉਨ੍ਹਾਂ ਚਉਕੀਆਂ ਦੈ ਦੁਹੀਂ ਵੱਲੀਂ ਦੁਇ ਦੁਇ ਗਜ ਬਰਛੀਆਂ ਗਡੇ। ਚਉਕੀਆਂ ਉਨ੍ਹਾਂ ਬਰਛੀਆਂ ਦੇ ਵਿਚਿ ਹੋਵਨਿ॥ ਫੇਰ ਮਉਲੀ ਨਾਲਿ ਇਕ ਖਮਣੀ ਲਾਲ ਰੰਗ ਦੀ, ਉਨ੍ਹਾਂ ਦੁਹਾਂ ਚਉਕੀਆਂ ਦੇ ਉਪਰਿ ਬਰਛੀਆਂ ਨਾਲ ਬੰਨ੍ਹੇ॥ ੪॥

ਅਰੁ ਕੰਨਿਆ ਦਾ ਸਿਰ, ਮਉਲ੍ਹੀ ਨਾਲਿ ਗੁੰਦ ਕੇ, ਕੇਸਰ ਲਾਇ ਬੈਠਾਵੈ॥ ੫॥ ੩॥

## ਚਤੁਰਥ ਬਚਨ, ਲੜਕੇ ਕੀ ਬਿਧੀ ਕਾ

ਲੜਕੇ ਕਉ ਚਾਰ ਦਿਨ ਅਗੇ ਸੰਜੋਗ ਕੇ ਮਾਸ ਕਾ ਆਹਾਰ ਦੇਵੇ—ਬੱਕਰੇ ਕਾ—ਗੇਹੂੰ ਕੇ ਫੁਲਕੇ ਸਾਥ, ਮਧਿਆਨ[2] ਦਿਨ ਮੋ। ਰਾਤਿ ਕਉ ਦੁੱਧ ਜੇਤਾ ਕੁ ਪਚੇ, ਪਿਲਾਵੈ। ਅਤੇ ਪਾਨ, ਜਾਇਫ਼ਲ, ਜਾਵਿਤ੍ਰੀ, ਲੌਂਗ, ਮੁਸ਼ਕ, ਲਾਇਚੀ ਛੋਟੀ, ਡਾਲਕੇ ਬੀੜੇ ਅੰਦਰਿ; ਦਸ ਬੀੜੇ ਖਿਲਾਵੈ; ਰਾਤਿ ਦਿਨ ਵਿਚਿ॥ ੧॥

ਅਰੁ ਮਰਦਨ ਉਬਟਨੇ ਦਾ ਕਰੇ॥ ਅਰ ਬਾਲਕ, ਯਹ ਮੰਤ੍ਰ ਹਿਰਦੇ ਮੈ ਪੜਤਾ ਰਹੈ :—

"ਏ ਸ੍ਰੀ ਅਕਾਲ ਪੁਰਖੁ ਜੀ, ਤੇਰੀ ਸਰਣਿ ਹਾਂ! ਜਿਉਂ ਜਾਣਹੁ, ਤਿਉਂ ਇਹੁ ਬਣਤ ਸੁਭ ਬਣਾਵਣੀ। ਰੱਖ ਲੇਵਹੁ! ਤੁਮ ਬਿਨਾਂ ਹਮਾਰਾ ਕੋਈ ਨਾਹੀਂ! ਪਤਿ ਰੱਖਣੀ!!" ੨॥

ਜਬ ਦਿਨ ਸੰਜੋਗ ਕਾ ਆਵੈ, ਤਾਂ ਇਕ ਘੜੀ ਦਿਨ ਰਹੰਦੇ, ਬਾਲਕ ਨੋ ਗਰਮ ਪਾਣੀ ਨਾਲਿ ਇਸਨਾਨ ਕਰਾਵੈ, ਚਉਕੀ ਉਪਰਿ॥ ੩

ਉਹਾਂ ਭੀ ਬਰਛੀਆਂ ਚਾਰੋਂ ਵਲਿ ਖੜੀਆਂ ਕਰਿ ਕੇ ਉਪਰਿ ਮਉਲ੍ਹੀ ਨਾਲਿ ਬੰਨ੍ਹੈ। ਚਉਕੀ

---

1. ਨਵੇਂ, ਅਣਲੱਗ।
2. ਦੁਪਹਿਰ ਸਮੇਂ।

www.Mahapurakh.com

ਸੌ ਬਰਛੀਆਂ ਅੱਧ ਅੱਧ ਗਜ ਫੇਰ[1] ਨਾਲਿ ਗੱਡੈ; ਤਿਸਦੇ ਤਲੇ ਨਾਵ੍ਹੈ॥ ੪॥

ਅਰੁ ਸੱਤ ਵਾਰੀ "ਸ੍ਰੀ ਗੁਰੂ ਅਕਾਲ ਪੁਰਖ ਤੇਰੀ ਸਰਣਿ ਹਾਂ" ਕਹੈ॥ ੫॥

ਅਰੁ—

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ੧॥
"ਚਕ੍ਰ ਚਿਹਨ ਅਰੁ ਬਰਨ, ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ, ਭੇਖ ਕੋਊ ਕਹਿ ਨ ਸਕਤ ਕਿਹ॥
ਅਚਲ ਮੂਰਤਿ ਅਨਭਉ, ਪ੍ਰਕਾਸ਼ ਅਮਿਤੋਜ ਕਹਿਜੈ॥
ਕੋਟਿ ਇੰਦ੍ਰ ਇੰਦ੍ਰਾਣਿ, ਸਾਹ ਸਾਹਾਣਿ ਗਣਿਜੈ॥
ਤ੍ਰਿਭਵਨ ਮਹੀਪ ਸੁਰ ਨਰ ਅਸੁਰ, ਨੇਤ ਨੇਤ ਬਨ ਤ੍ਰਿਣ ਕਹਤ॥
ਤੂ ਸਰਬ ਨਾਮ ਕਥੈ ਕਵਨ, ਕਰਮ ਨਾਮ ਬਰਨਤ ਸੁਮਤਿ"॥ ੨॥

ਇਹ ਨਾਮ ਮੰਤ੍ਰ ਕਹੈ, ਸਤ ਸਤ ਵਾਰੀ॥ ੬

ਫੇਰਿ ਜੋੜਾ ਸੁਪੇਦ ਪਹਰੈ ; ਅਤੇ ਜਾਮਾ ਅਗਲਬੰਦੀ ਹੋਵੈ। ਅਰੁ ਪਾਇਜਾਮਾ ਜੋ ਹੋਵੈ: ਉਸਦੇ ਉਪਰਿ ਮੌਜੇ ਕੱਪੜੇ ਦੇ ਪਹਿਰੈ। ਅਰੁ ਅੰਦਰਿ ਸੁੱਥਨ ਕੇ ਕਾਛਨੀ[2] ਪਹਰੇ। ਅਉਰ ਸਭ ਕੱਪੜੇ ਸੁਪੇਦ ਜਿਉਂ ਹੋਨਿ, ਤਿਵੈਂ ਪਹਿਰੈ। ਤਿਸ ਊਪਰਿ ਪ੍ਰੇਮ ਜਨੇਊ—ਜਿਉਂ ਉਪਰਿ ਕਹਿਆ ਹੈ, ਤਿਉਂ ਹੀ—ਪਹਿਰੇ॥ ੭॥

ਤਿਸ ਉਪਰਿ ਗਹਨੇ ਜੋ ਕਛੁ ਗੁਰੂ ਬਾਬਾ ਦੇਵੈ, ਸੋ ਪਹਰੇ। ਜੜਾਊ ਬਾਜੂ-ਬੰਦ, ਸਰਪੇਚ ਜੜਾਊ ਬੰਧੀਆ, ਜੜਾਊ ਜਹਾਂਗੀਰੀਆਂ[3], ਹੋਰ ਜੋ ਕਛੁ ਗਹਿਣਾ ਹੋਵੈ, ਸੋ ਪਹਿਰੇ॥ ਜੇ ਆਪਣੇ ਹੋਵਹਿੰ ਤਾਂ ਅਤਿ ਭਲਾ, ਨਾਹੀ ਲੈਹ ਤਾਂ ਪਰੇ॥ ਅਰੁ ਪਾਇਜੇਬਾਂ ਜ਼ਰੂਰ ਪਹਿਰੇ; ਸੁਇਨੇ ਦੀਆਂ॥ ਅਰੁ ਮੁਕਟ ਪਹਿਰੇ—ਸੇਹਰਾ ਸੁਇਨੇ ਦਾ। ਵਿਚਿ ਉਸ ਦੇ ਲੜੀਆਂ ਮੋਤੀਆਂ ਸੁੱਚਿਆਂ ਦੀਆਂ ਹੋਵਨਿ। ਸੋ ਮੱਥੇ ਉਪਰਿ ਪਹਰੇ॥ ੮

ਫੂਲੋਂ ਕੀ ਮਾਲਾ ਗਲੇ ਮੇਂ ਅਰੁ ਸਿਰ ਪਰ ਰੱਖੈ। ਅਰੁ ਜੋੜੇ ਉਪਰਿ ਕੇਸਰ ਛਿੜਕੇ॥ ੯

ਦਿਨ ਨੂੰ ਅਗੇ ਹੀ ਭੋਜਨੁ ਮਾਸ ਕਾ ਮਸਾਲਿਆਂ ਨਾਲ ਕਰੇ। ਅਰੁ ਬੀੜੇ ਮਸਾਲਿਆਂ ਆਲੇ ਚੱਬੇ॥ ੧੦॥

ਫੇਰਿ ਦੁਇ ਘੜੀਆਂ ਰਾਤਿ ਗੁਦਰੇ, ਤਾਂ ਅਸਵਾਰੀ ਕਰੇ, ਵਾਜਿਆਂ ਨਾਲਿ॥ ਅਰੁ ਖੁਸਬੋਈ—ਅਤ੍ਰ ਕੱਪੜਿਆਂ ਨੋ ਬਹੁਤੁ ਲਾਵੈ॥ ੧੧॥

ਅਰੁ ਹਥਿਆਰ ਪਹਿਰ ਕੇ ਸਵਾਰ ਹੋਵੈ॥ ੧੨॥

ਜਬ ਜਾਨੈ ਕਿ ਸਾਹੁਰੈ ਘਰਿ ਆਇ ਪਹੁਚਿਆ ਹਾਂ, ਤਬ ਸੁਰਤਿ ਅਪਨੀ ਸਾਸ ਸਾਸ ਸ੍ਰੀ ਗੁਰੂ ਅਕਾਲ ਪੁਰਖੁ ਬਿਖੇ ਰੱਖੇ॥ ੧੩॥

ਅਰੁ ਅਸਵਾਰੀ ਦੇ ਸਮੇ ਜਥਾ ਸਕਤਿ ਵਿੱਤਿ[4] ਗੱਭਰੂ ਦੇ ਸਿਰ ਪਰਿ ਵਾਰਕੇ ਦੇਂਦਾ ਜਾਵੈ, ਸੁਟਦਾ ਜਾਵੈ॥ ੧੪॥

---

1. ਫਰਕੁ, ਵਿੱਥੁ।

2. ਜਾਂਘੀਆ, ਛੋਟਾ ਕਛਹਿਰਾ।

3. ਜਹਾਂਗੀਰੀ ਰੁਪਯਾ, ਇਕ ਤੋਲਾ ਚਾਂਦੀ ਦਾ; ਜਿਨ੍ਹਾਂ ਨੂੰ ਕੁੰਡੇ ਲਾ ਕੇ ਹਮੇਲਾਂ (ਕੰਢੀਆਂ) ਬਣਾਉਂਦੇ ਹਨ।

4. ਧਨੁ।

www.Mahapurakh.com

ਅਰੁ ਜਉਨ ਜਗਹ ਗਭਰੂ ਕੇ ਬੈਠਨੇ ਕੀ ਸਾਹੁਰੇ ਕੇ ਲੋਕ ਮੁਕੱਰਰ ਕਰਨਿ, ਉਥੇ ਸਭ ਜਾਇ ਬੈਠਨਿ॥ ਅਨੰਦ ਸਬਦ ਬਾਣੀ ਗਾਵਨਿ, ਇੱਕ ਸੁਣਨਿ॥ ੧੫

ਅਰੁ ਜਿੱਥੇ ਗੱਭਰੂ ਬੈਠੇ, ਉੱਥੇ ਅਗਰ ਖੁਸਬੋਈ ਦੀ ਧੂਪ ਦੇਂਦੇ ਰਹਨਿ॥ ੧੬

ਗੱਭਰੂ ਮਸਾਲਿਆਂ ਨਾਲਿ ਬੀੜੇ ਦਬਾਵੰਦਾ ਰਹੈ॥ ਸਬਦ ਸੁਨਤਾ ਰਹੈ। ਤ ਇਸ ਦੇ ਸਭ ਮਨੋਰਥ ਰਾਸ ਹੋਵਨਿ॥ ੧੭॥ ੪

## ਪੰਚਮ ਬਚਨ—ਜੱਗ ਕੀ ਬਿਧਿ

ਜਬ ਸਮਾ ਸੰਜੋਗ ਕਾ ਆਵੈ; ਪਹਰ ਰਾਤਿ ਰਹੰਦੀ ਨੋ; ਤਬ ਗਭਰੂ ਕਉ ਚਉਕੀ ਉੱਤ੍ਰ ਦਿਸਾ ਕੀ ਉਪਰਿ, ਨਵੀਨ ਤੁਲਾਈ ਵਿਛਾਇਕੈ, ਬੈਠਾਏ॥ ਮੁਹ ਬਾਲਕ ਕਾ ਦੱਖਣ ਦਿਸਾ ਵਲਿ ਰਹੇ—ਸਾਹਮਣੇ ਕੰਨਿਆ ਕੇ॥ ੧॥

ਅਰੁ ਭਗਉਤੀ ਨੰਗੀ ਕਰਿਕੈ, ਸੰਧੂਰ ਫੂਲ ਚੜ੍ਹਾਇਕੇ, ਉਸ ਜਾਇ ਪੱਛਮ ਵਲਿ, ਟੋਏ ਸਿਉਂ ਪਾਰਿ ਰੱਖੇ॥ ੨

ਫੇਰਿ ਟੋਆ ਬਾਲਕ ਵਲਿ ਰੱਖ ਕੇ, ਪੜਦਾ ਸਾਲੂ ਦਾ ਬਾਲਕ ਅਰੁ ਕੰਨਿਆ ਵਿਚਿ ਤਣਿਆ ਰਹੇ॥ ੩॥

ਤਬ ਕੰਨਿਆ ਕਉ ਸਭ ਗਹਣੇ, ਸੀਗਾਰ ਕਰਕੇ ਚਉਕੀ ਦੱਖਨ ਦਿਸਾ ਕੀ ਉਪਰਿ—ਸਾਹਮਣੇ ਬਾਲਕ ਦੇ ਬੈਠਾਏ॥ ਵਿਚਿ ਸਾਲੂ ਦਾ ਪੜਦਾ ਕਰਕੈ ॥ ੪॥

ਮਾਂਵੀਂ, ਕੰਨਿਆ ਵੱਲ ਬੈਠਨਿ॥ ਜਾਵੀਂ ਗਭਰੂ ਵਲਿ॥ ੫॥

ਪਰ ਜੇਤੇ ਲੋਕ ਹੋਵਨਿ, ਸਭਨਾਂ ਦੇ ਗਲ ਬਿਖੇ ਫੂਲੋਂ ਕੀ ਮਾਲਾ ਹੋਵਨਿ॥ ੬॥

ਤਬ ਏਕ ਸਿੱਖ ਖ਼ਾਲਸਾ ਸ੍ਰੀ ਅਕਾਲ ਪੁਰਖੁ ਜੀ ਕਾ, ਸ਼ਬਦ ਕਾ ਬੇਤਾ, ਸੁੱਧ ਬਾਣੀ ਕਾ ਹਿਤਕਾਰੀ, ਪੜ੍ਹਿਆ ਹੋਆ, ਪ੍ਰਧਾਨ ਰਹਿਤ ਔਦਰ, ਸਾਵਧਾਣ ਉਮਰ ਅੰਦਰਿ ਹੋਵੈ। ਅਤੇ ਬੇਮਤਲਬ ਜੋ ਮਾਇਆ ਵਲਿ ਆਸ ਨ ਕਰਿ ਬੈਠੇ; ਗੁਰਮੁਖਿ ਹੋਵੈ; ਤਿਸਨੋ ਸੰਜੋਗ ਬਿਧਿ ਕਰਨੇ ਕੀ ਨਿਮਿਤ, ਸੰਜੋਗ ਬਿਖੈ ਬੈਠਾਈਐ। ਉਸ ਪਾਸ ਤੇ ਸੰਜੋਗ ਬਿਧਿ ਕਰਾਈਐ॥ ੭॥

ਤਬ ਇਹ ਬਿਧਿ ਕਰੇ :—ਜੁ ਪਹਲਾਂ ਪੁੱਛੇ ਕੰਨਿਆ ਕਉਂ :—

"ਅਮਕਾ ਨਾਮ, ਅਮਕੇ ਕਾ ਪੁੱਤ੍ਰ, ਅਮਕੇ ਕਾ ਪੋਤ੍ਰਾ, ਅਮਕੀ ਜਾਤਿ, ਬਰਨ
ਅਮਕਾ, ਰੰਗ ਐਸਾ, ਏਤੀ ਉਮਰ ਹੈ। ਸ੍ਰੀ ਗੁਰੂ ਅਕਾਲ ਪੁਰਖੁ ਜੀ ਕਾ ਖ਼ਾਲਸਾ ਹੈ।
ਸ੍ਰੀ ਅਕਾਲ ਪੁਰਖੁ ਜੀ ਕੀ ਆਗਿਆ ਸੋਂ ਸੰਜੋਗ ਪਾਏ ਤੇਰੇ ਸੰਜੋਗ ਦੇ ਵਾਸਤੇ ਆਇ
ਬੈਠਾ ਹੈ—ਉੱਤ੍ਰ ਦਿਸਾ ਵਲਿ ਸਾਹਮਣੇ!"

ਇਹ ਬਚਨ ਓਹ ਗੁਰਮੁਖ ਸਿੱਖ ਕਹੈ

ਤਬ ਏਕ ਗੁਰਮੁਖ ਸਿੱਖ ਖ਼ਾਲਸੇ ਕਾ ਕੰਨਿਆ ਕੀ ਵਲਿ ਹੋਵੈ! ਇਹ ਬਚਨ ਸੁਨ ਕੇ, ਮਾਤਾ ਪਿਤਾ ਕੰਨਿਆ ਕੇ ਕੀ ਓਰ ਤੇ ਕਹੈ, ਜੋ—

"ਜੀ! ਗੁਰਮੁਖ ਖ਼ਾਲਸਾ ਪਰਉਪਕਾਰੀ ਦੁਹਾਂ ਵਲਾਂ ਦੇ ਸੁਖ ਨੂੰ
ਇਉਂ ਬਚਨ ਕਹੰਦਾ ਹੈ। ਸ੍ਰਵਨ ਕਰਿਕੇ, ਸਮਝਕਰਿ ਉਤ੍ਰ ਦੀਜੈ!"

ਤਬ ਕੰਨਿਆ ਤੇ ਯੋਂ ਕਹਵਾਈਐ :—

"ਆਗਿਆ ਸ੍ਰੀ ਅਕਾਲ ਪੁਰਖੁ ਕੀ ਸੋਂ ਸੰਜੋਗ ਹੈ ਮਾਥੇ ਪਰ ਹੈ। ਅਰੁ ਮਾਤਾ-ਪਿਤਾ ਕੀ ਆਗਿਆ ਸਿਰ ਪਰ ਹੈ!!"

ਤਬ ਮਾਤਾ-ਪਿਤਾ ਕੰਨਿਆ ਕਾ ਕਹੇ; ਜੁ "ਭਲਾ ਹੈ ਜੀ! ਸੰਜੋਗ ਹੋਵੈ!!"੧੦

www.Mahapurakh.com

ਇਸੀ ਜੁਗਤਿ ਵਹੁ ਗੁਰਮੁਖ, ਪਿਤਾ ਬਾਲਕ ਕੇ ਕਉ ਪੁੱਛੇ, ਜੋ—

"ਅਮਕਾ ਨਾਮ, ਅਮਕੇ ਦੀ ਬੇਟੀ, ਅਮਕੇ ਕੀ ਪੋਤ੍ਰੀ, ਅਮਕੀ ਜਾਤਿ, ਬਰਨ ਅਮਕਾ, ਰੰਗ ਐਸਾ, ਏਤੀ ਉਮਰ, ਸ੍ਰੀ ਗੁਰੂ ਅਕਾਲ ਪੁਰਖੁ ਕੀ ਖ਼ਾਲਸਾ ਹੈ। ਸ੍ਰੀ ਅਕਾਲ ਪੁਰਖੁ ਕੀ ਆਗਿਆ ਸੌਂ ਸੰਜੋਗ ਪਾਇ, ਤੇਰੇ ਸੰਜੋਗ ਵਾਸਤੇ ਬੈਠੀ ਹੈ—ਦੱਖਣ ਦਿਸਾ ਵਲਿ ਸਾਹਮਣੇ। ਅਰੁ ਇਸ ਕੀ ਮਨਸਾ ਆਸਾ ਹੈ—ਧਨ ਕਰਿ, ਪੁੱਤ੍ਰ ਕਰਿ, ਸੁਖ ਕਰਿ, ਸੰਪੂਰਨ ਕਰੈ। ਅਉਰ ਵਲਿ ਦ੍ਰਿਸਟਿ ਮਲੀਨ ਕਰਿ ਨ ਦੇਖੈ। ਜੋ ਉਪਚਾਰ[1] ਤ੍ਰਿਹੁੰ ਗੁਣਾ ਕੀ ਮਾਇਆ ਕਾ ਕਰੇ; ਸੋ ਮੁਝ ਅਰਧ-ਸਰੀਰੀ ਕਉ ਪੁੱਛ ਕੇ ਕਰੇ। ਇਤਨੇ ਕਰਮ ਕਬੂਲ ਕਰਿਕੇ, ਸੰਜੋਗ ਕੀ ਰੀਤਿ ਮੁਝ ਮਾਇਆ ਸਰੂਪੀ ਕੀ ਕਰੇ। ਤਬ ਮੈ ਅਰਧ-ਸਰੀਰੀ ਉਚਿਤ ਹੋਵਉਂ! ਅਰੁ ਜੋ ਤੁਮਾਰੇ ਮਨ ਬਿਖੈ ਆਵੈ, ਸੋ ਉਚਰੀਐ॥"੧੧॥

ਤਬ ਉਸ ਬਾਲਕ ਕਾ ਪਿਤਾ, ਅਥਵਾ ਚਾਚਾ, ਤਾਇਆ; ਅਵਰ ਕੋਈ ਵੱਡਾ ਹੋਵੈ; ਸੋ ਇਹ ਬਚਨ ਸੁਨਿ ਕਰਿ; ਬਾਲਕ ਸਿਉਂ ਇਹ ਜਵਾਬ ਦਿਵਾਵੈ; ਕਿ :—

"ਧੰਨ ਭਾਗ ਹਮਾਰੇ ਹੈਂ, ਜੋ ਖ਼ਾਲਸੇ ਕੇ ਅੰਸ ਸੌਂ ਹਮਾਰਾ ਸੰਜੋਗ ਹੋਵੈ। ਅਤੇ ਹਮ ਕਉ ਖ਼ਾਲਸਾ ਕਰੀਐ। ਜੋ ਕਿਛੁ ਮਨਸਾ ਹੈ, ਸ੍ਰੀ ਅਕਾਲ ਪੁਰਖੁ ਸੰਪੂਰਨ ਕਰੈਗਾ ; ਇਸ ਕੀ ਅਰੁ ਮੇਰੀ! ਹਮ ਜੰਤ ਹੈਂ, ਵਹ ਜੰਤਨੀ ਹੈ। ਅਤੇ ਅਪਨੀ ਸਕਤਿ ਕਰਿ ਕਿਸੀ ਬਾਤ ਕੀ ਪਹਿਨਾਮੀ[2] ਤ੍ਰਿਗੁਣੀ ਮਾਇਆ ਕੀ ਨ ਕੀਜੀਐਗੀ। ਅਰੁ ਖ਼ਾਲਸੇ ਕੀ ਪੁਤ੍ਰੀ ਕਾ ਸੰਜੋਗ ਮੁਝ ਕ੍ਰਿਮ ਜੰਤ ਸਾਥ ਹੋਵੈ ਜੀ! ਕਿਛੁ ਦਾਨ ਮੁਝ ਕ੍ਰਿਮ ਜੰਤ ਕੋ ਕਰੇਗਾ, ਜੋ ਆਗਿਆ ਸੌਂ ਸਿਵਾਇ ਬਚੇਗਾ, ਸੋ ਅੱਗੇ ਇਸਕੇ ਰੱਖਾਂਗਾ! ਇਸ ਮਹਿ ਫੇਰੁ ਨਾਹੀ!!"

ਇਸੀ ਜੁਗਤਿ ਸੱਤ-ਸੱਤ ਵਾਰੀ, ਦੁਹੂੰ ਵੱਲਾਂ ਤੋਂ ਕਹਵਾਈਐ॥ ੧੨॥

ਜਬ ਕਹਾਇ ਪਹੁਚੇ, ਤਬ ਪੜਦਾ, ਜੋ ਕੰਨਿਆ ਅਰੁ ਗਭਰੂ ਵਿਚਿ ਦੂਰ ਕਰੀਐ॥ ਅਰੁ ਫੂਲੋਂ ਕੀ ਮਾਲਾ ਬਾਲਕ ਤੇ ਕੰਨਿਆ ਕੇ ਗਲਿ ਬਿਖੈ ਪਾਈਐ॥ ੧੩॥

ਫੇਰਿ ਬਾਲਕੁ ਅਰੁ ਕੰਨਿਆ ਅਪਨੀ ਅਪਨੀ ਚਉਕੀ ਉਪਰਿ ਜਾ ਬੈਠਨਿ॥ ੧੪॥

ਫੇਰਿ ਬੈਸੰਤ੍ਰ, ਪਲਾਸ ਕੀ ਲੱਕੜੀ ਨਾਲਿ, ਉਸ ਟੋਏ ਵਿਚਿ ਪ੍ਰਚੰਡ ਕਰੇ ਘਿਉ ਨਾਲਿ। ਅਰੁ ਕਹੇ :—

"ਏ ਬੈਸੰਤ੍ਰ ਦੇਵਤਾ! ਏ ਸ੍ਰੀ ਭਗਉਤੀ ਜੀ! ਏ ਸ੍ਰੀ ਖ਼ਾਲਸਾ ਜੀ! ਸ੍ਰੀ ਗੁਰੂ ਅਕਾਲ ਪੁਰਖੁ ਕੀ ਆਗਿਆ ਸੌਂ, ਅਮਕੇ ਕੀ ਪੁੱਤ੍ਰੀ, ਅਮਕੇ ਕੀ ਪੋਤ੍ਰੀ, ਅਮਕਾ ਨਾਮ, ਅਮਕਾ ਰੰਗ ਬਰਨ, ਅਮਕੇ ਕੇ ਪੁਤ੍ਰ ਪੋਤ੍ਰੇ ਅਮਕਾ ਨਾਮ, ਅਮਕਾ ਰੰਗ ਬਰਨ—ਸਾਥਿ ਸੰਜੋਗ ਸ੍ਰੀ ਅਕਾਲ ਪੁਰਖੁ ਕੀ ਆਗਿਆ ਸੌਂ ਹੋਇਆ ਹੈ; ਸੁਭ ਸਮੇਂ ਬਿਖੈ। ਦੋਨੋ ਜੀਅ ਸੁਖੀ ਰਹਨਿ॥ ਤੁਮ ਸਾਖੀ ਹੋਵਹੁ!!"

ਸੱਤ ਵਾਰੀ ਕਹੈ, ਸੱਤ ਵਾਰੀ ਘ੍ਰਿਤ ਡਾਲੇ॥ ਅਰੁ ਇਸੀ ਤਰਹ ਸ੍ਰੀ ਭਗਉਤੀ ਅਰੁ ਖ਼ਾਲਸੇ ਅੱਗੇ ਅੱਰਦਾਸਿ ਕਰੈ। ਹੱਥ ਜੋੜੇ :—"ਤੁਮ ਭੀ ਸਾਖੀ ਹੋਵਹੁ" ਅਰੁ ਹਰ ਮਰਤਬੇ, ਘ੍ਰਿਤ ਅਗਨਿ ਬਿਖੈ ਡਾਲੇ॥ ੧੫

1. ਵਰਤੋਂ-ਵਿਹਾਰ, ਸਲੂਕ।
2. ਪਸ਼ੇਮਾਨੀ, ਪੱਛੋਤਾਵਾ।

www.Mahapurakh.com

ਦੁਹੀਂ ਵਲੀਂ ਕਹੈ; ਜੋ :—

"ਕੰਨਿਆ ਅਰੁ ਬਾਲਕ ਮੈ ਆਪਸ ਮੋ ਬਚਨ ਹੁਇਕੇ
ਸੰਜੋਗ ਹੋਇਆ ਹੈ। ਸੋ ਤੁਮ ਸਾਖੀ ਹੋਵਹੁ!"

ਸੱਤ ਵਾਰੀ ਕਹੇ॥ ੧੬

ਸ੍ਰੀ ਗੁਰੂ ਅਕਾਲ ਪੁਰਖੁ ਅਗੈ ਇਸੀ ਤਰਹ, ਜਿਉਂ ਉਪਰਿ ਕਹਿਆ ਹੈ, ਅਰਦਾਸਿ ਕਰੈ ਅਰੁ ਏਹ ਭੀ ਕਹੈ :

"ਜੀ! ਇਨ੍ਹਾਂ ਜੀਆਂ ਦਾ ਆਪਸ ਵਿਚਿ, ਤੇਰਾ ਹੁਕਮ ਪਾਇ ਸੰਜੋਗ ਹੋਇਆ ਹੈ। ਖੁਸ਼ੀ ਕਰਨੀ। ਸੁਖਾਲੀ ਗੁਜਰਾਨ ਹੋਵੈ; ਸਿਮਰਨ ਭਜਨ ਬਿਖੈ ਹੋਵੈ! ਮੇਲੁ ਮਿਲਿਆ ਰਹੈ!!" ੧੭॥

ਫੇਰਿ ਦੋਵੈਂ ਚਉਕੀਆਂ ਪੱਛਮ ਦਿਸਾ ਵਲਿ ਵਿਛਾਏ। ਕੰਨਿਆ ਅਰੁ ਬਾਲਕ ਦੋਵੈਂ ਇਕੱਠੇ ਬੈਠਾਈਐ। ਜਿਸ ਜੁਗਤਿ ਬੈਠਤੇ ਆਏ ਹੈਨਿ। ਮੂੰਹ ਉਨਕਾ ਪੂਰਬ ਦਿਸਾ ਸਾਹਮਨੇ ਕਰੀਐ। ਕੰਨਿਆ ਕਉ ਦਾਹਨੀ ਦਿਸਾ ਵਲਿ ਬਾਲਕ ਕੇ ਬੈਠਾਵੇ। ਅਰੁ ਗੰਢ ਬਾਲਕ ਦੇ ਪਟਕੇ ਸਾਥ, ਕੰਨਿਆ ਕੇ ਉਪ੍ਰਲੇ ਕੱਪੜੇ ਸਿਉਂ, ਬੀਚਿ ਲਾਇਚੀ ਡਾਲ ਕਰਿ ਚਿਤ੍ਰੇ॥ ੧੮॥

ਅਰੁ ਜਗਹ ਸੰਜੋਗ ਕੀ ਮੋਂ ਅਗਰ ਕੀ ਧੂਪ ਦੇਂਦੇ ਰਹਨਿ॥ ਅਰੁ ਉਸ ਟੋਏ ਵਿਚਿ ਅਗਨਿ ਪ੍ਰਚੰਡ ਕਰੇ, ਘ੍ਰਿਤ ਪਾਇ ਕਰਿ॥ ੧੯

ਫੇਰਿ, ਲਾਵਾਂ ਫੇਰੇ ਲੈਨਿ। ਅਗੈ ਬਾਲਕਾ ਹੋਵੈ, ਪਿਛੈ ਕੰਨਿਆ। ਅਤੇ ਸੱਜੀ ਵਲਹੁੰ ਫੇਰੇ ਫੇਰਨਿ, ਉਸ ਟੋਏ ਗਿਰਦ॥ ੨੦॥

ਜਬ ਚਉਕੀ ਪਾਸ ਦੋਨੋਂ ਆਵਹਿਂ, ਤਬ ਉਹ ਗੁਰਮੁਖ ਕਹਨ :—

"ਜੀ! ਤੁਮ ਤੀਨੋ—ਖ਼ਾਲਸਾ, ਸ੍ਰੀ ਭਗਉਤੀ, ਬੈਸੰਤ੍ਰ ਦੇਵਤਾ—
ਸਾਖੀ ਹੋਵਹੁ! ਪਹਿਲਾ ਫੇਰਾ ਲਇਆ ਹੈ॥"੨੧

ਤਬ ਗੁਰੂ ਕੀ ਬਾਨੀ ਕੀਆਂ ਲਾਵਾਂ ਗਾਵਨਿ। ਜਬ ਇੱਕ ਫੇਰਾ ਫਿਰਨ, ਤਬ ਪਹਿਲੀ ਲਾਂਵ ਪੜ੍ਹੇ॥ (ਸੁਰ ਸਾਥ) ਗਾਵਨੀ :—

ਰਾਗਿ ਸੂਹੀ ਪਾਤਿਸਾਹੀ ੪॥

ਹਰਿ ਪਹਿਲੜੀ ਲਾਂਵ, ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ॥
ਬਾਣੀ ਬ੍ਰਹਮਾ ਵੇਦੁ, ਧਰਮੁ ਦ੍ਰਿੜਹੁ; ਪਾਪ ਤਜਾਇਆ ਬਲਿਰਾਮ ਜੀਉ।
ਧਰਮੁ ਦ੍ਰਿੜਹੁ ਹਰਿਨਾਮੁ ਧਿਆਵਹੁ; ਸਿਮ੍ਰਿਤਿ ਨਾਮੁ ਦ੍ਰਿੜਾਇਆ॥
ਸਤਿਗੁਰੁ ਗੁਰੁ ਪੂਰਾ ਅਰਾਧਹੁ; ਸਭਿ ਕਿਲਵਿਖ ਪਾਪ ਗਵਾਇਆ॥
ਸਹਜ ਅਨੰਦ ਹੋਆ ਵਡਭਾਗੀ, ਮਨਿ ਹਰਿ ਹਰਿ ਮੀਠਾ ਲਾਇਆ॥
ਜਨੁ ਕਹੈ ਨਾਨਕੁ ਲਾਂਵ ਪਹਿਲੀ; ਆਰੰਭੁ ਕਾਜੁ ਰਚਾਇਆ॥ ੧॥

ਹਰਿ ਦੂਜੜੀ ਲਾਂਵ, ਸਤਿਗੁਰ ਪੁਰਖੁ ਮਿਲਾਇਆ ਬਲਿਰਾਮ ਜੀਉ॥
ਨਿਰਭਉ ਭੈ ਮਨੁ ਹੋਇ; ਹਉਮੈ ਮੈਲੁ ਗਵਾਇਆ ਬਲਿਰਾਮ ਜੀਉ॥
ਨਿਰਮਲੁ ਭਉ ਪਾਇਆ, ਹਰਿ ਗੁਣ ਗਾਇਆ; ਹਰਿ ਵੇਖੈ ਰਾਮੁ ਹਦੂਰੇ॥
ਹਰਿ ਆਤਮਰਾਮੁ ਪਸਾਰਿਆ ਸੁਆਮੀ; ਸਰਬ ਰਹਿਆ ਭਰਪੂਰੇ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ, ਮਿਲਿ ਹਰਿ ਜਨ ਮੰਗਲ ਗਾਏ॥
ਜਨ ਨਾਨਕ ਦੂਜੀ ਲਾਂਵ ਚਲਾਈ; ਅਨਹਦ ਸਬਦ ਵਜਾਏ॥ ੨॥

www.Mahapurakh.com

ਹਰਿ ਤੀਜੜੀ ਲਾਂਵ, ਮਨਿ ਚਾਉ ਭਇਆ; ਬੈਰਾਗੀਆ ਬਲਿਰਾਮ ਜੀਉ॥
ਸੰਤ ਜਨਾਂ ਹਰਿ ਮੇਲੁ, ਹਰਿ ਪਾਇਆ; ਵਡਭਾਗੀਆ ਬਲਿਰਾਮ ਜੀਉ॥
ਨਿਰਮਲੁ ਹਰਿ ਪਾਇਆ, ਹਰਿ ਗੁਣ ਗਾਇਆ; ਮੁਖਿ ਬੋਲੀ ਹਰਿ ਬਾਣੀ॥
ਸੰਤ ਜਨਾਂ ਵਡਭਾਗੀ ਪਾਇਆ, ਹਰਿ ਕਥੀਐ ਅਕਥ ਕਹਾਣੀ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ; ਹਰਿ ਜਪੀਐ ਮਸਤਕਿ ਭਾਗੁ ਜੀਉ॥
ਜਨ ਨਾਨਕੁ ਬੋਲੇ ਤੀਜੀ ਲਾਂਵੈ : ਹਰਿ ਉਪਜੈ ਮਨਿ ਬੈਰਾਗੁ ਜੀਉ॥ ੩॥

ਹਰਿ ਚਉਥੜੀ ਲਾਂਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਮੀਠਾ ਲਾਇਆ ਬਲਿਰਾਮ ਜੀਉ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨ ਦਿਨੁ ਹਰਿ ਲਿਵ ਲਾਈ॥
ਮਨਿ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥
ਜਨੁ ਨਾਨਕੁ ਬੋਲੈ ਚਉਥੀ ਲਾਂਵੈ, ਹਰਿ ਪਾਇਆ ਪ੍ਰਭੁ ਅਬਿਨਾਸੀ॥ ੪॥ ੨੨

ਜਬ ਦੂਜਾ ਫੇਰਾ ਫਿਰਨ ਤਬ ਦੂਜੀ ਲਾਂਵ ਪੜ੍ਹਨਿ ਗਾਵਿ ਕਰਿ। ਜਬ ਚਉਕੀ ਪਾਸ ਬਾਲਕੀ ਗਭਰੂ ਆਵਨਿ, ਤਬ ਕਹਨ; ਜੋ

"ਸਾਖੀ ਤੁਮ ਤੀਨੋ ਹੋਹੁ! ਸ੍ਰੀ ਗੁਰੁ ਅਕਾਲ ਪੁਰਖੁ
ਜੀ ਕੀ ਆਗਿਆ ਹੈ, ਤੁਮ ਕਉ!" ੨੩॥

ਜਬ ਏਕ ਫੇਰਾ ਲੈਨਿ, ਤਬ ਘ੍ਰਿਤ ਅਗਨੀ ਬਿਖੈ ਪਾਏ। ਅਰੁ ਕਹੈ; ਜੋ :—

"ਅਮਕੇ ਕੀ ਪੁੱਤ੍ਰੀ, ਅਮਕੇ ਕੀ ਪੋਤ੍ਰੀ, ਅਮਕਾ ਨਾਮ, ਅਮਕੇ ਕਾ ਪੁਤ੍ਰ, ਅਮਕੇ ਕਾ ਪੋਤ੍ਰਾ, ਅਮਕਾ ਨਾਮ ਹੈ। ਸੰਜੋਗ ਲਾਵਾਂ ਫੇਰੇ ਕਾ ਹੋਇਆ ਹੈ; ਤੁਮ ਸਾਖੀ ਹੋਵਹੁ!!" ੨੪॥

ਸੰਜੋਗ ਕੀ ਚਾਰ ਲਾਵਾਂ ਫੇਰੇ, ਇਸੀ ਤਰਹ ਦੇਵਨਿ। ਇਸ ਉਪਚਾਰ ਮੈ ਧੂਪ ਅਗਰ ਕੀ ਹੋਂਦੀ ਰਹੈ॥ ਫੇਰਿ ਅਗਨਿ ਠੰਢੀ ਕਰੀਐ॥ ੨੫

ਅਰੁ ਕੰਨਿਆ ਕਉ ਬਾਈਂ ਵਲਿ, ਜਹਾਂ ਗੱਭਰੂ ਬੈਠਾ ਥਾ, ਉਸ ਚਉਕੀ ਪਰ ਬੈਠਾਏ। ਅਰੁ ਬਾਲਕ ਕਉ ਕੰਨਿਆ ਕੀ ਜਾਗਾ॥ ੨੬॥

ਕੜਾਹੁ ਗੁਰੂ ਬਾਬੇ ਕਾ ਉਨ੍ਹਾਂ ਚਉਕੀਆਂ ਪਾਸਿ, ਉੱਚਾ ਕਰਿ ਰੱਖੇ। ਅੱਰਦਾਸਿ ਕਰੇ : ਜੁ—
"ਜੀ! ਇਨ੍ਹਾਂ ਜੀਆਂ ਦਾ ਆਪਸ ਮੈ ਸੰਜੋਗ, ਆਗਿਆ ਸ੍ਰੀ ਅਕਾਲ
ਪੁਰਖੁ ਕੀ ਪਾਇਕੇ ਹੋਇਆ ਹੈ। ਗੁਰੂ ਬਾਬਾ ਅਬਿਨਾਸੀ ਪੁਰਖੁ
ਸੁਖਾਲਾ ਰੱਖੇ; ਅਰੁ ਅਨੰਦ ਨਾਲਿ ਰੱਖੈ!!" ੨੭॥

ਅਰੁ ਪਾਹੁਲ ਖੰਡੇ ਦੀ ਲੜਕੀ ਅਰੁ ਗਭਰੂ ਕਉ ਦੇਵਨਿ॥ ੨੮॥

ਫੇਰਿ, ਪਿਤਾ ਕੰਨਿਆ ਕਾ, ਅਪਨੀ ਇਸਤ੍ਰੀ ਸਾਥਿ ਗੰਢ ਉਸੇ ਤਰ੍ਹਾਂ ਚਿਤ੍ਰ ਕੇ ਕੜਾਹੁ ਕੜਾਹੀ ਵਿਚੋਂ ਲੈ ਕਰਿ, ਕੰਨਿਆ ਕੇ ਹਥਿ ਦੇਵੇ। ਫੇਰਿ ਕੰਨਿਆ ਕਾ ਹੱਥ ਪਕੜ ਕੇ, ਗਭਰੂ ਹਥਿ ਪਕੜਾਏ। ਅਰੁ ਕਹੈ, ਜੋ—

"ਮੈ ਇਸ ਪੁੱਤ੍ਰੀ ਕਉ, ਆਗਿਆ ਸ੍ਰੀ ਅਕਾਲ ਪੁਰਖੁ ਕੀ ਸੌਂ, ਇਸ
ਬਾਲਕ ਕਉ ਸਮੇਤ ਗਹਨੇ ਅਰੁ ਜੋ ਕਿਛੂ ਦੇਨਾ ਹੈ ਜਥਾ ਸਕਤਿ ;

www.Mahapurakh.com

ਸੋ, ਸਭ ਵਸਤੂ ਸਾਥਿ ਦਿੱਤੀ ਹੈ! ਖੁਸ਼ੀ ਕਰਹੁ ਤੁਮ ਖ਼ਾਲਸਾ ਜੋ ਇਨ੍ਹਾਂ ਦਾ ਮਨੋਰਥ ਪੂਰਾ ਹੋਵੈ!!"

ਫੇਰਿ ਉਹ ਕੜਾਹੀ ਕੰਨਿਆ ਤੇ ਲੈਕਰਿ, ਗਭਰੂ ਅਪਨੇ ਮੁਹ ਪਾਏ॥ ੨੯

ਅਨੰਦ ਪੰਜ ਪਉੜੀਆਂ ਪੜ੍ਹਾਏ, ਗਾਵਿ ਕਰਿ। ਅਨੰਦ ਪੜ੍ਹ ਕੇ ਕੜਾਹ ਵੰਡੀਐ॥ ਜੋ ਉਸ ਵਖਤ ਹਾਜ਼ਰ ਹੋਵਨਿ ਉਨ੍ਹਾਂ ਕਉ ਦੇਵੇ॥ ੩੦

ਫਿਰਿ ਅਨੰਦ ਪੰਜ ਪਉੜੀਆਂ ਗਾਵਨਿ। ਅਤੇ ਕੜਾਹੀ ਬਾਲਕ ਦੇ ਹੱਥੋਂ ਬਾਲਕੀ ਕੇ ਮੁਖ ਪਵਾਈਐ; ਪੜਦੇ ਮੌਂ॥ ੩੧॥

ਕੜਾਹੀ ਅਗਲੇ ਦਿਨ ਸੁਬਾਹ ਨੋ ਫੇਰ ਕਰਕੇ, ਅਪਨੇ ਭਾਈ ਬਿਰਾਦਰੀ ਅੰਦਰਿ ਵੰਡੇ। ਤਥਾ ਸਿੱਖਾਂ ਦੋਸਤਾਂ, ਯਾਰਾਂ ਦੇ ਘਰੀਂ ਵੰਡੇ॥ ੩੨॥

ਫੇਰਿ ਲੜਕੇ ਅਰੁ ਲੜਕੀ ਕਉ ਉਸ ਜਾਗਹ ਸੰਜੋਗ ਕੀ ਸੋਂ ਅਉਰ ਠਉਰ ਬੈਠਾਏ॥ ਸਮਿਗ੍ਰੀ ਸੰਜੋਗ ਕੀ, ਉਸ ਠਉਰ ਤੇ ਉਠਾਇਕੈ, ਠਿਕਾਨੇ ਲਾਏ॥ ੩੩॥ ੫

## ਛਟਮ ਬਚਨ

ਅਬਿ ਇਨਾੱਮ ਸੰਜੋਗ ਕਾ, ਅਰੁ ਲਾਗ ਲਗਾਇਤਾ ਕਾ, ਜਥਾ ਸਕਤਿ ਆਪਨੀ ਦੇਵੈ॥ ੧॥

ਸੰਜੋਗ ਕੇ ਸਮੇਂ ਮੰਗਲਾਚਾਰ ਹੋਵੈ॥ ਬਾਲਕੀ ਬਾਲਕੇ ਤੇ, ਜੋ ਆਪਨਾ ਕੁਲਾਧਰਮੁ ਹੋਵੈ, ਸੋ ਉਨ੍ਹਾਂ ਪਾਸੋਂ ਕਰਵਾਏ॥ ਅਉਰ ਪੂਜਾ ਕਿਸੀ ਦੇਵੀ ਦੇਵਤੇ ਦੀ ਨ ਕਰਾਏ। ਜੰਤ੍ਰ ਮੰਤ੍ਰ, ਟੋਨਾ-ਟਾਮਿਨ ਨ ਕਰੇ॥ ਇਸਤੇ ਕਿਛੁ ਫਲੁ ਨਾਹੀਂ, ਅੰਤਿ, ਬੁਰਾ ਹੈ। ਇਸ ਲੋਕ ਪਰਲੋਕ ਸਰਮਿੰਦਾ, ਮੁਹ ਕਾਲਾ ਹੋਵੈਗਾ। ਜੋ ਕਿਛੁ ਕਰੇ, ਸੋ ਸ੍ਰੀ ਵਾਹਗੁਰੂ ਅਕਾਲ ਪੁਰਖੁ ਅਗੇ ਬੇਨਤੀ ਸਹਤ ਕਰੇ। ਜੋ—

> "ਜੀ! ਮਿਹਰਵਾਨ! ਇਨ੍ਹਾਂ ਜੀਆਂ ਵਿਚਿ ਸੁਖੁ ਹੋਵੈ! ਗੁਰਮਤਿ ਦਾ ਪ੍ਰਗਾਸ ਹੋਵੈ; ਅਤੇ ਇਨ੍ਹਾਂ ਵਿਚ ਪਿਆਰ ਹੋਵੇ! ਅਤੇ ਇਹ ਬਾਲਕੀ ਅਪਨੇ ਭਰਤੇ ਨੋ ਪਰਮੇਸੁਰ ਕਰਿ ਜਾਨੇ ਸੇਵਾ ਕਰੇ; ਪਤਿਵਰਤਾ ਹੋਵੈ! ਅਰੁ ਇਹ ਬਾਲਕ ਇਸ ਬਾਲਕੀ ਉਪਰਿ—ਅਰਧ-ਸਰੀਰੀ ਅਪਨੀ ਜਾਨਿ ਕੇ ਮਿਹਰ ਕਰੇ! ਜੋ ਕਿਛੁ ਗੁਰੂ ਬਾਬਾ ਦੇਵੇ, ਸੋ ਇਸਨੋ ਇਸਦੀ ਵੰਡ ਦੇਵੇ! ਅਰੁ ਜਤ ਸਤ ਨਾਲਿ ਰਹਨਿ॥ ਇਸਤ੍ਰੀ ਦਾ ਗੁਰੂ-ਪਰਮੇਸੁਰ ਭਰਤਾ ਹੀ ਹੈ। ਅਉਰ ਕਿਸੀ ਓਰਿ ਦੇਖੇ ਨਾਹੀ!" ਯਹੀ ਅੱਰਦਾਸਿ ਕਰੇ ; ਜੋ ਸਭ ਕਾਰਜ ਸਿੱਧ ਹੋਵੈਹਿ॥ ੨॥

ਅਰੁ ਜੋ ਗੁਰਮੁਖ ਸੰਜੋਗ ਬਿਧਿ ਕਰੇ ; ਅਰੁ ਕਿਛੁ ਲੇਵੈ ਨਾਹੀਂ, ਤਾਂ ਓਸ ਨੂੰ ਕੋਟਿ ਗੁਰਪੁਰਬ ਕੀਏ ਕਾ ਫਲੁ ਹੋਤਾ ਹੈ। ਕਦਾਂਚ ਕਿਛੁ ਲੇਵੈ ; ਤਾਂ ਕੋਟਿ ਹੱਤਿਆ ਬਿਘਨ ਲੱਗਨਿ॥ ੩॥ ੬

## ਸਪਤਮ ਬਚਨ

ਸੰਜੋਗ ਤੇ ਅਗਲਾ ਦਿਨ ਜਬ ਹੋਇ, ਤਬ ਪਹਰ ਦਿਨ ਚੜ੍ਹ ਪ੍ਰਸਾਦੁ ਹਾਜਰੀ, ਅਥਵਾ ਮਿਠਾਈ, ਮੇਵਾ, ਕਿਆ ਹੋਰ ਭਾਂਤਿ ਦੇ ਪ੍ਰਸਾਦ ਖਿਲਾਵੈ ਜਾਂਞੀਆਂ ਨੋ। ਅਤੇ ਜੋ ਅਪਨੀ ਸਕਤਿ ਹੋਵੈ, ਤਾਂ ਬਿਰਾਦਰੀ ਦੇ ਲੋਕਾਂ ਨੇ, ਹੋਰ ਮਿੱਤ੍ਰ-ਇੱਠ ਹੋਵੈ; ਬੁਲਾਇ ਖਿਲਾਵੈ। ਫੇਰਿ ਰਾਤਿ ਨੂੰ ਅੱਛਾ ਪ੍ਰਸਾਦੁ—ਮਾਸ ਮੱਛੀ, ਹੋਰ ਭਾਂਤਿ ਭਾਂਤਿ ਦੇ ਪ੍ਰਸਾਦ ਜਾਂਞੀਆਂ ਨੂੰ ਖਿਲਾਵੈ॥ ੭॥

www.Mahapurakh.com

# ਅਸਟਮ ਬਚਨ

ਸੁਹਾਗ ਰਾਤਿ ਕੀ ਬਿਧਿ—ਫੇਰਿ ਬਾਲਕ ਵਲੋਂ, ਚਾਰ ਘੜੀਆਂ ਦਿਨ ਰਹੰਦੇ, ਬਾਲਕੀ ਦੇ ਵਾਸਤੈ ਜੋੜਾ ਜਾਮਾ ਭੇਜਨਿ। ਪਾਇਜਾਮਾ, ਜੋ ਮੌਜਿਆਂ ਦੀ ਤਰਹ ਹੋਵੇ। ਬੁਰਕਾ ਟੋਪੀ ਪਰਾਂਦਾਰ ਹੋਵੈ। ਅੱਗੇ ਮੂੰਹ ਦੇ ਜਾਲੀਦਾਰ ਹੋਵੈ। ਐਸੀ ਤਰਹ ਹੋਵੈ : ਅੱਗੇ ਤੇ ਜਬ ਚਾਹੀਐ ਜਾਲੀ ਡਾਰਿ ਦੀਜੈ, ਪਰਦਾ ਹੋਵੈ। ਜਬ ਚਾਹੀਐ ਜਾਲੀ ਉਠਾਇ ਦੀਜੈ : ਮੁਹੁ ਖੁਲ੍ਹੈ। ਇਸ ਤਰਹ ਕਾ ਬੁਰਕਾ ਹੋਵੈ। ਅੱਗੇ ਤੇ ਜਿਉਂ ਹੁੰਦਾ ਹੈ, ਤਿਉਂ ਹੀ ਹੋਵੇ। ਅਰੁ ਓਢਣੀ ਸਾਲੂ ਦੀ ਹੋਵੈ। ਅਰੁ ਗਹਣੇ ਸੁਇਨੇ, ਰੁਪੇ ਦੇ, ਅਰੁ ਫੂਲੋਂ ਕੇ ਹੋਵਹਿਂ। ਖੁਸ਼ਬੋਈ—ਅਤ੍ਰ, ਗੁਲਾਬ, ਚੋਆ, ਗੁਲਾਬ ਦਾ ਪਾਨੀ। ਬੀੜੇ ਅਰੁ ਸਭ ਸਾਜ ਸੀਂਗਾਰ ਜਥਾ ਸਕਤਿ ; ਸਪਤਮੀ ਦੀ ਰਾਤਿ ਨੂੰ—ਤੀਸਰੇ ਦਿਨ ਸੰਜੋਗ ਤੇ ;—ਬਾਲਕੀ ਦੇ ਮਾਤਾ-ਪਿਤਾ ਦੇ ਗ੍ਰਿਹ ਬਿਖੈ, ਬਾਜਾ ਬਜਾਵਤੇ, ਲੈ ਆਵਣਾ॥ ੧[1]

ਫੇਰਿ ਬਾਲਕੀ ਨੂੰ ਗਰਮ ਪਾਨੀ ਨਾਲ ਉਬਟਨ ਮਲ ਕੇ ਨੁਵਾਏ। ਫੇਰਿ ਜੋ ਸਾਜ ਲੜਕੇ ਵਲੋਂ ਆਇਆ ਹੋਵੇ, ਸੋ ਲੜਕੀ ਕਉ ਪਹਿਨਾਵੈ॥ ੨

ਜਬ ਜਾਨੇ ਕਿ ਪ੍ਰਸਾਦੁ ਰਾਤਿ ਦਾ ਜੰਞ ਨੋ ਖਵਾਲ ਪਹੁੰਚੇ ਹਾਂ। ਤਬ ਮਾਤ-ਪਿਤਾ ਬਾਲਕੀ ਕੋ ਪਲੰਘ, ਪੀੜ੍ਹੇ, ਉਪਰਿ ਤੁਲਾਈ ਲੇਫ ਵਿਛਾਇਕੈ ਬਹਾਲੇ॥ ੩

ਫਿਰਿ ਜਥਾ ਸਕਤਿ ਹੰਢਵਾਈ[2] ਕੱਪੜੇ, ਗਹਣੇ, ਘ੍ਰਿਤ-ਪਕ ਪ੍ਰਸਾਦੁ ਰੱਖੈ ਬਾਲਕ ਨੋ ਭੀ ਪਲੰਘ ਉਪਰਿ ਬਹਾਲੈ॥ ੪॥

ਫਿਰਿ ਅਰਦਾਸਿ ਕਰੇ :—

"ਜੀ ਅਰਦਾਸਿ ਹੈ, ਸ੍ਰੀ ਗੁਰੂ ਅਕਾਲ ਪੁਰਖੁ ਅੱਗੇ, ਖ਼ਾਲਸੇ ਅੱਗੇ; ਜੋ ਇਨ੍ਹਾਂ ਜੀਆਂ ਦਾ ਆਪਸ ਵਿਚ ਹੁਕਮੁ ਪਾਇ, ਲੇਖ ਕਰਿ, ਸੰਜੋਗ ਹੋਇਆ ਹੈ। ਅਰੁ ਇਸ ਲੜਕੀ ਦੇ ਮਾਤਾ-ਪਿਤਾ ਨੇ ਜਥਾ ਸਕਤਿ ਜੋ ਕਿਛੁ ਹੋਇਆ ਹੈ; ਸੋ ਕੱਪੜਿਆਂ ਕਰਿ; ਗਹਿਣੇ ਕਰਿ; ਹੰਢਵਾਈ ਕਰਿ; ਨਕਦ ਕਰਿ; ਘ੍ਰਿਤ-ਪੱਕ ਪ੍ਰਸਾਦ ਕਰਿ; ਪਲੰਘ, ਪੀੜੇ, ਲੇਫ, ਤੁਲਾਈ ਕਰਿ; ਅਥਵਾ ਹੋਰ ਜੋ ਕੁਛੁ ਹੋਇ ਆਇਆ ਹੈ; ਸੋ, ਅੱਗੇ ਰੱਖੇ ਹੈਨਿ: ਕਬੂਲ ਪਵੈ! ਅਰੁ ਇਨ੍ਹਾਂ ਤੇ ਕਿਛੁ ਹੋਇਆ ਨਾਹੀ! ਤੁਮ ਖ਼ਾਲਸਾ ਹੋ, ਪੜਦਾ ਢੱਕਣਾ! ਅਤੇ ਇਹ ਦੋਵੇਂ ਜੀਅ ਸੁਖਾਲੇ ਰਹਨਿ॥ ਆਜ 'ਸੁਹਾਗ ਰਾਤ' ਹੈ, ਸ੍ਰੀ ਗੁਰੁ ਅਕਾਲ ਪੁਰਖ ਸੁਹਾਗ ਸੁੱਖ ਰੱਖੇ! ਅਰੁ ਬਾਲਕੀ ਸੇਵਾ ਭਰਤੇ ਕੀ ਕਰੇ!!"੫[3]

ਤਬ ਉਸ ਰਾਤਿ—ਜੋ 'ਸੁਹਾਗ ਰਾਤਿ'[4] ਹੈ; ਪਲੰਘਾਚਾਰ ਤੇ ਫਾਰਗ਼ ਹੋਇਕੇ ਸਮਿਗ੍ਰੀ ਠਿਕਾਨੇ ਲਗਾਵਣ॥ ੬॥

ਫੇਰਿ ਬਾਲਕੀ ਬਾਲਕੇ ਕਾ ਮੇਲ ਹੋਇ। ਤਬ ਏਕ ਪਲੰਘ ਪਰ ਦੋਵੇਂ ਇਕਠੇ ਹੋਇ, ਅਪਨੇ ਹੱਥ ਜੋੜ ਕੇ, ਧਿਆਨ ਸ੍ਰੀ ਗੁਰੂ ਅਕਾਲ ਪੁਰਖੁ ਜੀ ਕਾ ਕਰਿਕੇ, ਬੇਨਤੀ ਕਰਨਿ। ਜੋ :

"ਜੀ, ਪਾਕੀ ਨਾਈ ਪਾਕ! ਅਸਾਡਾ ਦੋਹਾਂ ਜੀਆਂ ਦਾ ਸੰਜੋਗ, ਤੇਰਾ ਹੁਕਮ ਪਾਇਕੈ ਹੋਇਆ ਹੈ। ਸੁੱਖ ਕਰੀਂ! ਆਪਸ ਮੇਂ ਪਿਆਰੁ ਹੋਵੇ। ਜਹਾਂ ਰੱਖਹਿ; ਤਹਾਂ ਇਕੱਠੇ ਹੀ ਰੱਖੀਂ!"

---

1. ਇਸ ਰੀਤਿ ਨੂੰ ਆਮ ਲੋਕ, 'ਵਰੀ ਦੀ ਰਸਮ' ਕਹਿੰਦੇ ਨਿ,
2. ਹੰਢਾਉਣ ਵਾਲੇ ਬਸਤ੍ਰ, ਬਿਸਤ੍ਰੇ ਤੇ ਭਾਂਡੇ ਆਦਿ।
3. ਇਸ ਰਸਮ ਦਾ ਪ੍ਰਚੱਲਤ ਨਾਮ—'ਖੱਟ ਰਖਣਾ'—ਹੈ।
4. ਇਹ ਰਸਮ ਵੀ ਅਜੇ ਤਕ ਨਗਰਾਂ-ਸ਼ਹਿਰਾਂ ਵਿਖੇ "ਰੀਤਾਂ" ਦੀ ਰਸਮ ਕਰਕੇ, ਜਾਰੀ ਹੈ।

www.Mahapurakh.com

ਜਥਾ ਸਕਤਿ ਅਰਦਾਸਿ ਰੱਖਣਾ। ਤਬ ਇਸਤ੍ਰੀ ਪੁਰਖੁ ਕਾ 'ਚਾਰ[1] ਕਰਨਾ॥ ੭॥

ਉਸ ਸਮੇਂ ਭੀ ਗੁਰ ਗੋਬਿੰਦ ਕਾ ਧਿਆਨੁ ਕਰਿ, ਨਾਮੁ ਮਨ ਬਿਖੈ ਜਪਹਿਂ। ਜੋ ਕਦਾਂਚ ਜੀਉ ਕੋਈ ਹੁਕਮ ਪਾਇ ਉਸ ਸਮੈ ਉਸ ਇਸਤ੍ਰੀ ਕੇ ਗਰਭ ਬਿਖੇ ਨਿਵਾਸ ਲੇਵੈ, ਸੋ ਗੁਰਮੁਖਿ ਖ਼ਾਲਸਾ ਹੋਵੈ॥ ੮॥ ੮

## ਨਾਵਾਂ ਬਚਨ

ਸੰਜੋਗ ਜੋ ਕਰੀਐ; ਸੋ ਕਬ ਕਰੀਐ? ਜੋ ਜਾਨੀਐ ਬਾਲਕ, ਬਾਲਕੀ ਸਿਆਨੇ ਹੈਨਿ—ਦੁਨੀਆਂ ਕੀ ਸੁਰਤਿ ਹੈ। ਤਬ ਸਤਾਰਾਂ ਵਰ੍ਹੇ ਦੀ ਉਮਰ ਵਿਚ ਸੰਜੋਗ ਕਰੇ॥ ਤਾਤਪ੍ਰਜ ਇਸ ਕਾ ਏਹੀ ਹੈ, ਜੋ ਦੋਨੋ ਜੁਆਨ ਹੋਹਿਂ; ਤਬ ਸੰਜੋਗ ਕਰੇ॥ ੧॥

ਅਰੁ ਜੋ ਕੁਛੁ ਦੋਹਾਂ ਵੱਲਾਂ ਤੇ—ਜਾਂਞੀਆਂ ਮਾਂਞੀਆਂ ਤੇ—ਜਥਾ ਸਕਤਿ ਹੋਵੈ, ਸੋ ਉਸਨੋ ਮੀਠਾ ਕਰਕੇ, ਰਾਜੀ ਕਰਕੇ ਲੇਵੇ। ਅਰੁ ਆਪਸ ਮੋ ਜੋ ਬਰਾਦਰੀ ਹੈ, ਸੋ ਭੀ ਭਲਾ ਕਹੈ,—ਤਾਰੀਫ਼ ਕਰੈ। ਓਹ ਭੀ ਆਪਸ ਮੋ ਜਾਂਞੀ ਮਾਂਞੀ ਕਿਸੀ ਬਾਤ—ਘੱਟ ਵੱਧ ਕੀ ਚਰਚਾ ਨ ਕਰਨਿ; ਅੰਤਹਕਰਨ ਕਰਿ ਰਾਜੀ ਰਹਨਿ॥ ਨਾ ਕੋਈ ਕਿਸੀ ਕੋ ਹਸੈ, ਨ ਨਾਉਂ ਰਖੈ[2]! ਜੋ ਕੋਈ ਕਿਸੀ ਬਾਤ ਕੀ ਚਰਚਾ ਕਰੇ, ਅਰੁ ਹਸੈ; ਉਸ ਕੋ ਅਪਨੇ ਮੇਲ ਤੇ ਛੇਕ ਕੱਢੀਐ। ਮਿਲਾਈਐ ਤਬ, ਜਬ ਬਹੁਤ ਬੇਨਤੀ ਕਰੇ, ਬਹੁਤ ਆੱਜਿਜ਼ੁ ਹੋਇ; ਫਿਰਿ ਕਿਸੀ ਕੋ ਹਸੈ ਨਾਹੀਂ। ਅਰੁ ਸਿੱਖ ਖ਼ੂਬ ਲੇਵੈ; ਤਬ ਮਿਲਾਈਐ, ਬਖਸ਼ੀਐ। ਐਸਾ ਕਰਨਾ, ਜੋ ਕੋਈ ਹੋਰ ਕਿਸੇ ਨੂੰ ਨਿੰਦੇ ਹੱਸੈ ਨਾਹੀ॥ ੨॥ ੯॥

## ਦਸਮਾ ਬਚਨ

ਜਬ 'ਸੁਹਾਗ ਰਾਤਿ' ਹੋਇ ਚੁਕੇ, ਤਬ ਅਗਲੇ ਦਿਨ ਜਾਂਞੀਆਂ ਥਾਵਹੁਂ ਖੁਸੀ ਲੇ ਲੇਵੈ—ਰੁਖਸਤ ਕਰੇ॥ ੧

ਲਗਾਇਤਾਂ ਨੂੰ ਭੀ ਜਥਾ ਸਕਤਿ ਦੇਵੈ—ਕੱਪੜਿਆਂ ਕਰਿ, ਨਕਦ ਕਰਿ ਵਿਦਿਆ ਕਰੇ॥ ਜੇ ਕੋਈ ਲਗਾਇਤ ਦੋਹਾਂ ਵੱਲਾਂ ਤੇ ਵਧੀਕ ਬੋਲੇ; ਤਾਂ ਬੋਲਣੇ ਨ ਦੇਵੈ। ਜਿਉਂ ਪਿੱਛੈ ਕਹਿਆ ਹੈ॥ ਅਰੁ ਯਹ ਬੋਲਣਾ ਲੈਣੇ-ਦੇਣੇ ਉਪਰਿ ਸੰਸਾਰੀਆਂ ਅਹੰਕਾਰੀਆਂ ਦੇ ਹੋਂਦਾ ਹੈ। ਗੁਰਮੁਖਿ, ਜੋ ਖ਼ਾਲਸਾ ਹੈ, ਇਨ੍ਹਾਂ ਗੱਲਾਂ ਵੱਲ ਦੇਖਦਾ ਨਾਹੀ। ਓਹ ਸਭ ਅਪਣੀ ਜਾਣਦਾ ਹੈ॥ ੨॥ ੧੦

## ਇਕਾਦਸਮੋ ਬਚਨ

ਜੋ ਬਾਲਕੀ ਕੇ ਮਾਤਾ-ਪਿਤਾ ਕਦਾਂਚ ਸਬੱਬ ਪਾਇ, ਬਾਲਕ ਦੇ ਮਾਪਿਆਂ ਦੇ ਗ੍ਰਿਹ ਬਿਖੇ ਜਾਵਹਿਂ। ਅਤੇ ਉਥੈ ਪ੍ਰਸਾਦੁ ਹੋਵੈ, ਤਾਂ ਖਾਣਾ। ਸਕੁਚਣਾ ਨਾਹੀਂ! ਏਹ ਅੱਨ ਨ ਖਾਣਾ ਸਭ ਭ੍ਰਮ ਹੈ, ਦੂਜਾ ਭਾਉ ਹੈ॥ ਜੋ 'ਹਮ ਬੇਟੀ ਕੇ ਗ੍ਰਿਹ ਕਿਉਂਕਰ ਖਾਹਿਂ!' ਇਹ ਸੰਸਾਰੀਆਂ ਦੇ ਹੰਕਾਰ ਹੈਨਿ॥ ਇਹ ਬਾਤ ਮਨ ਬਿਖੈ ਲਿਆਵਣਾ ਭ੍ਰਮ ਹੈ॥ ਜਹਾਂ ਖ਼ਾਲਸਾ ਹੋਇ, ਤਹਾਂ ਸੰਕੋਚ ਨਾ ਕਰੇ॥ ਜਬ ਬਿਉਹਾਰ ਬੇਟੀ ਬੇਟੇ ਦਾ ਨਾ ਹੋਵੈ, ਤਾਂ ਖਾਂਦੇ ਮਿਲਦੇ ਹੈਨ; ਜਬ ਗੁਰੂ ਬਾਬੇ ਖੰਮੀਰ,

1. ਆਚਾਰ-ਵਿਹਾਰ (ਮੈਥੁਨ), ਭੋਗ।
2. ਮਿਹਣਾਂ, ਤਾੱਨ੍ਹਾ ਮਾਰੇ।

www.Mahapurakh.com

ਖੰਮੀਰ ਨਾਲਿ ਮਿਲਾਇਆ, ਤਬ ਖਾਣੇ-ਪੀਣੇ ਦੀ ਆਪਸ ਮੈ ਰਹਤ ਹੋਈ। ਇਹ ਉਲਟੀ ਰੀਤਿ ਹੈ ਕੱਚੀ। ਕਿਹੜਿਆਂ ਦੀ? ਉਨ੍ਹਾਂ ਅਹੰਕਾਰੀਆਂ ਸਾਕਤਾਂ ਦੀ। ਇਹ ਖ਼ਸਲਤ[1] ਖ਼ਾਲਸੇ ਦੀ ਨਹੀਂ॥ ਖ਼ਾਲਸੇ ਨੋ ਖਾਣਾ ਖਿਲਾਣਾ ਸ੍ਰੀ ਗੁਰੂ ਅਕਾਲ ਪੁਰਖੁ ਬਖਸ਼ਿਆ ਹੈ। ਆਪਸ ਮੈ ਬੇਟੀ ਬੇਟੇ ਵਾਲੇ ਖਾਂਦੇ-ਪੀਂਦੇ ਰਹਿਨ। ਕਿਸ ਵਾਸਤੇ? ਜੋ ਗੁਰੂ ਨੇ ਦੋਵੇਂ ਸਾਕ ਕੀਤੇ ਹੈਨ॥ ੧੧॥

## ਦੁਆਦਸਮੋ ਬਚਨ

ਅਬ, ਸੰਜੋਗ ਜੁ ਕਰੈ, ਸੋ ਕਿਉਂਕਰਿ ਕਰੇ? ਕਹਾਂ ਕਰੇ? ਚਾਹੀਐ, ਜੋ ਪਹਿਲੇ ਬਰਨ ਬਰਨ ਏਕ ਹੋ ਜਾਹਿਂ। ਖੱਤ੍ਰੀ ਖੱਤ੍ਰੀ ਏਕ ਹੋਇ। ਬਡੀ ਛੋਟੀ ਜਾਤਿ ਕਾ ਬਿਚਾਰ ਆਪਸ ਮੈ ਨ ਕਰੈ॥ ੧

ਅਰੁ ਸਰੀਨ, ਬਵੰਜਾਈ, ਵਾਰਹੀ, ਅਢਾਈ ਘਰ, ਸਭ ਏਕ ਹੋਇ ਜਾਹਿਂ। ਆਪਸ ਮੈ ਕਿਸੀ ਬਾਤ ਕਾ ਬੀਚਾਰ ਨ ਕਰੈਂ॥ ੨॥

ਅਰੁ ਕਦਾਂਚ ਸਬਬ ਪਾਇ ਕਿਸੀ ਅਉਰ ਜਾਤਿ ਕੀ ਗ੍ਰਿਹ ਬਿਖੈ ਇਸਤ੍ਰੀ ਕਰਿ ਰੱਖੀ ਹੋਇ। ਅਰੁ ਉਸ ਕੀ ਅਉਲਾਦ ਹੋਇ; ਬੇਟੀ ਕਿ ਬੇਟਾ! ਉਸਕਾ ਬੀਚਾਰ ਨ ਕਰੇ। ਕਿਉਂ? ਬਰੁ ਸੁੱਧ ਚਾਹੀਐ। ਪੁੱਤ੍ਰੀ ਜੁ ਹੋਇ; ਸੁ ਉੱਤਮ ਠਉਰ ਬਿਖੈ ਦੇਵੈ। ਭਾਵੇਂ ਉਹ ਲੜਕੀ ਦਾਸੀ ਤੇ ਹੋਇ, ਭਲੀ ਠਉਰ ਬਿਖੈ ਦੇਵੈ। ਅਰੁ ਉਹ ਜੋ ਅਗੇ ਖ਼ਾਲਸਾ ਹੋਵੈ, ਸੋ ਜਾਣੈ; ਜੋ ਧੰਨ ਭਾਗ ਮੇਰੇ ਹੈਂ, ਜੋ ਖ਼ਾਲਸੈ ਕੀ ਬੇਟੀ ਕਾ ਮੁਝ ਪਾਪੀ ਕੇ ਬੇਟੇ ਕਉ ਸੰਜੋਗ ਹੋਤਾ ਹੈ। ਅਪਨੀ ਭਲੀ ਉੱਤਮ ਜਾਤਿ ਦੇਖ ਕੇ, ਅਰੁ ਉਸ ਕਾ ਸੰਸਾਰੀ ਸੂਤ ਮਲੀਨਤਾ ਕਾ ਦੇਖ ਕੈ, ਗਰਬੇ ਨਾਹੀਂ॥ ੩

ਯਹ ਆਪ ਹੀ ਇਹ ਬਾਤ ਸੁਣ ਕੇ ਬੇਟੇ ਵਾਲੇ ਦੀ ਮਿੰਨਤ ਕਰਕੇ, ਭਲੇ ਆਦਮੀ ਸਿੱਖ ਖ਼ਾਲਸੇ ਕੇ ਕਉ ਬੀਚਿ ਡਾਲਕੇ ਕਰੇ, ਨਿਸਬਤ ਸੰਜੋਗ ਕਰੈ॥ ੪॥

ਅਰੁ ਜੋ ਕਦਾਂਚ ਬੀਚਾਰ ਉਤਮ ਅਰੁ ਮਲੀਨਤਾਈ ਕਾ ਕਰੈਗਾ, ਅੰਤਕਾਲਿ ਜਮ ਦੇ ਹਵਾਲੇ ਹੋਵੈਗਾ। ਭਾਈ ਸਜਾਇ ਪਵੈਗਾ। ਉਸ ਕਉ ਹਲਾਲ-ਖੋਰ ਚੂਹੜੇ ਕੀ ਜੂਨਿ ਬਿਖੇ ਲਾਇ ਕੈ, ਬਿਸਟਾ ਉਠਵਾਈਐਗਾ॥ ੫

ਅਤੇ ਜੋ ਕੋਈ ਖ਼ਾਲਸਾ ਜਾਣਕੇ, ਕਾਈ ਗੱਲ ਹੇਠੀ ਦੀ ਜਾਣੇ, ਤਾਂ ਮਨ ਬਿਖੈ ਨ ਲਿਆਵੈ॥ ੬॥

ਅਰੁ ਬੇਟੇ ਕੀ ਨਿਸਬਤ ਸੰਜੋਗ ਜਹਾਂ ਜਾਨੈ ਤਹਾਂ ਕਰੈ। ਇਸ ਕਾ ਬੀਚਾਰੁ ਨ ਕਰੇ। ਅਤੇ ਬੇਟੀ ਕਾ ਸਮਝ ਕੇ ਕਰੈ॥੭

ਅਰੁ ਕਦਾਂਚ ਕੋਈ ਸਬੱਬ ਆਇ ਬਨੇ, ਅਰੁ ਆਗੇ ਉਸ ਲੜਕੇ ਮੈਂ ਕੋਈ ਮੈਲੁ ਹੈ। ਅਤੇ ਦਸ ਪੰਜ ਸਿੱਖ ਭਲੇ ਇਸ ਕੰਮ ਨੂੰ ਬਰਜਦੇ ਹੈਨਿ॥ ਤਾਂ ਫੇਰ ਨ ਕਰੇ, ਖ਼ਾਲਸ ਜਾਨਕੇ। ਬਰਨ ਖ਼ਾਲਸੇ ਕਾ ਸਭ ਪਵਿਤ੍ਰ ਹੈ। ਬੇਟੀ ਕਾ ਸੰਜੋਗ ਉਸ ਲੜਕੇ ਸਾਥਿ ਕਰੈ॥ ੮॥

ਅਰੁ ਜੋ ਖ਼ਾਲਸਾ ਸ੍ਰੀ ਗੁਰੂ ਅਕਾਲ ਪੁਰਖੁ ਕਾ ਹੈ; ਉਸ ਬਿਖੈ ਕੋਈ ਆਪਸ ਮੈ ਜੁਦਾਇਗੀ ਨਾਹੀਂ। ਸਭ ਏਕ ਬਰਨ ਹੋਇ ਜਾਹਿਂ॥ ੯॥

ਜੋ ਕਦਾਂਚ ਸਾਇਤ ਪਾਇਕੇ ਨ ਹੋਇ ਸਕਨਿ, ਤਾਂ ਬਰਨ ਬਰਨ ਇਕੱਠੇ ਹੋਨਿ। ਖੱਤ੍ਰੀ ਖੱਤ੍ਰੀ, ਬ੍ਰਾਹਮਨ ਬ੍ਰਾਹਮਨ, ਸੂਦ ਸੂਦ, ਅਰੋੜਾ ਅਰੋੜਾ, ਸੁਨਿਆਰ ਸੁਨਿਆਰ, ਭਾਟੀਆ ਭਾਟੀਆ, ਰਾਜਪੂਤ ਰਾਜਪੂਤ, ਲੋਹਾਰ ਤਿਖਾਨ ਏਕ ਹੋਨ। ਜ਼ੱਟ ਜੱਟ, ਜੋ ਜੋ ਜਾਤਿ ਹੋਹਿਂ : ਸੋ ਆਪਸ

1. ੨੧ ਨੰਬਰ ਪੋਥੀ ਵਿਚ ਪਾਠ 'ਮੱਤਿ' ਹੈ।

www.Mahapurakh.com

ਸੋਂ ਮਿਲ ਜਾਹਿੰ, ਨਿਸਬਤ ਕਰਕੇ। ਹੋਰ ਬਿਚਾਰ ਨ ਕਰਨਿ॥ ੧੦

ਅਰੁ ਜੋ ਕਦਾਂਚ ਕੋਈ ਹੋਰ ਜਾਤਿ ਹੈ, ਅਰੁ ਉਸ ਕਉ ਆਪਸ ਮੈ ਸੰਜੋਗ ਬੇਟੀ ਬੇਟੇ ਕਾ ਬਨ ਨਾਹੀ ਆਵਤਾ : ਅਰੁ ਬੇਟੀ ਕਾ ਸੰਜੋਗ ਜ਼ਰੂਰ ਖ਼ਾਲਸੇ ਮੈ ਕਰਨਾ ਆਇਆ ਹੈ। ਅਰੁ ਬੇਟੇ ਕਾ ਕਹੀਂ ਹੋਵੈ; ਐਬ ਨਾਹੀਂ। ਤਬ ਉਸ ਕੀ ਬੇਟੀ ਕੀ ਨਿਸਬਤ, ਜਹਾਂ ਕਹੀਂ ਕੋਈ ਬਰਨ ਨਜੀਕੀ ਮਿਲਦਾ ਹੋਇ, ਤਹਾਂ ਕਰੇ॥ ੧੧॥

ਜਹਾਂ ਕਹੀਂ ਐਸੀ ਜ਼ਰੂਰ ਹੋਇ; ਤਾਂ ਇਉਂ ਕਰੈ : ਖੱਤ੍ਰੀ, ਬ੍ਰਾਹਮਨ ਨਾਲਿ ਕਰੇ। ਅਰੋੜਾ, ਖੱਤ੍ਰੀ ਨਾਲ ਕਰੇ। ਸੁਨਿਆਰ, ਅਰੋੜੇ ਨਾਲਿ ਕਰੇ। ਸੂਦ, ਅਰੋੜੇ ਨਾਲਿ ਕਰੇ। ਕੰਬੋਇ ਅਰੁ ਕਾਇਬ ਕਰੈ। ਕੰਬੋ ਅਰੁ ਸੁਨਾਰ ਕਰੇ। ਜੱਟ ਅਰੁ ਕੰਬੋਇ ਕਰੇ। ਛੀਂਬਾ ਅਰੁ ਧੋਬੀ ਅਰੁ ਕੰਬੋਇ ਮਿਲਨਿ। ਅਰੁ ਕਲਾਲ ਭੀ ਇਨ੍ਹਾਂ ਵਿਚਿ ਮਿਲਨਿ। ਅਰੁ ਅਉਰ ਜੋ ਜਾਤਿ ਹੈਨਿ, ਸੋ ਇਸੀ ਤਰਹ ਮਿਲਨ, ਜ਼ਰੂਰ ਨੂੰ। ਕਿਸ ਵਾਸਤੇ ? ਜੋ ਖ਼ਾਲਸੇ ਮੈ ਬਿਉਹਾਰ ਬੇਟੀ ਬੇਟੇ ਕਾ ਕਰਨਾ ਆਇਆ ਹੈ॥ ੧੨॥

ਅੰਤ ਕਉ ਸਭ ਸਮੇ ਪਾਇਕੈ ਏਕ ਬਰਨ ਹੋਇਗੀ। ਪਰ ਇਹ ਜੁਗਤਿ ਮਾਰਗ ਸ੍ਰੀ ਗੁਰੂ ਅਕਾਲ ਪੁਰਖੁ ਹੀ ਕੀਏ ਹੈਂ। ਜੋ ਆਗੇਹੀ ਮੰਨੈਗਾ; ਸੁ ਆਪਣੇ ਧਰਮ ਬਿਖੈ ਰਹੈਗਾ॥ ੧੩॥

ਨਹੀਂ ਤਾਂ ਮਲੇਛਾਂ ਨਾਲਿ ਮਿਲਕੈ ਏਕ ਬਰਨ ਹੋਇ ਜਾਹਿੰਗੇ। ਜੋ ਕੋਈ ਇਸ ਮਾਰਗ ਉੱਪਰ ਚਲੇਗਾ, ਸੋ ਖ਼ਾਲਸਾ ਰਹੈਗਾ। ਉਸ ਕਉ ਆਂਚ ਕਲਜੁਗ ਕੀ ਲਗਨੇ ਨ ਪਾਵੈਗੀ। ਇਹੁ ਪਰਉਪਕਾਰ ਸਤਿਗੁਰ ਪੁਰਖ ਕਾ ਹੈ। ਆਪਣੇ ਜਾਣਕੇ ਕਹਿਆ ਹੈ। ਬਿਰਦ ਸਮ੍ਹਾਲਿਆ ਹੈ। ਜਿਸ ਨੋ ਗੁਰ ਮਨਾਏਗਾ, ਸੋ ਚੇਤੇਗਾ। ਅਤੇ ਜੋ ਬਿਚਾਰ ਕਰੇਗਾ, ਸੋ ਅੰਤ ਪਛੋਤਾਵੈਗਾ॥ ੧੪॥

ਜੋ ਕੋਈ ਜਾਤਿ ਖ਼ਾਲਸੇ ਕੀ ਪੁੱਛੇ, ਤਾਂ ਅੱਗੇ ਤੇ ਆਖੈ—"ਸੋਢੀ ਖੱਤ੍ਰੀ ਹਾਂ!" ਅਰੁ ਇਉਂ ਹੀ ਕਹਾਵਣਾ। ਅਪਨੀ ਜੋ ਜਾਤਿ ਹੋਵੈ, ਅੱਲਿ[1] ਕਰਕੈ ਜਾਨਣੀ॥ ੧੫॥

ਆਪਣੀ ਅੱਲਿ ਬਿਖੈ ਬਿਉਹਾਰ ਬੇਟੇ ਬੇਟੀ ਕਾ ਨਾ ਕਰੇ। ਅਉਰ ਸਭ ਥਾਇੰ ਕਰੈ॥ ੧੬॥

ਇਉਂ ਕਰੇ : ਜੋ ਕਦਾਂਚ ਨਾਨੇ ਕੀ ਜਾਤਿ ਬਿਖੇ ਲੜਕੀ ਹੋਇ, ਤਬ ਤਿੰਨ ਪੀੜ੍ਹੀਆਂ ਨਾਨੇ ਅਪਣੇ ਦੀਆਂ ਛਡਿ ਕੇ, ਅਉਰ ਸਭ ਮੈ ਕਰੈ॥ ੧੭॥

ਇਕ ਫੁੱਫੀ ਦੀ ਅਉਲਾਦ ਬਿਖੈ ਨਾ ਕਰੈ। ਅਉਰ ਜਹਾਂ ਸੰਜੋਗ ਬਨਿ ਆਵੈ, ਤਹਾਂ ਕਰੈ॥ ੧੮॥

ਪਰ ਏਕ ਕਰੈ : ਪ੍ਰਸਾਦੁ ਜਹਾਂ ਗੁਰੂ ਕੇ ਨਿਮਿਤ ਕਾ ਹੋਇ; ਤਹਾਂ ਸਭ ਖਾਇ। ਗਿਲਾਨਿ ਨ ਕਰੇ॥ ਕਿਉਂ ਜੋ ਸਭ ਪੈਦਾਇਸ਼—ਪੁੱਤ੍ਰ ਸ੍ਰੀ ਗੁਰੂ ਅਕਾਲ ਪੁਰਖੁ ਕੇ ਹੈਂ। ਫੇਰਿ ਤੱਤ ਜੋ ਹੈ, ਸੁ ਖ਼ਾਲਸਾ ਹੈ। ਇਸ ਸਿਉਂ ਕਿਉਂਕਰਿ ਗਿਲਾਨਿ ਕਰੇ!! ੧੯

ਪਰ ਏਕ ਕਰੇ, ਜਬ ਇਤਨੀਆਂ ਜਾਤਾਂ ਵਿਚੋਂ ਜੇ ਕੋਈ ਪ੍ਰਸਾਦੁ ਕੀਆਂ ਚਾਹੈ; ਤਬ ਇਉਂ ਕਰੇ : ਯਾ ਸੀਧਾ ਯਾ ਨਕਦ, ਕਿਸੀ ਅਉਰ ਜਾਤਿ ਕੇ ਖ਼ਾਲਸੇ ਨੂੰ ਦੇਵੇ; ਉਦੇ ਹਥੋਂ ਪਕਵਾਇ ਖਿਲਾਵੈ। ਇਤਨੀਆਂ ਜਾਤਾਂ ਹੱਥੋਂ ਖ਼ਾਲਸੇ ਨੂੰ ਖਾਣਾ ਮਨੇ ਹੈ :—ਇਕ ਚੂਹੜਾ ਹਲਾਲ ਖੋਰ. ਇਕ ਚਮਿਆਰ, ਇਕ ਸਾਂਹਸੀ, ਇਕ ਧਾਨਕ, ਇਕ ਕਲਾਲ੍—ਜੋ ਮਦ ਚੁਆਇੰਦਾ ਹੋਵੈ। ਹੋਰ ਕਲਾਲ੍ ਦੇ ਖਾਇ। ਇਨ੍ਹਾਂ ਜਾਤਾਂ ਦੇ ਹੱਥ ਨ ਖਾਏ। ਜਿਸ ਬਿਧਿ ਕਹਿਆ ਹੈ, ਤਿਸਿ ਬਿਧਿ ਖਾਏ। ਕਿਉਂਜੋ ਕਰਮ ਕਰਕੇ ਖਾਣਾ ਮਨ੍ਹਾ ਹੈ॥ ਹੋਰ ਐਬ ਇਨ੍ਹਾਂ ਵਿਚਿ ਕੋਈ ਨਾਹੀਂ। ਸ੍ਰੀ ਗੁਰੁ ਅਕਾਲ ਪੁਰਖੁ ਕੇ ਸਭ ਏਕ ਹੈਂ। ਜਬ ਉਸਕੇ ਏਕੁ ਹੀ ਹੈਂ, ਤਬ ਉਸ ਜੋ ਮਾਰਗੁ ਹੈ—ਪੰਥੁ; ਤਿਸ ਮੈ ਤਾਂ ਏਕ ਦ੍ਰਿਸਟਿ ਚਾਹੀਐ। ਜੋ ਕਹੈ, "ਮੈਂ ਖ਼ਾਲਸਾ ਸ੍ਰੀ ਗੁਰੂ ਅਕਾਲ ਪੁਰਖੁ ਕਾ ਹੋਂ"॥ ੨੦॥ ੧੨

---

1. ਉੱਪਨਾਮ, ਮਸ਼ਹੂਰ ਹੋਇਆ ਨਾਉਂ।

www.Mahapurakh.com

# ਤ੍ਰਿਯੋਦਸਵਾਂ ਬਚਨ—ਪਰ ਸੰਜੋਗ[1] ਕੀ ਬਿਧਿ ਜੁਗਤਿ ਕਾ

ਜਿਸ ਇਸਤ੍ਰੀ ਕਾ ਭਰਤਾ ਕਾਲ ਪਾਇ ਕੈ ਕਾਲਬਸਿ ਹੋਇਆ ਹੋਇ; ਚਾਹੀਐ ਜੋ ਉਸ ਕੇ ਪਿੱਛੇ ਜਤ ਸਤ ਸੀਲ ਪਾਲੇ॥ ੧॥

ਅਰੁ ਕਦਾਂਚ ਕਾਮ ਕੇ ਬਲ ਕਰਿ—ਜੋ ਕਾਮ ਮਹਾਂ ਪ੍ਰਬਲ ਹੈ, ਭਈ ਤਪੀਸੁਰਉਂ ਕਉ ਅਰੁ ਰਿਖੀਉਂ ਕਉ ਅਪਨੇ ਧਰਮ ਤੇ ਗਿਰਾਇਆ ਡੁਲਾਇਆ ਹੈ। ਸੁਰ ਨਰ ਮੁਨਿ ਜਨ ਇੰਦ੍ਰ ਸਾਰਖੇ, ਗੋਤਮ ਸਾਰਖੇ, ਸ੍ਰਿੰਗੀ ਰਿਖਿ ਸਾਰਖੇ;—ਜੋ ਨਾਮਿ ਕਹਿ ਸੁਨਾਊਂ, ਤਉ ਏਕ ਗ੍ਰੰਥ ਇਨ ਕੀ ਬਾਰਤਾ ਕਾ ਹੋਇ ਥੋੜ੍ਹੇ ਮੈ ਬਹੁਤ ਕਹਿਆ ਹੈ—ਇਸ ਕਾਮਦੇਵ ਨੇ ਦੇਵਤੇ ਸਭ ਛਲੇ ਹੈਂ; ਫੇਰਿ ਇਸਤੇ ਆਦਮੀ ਜਾਮੇ ਨੂੰ ਕਿਆ ਦੋਸ ਦਿੱਚੇ! ਫੇਰਿ ਇਸ ਵਿਚੋਂ ਇਸਤ੍ਰੀ ਦੇ ਜਾਮੇ ਨੂੰ—ਜੋ ਮਰਦ ਤੇ ਸਤਰਹ ਹਿੱਸੇ ਕਾਮ ਇਸਨੋ ਵਧੀਕ ਹੈ॥ ਫੇਰਿ ਇਹ ਆਦਮੀ ਕਾ ਜਾਮਾ ਕਿਆ, ਜਿ ਇਸਤ੍ਰੀ ਬਿਗੈਰ ਰਹੈ! ਅਰੁ ਇਸਤ੍ਰੀ ਮਰਦ ਬਗੈਰ ਰਹੈ॥ ੨

ਜੋ ਸਬਬ ਪਾਇ ਪੁੱਤ੍ਰ ਜੁਆਨ ਅਰੁ ਮਾਤਾ ਉਸਕੀ, ਏਕ ਘਰਿ ਏਕਲੇ ਸੋਵੈਂ, ਤਾਂ ਇਤਬਾਰ ਉਨ ਕੀ ਰਹਤ ਕਾ ਨ ਕਰੇ; ਜੋ ਇਹ ਮਨੁੱਖ ਕਾਮ ਕੇ ਬਸਿ ਹੈ। ਸਤਜੁਗ ਤ੍ਰੇਤਾ ਦੁਆਪਰ ਜੁਗ ਮੈ ਭਲੇ ਭਲੇ ਤਪਸੀਉਂ ਕਉ ਕਾਮ ਨੇ ਛਲਾ ਹੈ। ਕਲੂ ਕੇ ਤੋ ਇਹ ਲਛਨ ਹੈਨਿ, ਕਿਉਂਕਰਿ ਬਚੇ! ਕਿਸੀ ਤਰਹ ਬਚਦਾ ਨਾਹੀ॥ ਤਬ ਇਹ ਆਦਮੀ ਕਿਆ ਹੈ, ਜੁ ਇਸ ਤੇ ਰਹੈ! ਫਿਰ ਜਾਮਾ ਇਸਤ੍ਰੀ ਕਾ, ਇਸ ਦੀ ਤਾਂ ਮੱਤਿ ਹੋਛੀ ਹੈ, ਚਪਲ ਹੈ। ਅਪਨਾ ਭਲਾ ਬੁਰਾ ਜਾਣਦੀ ਨਹੀਂ। ਕਿਉਂਜੋ ਖਮੀਰ ਇਸ ਕਾ ਹਠ ਕਾ ਹੈ। ਜੋ ਕਿਛੁ ਬੁਰਾ ਭਲਾ ਇਸਤੇ ਹੋਂਦਾ ਹੈ, ਸੋ ਹਠ ਕਰਿ ਕਰਦੀ ਹੈ।—ਸਤਜੁਗ, ਦੁਆਪਰ, ਤ੍ਰੇਤੇ ਬਿਖੈ ਜਿਨ੍ਹਾਂ ਪੰਜਾਂ ਬਲੀਆਂ ਕਾ ਜ਼ੋਰ ਥਾ। ਪਰ ਏਕ ਉਨ ਜੁਗੋਂ ਬਿਖੇ ਝੂਠ ਨਹੀਂ ਥਾ। ਇਸ ਤੇ ਦੋਖ ਕਮ ਲਗਤਾ ਥਾ, ਅਬ ਕਲੂ ਕਾਲ ਕਾ ਅੱਮਲ ਹੈ, ਜੋ ਕੋਈ ਚੋਰੀ ਜਾਰੀ ਬੁਰਿਆਈ ਕਰੇਗਾ; ਦਿਨ ਬਦਿਨ ਪ੍ਰਫੁੱਲਤ ਹੋਂਦਾ ਹੈ। ਜਬ ਅੱਤਿ ਹੁੰਦੀ ਹੈ; ਤਾਂ ਇੱਕੋ ਵਾਰੀ ਉਸਦਾ ਨਾਸ ਹੁੰਦਾ ਹੈ; ਬੀਰਜ ਭੀ ਨਾਹੀ ਰਹਿੰਦਾ। ਵੱਡੀ ਸਜਾਇ ਵਿਖੇ ਜਾਇ ਪ੍ਰਾਪਤਿ ਹੁੰਦਾ ਹੈ॥ ੩॥

ਇਸਤ੍ਰੀ ਬਿਧਵਾ ਕਉ ਚਾਹੀਏ : ਪਹਿਲੇ ਵਰਸ ਮੈ ਜਤ ਸਤ ਵਿਖੈ ਰਹੈ। ਅਰੁ ਆਗੈ ਜਹਾਂ ਤਕ ਬਸਾਵੈ; ਜਿਉਂ ਜਾਨੇ ਤਿਉਂ ਆਪ ਕੋ ਜਤ ਸਤ ਸੀਲ ਸੰਜਮ ਮੈ ਰਾਖੈ। ਇਸ ਰਹਿਤ ਰਹੈ : ਜਬ ਤਾਰਾ ਚੜ੍ਹੈ, ਰਾਤਿ ਪਵੈ, ਤਾਂ ਓਗਰਾ ਖਾਵੈ; ਖਿਚੜੀ ਦਾ ਬਿਨਾਂ ਲੂਣ ਤੇ ਫਿੱਕਾ। ਪਾਉ ਅੰਨ ਦਾ, ਪੰਜ ਸੇਰ ਪਾਨੀ ਵਿਚ ਚੜ੍ਹਾਵੈ ਦਿਨ ਨੂੰ ਅਗਨੀ ਉਪਰ, ਕੋਇਲਿਆਂ ਉੱਪਰ, ਅਥਵਾ ਲੱਕੜੀਆਂ ਨਾਲ ਰੀਧੇ। ਜਬ ਜਾਣੇ ਇਕ ਸੇਰ ਦਾ ਵਾਰਾਵਰਦ ਅੰਨ ਪਾਣੀ ਦਾ ਰਹਿਆ ਹੈ, ਤਬ ਸੰਧਿਆ ਸਮੇਂ, ਤਾਰਾ ਚੜ੍ਹੇ ਮਿਰਚਾਂ ਪਾਇ ਕਰ ਪੀਵੈ। ਹਿਰਦੇ ਕੋ ਕਿਤੇ ਵਲ ਡੁਲਾਵੈ ਨਾਹੀਂ। ਸ੍ਰੀ ਗੁਰੂ ਅਕਾਲ ਪੁਰਖੁ ਕੇ ਧਿਆਨ ਬਿਖੈ ਰਹੈ। ਸਿਮਰਣ ਕਰਤੀ ਰਹੈ। ਗੁਰੂ ਭਾਵੈ ਤਾਂ ਸਾਸਾਂ ਤੀਕ ਨਿਰਬਾਹ ਹੋਵੈਗਾ। ਅਤੇ ਕੱਪੜੇ ਮੈਲੇ ਨਾ ਰੱਖੈ; ਅਰੁ ਮਹੀਨ ਬਸਤ੍ਰ ਭੀ ਨਹੀਂ ਪਹਿਰਨੇ। ਸੁਆਦੋਂ ਮੈਂ ਜੀਉ ਨਹੀਂ ਦੇਣਾ। ਸੁਆਦ ਇਸ ਕਾਮ ਕਉ ਯੌਂ ਹੈਨਿ, ਜਿਉਂ ਅਗਨਿ ਮੈ ਘ੍ਰਿਤ ਪਾਈਐ, ਤਾਂ ਪ੍ਰਚੰਡ ਹੋਤੀ ਹੈ। ਇਸ ਪ੍ਰਾਨੀ ਕਾ ਭਲਾ ਜਤ ਸਤ ਮੈ ਹੈ; ਅਰੁ ਬੋਲ ਤੋਲ ਸਿਉਂ ਰਹੈ; ਕਿਆ ਮਰਦ, ਕਿਆ ਇਸਤ੍ਰੀ॥ ੪॥

ਜੋ ਜਾਨੈ ਕਿਸੇ ਉਪਾਉ ਕਰਿ, ਰਹਿਤ ਕਰਿ, ਰਹਿ ਨਹੀਂ ਸਕਤੀ : ਤਬ ਯਾਰੀ ਚੋਰੀ ਨ

---

1. ਦੂਜਾ ਵਿਆਹ, ਕਰੇਵਾ, ਚਾਦਰ ਪਾਉਣੀ।

www.Mahapurakh.com

ਕਰੇ। ਅਉਰ, ਜੋ ਇੱਛਾ ਹੋਇ, ਸੋ ਕਰੈ। ਕਿਉਂ ? ਕਾਮ ਪ੍ਰਬਲ ਹੈ, ਭਲਿਓਂ ਭਲਿਓਂ ਕਉ ਇਸਨੇ ਜ਼ਿਬਹ ਕੀਆ ਹੈ। ਚੋਰੀ ਜਾਰੀ ਤੇ ਇਸਕਾ ਬਹੁਤ ਬੁਰਾ ਹੋਂਦਾ ਹੈ। ਜੇ ਇਨ ਕਰਮੋ ਕਾ ਬੀਚਾਰ ਕਰੀਐ; ਤਉ ਗਿਰੰਥ ਬਢੈ। ਥੋੜੈ ਮੈ ਕਹਤਾ ਹੋਂ। ਜੇ ਜਾਨੇ ਕਿ ਰਹਿ ਨਹੀ ਸਕਤੀ, ਤਬ ਇਉਂ ਕਰੇ—ਅਪਨੇ ਗ੍ਰਿਹ ਬਿਖੈ ਬਨਾਉ—ਸਿਵਾਇ ਸਹੁਰੇ ਸਕੱਤ੍ਰ, ਅਰੁ ਜੇਠੱਤ੍ਰ, ਦਿਵੱਤ੍ਰ, ਦੋਹੱਤ੍ਰ ਭਾਨਜਾ—ਇਨ ਕੋ ਛਡਿਕੇ, ਅਉਰ ਸਭ ਸਾਥਿ ਅਪਨਾ ਪਰਸੰਜੋਗ ਕਰੇ॥ ੫॥

ਜਬ ਜਾਨੈ ਗ੍ਰਿਹ ਬਿਖੈ ਨਾਹੀ ਬਨਾਉ ਬਨਤਾ, ਤਬ ਸਾਹੁਰੇ ਕੀ ਕੁਲ ਬਿਖੇ ਨਜੀਕ ਦੂਰ ਕਰੇ॥ ੬

ਜਬ ਜਾਨੈ ਕਿ ਉਹਾਂ ਭੀ ਨਾਹੀ ਬਨਤਾ, ਤਬ ਸਾਹੁਰੇ ਕੀ ਜਾਤਿ ਬਿਖੈ ਦੇਖੈ। ਜਬ ਲਗ ਇਨ੍ਹੋ ਜਗਹੁ ਬਨਾਉ ਬਨੈ, ਤਬ ਲਗ ਅਉਰ ਠਉਰ ਬਿਖੈ ਨਾ ਕਰੇ॥ ੭॥

ਜਬ ਜਾਨੈ ਕਿ ਇਨ ਠਉਰ ਬਿਖੈ ਬਨਾਉ ਨਾਹੀ ਬਨਤਾ, ਤਬ ਫੇਰਿ ਮਨ ਅਪਨੇ ਕਉ ਸਮਝਾਵੈ। ਅਰੁ ਸ੍ਰੀ ਗੁਰੂ ਅਕਾਲ ਪੁਰਖੁ ਅੱਗੇ ਬੇਨਤੀ ਕਰੇ, ਜੋ

"ਮੁਝ ਪਾਪਨ ਕਉ ਰਾਖ ਲੇਹੁ, ਕ੍ਰਿਪਾ ਕਰਕੈ!" ੮

ਜਬ ਜਾਨੈ ਕਿਸੀ ਭਾਂਤਿ ਰਹਿ ਨਹੀਂ ਸਕਤੀ, ਅਰੁ ਲੇਖੁ ਕਰਮ ਕਾ ਸਬਲ ਹੈ। ਤਬ ਓੜਕ ਨੋ ਆਨ ਜਾਤਿ ਬਰਨ ਬਿਖੈ, ਭਲੀ ਕੁਲ ਬਿਖੇ, ਭਲੇ ਆਦਮੀ ਕਉ ਦੇਖਿ ਕੇ ਕਰੈ॥ ੯॥

ਦੋ ਜਗਹ ਨਾ ਕਰੇ—ਏਕ ਤੋ ਨਾਨੇ ਕੇ ਘਰਿ ਬਿਖੈ, ਦੂਸਰੇ ਅਪਨੀ ਪੇਕੀ ਜਾਤਿ ਬਿਖੇ॥ ੧੦॥

ਅਉਰ ਜਹਾ ਜਾਨੇ ਤਹਾਂ ਸਮਝ ਕੇ ਅਪਨੀ ਲਾਇਕ ਕਰੇ॥ ੧੧॥

ਇਉਂ ਹੀ ਮਰਦ ਕਰੇ। ਜੋ ਦੁਇ ਠਉਰ ਮਨੇ ਹੈ; ਊਹਾਂ ਨਾ ਕਰੇ॥ ੧੨॥

ਅਰੁ ਕਦਾਂਚ ਵਿਧਵਾ ਇਸਤ੍ਰੀ ਕੇ ਅਉਲਾਦ ਹੋਵੈ, ਬੇਟੀ, ਬੇਟਾ। ਤਉ ਉਸ ਇਸਤ੍ਰੀ ਕਉ ਕਿਸੀ ਭਾਂਤਿ ਪਰ-ਸੰਜੋਗ ਕਰਨਾ ਆਇਆ ਨਾਹੀਂ॥ ੧੩॥

ਅਰੁ ਜੋ ਕਾਮਵੰਤੀ ਹੋਇਕੇ ਕਰੇ: ਤਬ ਉਸ ਕਉ ਛੇਕ ਕੱਢੀਐ। ਅਰੁ ਉਸ ਮਰਦ ਕਉ; ਜੋ ਇਸਤ੍ਰੀ ਅਉਲਾਦ ਵਾਲੀ ਨਾਲਿ ਪਰ-ਸੰਜੋਗ ਕਰੇ, ਛੇਕ ਕੱਢੀਐ। ਫੇਰਿ ਆਪਸ ਮੈ ਮਿਲਾਈਐ ਨਾਹੀ॥ ੧੪॥

ਅਰੁ ਜਿਸ ਇਸਤ੍ਰੀ ਕਉ ਅਉਲਾਦ ਹੋਇਕੈ ਮੂਏ ਹੋਵਨਿ; ਅਰੁ ਆਗੇ ਕਿਛੁ ਨ ਹੋਵੈ; ਉਸ ਕਉ ਕਹਿਆ ਹੈ, ਪਰਸੰਜੋਗ ਕਰੇ। ਜਿਉਂ ਉਪਰਿ ਕਹਿਆ ਹੈ॥ ੧੫॥ ੧੩॥

## ਚਉਦਸਮੋ ਬਚਨ

ਅਬ ਪਰਸੰਜੋਗ ਕੀ ਬਿਧਿ-ਜੁਗਤਿ:—ਪੰਜ ਸਿੱਖ ਸਿੱਖਣੀਆਂ ਆਪਣੇ ਪੇਕੇ ਦਿਆਂ ਨੋ—ਜੋ ਖ਼ਾਲਸਾ ਹੋਵਨਿ; ਉਹ ਇਸਤ੍ਰੀ ਬਿਧਵਾ ਇਕੱਠੇ ਕਰੇ॥ ਅਰੁ ਅਪਣੀ ਬ੍ਰਿਥਾ ਅਰਦਾਸਿ ਕਰੇ॥ ਆਗੇ ਤੇ ਓਹ ਕਿਆ ਕਹਨਿ ਉਸਕੋ ? ਜੋ

"ਬੇਟੀ! ਪੁੱਤ੍ਰੀ! ਕਿਵੇਂ ਅਪਨਾ ਜਤੁ ਸਤ ਰਖੇਂ ਤਾਂ ਭਲਾ ਹੈ। ਅਰੁ ਅਪਨਾ ਮਨ ਡੁਲਾਵੈਂ ਨਹੀਂ। ਬੁਰਿਆਈ ਨ ਕਰੁ! ਇਸ ਤੇ ਅੰਤ ਨੂੰ ਬੁਰਾ ਹੈ। ਮੂੰਹ ਕਾਲਾ ਹੁੰਦਾ ਹੈ। ਬਡੇ ਬਡੇ ਦੁੱਖ ਪਾਈਦੇ ਹੈਨਿ, ਜੋ ਆਖਨ ਜੋਗ ਨਾਹੀਂ! ਤਿਸ ਤੇ ਧਰਮ ਕਰਨਾ ਭਲਾ ਹੈ, ਸਚੁ ਹੈ!!" ੧॥

ਤਬ ਇਸਤ੍ਰੀ ਇਕੱਤੀਸ ਦਿਨ ਅਪਨੇ ਪੇਕੇ, ਅਥਵਾ ਅਪਨੇ ਪੇਕੇ ਕੁਲ ਬਿਖੈ, ਜਾਤਿ

www.Mahapurakh.com

ਬਿਖੈ—ਜੋ ਪੇਕੇ ਨ ਹੋਵਨਿ, ਤਾਂ ਮੁਹ-ਬੋਲ[1] ਕਰ ਲਏ।—ਅਪਨੀ ਬਿਰਥਾ ਜ਼ਾਹਰ ਕਰਕੇ, ਉਨ੍ਹਾਂ ਪਾਸ ਰਹੇ॥ ੨॥

ਪੰਚਮੀ ਸੁਦੀ ਨੂੰ, ਜਿਸ ਪੁਰਖ ਨਾਲ ਸੰਜੋਗ ਹੋਵੇ, ਉਸਨੂੰ ਕਹੀਐ, ਪੰਦਰਾਂ ਦਿਨ ਅੱਗੇ; ਜੋ "ਅਮਕੇ ਕੀ ਪੁੱਤ੍ਰੀ ਕਾ ਸੰਜੋਗ ਤੇਰੇ ਸਾਥਿ ਹੈ!"

ਅਰੁ ਪੰਜ ਬੀੜੇ ਅਥਵਾ ਇੱਕੀਸ ਲੌਂਗ, ਹੱਥ ਦਾ ਛੱਲਾ ਉਸ ਇਸਤ੍ਰੀ ਕਾ ਭੇਜੀਐ॥ ੩॥

ਅੱਗੇ ਤੇ ਉਹ ਪੁਰਖ ਨੱਥ, ਮੌਲੀ, ਮਹਿੰਦੀ ਭੇਜੇ, ਅਰੁ ਕਹੇ :

"ਹੁਕਮ ਸ੍ਰੀ ਗੁਰੂ ਅਕਾਲ ਪੁਰਖੁ ਕੇ ਸਿਉਂ ਆਈ ਹੈ,
ਸਿਰ ਮੱਥੇ ਪਰ। ਭਲਾ ਹੈ, ਕਬੂਲ ਹੈਂ!!" ੪॥

ਤਬ ਉਹ ਪੁਰਖ ਪੰਚਮੀ ਸੁਦੀ ਨੂੰ ਊਖਾਕਾਲ[2] ਅੰਮ੍ਰਿਤ ਵੇਲੇ ਕੱਪੜੇ ਨਵੇਂ—ਸਾਲੂ, ਘਘਰੀ, ਚੋਲੀ ਕਜਲੀ, ਸੁਥਨ, ਮੋਇਜਿਆਂ ਦੀ ਤਰਹ ਲਾਇਚੇ[3] ਦੀ; ਜਥਾ ਸਕਤਿ ਗਹਨੇ, ਹੋਰ ਸਾਜ ਸੁਹਾਗ ਦਾ ਲੈ ਕੇ, ਆਪ ਆਵੈ; ਜਿਥੈ ਉਹ ਇਸਤ੍ਰੀ ਹੋਵੈ॥ ੫॥

ਅਰੁ ਉਹ ਪੁਰਖ ਬਟਨਾ ਮਲਿ ਕੇ ਨ੍ਹਾਵੇ, ਕੱਪੜੇ ਸੁਪੇਦ ਪਹਿਰੇ। ਕੇਸਰ ਛਿੜਕੈ, ਹਥਿਆਰ ਬੰਨ੍ਹ ਕੇ, ਬੀੜੇ ਖਾਂਦਾ, ਕਲਗੀ ਪਰਾਂ ਦੀ ਸਿਰ ਉਪਰਿ ਰੱਖ ਕੇ, ਪਾਇਜੇਬਾਂ ਸੁਇਨੇ ਦੀਆਂ ਪਾ ਕੇ, ਸਿਰ-ਪੇਚ ਬਧੀਆ ਜੜਾਊ, ਜਹਾਂਗੀਰੀਆਂ ਜੜਾਊ, ਫੂਲੋਂ ਕੀ ਮਾਲਾ, ਏਹ ਸਭ ਸਾਜ ਪਹਿਰ ਕੈ; ਅੰਮ੍ਰਿਤ ਵੇਲੇ ਊਖਾਕਾਲ ਚਹੁੰ-ਚਹੁੰ ਆਦਮੀਆਂ ਨਾਲਿ, ਘੋੜੇ ਊਪਰਿ ਚੜ੍ਹ ਕੇ, ਛੈਣੇ ਵਜਾਂਦੇ ਆਵਨਿ॥ ੬॥

ਆਗੈ ਤੇ ਉਸ ਇਸਤ੍ਰੀ ਕੇ ਪੇਕੇ ਆਦਰ ਕਰਿਕੇ, ਇਕ ਜਾਗਹ ਬੈਠਨੇ ਕਉ ਅਲਾਹਦੀ ਦੇਵਨਿ॥ ੭॥

ਉਥੇ ਸਾਰਾ ਦਿਨ ਤੇ ਪਹਿਰ ਰਾਤਿ ਤੱਕ, ਅਨੰਦ ਸਬਦ ਮੰਗਲ ਛੰਦ ਗਾਂਵਦੇ ਰਹਨਿ॥ ੮॥

ਅਰੁ ਉਸ ਇਸਤ੍ਰੀ ਕੇ ਪੇਕੇ ਪ੍ਰਸਾਦ ਖਾਣੇ ਕਉ, ਉਸੀ ਜਾਗਹ ਲੈ ਆਵਨਿ, ਦੋਵੇਂ ਵਖਤ॥ ੯॥

ਜਬ ਰਾਤਿ ਪਵੈ, ਤਬ ਉਸ ਇਸਤ੍ਰੀ ਨੂੰ ਨਵਾਇਕੇ, ਮਰਦਨ ਬਟਨੇ ਨਾਲਿ ਕਰਿਕੇ; ਫੇਰਿ ਕੋਰਾ ਕੱਪੜਾ ਖ਼ੱਦਰ ਦਾ ਲੈ ਕੇ, ਪਹਲੇ ਤਉ ਇਕ ਸੁਥਨ ਪੰਜਾਂ ਤਹਾਂ ਦੀ ਮੋਜਿਆਂ ਦੀ ਤਰਹ ਸਵਾਇ ਪਹਿਰਾਵੈ। ਐਸੀ ਹੋਵੇ ਜੋ ਅੰਗ ਨਾਲ ਲੱਗੀ ਰਹੈ। ਫੇਰਿ ਇਕ ਅੰਗਾ ਪੰਜਾਂ ਤਹਾਂ ਦਾ, ਜਿਸ ਦੀਆਂ ਅਸਤੀਨਾਂ ਬਾਹੁਲੀਆਂ ਦੀ ਤਰਹ ਹੋਵਨ, ਜੋ ਹੱਥੁ ਅਰੁ ਅੰਗੁਲੀਆਂ ਛਪਨਿ। ਫੇਰਿ ਇਕ ਟੋਪ ਪੰਜਾਂ ਤਹਾਂ ਦਾ, ਕਿਸ ਤਰਹ ਦਾ? ਅੱਖੀਆਂ ਦੀ ਜਾਗਹ, ਉਤਨੀਆਂ ਅਖੀਆਂ ਹੋਨਿ; ਅਰੁ ਨਾਸਕਾ ਕੇ ਅਗੇ ਇਕ ਮਹੀਨ ਕੱਪੜੇ ਕਾ ਪੜਦਾ ਕਰੇ, ਅਉਰ ਸਭ ਜਗਹ ਸਿਰ ਮੂੰਹ ਅਰੁ ਗਲ ਤੇ ਹੇਠ ਇਕ ਗਿਠ ਤਕ ਕੱਜਿਆ ਹੋਵੈ। ਪੰਜਾਂ ਤਹਾਂ ਦਾ ਕੱਪੜਾ, ਅਰੁ ਅੰਗਾ, ਸਾਥ ਲੱਗਾ ਰਹੈ। ਐਸਾ ਟੋਪ ਅਰੁ ਅੰਗਾ ਅਰੁ ਸੁਥਨ-ਤੀਨੋ, ਬਨਵਾਇ ਕੇ ਰੱਖੈ। ਜਬ ਉਹ ਇਸਤ੍ਰੀ ਇਸਨਾਨ ਕਰਿ ਪਹੁਚੇ, ਤਬ ਅਰਗਜੇ ਸੰਦਲ ਨਾਲਿ—ਜਿਸ ਵਿਚ ਚੰਦਨ ਬਹੁਤ ਪਵੈ, ਇਨ੍ਹਾਂ ਵਸਤਾਂ ਨਾਲਿ ਬਰਾਬਰ। ਤਬ ਉਸ ਇਸਤ੍ਰੀ ਨੂੰ ਸਾਰੇ ਅੰਗ ਤੇ—ਪੈਰਾਂ ਤੇ ਲੈ ਕੇ ਸਿਰ ਤੱਕ,

1. ਧਰਮ ਦੇ ਪੇਕੇ—ਮਾਪੇ ਤੇ ਭਰਾ ਆਦਿ ਬਣਾ ਲਵੇ।
2. ਪਹੁ ਫੁਟਣ ਸਮੇਂ।
3. ਪੰਜ ਤਾਰਾਂ (ਧਾਗੇ) ਇਕੱਠੇ ਕਰਕੇ ਉਣਿਆਂ ਕੱਪੜਾ; ਜਿਵੇਂ 'ਦੁਸੂਤੀ' ਉਸੇ ਤਰ੍ਹਾਂ ਪੰਜ ਸੂਤੀ (ਗਾੜ੍ਹੀ ਉਣਤ ਦੇ) ਹੁੰਦੇ ਸਨ।

www.Mahapurakh.com

ਸਭੇ ਲੇਪਨ ਕਰੇ। ਇਕ ਅਖੀਆਂ ਦੀਆਂ ਧੀਰੀਆਂ ਬਚਨ। ਹੋਰ ਸਭ ਮੁਹ ਅਰੁ ਹੱਥ ਸਭ ਲੇਪਨ ਕਰੈ। ਐਸਾ ਲੇਪ, ਜੋ ਮਾਸ ਦਿਖਾਈ ਨਾ ਦੇਵੈ। ਅਰੁ ਇਹੁ ਮੰਤ੍ਰ, ਉਹ ਇਸਤ੍ਰੀ ਲੇਪ ਕਰਨੇ ਕੇ ਸਮੇ ਪੜ੍ਹਤੀ ਜਾਇ—

"ਏਕ ਨਾਮ ਪਾਕੀ ਨਾਈ ਪਾਕ, ਤੂ ਬੇ ਐਬ ਹੈ!" ੧੦

ਫੇਰਿ ਜਬ ਲੇਪ ਇਸ ਕੀ ਦੇਹੀ ਕਾ ਸੁੱਕੇ; ਤਬ ਉਹ ਤਿੰਨ ਅੰਗੇ (ਬਸਤ੍ਰ) ਪੰਜਾਂ ਤਹਾਂ ਕੇ ਪਹਿਰਾਏ। ਏਸ ਤਰਹ ਪਹਿਨਾਏ, ਜੋ ਅੰਗ ਕਿਸੀ ਜਾਗਹ ਤੇ ਨੰਗਾ ਸੁਈ ਕੇ ਸੰਜਾਰ[1] ਬਰੋਬਰ ਭੀ ਨ ਹੋਇ। ਅੰਗ ਨਾਲਿ ਲਗਾ ਰਹੈ; ਜਿਉਂ ਅੰਗ ਨਾਲ ਸੀਂਵ ਛੱਡਿਆ ਹੈ॥ ੧੧

ਫੇਰਿ ਜਿੱਥੇ ਜਾਗਹ ਪਰਸੰਜੋਗ ਕੀ ਹੋਵੈ, ਉਥੇ ਮਾਟੀ ਕਾ ਚਉਕਾ ਪਾਇਕੇ, ਚਾਰ ਬਰਛੀਆਂ ਗੱਡ ਕੇ, ਨਾਲਿ ਮਜੀਠਾ ਕੱਪੜਾ ਮਉਲੀ ਨਾਲਿ ਬੰਨ੍ਹ ਕੇ, ਚੰਦੋਏ ਦੀ ਰਉਂਸ ਰੱਖੇ। ਫੇਰਿ ਦੋਇ ਪਟੜੇ ਲੈ ਆਵੈ। ਅਰੁ ਉਨ੍ਹਾਂ ਬਰਛੀਆਂ ਤੇ ਬਾਹਰਿ ਉੱਤ੍ਰ ਦਿਸਾ ਵਲਿ ਇਕ ਟੋਆ ਗਜ ਲੰਮਾ, ਅੱਧ ਗਜ ਚਉੜਾ, ਅਧ ਗਜ ਡੂੰਘਾ ਕਰੇ। ਅਰੁ ਊਹਾਂ ਭੀ ਚਉਕਾ ਮਿੱਟੀ ਕਾ ਦੇਵੈ। ਫੇਰਿ ਉਹ ਪਟੜੇ ਬਰਛੀਆਂ ਵਿਚਿ ਵਿਛਾਏ। ਏਕ ਪਟੜਾ ਉੱਤ੍ਰ ਦਿਸਾ ਵਲਿ—ਜਿਸ ਵਲਿ ਟੋਆ ਹੈ; ਏਕ ਪਟੜਾ ਦੱਖਣ ਦਿਸਾ ਵਲਿ। ਤਬ ਅੰਮ੍ਰਿਤ ਵੇਲੇ ਪਹਰ ਰਾਤਿ ਰਹਿੰਦੀ ਉਸ ਟੋਏ ਵਿਚ ਅਗਨੀ ਪਲਾਸ ਕੀ ਲੱਕੜੀਆਂ ਕੀ ਜਗਾਵੇ; ਪ੍ਰਚੰਡ ਕਰੇ॥ ਅਰੰਭ ਪਰਸੰਜੋਗ ਕਾ ਕਰੇ॥ ੧੨॥

ਅਰੁ ਏਕ ਚਉਕੀ ਅੱਧ-ਵਿਚਕਾਰ ਪਟੜਿਆਂ ਦੇ ਵਿਛਾਏ ਕਾਠ ਦੀ। ਉਸ ਉਪਰ ਇਕ ਭਗਉਤੀ ਨੰਗੀ ਕਰਕੇ, ਸੰਧੂਰ ਲਗਾਇਕੇ, ਫੂਲੋਂ ਕੀ ਮਾਲਾ ਚੜ੍ਹਾਇਕੇ ਰੱਖੈ। ਫੇਰ ਉਸ ਇਸਤ੍ਰੀ ਨੂੰ (ਟੋਏ ਵਲ ਸਾਰਾ ਅੰਗ ਉਸ ਇਸਤ੍ਰੀ ਦਾ ਤਰ ਕਰਕੇ) ਦੱਖਣ ਦਿਸਾ ਦੇ ਪਟੜੇ ਉੱਪਰ ਬੈਠਾਏ; ਅਰੁ ਮਰਦ ਨੋ ਇਸਤ੍ਰੀ ਕੇ ਉੱਤਰ ਵਲ ਟੋਏ ਦੇ ਉਪਰ ਖੜ੍ਹਾ ਕਰੇ। ਮੂੰਹ ਦੱਖਣ ਵਲ ਕਰੇ॥ ੧੩॥

ਫੇਰਿ ਅਗਨਿ ਘ੍ਰਿਤ ਨਾਲ ਪ੍ਰਚੰਡ ਕਰੇ। ਅਰੁ ਉਸ ਇਸਤ੍ਰੀ ਕੋ ਉਸ ਬੈਸੰਤ੍ਰ ਦੇਵਤੇ ਦੀ ਲਾਟ ਵਿਚ ਟੋਏ ਉਪਰੋਂ ਕੁਦਾਇ ਕੱਢੇ, ਚਉੜੀ ਵਲੋਂ, ਉੱਤ੍ਰ ਨੋ। ਫੇਰ ਆਖੈ ਜੋ :

"ਬੈਸੰਤ੍ਰ ਦੇਵਤਾ! ਜੁ ਯਹ ਇਸਤ੍ਰੀ ਕਾ ਜਾਮਾ ਤੇਰੇ ਬਿਖੈ ਹੋਮ ਹੋਇਆ!" ਅਰੁ ਘ੍ਰਿਤ ਡਾਲੇ ਅਰੁ ਕਹੈ : "ਤੂੰ ਸਾਖੀ ਹੈਂ!"

ਅਰੁ ਸ੍ਰੀ ਭਗਉਤੀ ਕਉ ਭੀ ਸਾਖੀ ਕਰੈ; ਅਰੁ ਜੋ ਸਿਖ ਖ਼ਾਲਸੇ ਕੇ ਉਸ ਸਮੇਂ ਦੁਹਾਂ ਵਲਾਂ ਕੇ ਹੋਹਿੰ, ਉਨ੍ਹੇ ਭੀ ਸਾਖੀ ਕਰੇ॥ ੧੪॥

ਫੇਰਿ ਉਸ ਇਸਤ੍ਰੀ ਕੋ ਉੱਤ੍ਰ ਦਿਸਾ ਦੀ ਪਟੜੀ ਉਪਰ ਮੂੰਹ ਦੱਖਣ ਵਲ ਕਰਿ ਕੈ ਬੈਠਾਏ। ਅਰੁ ਅੱਧ-ਵਿਚ ਟੋਏ ਦੇ ਕੱਪੜੇ ਦਾ ਪੜਦਾ ਕਰੈ; ਪੂਰਬ ਪਛਮ ਵਲਿ; ਪਰ ਟੋਆ ਇਸਤ੍ਰੀ ਵਲੁ ਰਹੈ, ਪੁਰਖ ਵਲ ਪੜਦਾ ਹੋਵੈ। ਫੇਰ ਉਹ ਕੱਪੜਾ ਜੋ ਅੰਗੇ ਲਪੇਟਿਆ ਹੈ,—ਉਸ ਇਸਤ੍ਰੀ ਤੇ, ਉਸੇ ਸਮੇਂ ਉਤਾਰ ਕੇ, ਉਸ ਟੋਏ ਦੀ ਅਗਨਿ ਵਿਚ ਪਾਏ। ਅਰੁ ਉਥੇ ਜੋ ਜੋਰੂਆਂ ਬੈਠੀਆਂ ਹੋਨਿ, ਉਸ ਅੰਗੇ ਇਸਤ੍ਰੀ ਦੇ ਪਲੇਟੇ ਉਪਰਿ ਮਿੱਠਾ ਘ੍ਰਿਤ ਪਾਇਨ॥ ੧੫॥

ਅਰੁ ਯਹ ਜੋ ਗੁਰਮੁਖ ਪਰਸੰਜੋਗ ਕਰਾਵਨੇ ਬੈਠੇ, ਸੋ ਆਖੈ :—

"ਏ ਬੈਸੰਤ੍ਰ ਦੇਵਤਾ, ਇਸ ਇਸਤ੍ਰੀ ਕਾ ਅੰਗ ਤੇਰੇ ਬਿਖੈ ਹੋਮ ਹੋਆ, ਹੁਕਮੁ ਪਾਇ ਸ੍ਰੀ ਅਕਾਲ ਪੁਰਖੁ ਕੇ। ਅਬ ਜੋ ਇਹ ਜਾਮਾ ਅੰਗ ਹੈ, ਸੋ ਪਵਿਤ੍ਰਤਾ ਹੈ। ਤੂੰ ਸਾਖੀ ਹੈ; ਅਰੁ ਸ੍ਰੀ ਭਗਉਤੀ ਸਾਖੀ ਹੈ, ਅਰੁ ਖ਼ਾਲਸਾ ਜੀ ਸਾਖੀ ਹੈ!!" ੧੬

1. ਨੱਕੇ ਜਿੰਨਾ

www.Mahapurakh.com

ਫੇਰਿ ਉਸ ਇਸਤ੍ਰੀ ਕਉ ਪੜਦੇ ਬਿਖੈ ਨ੍ਹਵਾਈਐ ਗਰਮ ਪਾਣੀ ਨਾਲਿ। ਫੇਰਿ ਅਛੇ ਕਪੜੇ ਗਹਨੇ ਪਹਿਰੇ, ਸੀਗਾਰ ਕਰਿ ਬੈਠੇ; ਜੋ ਕਪੜੇ, ਸਾਜ ਪੁਰਖ ਵਲੋਂ ਆਇਆ ਹੋਇ॥ ੧੭॥

ਫੇਰਿ ਦੋਨੋ ਪਟੜੇ ਪੱਛਮ ਦਿਸਾ ਵਲਿ ਰੱਖਕੇ, ਪੁਰਖ ਅਰੁ ਇਸਤ੍ਰੀ ਦੋਨੋ ਪੂਰਬ ਦਿਸ਼ਾ ਨੂੰ ਮੂੰਹ ਕਰਕੇ—ਇਸਤ੍ਰੀ ਦਾਹਨੀ ਵਲਿ, ਮਰਦ ਬਾਈਂ ਵਲਿ—ਬੈਠਨਿ॥ ਪਾਹੁਲ ਖੰਡੇ ਦੀ ਇਸਤ੍ਰੀ ਨੂ ਦੇਈਐ॥ ੧੮॥

ਫੇਰਿ ਕੜਾਹੁ ਗੁਰੂ ਬਾਬੇ ਨਿਰੰਕਾਰ ਪੁਰਖ ਕਾ ਕਰੈ; ਅੱਗੇ ਰੱਖੈ; ਚਉਕੀ ਉਪਰਿ। ਅਰੁ ਆਖੈ :—

"ਅਮਕਾ ਨਾਮ, ਅਮਕੀ ਜਾਤਿ, ਬਰਨ, ਰੰਗ ਐਸਾ।
ਖ਼ਾਲਸਾ ਚਾਹਤਾ ਹੈ : 'ਸੰਜੋਗ ਮੇਰਾ ਇਸ ਇਸਤ੍ਰੀ ਸਾਥ ਹੋਵੈ!'" ੧੯

ਅੱਗੇ ਤੇ ਮਾਤਾ ਉਸ ਇਸਤ੍ਰੀ ਕੀ, ਇਹ ਬਚਨ ਸੁਨਕੇ, ਉਸ ਇਸਤ੍ਰੀ ਨੂੰ ਆਖੇ : ਜੋ
"ਅਮਕਾ ਨਾਮ, ਅਮਕੀ ਜਾਤਿ, ਅਮਕਾ ਬਰਨ, ਰੰਗ ਹੈ;
ਖ਼ਾਲਸਾ ਹੈ। ਤੇਰੇ ਸਾਥ ਸੰਜੋਗ ਕੇ ਵਾਸਤੇ ਕਹਿੰਦਾ ਹੈ!" ੨੦॥

ਅੱਗੇ ਤੇ ਉਹ ਇਸਤ੍ਰੀ ਕਹੈ :—

"ਜੋ ਆਗਿਆ ਸ੍ਰੀ ਅਕਾਲ ਪੁਰਖੁ ਕੀ ਹੈ;
ਸੋ ਸਿਰ ਪਰ ਕਬੂਲ ਹੈ॥" ੨੧॥

ਅਰੁ ਇਸੀ ਤ੍ਰਹ ਇਸਤ੍ਰੀ ਦੀ ਜਬਾਨੀ ਪੁਰਖ ਨੂੰ ਕਹੈ। ਅੱਗੇ ਤੇ ਉਹ ਮਰਦ ਕਹੈ :—"ਭਲਾ ਜੀ!!" ੨੨

ਇਕ ਵਧੀਕ ਉਸ ਤੇ ਇਹ ਕਹੈ :—

"ਜੋ ਕੁਛ ਕਮਾਈ ਅਰੁ ਭੇਦ ਮਸਲਤ ਦੁਨੀਆਂ ਦੀ ਹੋਵੈ; ਪਹਨਾਮੀ ਨ ਕਰੇ! ਅਰੁ ਸਿਵਾਇ ਇਸ ਤੇ ਦੂਜੀ ਵਲਿ ਨ ਦੇਖੇ। ਦੋਨੋਂ ਅਪਨੇ ਜਤ ਸਤ ਬਿਖੈ ਰਹਨਿ॥" ੨੩

ਇਸੀ ਤਰਹ ਸੱਤ ਮਰਤਬਾ ਅਗਨਿ ਬਿਖੈ ਘ੍ਰਿਤ ਡਾਲ ਡਾਲ ਕਰਿ ਕਹੈ :

"ਤੂੰ ਸਾਖੀ ਹੈਂ!" ੨੪॥

ਫੇਰਿ ਗੰਢ ਇਸਤ੍ਰੀ ਪੁਰਖੁ ਕੀ ਸੁਪਾਂਰੀ ਪਾਇ ਕਰਿ ਚਿਤ੍ਰੇ। ਬਾਏਂ ਵਲਿ ਇਸਤ੍ਰੀ ਨੂੰ ਬੈਠਾਏ ਪਟੜੇ ਉਪਰਿ। ਅਰੁ ਮਰਦ ਨੂ ਸਜੀ ਵਲਿ ਬੈਠਾਏ॥ ੨੫

ਫੇਰਿ ਅਰਦਾਸਿ ਕਰੇ :—

"ਜੀ! ਏਨ੍ਹਾਂ ਜੀਆਂ ਦਾ ਸੰਜੋਗ ਤੇ ਪਰਸੰਜੋਗ ਆਗਿਆ ਪਾਇਕੇ—ਅਮਕਾ ਨਾਮ ਹੈ, ਅਮਕੀ ਜਾਤਿ ਹੈ ; ਅਮਕਾ ਬਰਨ, ਰੰਗ ਹੈ; ਖ਼ਾਲਸਾ ਹੈ! (ਇਸ ਤਰਹ ਇਸਤ੍ਰੀ ਕਾ ਉਚਾਰ ਕਰ)—ਹੋਇਆ ਹੈ! ਖੁਸ਼ੀ ਕਰਹੁ, ਜੋ ਬਨਿ ਆਵੈ, ਸੁਖਾਲੇ ਰਹਨਿ! ਸ੍ਰੀ ਅਕਾਲ ਪੁਰਖੁ ਕੇ ਸਦਕੇ ਸੋਂ!!"

ਸੱਤ ਵਾਰੀ ਅੱਰਦਾਸਿ ਕਰੇ, ਖ਼ਾਲਸੇ ਅੱਗੇ॥ ੨੬

ਫੇਰਿ ਅਨੰਦ ਦੀਆਂ ਪੰਜ ਪਉੜੀਆਂ ਪੜ੍ਹਨਿ। ਜੋ ਜੋਰੂਆਂ ਬੈਠੀਆਂ ਹੋਵਨਿ ਗਾਵਨਿ ਮੰਗਲਾਚਾਰ ਕਰਨਿ। ਅਰੁ ਉਹਾਂ ਪੰਜਾਂ ਸਿੱਖਾਂ ਤੇ ਵਧੀਕ ਹੋਵਨਿ ਨਾਹੀਂ; ਸਾਖੀ ਦੇ ਵਾਸਤੇ। ਅਰੁ ਕੜਾਹੁ ਵੰਡਨਿ। ਅਰੁ ਫੇਰਿ ਕੜਾਹ, ਮਰਦ ਇਸਤ੍ਰੀ ਦੇ ਮੁਹਿ ਪਾਏ, ਇਸਤ੍ਰੀ ਮਰਦ ਦੇ ਮੁਹਿ ਪਾਏ; ਪੜਦੇ ਵਿਚਿ॥ ੨੭

www.Mahapurakh.com

ਜਥਾ ਸਕਤਿ ਲਗਾਇਤਾਂ ਨੂੰ ਭੀ ਕਿਛੁ ਦੇਨਾ। ਅਰੁ ਭੇਟ ਅੱਰਦਾਸਿ ਰੱਖਣੀ; ਸ੍ਰੀ ਗੁਰੂ ਅਕਾਲ ਪੁਰਖ ਦੀ॥ ੨੮॥

ਫੇਰਿ ਉਸ ਠਉਰ ਤੇ ਉਠਕੇ, ਅਪਨੇ ਗ੍ਰਿਹ ਬਿਖੈ, ਉਤੇ ਸਮੈ—ਅੰਮ੍ਰਿਤ ਵੇਲੇ ਊਖਾਕਾਲ ਤਾਰਿਆਂ ਦੀ ਛਾਂਵ—ਲੈ ਆਵੈ॥ ੨੯॥

ਸਪਤਮੀ ਦੀ ਰਾਤਿ ਨੋ ਮੇਲ 'ਸੁਹਾਗ ਰਾਤਿ' ਦਾ ਕਰਨਿ। ਨਵੇਂ ਸਿਰੇ ਤੇ ਸਿੰਗਾਰ ਇਸਤ੍ਰੀ ਕਰੇ। ਫੂਲੋਂ ਕੇ ਗਹਨੇ, ਅਉਰ ਗਹਨੇ, ਕੱਪੜੇ ਜਥਾ ਸਕਤਿ ਪਹਿਰੇ। ਮੇਲ ਦੇ ਸਮੇ ਦੋਨੋ ਹੱਥ ਜੋੜ ਕੇ; ਸ੍ਰੀ ਅਕਾਲ ਪੁਰਖੁ ਅਗੇ ਅਪਨੀ ਬੇਨਤੀ ਕਰਨਿ। ਜੋ :

"ਏ ਗਰੀਬ ਨਿਵਾਜ! ਅਸਾਂ ਦੋਹਾਂ ਜੀਆਂ ਦਾ ਸੰਜੋਗ ਹੋਇਆ ਹੈ। ਲਛਮੀ ਕਰਿਕੇ, ਪੁੱਤ੍ਰ ਕਰਿਕੇ, ਸੁਖ ਕਰਿਕੇ ਬਖਸਨਾ; ਖੁਸ਼ੀ ਕਰਨੀ। ਮੇਲ ਮਿਲਿਆ ਰਹੈ!" ੩੦

ਅਰੁ ਜੋ ਸਾਜ ਸੰਜੋਗ ਕਾ, ਪਰਸੰਜੋਗ ਕਾ ਕਰਨਾ ਪਹਿਰਨਾ ਕਹਿਆ ਹੈ; ਜੋ ਆਪਨੇ ਗ੍ਰਿਹ ਤੇ ਹੋਇ ਆਵੈ, ਤਾਂ ਅਤਿ ਭਲਾ, ਨਹੀ ਤਾਂ ਕਿਸੀ ਤੇ ਲੈ ਕੇ ਕੰਮ ਚਲਾਏ; ਫੇਰਿ ਦੇ ਛੱਡੇ॥ ੩੧॥

## ਪੰਦਰਵਾਂ ਬਚਨ

ਅਬ ਹੁਕਮ ਪਾਇਕੇ, ਲੇਖ ਕਰਿ, ਆਨ ਜਾਤਿ, ਆਨ ਬਰਨ ਸੰਗਿ ਜੁ ਸੰਜੋਗ ਕਰੇ, ਤਬ ਯੋਂ ਕਰੇ : ਜੋ ਜਾਨੇ ਮੇਰੇ ਬਰਨ ਤੇ ਇਸਤ੍ਰੀ ਕਾ ਬਰਨ ਉੱਤਮ ਹੈ; ਤਾਂ ਅਨੰਦ ਪੰਜ ਪਉੜੀਆਂ ਬਰਛੀਆਂ ਗੱਡ ਕੇ, ਉਪਰਿ ਸੱਜਰਾ[1] ਚੰਦੋਆ ਤਾਣ ਕੇ, ਪੜ੍ਹਾਏ॥ ੧

ਅਰੁ ਉਸ ਜਾਗਹ ਮਾਟੀ ਕਾ ਚਉਕਾ ਦੇ ਕਰਿ ਪਟੜੀਆਂ ਬਿਛਾਏ॥ ਪਾਹੁਲ ਖੰਡੇ ਕੀ ਉਸ ਇਸਤ੍ਰੀ ਨੂ ਦੇਵੈ। ਅਰੁ ਜੋ ਕਿਛੁ ਉਪਰਿ ਜੁਗਤਿ ਪਰਸੰਜੋਗ ਕੀ ਲਿਖੀ ਹੈ—ਕਹੀ ਹੈ, ਸੋ ਸਭ ਬਿਧਿ ਕਰੇ। ਏਕ ਉਸ ਸਮੈ ਸੋਂ "ਕੱਪੜੇ ਸਾਥ ਲਪੇਟ ਕਰਿ" ਨਿਕਾਲੇ[2]। ਅਉਰ ਸਭ ਬਿਧਿ ਕਰੇ॥ ੩੧॥

ਨਾਮ ਕੀ ਜਾਗਹ ਯੋਂ ਕਹੈ :

"ਅਮਕਾ ਨਾਮ, ਖ਼ਾਲਸਾ ਹੈ।"
ਦੋਨੋਂ ਕਉ ਯੋਂ ਕਹੈ॥ ੪॥

ਅਰੁ ਜੋ ਅਪਨੇ ਬਰਨ ਤੇ ਅਉਰ ਬਰਨ ਕੀ ਇਸਤ੍ਰੀ ਸਾਥ ਪਰਸੰਜੋਗ ਕਰੇ, ਵਹ ਬਰਨ ਮੈ ਨੀਚ ਹੋਇ ਮਰਦ ਕੇ ਬਰਨ ਤੇ; ਤਬ ਯੋਂ ਕਰੈ :—ਭਾਵੈਂ ਦਾਸੀ ਹੋਵੈ ਮੁਲਿ ਲਈ ਹੋਈ, ਤਬ ਅਪਨੇ ਬਰਨ ਤੇ ਕਿਸੀ ਏਕ ਕੇ ਗ੍ਰਿਹ ਬਿਖੈ ਰੱਖੈ; ਅਰੁ ਆਪ ਨਿਰਦਾਵਾ ਹੋਇ ਰਹੈ।[3] ਤਬ ਇਕਵੰਜਾ ਦਿਨ ਉਹਾਂ ਵਹ ਰਹੈ॥ ੫॥

ਅਰੁ ਵਹ ਜਿਨਕੇ ਗ੍ਰਿਹ ਬਿਖੈ ਰਹੈ, ਉਹ ਲੋਗ ਅਪਨੀ ਪੁੱਤ੍ਰੀ ਕਰਿ ਜਾਨੈ। ਅਰੁ ਉਸ ਕਉ ਸਿੱਖਣੀ ਕਰਹਿਂ। ਖੰਡੇ ਕੀ ਪਾਹੁਲ ਦੇ ਕਰਿ॥ ੬॥

ਤਬ ਉਸ ਕੇ ਹੱਥ ਤੇ ਪ੍ਰਸਾਦੁ ਗੁਰੂ ਬਾਬੇ ਕਾ ਕਰਵਾਏ। ਵਹ ਭੈ ਸੋਂ ਸੁੱਚਮ ਸੋਂ ਕਰੇ। ਤਬ

---

1. ਪੋਥੀ ੨੧ ਵਿਚ ਪਾਠ 'ਸੁਹਾਗ ਚੰਦੋਆ' ਹੈ।

2. ਪਹਿਲੀ ਪਰਸੰਜੋਗ ਬਿਧਿ ਵਿਚ ਜਿੱਥੇ ਇਸਤ੍ਰੀ ਨੂੰ ਕੱਪੜੇ ਵਿਚ ਲਪੇਟ ਕੇ ਅਗਨਿ ਉਤੋਂ ਕੁਦਾਉਣਾ ਦੱਸਿਆ ਹੈ, ਉਸ ਵਿਚੋਂ 'ਕੱਪੜਾ ਲਪੇਟਣ ਵਾਲੀ' ਗਲ ਛੱਡ ਦੇਵੇ।

3. ਅਪਣੇ ਕਬੀਲੇ ਦੇ ਕਿਸੇ ਬੰਦੇ ਦੇ ਘਰਿ ਛੱਡ ਕੇ, ਆਪ ਨਿਰਦਾੱਵਾ ਹੋ ਰਹੇ।

www.Mahapurakh.com

ਖ਼ਾਲਸਾ ਸਭ ਆਇ ਪ੍ਰਸਾਦੁ ਖਾਇ। ਜਬ ਜਾਨੇ ਕਿ ਪ੍ਰਸਾਦ ਪਾਇ ਪਹੁਚੇ ਹੈਂ; ਤਬ ਅੱਰਦਾਸਿ ਕਰੇ : ਜੋ

"ਜੀ ਮਿਹਰਵਾਨ! ਇਹ ਇਸਤ੍ਰੀ ਪਰਸੰਜੋਗ ਅਮਕੇ ਸਾਥ ਕੀਆ ਚਾਹਤੀ ਹੈ।" ਅੱਗੇ ਤੇ ਖ਼ਾਲਸਾ ਹੁਕਮੁ ਕਰੇ : "ਭਲਾ ਹੈ, ਕਰੀਐ!" ੭॥

## ਤਿਸ ਕੀ ਜੁਗਤਿ

ਜੋ ਬਿਧਵਾ ਹੋਇ, ਤਾ ਉਸੀ ਤਰਹ ਕੱਪੜੇ ਦੇ ਅੰਗੇ ਕਰਕੇ ਲਪੇਟੇ; ਅਰੁ ਅਗਨਿ ਵਿਚੋਂ ਨਿਕਾਲੇ। ਜਿਉਂ ਜੁਗਤਿ ਉਪਰਿ ਕਹੀ ਹੈ, ਸੋ ਸਭ ਕਰੇ॥ ੮ "ਅਮਕਾ ਨਾਮ ਖ਼ਾਲਸਾ"—ਦੋਨੋਂ ਕਾ ਨਾਮ ਲੇਵੈ; ਅਉਰ ਸਭ ਬਿਧਿ ਪਰਸੰਜੋਗ ਕੀ ਕਰੇ॥ ੯॥

ਅਰੁ ਜੇ ਕੁਆਰੀ ਹੋਇ ਕੰਨਿਆ, ਅਉਰ ਬਰਨ ਕੀ, ਅਕੇ ਦਾਸੀ ਹੋਇ ਤਉ ਉਸੀ ਤਰਹ ਅਪਨੇ ਬਰਨ ਕੇ ਗ੍ਰਿਹ ਬਿਖੈ ਰੱਖ ਕੈ—ਜਿਉਂ ਜੁਗਤਿ ਉਪਰਿ ਕਹੀ ਹੈ, ਤਿਉਂ ਕਰੇ॥ ੧੦॥

ਫੇਰਿ ਸੰਜੋਗ ਕੀ ਬਿਧਿ ਕਰੇ। ਅਉਰ ਸਭ ਬਿਧਿ ਕਰੇ, ਏਕ ਨਾਮ ਕੀ ਜਾਗਹ ਯੌਂ ਕਹੈ; ਜੋ—

"ਅਮਕਾ ਨਾਮ, ਅਮਕਾ ਬਰਨ, ਖ਼ਾਲਸਾ ਹੈ, ਅਮਕਾ ਰੰਗ"

ਦੋਨੋਂ ਕਾ ਉਦਾਰੇ। ਅਉਰ ਸਭ ਬਿਧਿ ਸੰਜੋਗ ਕੀ ਕਰੇ॥ ੧੧॥

ਅਉਰ ਏਕ ਯੌਂ ਕਰੇ : ਜਿਸ ਦਿਨ ਸੰਜੋਗ ਹੋਇ, ਉਸ ਦਿਨ ਊਖਾਕਾਲ ਨੂ ਸਭ ਸਾਜ ਸੰਜੋਗ ਕਾ ਪਹਰ ਕੇ, ਜਹਾਂ ਲੜਕੀ ਹੋਇ; ਤਹਾਂ ਜਾਇ। ਤਿਸੀ ਜਾਗਹਿ ਸਮੈ ਸਿਰ, ਸੰਜੋਗ ਬਿਧਿ ਕਰੇ॥ ੧੨॥

ਜਿਸ ਕਾਰਜ ਕਉ ਸਿੱਖ ਬੁਲਾਵੈ, ਪੰਜ ਸਤ ਗੁਰਮੁਖ ਖ਼ਾਲਸੇ ਕੇ ਬੁਲਾਵੈ॥ ੧੩॥

ਅਰੁ ਕਦਾਂਚ ਮਲੇਛ ਕੀ ਪੁੱਤ੍ਰੀ ਚਾਹੈ, ਜੋ "ਮੈ 'ਖ਼ਾਲਸਾ' ਹੋਇ ਕਰਿ, ਅਪਨਾ ਸੰਜੋਗ ਖ਼ਾਲਸੇ ਸਾਥ ਕਰਾਂ!" ਤਿਸ ਕੀ ਬਿਧਿ :—

ਪਹਿਲੇ ਤਉ ਨ੍ਵਾਇਕੈ ਜਿਮੀ ਮੈ ਗੱਡੇ, ਹਿਕਮਤਿ ਨਾਲਿ। ਜੋ ਸਾਸ ਅਰੁ ਅੱਖੀਆਂ ਬਚਨਿ, ਅਉਰ ਸਭ ਅੰਗ ਗੱਡੇ; ਨਜ਼ਰ ਆਵੈ ਨਾਹੀ। ਛਿਨ ਮਾਤ੍ਰ ਇਹ ਕਰਮ ਕਰ ਕੈ ਕੱਢੇ। ਅਰੁ ਫੇਰਿ ਨ੍ਵਾਏ। ਅਰੁ ਆਖੈ :—

"ਪਾਕੀ ਨਾਈ ਪਾਕ, ਏਕ ਅਕਾਲ ਪੁਰਖੁ ਹੈ!"

ਤਬ ਫੇਰਿ ਉਸ ਕਉ ਆਗੇ ਹੀ ਮਾਟੀ ਕੇ ਦਾਬਨੇ ਤੇ, ਝਾੜ[1] ਦੇਵੈ ਪੇਟ ਕਉ; ਫੇਰਿ ਅਰਗਜੇ ਨਾਲਿ ਲਪੇਟੇ। ਜਿਉਂ ਪਰਸੰਜੋਗ ਕੀ ਬਿਧਿ ਮੈ ਕਹਿਆ ਹੈ, ਤਿਉ ਅਗਨਿ ਮੈ ਸਿਉਂ ਨਿਕਾਲੇ। ਅਰੁ ਬੈਸੰਤ੍ਰ ਦੇਵਤਾ ਕਉ, ਅਰੁ ਖ਼ਾਲਸੇ ਜੀ ਕਉ, ਅਰੁ ਭਗਉਤੀ ਜੀ ਕਉ, ਘ੍ਰਿਤ ਡਾਲ ਕਰਿ ਸਾਖੀ ਕਰੇ। ਅਰੁ ਕਹੈ; ਜੋ

"ਇਸਨੈ ਮਨ ਬਚ, ਕ੍ਰਮ ਕਰਿ ਅਪਨਾ ਜਾਮਾ ਅਗਨਿ ਬਿਖੈ ਹੋਮ
ਕੀਆ ਹੈ; ਅਰੁ ਖ਼ਾਲਸਾ ਕਾ ਪਹਰਿਆ ਹੈ ਤੁਮ ਸਾਖੀ ਹੋ!" ੧੫॥

ਫੇਰਿ ਮਾਸ ਬੈਰਾਹ ਕਾ ਖਿਲਾਵੈ, ਇਕਵੰਜਾ ਦਿਨ—੫੧॥ ਤਬ ਸੁੱਧ ਹੋਇ॥ ੧੬॥

ਫੇਰਿ ਸਿੱਖ ਕਰੀਐ ਜੁਗਤਿ ਨਾਲਿ ਪਾਹੁਲ ਖੰਡੈ ਕੀ ਦੀਜੀਐ। ਅਰੁ ਅੱਰਦਾਸਿ ਕਰੀਐ :—

"ਜੀ! ਇਹ ਜੀਅ ਮਨ ਬਚ ਕ੍ਰਮ ਕਰਿ ਖ਼ਾਲਸੇ ਕਾ ਜਾਮਾ ਪਹਿਰ ਕੇ ਸਿੱਖਣੀ ਹੋਈ ਹੈ; ਖੁਸੀ ਕਰਹੁ। ਜੋ ਸ੍ਰੀ ਅਕਾਲ ਪੁਰਖੁ ਅਪਨੇ ਮਾਰਗ ਕਾ ਰੰਗੁ ਬਖਸੇ। ਆਨੰਦ

1. ਜੁਲਾਬ ਦੇ ਕੇ, ਮੈਂਦਾ ਸਾਫ਼ ਕਰੇ।

www.Mahapurakh.com

ਸਾਥ ਰਹੈ!" ੧੭॥

ਤਬ ਉਸ ਤੇ ਪ੍ਰਸਾਦੁ ਕਰਾਏ। ਉਸ ਕੇ ਹਾਥ ਸੇ ਖਾਏ। ਤਬ ਵਹੁ ਪਵਿਤ੍ਰ ਖ਼ਾਲਸਾ ਹੋਇ॥ ੧੮॥

ਫੇਰਿ ਜਬ ਜਾਨੇ ਤਬ ਉਸਕੇ ਸਾਥ—ਜੋ ਊਪਰਿ ਬਿਧੀਆਂ ਕਹੀਆਂ ਹੈਨਿ—ਸੰਜੋਗ, ਪਰਸੰਜੋਗ ਕਰੇ॥ ੧੯॥

ਅਬ ਜੋ ਮਰਦ ਮਲੇਛ ਹੋਵੈ, ਅਰੁ ਚਾਹੈ ਜੋ "ਖ਼ਾਲਸਾ ਹੋਵਾਂ!" ਤਬ ਉਸ ਕਉ ਉਸੀ ਬਿਧਿ ਕਰੀਐ॥ ੨੦॥ ੧੫॥

## ਬਚਨ ਸੋਲ੍ਹਵਾਂ

ਜੋ ਕੋਈ ਜੀਉ—ਅਉਲਾਦ, ਇਨ੍ਹਾਂ ਪਰਸੰਜੋਗਾਂ ਤੇ ਪੈਦਾ ਹੋਵੈ, ਅਰੁ ਏਕ ਅਉਲਾਦਿ ਸੰਜੋਗ ਤੇ ਪੈਦਾ ਹੋਇ, ਤਉ ਉਨਕਾ ਆਪਸ ਮੈ ਸੰਜੋਗ ਕਰੈ! ਕਿਸੀ ਬਾਤ ਕਾ ਚਰਚਾ ਅਰੁ ਗਿਲਾਨਿ ਨਾ ਲਿਆਵੈ। ਸੁਪ੍ਰਸੰਨ ਹੋਇ ਕੇ ਕਰੇ। ਊਚ ਨੀਚ ਕਾ ਬੀਚਾਰ ਨ ਕਰੇ। ਆਪਸ ਮੋ ਸੰਜੋਗ ਕਰਕੈ ਹਸੈ ਨਾਹੀ; ਚਰਚਾ ਨ ਕਰੈ। ਅਤੇ ਜੇ ਕੋਈ ਕਰੈ; ਤਾਂ ਉਸਨੂੰ ਅਪਨੇ ਮੇਲ ਤੇ—ਖ਼ਾਲਸੇ ਤੇ—ਛੇਕ ਕੱਢੀਐ। ਹਤਿਆਰਾ ਕਰਿ ਕੱਢੀਐ। ਜੋ ਫੇਰਿ ਕੋਈ ਇਹ ਕਰਮ ਨ ਕਰੇ॥ ੧॥

ਅਰੁ ਜੋ ਕੋਈ ਇਨ੍ਹਾਂ ਬਚਨਾਂ ਨੂੰ ਮਿੱਠਾ ਕਰਿਕੈ ਅਪਨੇ ਆਤਮੇ ਅੰਦਰਿ ਹਿਤ ਕਰਕੇ ਰੱਖੇਗਾ, ਮੰਨੇਗਾ, ਕਮਾਵੇਗਾ; ਸੋ ਬਹੁਤੁ ਖ਼ੁਸ਼ੀ ਰਹੇਗਾ; ਅਰੁ ਸੁਖੀ ਹੋਵੇਗਾ। ਉਸ ਪਰਿ ਸ੍ਰੀ ਗੁਰੂ ਅਕਾਲ ਪੁਰਖੁ ਸਦਾ ਦਿਆਲ ਰਹੇਗਾ॥ ੨॥

ਇਹੁ ਮਾਰਗੁ ਸ੍ਰੀ ਗੁਰੂ ਅਕਾਲ ਪੁਰਖੁ ਕਾ ਹੈ, ਪ੍ਰੇਮ ਕਾ; ਜੋ ਕੋਈ ਮੰਨੈਗਾ, ਸੋ ਸੁਖਾਲਾ ਹੋਵੈਗਾ ਅਤੇ ਮਰਾਤਬਾ ਹੋਵੈਂਗਾ। ਅਰੁ ਜੋ ਕੋਈ ਮੁਨਕਰ ਹੋਵੇਗਾ; ਸੋ ਉਸ ਕਉ ਅੰਤਿ ਮਨਾਈਐਗਾ। ਜਬ ਸਰਬਤਿ ਮੰਨੈਗੀ। ਪਰ ਫਲੁ ਮਾਰਗ ਕਾ ਹੈ; ਸੋ ਉਸ ਕਉ ਸੁਖ ਮਲੂਮ ਹੋਵੇਗਾ, ਜੋ ਮੰਨੈਗਾ। ਅਰੁ ਏਕ ਐਸੇ ਬਲੀ ਸਿਖ ਖ਼ਾਲਸੇ ਕੇ ਮਹਾਂਬਲੀ ਪੈਦਾ ਕਰੀਐਂਗੇ, ਜਹਾਂ ਇਨ੍ਹਾਂ ਰਹਤਾਂ ਦੀ ਬੋਇ ਸੁਨਣਗੇ, ਜੀਅ ਕਰਿ ਕੈ ਕਮਾਵਨਗੇ; ਅਰੁ ਅਵਰਾਂ ਸਿਉਂ ਕਮਵਾਵਹਿੰਗੇ। ਤੇ ਭੀ ਸੁਖ ਪਾਵਹਿੰਗੇ॥ ੩॥ ੧੬॥

ਇਤਿ ਸ੍ਰੀ ਪਰਮ ਮਾਰਗ ਗ੍ਰੰਥ, ਧਿਆਉ ਚਤੁਰਥ,
ਸੰਜੋਗ ਪਰਸੰਜੋਗ ਬਿਧਿ ਨਾਮ
ਸਮਾਪਤੰ ਸੰਪੂਰਣੇ॥ ੪
ਸਰਬ ਕਾਲ ਰੱਛਿਆ ਸ੍ਰੀ ਭਗਉਤੀ ਜੀ ਕੀ॥
ਸਦਾ ਰੱਛਿਆ ਮੁਝ ਕਉ ਸ੍ਰੀ ਅਕਾਲ ਪੁਰਖੁ ਜੀ ਕੀ!!

———

www.Mahapurakh.com

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ!
ਤ੍ਵ ਪ੍ਰਸਾਦਿ॥

# ਧਿਆਉ ਪੰਜਵਾਂ

# ਪ੍ਰਸਾਦ ਖਾਣੇ ਕੀ ਬਿਧਿ-ਜੁਗਤਿ ਰਹਿਤ ਦਾ॥

ਇਸ ਪ੍ਰਾਨੀ ਸਿਖ ਖ਼ਾਲਸੇ ਸ੍ਰੀ ਅਕਾਲ ਪੁਰਖੁ ਕੇ ਨੋ ਚਾਹੀਐ; ਪਹਿਲੇ ਤਉ ਪ੍ਰਸਾਦ ਕਰਨੇ ਕੀ, ਖਾਣ ਕੀ ਜਾਗਹ ਅੱਛੀ ਬਨਾਏ। ਲੀਪੇ ਪੋਚੇ ਮਾਟੀ ਸੁਪੇਦ ਸਾਥਿ॥ ੧॥

ਜਬ ਅੰਨ ਲੇਵੈ ਤਾ ਏਕ ਏਕ ਦਾਨਾ ਕਰਕੈ ਚੁਗੈ, ਛਾਟੈ, ਛੱਟੈ, ਸਾਫ਼ ਕਰੈ॥ ੨॥

ਅੱਛੈ ਬਾਸਨ ਮਾਂਜੇ, ਪਾਕ, ਸਾਫ਼ ਕਰੈ। ਜਿਸ ਬਾਸਨ ਮੋ ਜੋ ਕਿਛੁ ਪਕਾਏ, ਉਸ ਕਉ ਅੰਦਰਿ ਤੇ ਕਲਈ ਕਰਾਇ ਲਏ। ਇਸ ਕਾ ਕਿਛੁ ਐਬ ਨਾਹੀਂ, ਮਨਾਹੀ ਭ੍ਰਮ ਹੈ। ਅਰੁ ਜੋ ਯੋਂ ਹੀ ਪਕਾਏ, ਤਉ ਕਸਾਵ ਪ੍ਰਸਾਦ ਬਿਖੈ ਹੋਵੈ, ਸੁਆਦ ਬਦਲ ਜਾਇ॥ ੩॥

ਤਿਸ ਤੇ ਜੋ ਕਿਛੁ ਪ੍ਰਸਾਦ ਕਰੈ, ਬਹੁਤ ਅਦਬ ਨਾਲਿ ਕਰੈ। ਨ੍ਹਾਇਕੇ ਅਥਵਾ ਪੰਜ ਇਸ਼ਨਾਨਾ ਕਰਿਕੇ ਕਰੇ। ਪਹਿਲਾਂ ਦੇ ਪੰਜ ਪਉੜੀਆਂ ਅਨੰਦ ਦੀਆਂ ਪੜ੍ਹੈ, ਤਬ 'ਵਾਹਗੁਰੂ' ਕਹਿਕੈ ਅਨਾਜ ਡਾਲੈ॥ ੪॥

ਮੱਠੀ ਮੱਠੀ ਆਂਚ ਸੇ ਪਕਾਵੈ, ਸਹਜ ਨਾਲਿ॥ ਪ੍ਰਿਥਮੈ ਘ੍ਰਿਤ ਬਾਸਨ ਮੈ ਡਾਲੇ। ਫੇਰਿ ਲਉਂਗ ਅਥਵਾ ਜੀਰਾ, ਅਥਵਾ ਹੀਂਗ, ਅਥਵਾ ਪਿਆਜ ਇਸ ਮੈ ਡਾਲੈ, ਤੜਕਾ ਦੇਇ॥ ੫॥

ਜਬ ਜਾਨੈ ਮਸਾਲਾ ਦੀਆ ਗਇਆ ਹੈ, ਤਬ ਉਪਰਿ ਤੇ ਅਨਾਜ ਡਾਲੈ, ਭੁੰਨੇ। ਫੇਰਿ ਗਰਮ ਪਾਨੀ ਮਰਯਾਦਾ ਨਾਲਿ ਡਾਲੈ; ਸਹਜ ਨਾਲਿ ਉਤਾਰਿ ਲਏ। ਜੋ ਕਿਛੁ ਰਿੰਨ੍ਹੈ, ਤੜਕਾ ਦੇਇ ਰਿੰਨ੍ਹੈ॥ ੬॥

ਅਰੁ ਆਟਾ ਅੱਛਾ ਕਣਕ ਦਾ ਮਹੀਨ, ਖ਼ੂਬੁ ਗੁਨ੍ਹ ਕੇ, ਇਕ ਦੁਇ ਘੜੀਆਂ ਟਿਕਾਇ ਰੱਖੈ। ਫੇਰਿ ਫੁਲਕੇ ਪਕਾਏ, ਯਾ ਪ੍ਰਾਂਵਠੇ, ਮੋਟੀਆਂ ਪ੍ਰਸ਼ਾਦੀਆਂ—ਜੋ ਪਕਾਵਨਾ ਹੋਵੈ, ਸੋ ਪਕਾਵੈ॥ ੭॥

ਜੇ ਚਾਵਲ ਕਰੇ, ਤਉ ਆਗੇ ਹੀ ਚਾਰ ਘੜੀਆਂ ਭੇਂਵ ਛੱਡੈ। ਜਬ ਜਾਨੇ ਕਿ ਪ੍ਰਸਾਦ ਪਕਾਵਨੇ ਕਾ ਸਮਾਂ ਆਇਆ ਹੈ; ਤਬ ਪਾਨੀ ਅੱਗੋ ਹੀ ਗਰਮ ਕਰਿ ਛੋਡੈ। ਓਹ ਚਾਵਲ ਨਿਚੋੜਿ ਕੈ ਪਾਨੀ ਮੈ ਡਾਲੇ, ਜੋਸ਼ ਦੇਇ। ਜਬ ਜਾਨੈ ਚਾਵਲ ਮੈ ਇਕ[1] ਕਣੀ ਰਹੀ ਹੈ, ਤਬ ਉਤਾਰ ਲੇਇ। ਪਾਨੀ ਨਿਚੋੜ ਕੈ ਘ੍ਰਿਤ ਡਾਲੈ ਦਮ ਕਰੈ॥ ੮॥

ਅਰੁ ਜੋ ਕਿਛੁ ਗੁਰੂ ਬਾਬੇ ਨੇ ਦਿੱਤਾ ਹੋਵੈ; ਤਾ ਘ੍ਰਿਤ ਭਲਾ ਖਾਏ। ਘ੍ਰਿਤ ਖਾਨੈ ਮੈ ਸਿਆਣਪ[2] ਨ ਕਰੈ। ਹੋਰ ਬਸਤ ਮੈਂ ਸਿਆਨਪ ਕਰਕੈ, ਘ੍ਰਿਤ ਅਰੁ ਦੂਧ ਖਾਏ। ਦੇਹੀ ਬਹੁਤ ਸੁਖੀ ਰਹੈ। ਮਾਸ ਖਾਨੇ ਮੈ ਭੀ ਤਕਸੀਰ ਨ ਕਰੈ। ਇਹ ਭੀ ਦੇਹੀ ਨੂੰ ਰਤਨ ਹੋਇ ਲੱਗੈ॥ ੯॥

ਜੋ ਘ੍ਰਿਤ-ਪਕ[3] ਕਿਛ ਕਰੈ; ਓਥੇ ਭੀ ਜਾਗਹਿ ਅੱਛੀ ਕਰਕੇ ਖਾਏ॥ ੧੦॥ ੧॥

---

1. ਪੋਥੀ ੨੧ ਵਿਚ ਪਾਠ 'ਤੀਨ ਕਨੀ' ਹੈ।
2. ਕੰਜੂਸੀ ਨਾ ਕਰੇ।
3. ਘਿਉ ਵਿਚ ਪੱਕਾ ਭੋਜਨ, ਪੂਰੀਆਂ ਤੇ ਮਠਿਆਈ ਆਦਿ।



www.Mahapurakh.com

## ਦੁਤੀਆ ਬਚਨ

ਪ੍ਰਸਾਦ ਜਬ ਤਯਾਰ ਹੋਇ, ਏਕ ਜਾਗਹਿ ਅੱਛੀ ਬਨਾਇਕੈ, ਸਤਰੰਜੀ ਯਾ ਲੋਈ, ਕਿਛੁ ਹੋਰ ਕੱਪੜਾ ਹੋਵੈ, ਵਿਛਾਏ। ਤਿਸ ਪਰ ਬੈਠਨਿ, ਕੱਪੜਿਆਂ ਨਾਲਿ; ਚਉਕੇ ਕਾ ਭਰਮ ਨਾ ਕਰੈ। ਖਾਣਾ ਪੀਣਾ ਪਵਿਤ੍ਰ ਹੈ, ਬਖਸ਼ ਹੈ॥ ੧॥

ਅਉਰ ਜਿਸ ਵਖਤ ਪ੍ਰਸਾਦ ਪਰੋਸ ਕੈ ਅੱਗੈ ਰੱਖੀਐ; ਤਾਂ ਧਿਆਨ ਗੁਰੂ ਪਰਮ ਗੁਰੂ ਕਾ ਕਰੇ। ਅਰੁ ਮਨ ਬਚ ਕ੍ਰਮ ਕਰਕੈ ਕਹੈ, ਜੋ

"ਏ ਸ੍ਰੀ ਅਕਾਲ ਪੁਰਖੁ ਜੀ! ਕੋਈ ਜੀਅ ਤਲਬਦਾਰ ਭੇਜ, ਸਿੱਖ ਖ਼ਾਲਸੇ ਕਾ; ਜੋ ਇਹ ਪ੍ਰਸਾਦੁ ਪਵਿੱਤ੍ਰ ਕਬੂਲ ਹੋਵੈ!!" ੨॥

ਅਤੇ ਜੋ ਕੋਈ ਸਹਜ ਮੈ ਆਵੇ, ਤਾਂ ਜਾਨੈ ਜੋ ਆਪ ਬਨਾਉ ਬਨਾਇਆ ਹੈ। ਇਸ ਵਿਚ ਭੇਦ ਨਾਹੀਂ। ਅੱਛੀ ਜੁਗਤਿ ਨਾਲਿ ਅਰੁ ਆਦਰ ਨਾਲਿ ਖਿਲਾਵੈ; ਖੁਸ਼ੀ ਲਏ॥ ੩॥

ਜੋ ਕਦਾਂਚ ਆਪ ਤੇ ਕੋਈ ਨ ਆਵੈ, ਤਾਂ ਆਪ ਬਲਾਇ ਲਿਆਵੈ। ਜੋ ਕੋਈ ਸਹਜ ਨਾਲਿ ਮਿਲੈ, ਤਾ ਅੱਤਿ ਭਲਾ; ਨਾਹੀਂ ਤਾ ਢੂੰਢਕੈ ਲਿਆਵੈ ਤਲਬਦਾਰ ਨੂੰ॥ ੪॥

ਜੋ ਕਦਾਂਚ ਸਬਬ ਪਾਇ ਹਥਿ ਨ ਆਵੈ : ਤਾਂ ਇਕ ਅਹਾਰ ਪਰੋਸਵਾਇਕੈ ਪਹਿਲਾਂ ਹੀ ਜੁਦਾ ਕਰਿ ਛੱਡੇ। ਫੇਰਿ ਜੋ ਕੋਈ ਹਿੰਦੂ, ਮੁਸਲਮਾਨ, ਖ਼ਾਲਸਾ ਆਵੈ, ਖੁਧਿਆਰਥੀ; ਉਸਨੂੰ ਦੇਇ। ਇਹ ਪ੍ਰਸਾਦ ਦਰਗਾਹ ਕਬੂਲ ਪਵੰਦਾ ਹੈ। ਇਸ ਵਿਚਿ ਫੇਰ ਨਾਹੀ॥ ੫॥

ਫੇਰਿ ਆਪਿ ਖਾਏ। ਜਬ ਗ੍ਰਾਸ ਮੁਹ ਡਾਲੈ, ਤਬ ਅਦਬ ਨਾਲਿ "ਵਾਹਗੁਰੂ ਜੀ" ਆਖੈ॥ ਹਰ ਗਿਰਾਸ ('ਵਾਹਗੁਰੂ') ਆਖਿ ਖਾਏ। ਦਾਨਾ ਜਿਮੀ ਉਪਰ ਪਵਨ ਨ ਦੇਇ, ਥਾਲੀ ਨਾਲਿ ਲੱਗਾ ਨ ਰੱਖੈ: ਇਸ ਤਰਹ ਖਾਏ। ਪ੍ਰਸਾਦ ਖਾਣੇ ਦੇ ਸਮੈ ਅੰਗੁਲੀ ਅਪਨੀ ਵਿਛੋੜੈ ਨਾਹੀਂ॥ ੬॥

ਅਰੁ ਮਾਸ—ਜੋ ਗੁਰੁ ਦੇਇ, ਤਉ—ਹਰਿ ਰੋਜ਼ ਪ੍ਰਸਾਦ ਨਾਲਿ ਕਰੈ; ਥੋੜ੍ਹਾ ਬਹੁਤ। ਨਾਗਾ ਨ ਕਰੈ। ਜਿਸ ਦਿਨ ਨਾਗਾ ਕਰੈ, ਉਸ ਦਿਨ ਪ੍ਰਸਾਦ ਕਬੂਲ ਪਵੈਗਾ ਨਾਹੀਂ। ਭੂਤ ਪ੍ਰੇਤ ਉਸ ਪ੍ਰਸਾਦ ਕੇ ਅਧਿਕਾਰੀ ਹੋਹਿੰਗੇ। ਮਾਸ ਜੋ ਕਹਿਆ ਹੈ, ਸੋ ਕਿਉਂ ਕਹਿਆ ਹੈ? ਜੋ ਪਰਮ ਰੂਪ ਇਸ ਕੀ ਬਾਸਨਾ ਤੇ ਸੁਪ੍ਰਸੰਨ ਹੋਤਾ ਹੈ। ਤਬ ਉਹ ਪ੍ਰਸਾਦ, ਮਹਾਂ ਪ੍ਰਸਾਦ ਹੂਆ। ਜੋ ਕੋਈ ਮੁਹ ਪਾਵੈ, ਸੋ ਭੀ ਪਵਿੱਤ ਹੋਇ॥ ੭॥

ਜਬ ਪ੍ਰਸਾਦ ਹੋਵੈ; ਅਰੁ ਸਬਬ ਪਾਇਕੈ, ਜੋ ਆਦਮੀ ਪ੍ਰਸਾਦ ਦੀ ਤਿਆਰੀ ਦੇ ਸਮੈ ਆਵਨਿ; ਆਗੈ ਪ੍ਰਸਾਦ ਮਾਫਿਕ ਹੋਵੈ; ਤਾਂ ਮਨ ਬਿਖੈ ਨਾ ਲਿਆਵੈ; ਜੋ—"ਥੋੜ੍ਹਾ ਹੈ; ਕਿਉਂ ਆਏ ਹੈਨਿ!" ਇਸ ਨੀਅਤਿ ਵਿਚਾਰ ਦਾਰਿੱਦ੍ਰ ਪ੍ਰਵੇਸ਼ ਹੋਂਦਾ ਹੈ॥ ੮॥

ਅਰੁ ਜੋ ਆਏ ਹੋਹਿੰ, ਥੋੜ੍ਹੇ ਮੈ ਮਨ ਬਚ, ਕ੍ਰਮ ਕਰਿ ਰਾਜੀ ਹੋਵੈਂ, ਵੰਡਿ ਖਾਏਂ। ਛੱਡਿ ਨ ਖਾਏਂ। ਉਸ ਵਿਚਿ ਬਰਕਤਿ ਪਵੈ। ਅਤੇ ਕਿਸੀ ਗੱਲ ਦੀ ਕਮੀ ਨ ਹੋਵੈ॥ ੯॥ ੨

## ਬਚਨ ਤ੍ਰਿਤੀਆ

ਜਬ ਜਾਨੈ ਜੋ ਮੈ ਮੁਸਾਫ਼ਰ ਹੋਂ; ਅਥਵਾ ਪ੍ਰਦੇਸ ਬਿਖੈ ਹੋਂ। ਅਰੁ ਜਾਨੈ ਜੋ ਯਹ ਜੁਗਤਿ ਬਨਿ ਨਾਹੀਂ ਆਂਵਦੀ, ਤਾਂ ਜਿਉਂ ਖਾਏ, ਤਿਉਂ ਹੀ ਖਾਏ। ਡਰੁ ਨਾਹੀਂ। ਪਰ ਜੁਗਤਿ ਨ ਛੱਡੇ; ਪ੍ਰਸਾਦ ਹੱਛਾ ਖਾਏ॥ ੧॥

ਅਰੁ ਪਾਣੀ ਕੀ ਜੁਗਤਿ ਯੋਂ ਕਰਿ ਪੀਵੈ : ਜੋ ਘੜੇ ਪਾਨੀ ਪੀਨੇ ਦੇ ਪ੍ਰਿਥਮੈ ਅੱਛੀ ਜਾਗਹਿ

www.Mahapurakh.com

ਇਕੰਤ ਰੱਖੈ; ਜ਼ਮੀਨ ਤੇ ਉੱਚੀ ਠਉਰ, ਠੰਡੀ ਜਾਗਹਿ॥ ੨॥

ਅਰੁ ਪਾਨੀ ਕੇ ਬਿਖੈ ਫੂਲ ਗੁਲਾਬ ਕੇ ਤਾਜੇ ਹੋਨ; ਅਥਵਾ ਸੁੱਕੇ ਹੋਣ, ਇਕ ਪੋਟਲੀ ਲਾਇਚੀ ਛੋਟੀ ਦੀ, ਏ ਬਸਤੁ ਪਾਨੀ ਦੇ ਘੜਿਆਂ ਵਿਚਿ ਪੜੀ ਰਹੈ॥ ੩॥

## ਬਚਨ ਚਤੁਰਥ

ਜੋ ਇਸ ਪ੍ਰਾਣੀ ਨੂੰ ਖਾਣਾ-ਪੀਣਾ ਅੰਗੀਕਾਰ ਕਰਨਾ ਕਹਿਆ ਹੈ। ਜਹਾਂ ਤਕ ਅੰਨ ਹੈ ; ਸੋ ਸਭ ਉਚਿੱਤ ਹੈ; ਖਾਣੇ। ਅਰੁ ਜੋ ਖਟ ਕਰਮੀ ਕਹਤੇ ਹੈਂ : "ਅਮਕਾ ਅੰਨ ਨ ਖਾਈਐ!" ਸੋ ਸਭ ਭਰਮ ਹੈ। ਅੰਨ ਸਭ ਪਵਿਤ੍ਰ ਹੈ ; ਏਕ ਯਹ ਖਾਣੇ ਵਾਲਾ ਅਪਵਿਤ੍ਰ ਹੈ। ਜਿਸਦੇ ਕਿ ਸੰਗ ਸਿਉਂ ਬਿਗੜਿ ਗਇਆ; ਕੁਚੀਲ ਹੋਇ ਗਇਆ ; ਥੁੱਕਾਂ ਲੱਗੀਆਂ ਪਵਨਿ[1]॥ ੧॥

ਕੰਦ ਮੂਲ ਸਭ ਉਚਿੱਤ ਹੈ, ਜੋ ਸਭ ਜ਼ਮੀਨ ਦੇ ਤੇਜ਼ ਤੇ ਪੈਦਾ ਹੋਇਆ, ਇਹ ਤ੍ਰਕਾਰੀ ਹੈ॥ ੨॥

ਸਾਗ ਜਹਾਂ ਤਕ ਹੈ, ਸੋ ਸਭ ਪਵਿਤ੍ਰ ਹੈ॥ ੩॥

ਜੋ ਇਨ੍ਹਾਂ ਵਸਤਾਂ ਮੈ ਸੇ ਅਪਨੀ ਦੇਹੀ ਨੂੰ ਮਾਫਿਕ ਹੋਵੇ; ਸੋ ਸਭ ਖਾਏ॥ ੪॥

ਮਾਸ ਖਾਣੇ ਮੈ ਬੀਚਾਰ ਹੈ। ਮੱਛੀ ਖਾਣੇ ਮੈ ਭੀ ਬੀਚਾਰ ਹੈ। ਕਿਉਂ ਕਰਿ; ਕਿ—ਪ੍ਰਿਥਮ ਤਉ ਅਖੇਟ ਬ੍ਰਿਤ (ਸ਼ਿਕਾਰ) ਕਰਿ ਖਾਏ। ਜਿਸ ਹਥਿਆਰ ਨਾਲ ਮਾਰੇ, ਉਸੀ ਕੋ ਪਵਿਤ੍ਰ ਕਰਿ ਜਾਨੈ॥ ੫॥

ਅਰੁ ਜੋ ਸ਼ਿਕਾਰ ਕਰਿ ਨਾ ਸਕੈ, ਝਟਕੇ ਕਾ ਖਾਇ। ਅਰੁ ਜੋ ਕਦਾਂਚ ਜਾਨਵਰ ਕੋ ਅਚਾਨਕ ਚੋਟ ਲਗੇ ਜੀਵਤੇ ; ਤਾਂ ਉਸ ਦਾ ਮਾਸ ਭੀ ਖਾਣਾ ਕਹਿਆ ਹੈ॥ ੬॥

ਇਕ ਨਹੀਂ ਖਾਇ, ਜੇ ਜਾਨਵਰ ਰੋਗੀ ਹੋਇ; ਉਸ ਦਾ ਮਾਸ ਖਾਣਾ ਬਹੁਤ ਬੁਰਾ ਹੈ। ਅਪਵਿਤ੍ਰਾਂ ਸਿਰ ਅਪਵਿਤ੍ਰ ਹੈ। ਭਾਵੈਂ ਸ਼ਿਕਾਰ ਕਰੋ, ਭਾਵੇਂ ਝਟਕਾ; ਭਾਵੈਂ ਚੋਟ ਲਾਗੇ; ਭਾਵੈਂ ਜ਼ਿਬਹ ਹੋਵੈ। ਸਭ ਏ, ਰੋਗ ਕਰ ਕੇ ਖਾਣਾ ਕਹਿਆ ਨਾਹੀ॥ ੭॥[2]... ... ...

... ... ... ... ... ... ... ... ... ... ... ... ... ... ... ... ...
... ... ... ... ... ... ... ... ... ... ... ... ... ... ... ... ...
... ... ... ... ... ... ... ... ... ... ... ... ... ... ... ... ...
... ... ... ... ... ... ... ... ... ... ... ... ... ... ... ... ...
... ... ... ... ... ... ... ... ... ... ... ... ... ... ... ... ...
... ... ... ... ... ... ... ... ... ... ... ... ... ... ... ... ...

ਅਬ ਕਉਣ ਕਉਣ ਮਾਸ ਖਾਣਾ ਕਹਿਆ ਹੈ? ਪ੍ਰਿਥਮੈ ਬੈਰਾਹ ਅਰੁ ਗੈਂਡਾ ਹਰਨ ਚਿਕਾਰ ਪਾੜਾ, ਚੀਤਲ, ਬਾਰਹਸਿੰਗਾ, ਝੰਖਾੜ; ਬੱਕਰਾ, ਛੱਤਰਾ ਖਰਗੋਸ਼॥ ੧੪

ਅਬ ਪ੍ਰਿੰਦ ਜਾਨਵਰ ਕਾ ਮਾਸ ਕਉਨ ਕਉਨ ਖਾਣਾ ਕਹਿਆ ਹੈ?

---

1. ਖਾਣ-ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ। (ਸਲੋਕ, ਪਉੜੀ ੧੮)
ਪਾਪੀ ਸਿਉਂ ਤਨ ਗਡਿਆ ਥੁਕਾਂ ਪਈਆਂ ਤਿਤੁ। (ਸਲੋਕ, ਪਉੜੀ ੧੯)
—ਵਾਰ ਆਸਾ

2. ਅਗਲਾ ਪਾਠ ਜ਼ਿਬਹ ਕੀਤੇ (ਕੁਠਾ) ਮਾਸ ਬਾਰੇ ਹੈ; ਜੋ ਇਸ ਵਕਤ ਗ਼ੈਰ-ਜ਼ਰੂਰੀ ਜਾਪਦਾ ਹੈ। ਇਸ ਵਾਸਤੇ ਛੱਡ ਦਿੱਤਾ ਗਿਆ ਹੈ। (ਸੰਪਾਦਕ)

www.Mahapurakh.com

ਪ੍ਰਿਥਮੇ ਕੁਲੰਗ, ਫੇਰਿ ਕਾਜ, ਮੱਘ, ਮੁਰਗਾਈ, ਬਟੇਰਾ, ਲਵਾ, ਟਰਾ-ਚਿੜਾ, ਘੁੱਘੀ, ਕਬੂਤਰ, ਕਰਵਾਨਕ ਜੰਗਲੀ ਕੁਕੜ, ਬੁਜ ਕੋਕਲਾ, ਤਿੱਤਰ॥ ੧੫॥

ਅਬ ਮੱਛੀ ਕਉਨ ਕਉਨ ਖਾਣੀ ਕਹੀ ਹੈ? ਪ੍ਰਿਥਮੈ ਰੋਹੂ, ਫੇਰਿ ਸਿੰਘਾੜਾ, ਸਾਉਲਾ, ਖੱਗਾ, ਝੀਂਗਾ, ਜਝਲੀਆ, ਪਲਪਲ ਵਹਿਲੀਆ॥ ੧੬॥

ਮੱਛੀ ਨਾਲਿ ਪਿਆਰ ਥੋੜ੍ਹਾ ਕਰੇ ਖਾਣ ਦਾ; ਕਦੇ-ਕਦੇ ਖਾਏ॥ ੧੭॥

ਦੁਧ ਨਿਤਾਪ੍ਰਤਿ ਪੀਏ; ਜੋ ਗੁਰੂ ਦੇਇ। ਕਿਉਂਕਰਿ ਕਹਿਆ ਹੈ? ਜੋ ਅੰਮ੍ਰਿਤ ਹੈ; ਇਸ ਕਰਕੇ ਦੇਹ ਸੁਪਰਸੰਨ ਰਹਤੀ ਹੈ; ਚਉਦਹ ਗੁਣ ਹੈਂ॥ ੧੮॥

ਅਰੁ ਘ੍ਰਿਤ ਦੁਇ ਘੜੀ ਦਿਨ ਚੜ੍ਹੇ ਪੀਵੇ ਗੋਕਾ। ਜਾਡੇ ਕੀ ਰੁਤਿ ਦੋਇ ਤਿਨ ਮ੍ਰਿਚਾਂ ਮੁਹਿ ਪਾਇਕੇ ਪੀਵੈ। ਅਰੁ ਗਰਮੀ ਕੀ ਰੁਤਿ ਤ੍ਰਿਫਲੇ ਨਾਲਿ ਪੀਵੈ। ਤ੍ਰਿਫਲਾ ਦਮੜੀ ਵਜ਼ਨ; ਅਰੁ ਘ੍ਰਿਤ ਦੁਇ ਸਿਰਸਾਹੀ ਪੱਕਾ॥ ੧੯॥

ਇਸ ਕੇ ਖਾਂਏ ਜੋਤਿ ਨੇਤਰੋਂ ਕੀ ਬਹੁਤ ਹੋਇ; ਪੇਟ ਮੈਂ ਮੈਲ ਜਮਾੱ ਨ ਹੋਨਿ ਪਾਇ। ਦੇਹੀ ਸਾਰੀ ਚਿਕਨੀ ਰਹੈ, ਰੋਸ਼ਨ ਹੋਇ; ਦਿਮਾਗ ਪੁਰ ਹੋਵੈ। ਇਸ ਦੁਇ ਸਿਰਸਾਹੀ ਖਾਣੇ ਮੈ ਜੋ ਗੁਣ ਹੈ, ਸੋ ਪ੍ਰਸਾਦੁ ਪਾਏ ਪਾਉ ਨਾਲਿ, ਇਤਨਾ ਗੁਨ ਹੋਇ। ਪਰ ਧੂਪ ਤੇ ਪ੍ਰਹੇਜ਼ ਕਰੇ; ਸਾਰੀ ਹਿਕਮਤਿ ਪੀਵਨੇ ਕੀ ਇਹ ਹੈ॥ ੨੦॥ ੪॥

## ਬਚਨ ਪੰਚਮ

ਅਬ ਪ੍ਰਸਾਦੁ ਖਾਣਾ-ਪੀਣਾ ਇਸ ਕਉ ਕਹਾਂ ਕਹਾਂ ਕਹਿਆ ਹੈ? ਕਿਉਂ-ਕਿਉਂ ਕਰਿ ਕਹਿਆ ਹੈ? ਪ੍ਰਸਾਦੁ ਪੀਣਾ ਸਭ ਪਵਿੱਤ੍ਰ ਹੈ। ਕਿਸ ਵਾਸਤੇ? ਰਿਜ਼ਕ ਧੁਰਹੁੰ ਕਰਿ ਮਿਲਿਆ ਹੈ। ਜਹਾਂ ਜਹਾਂ ਇਸਕਾ ਰਿਜ਼ਕ ਰਲਾਇਆ ਹੈ, ਤਹਾਂ-ਤਹਾਂ ਤੇ ਬਿਨ ਉਪਾਉ ਆਇ ਮੁਹਿੰ ਪਾਉਂਦਾ ਹੈ। ਤਿਸ ਤੇ ਇਸ ਕਉ ਕਹਿਆ ਹੈ: ਜੋ ਆਇ ਪਹੁਚੈ, ਤਾਂ ਪਵਿਤ੍ਰ ਕਰਿ ਖਾਏ। ਪਰ ਦੂੰਹ ਦਾ ਖਾਣਾ ਬਿਬ੍ਰਜਤ ਹੈ, ਪ੍ਰਿਥਮੈ ਜੋ ਕੋਈ ਅਪਨੇ ਗੁਰੂ ਤੇ ਬੇ-ਮੁਖ ਹੋਵੈ; ਏਕ ਤੋ ਉਸਕੇ ਹਾਥ ਕਾ ਨ ਖਾਇ। ਦੁਤੀਏ ਜੋ ਕੋਈ ਖੁਲਾਇਕੇ ਦਾੱਵਾ ਬੰਨ੍ਹੇ, ਅਰੁ ਕਹੈ : ਅਮਕਾ ਮੇਰੇ ਈਹਾਂ ਖਾਇ ਗਇਆ ਹੈ! ਅਉਰ ਜੋ ਹੈ ਸਭ ਪਵਿਤ੍ਰ ਹੈ—ਕਿ ਹਿੰਦੂ, ਕਿ ਮੁਸਲਮਾਨ, ਕਿ ਹੋਰ ਕੋਈ। ਜਹਾਂ ਜਾਨੈ ਨਿਰਦਾੱਵਾ ਹੈ, ਨਿਰਵੈਰ ਹੈ, ਸੋ ਸਭ ਉਚਿਤ ਹੈ, ਖਾਣਾ-ਪੀਣਾ। ਸਭ ਤੇ ਬੁਰਾ ਖਾਣਾ ਜੁ ਹੈ, ਸੋ ਬੇ-ਮੁਖ ਦਾ ਹੈ, ਸਮਝਿ ਖਾਏ॥ ੧॥

ਆਪਣੇ ਪੰਥ ਤੇ ਕਦਾਂਚ ਕਿਸੀ ਅਉਰ ਪੰਥ ਮੈ ਜਾਇ। ਅਥਵਾ ਸੰਸਾਰੀਆਂ ਕੇ ਹੋਰ ਥੇ ਹੋਵੇ; ਤਾ ਇਹ ਜੁਗਤਿ ਬਿਧਿ ਖਾਇ। ਅਥਵਾ ਜਿਸ ਠਉਰ ਨਾਹੀ ਖਾਣਾ ਕਹਿਆ, ਊਹਾਂ ਬਣੇ ਖਾਣਾ-ਪੀਣਾ; ਸਾ ਕਬ ਖਾਇ? ਤਾਂ ਇਹ ਜੁਗਤਿ ਕਰੇ : ਜਬ ਵਹਿ ਸਮਾ ਹੋਵੈ, ਚਾਂ ਆਖੈ ਉਸਨੂੰ :

"ਜੋ ਖੁਲਾਂਵਦਾ ਹੈਂ, ਮੇਰੇ ਰਲੇ ਕਿਸਮਤਿ ਵਿਚਿ ਖੁਲਾਂਦਾ ਹੈਂ ਕਿ ਅਪਨੇ?" ਜੇ ਉਹ ਕਹੈ :—

"ਤੂ ਜੋ ਖਾਣਾ ਹੈ, ਸੁ ਅਪਨਾ ਰਲਿਆ, ਜੋ ਮੇਰੇ ਗ੍ਰਿਹ ਰੱਖਿਆ ਹੈ।
ਮੇਰੇ ਰਿਜਕੁ ਬਿਖੈ ਤੇਰਾ ਰਿਜਕ ਰਲਿਆ ਹੈ!"

ਤਬ ਵਹਿ ਪ੍ਰਸਾਦੁ ਪਵਿਤ੍ਰ ਹੈ, ਦੋਖ ਕਿਛੁ ਨਾਹੀ। ਪਰ ਜਬ ਲਗ ਬਸਾਇ ਤਬ ਲਗ ਇਨ ਠਉਰ ਤੇ ਬਚੇ॥ ੨॥

ਅਰੁ ਏਕ ਅਉਰ ਹੈ : ਜੇ ਕੋਈ ਅਪਨੇ ਦੇਵੀ-ਦੇਵਤੇ ਕੇ ਇਸਟ ਕਾ ਪ੍ਰਸਾਦ ਦੇਇ, ਤਾਂ ਨ ਖਾਏ। ਇਸਤੇ ਬੁੱਧੀ ਮਲੀਨ ਹੋਂਦੀ ਹੈ। ਜਿਉਂ ਬਿਸ ਅਪਨਾ ਅੱਮਲ ਕਰਦਾ ਹੈ, ਦੇਹਿ ਮੈਂ;

www.Mahapurakh.com

ਤਿਉਂ ਇਹ ਪ੍ਰਸਾਦੁ—ਦੇਵੀ-ਦੇਵਤੇ ਕੇ ਇਸਟ ਕਾ—ਕਰਦਾ ਹੈ। ਮਤਿ ਬਦਲ ਜਾਂਦੀ ਹੈ, ਅਰ ਸਿਦਕ ਏਕ ਸਿਉਂ ਟਲਦਾ ਹੈ॥ ਜਿਉਂ ਇਸਤ੍ਰੀ ਖਸਮ ਦੀ ਹੋਂਦੀ ਹੈ; ਅਰੁ ਬਿਗਾਨੇ ਮਰਦ ਦੇ ਹੱਥੋਂ, ਅਥਵਾ ਜੂਠਾ ਉਸਦਾ ਲੈ ਖਾਂਦੀ ਹੈ; ਤਾਂ ਓਹ ਦੁਰਾਚਾਰਨ ਬਦ ਹੋਂਦੀ ਹੈ। ਤਿਉਂ ਇਹ ਸਿਵਾਇ ਪ੍ਰਸਾਦੁ ਸ੍ਰੀ ਗੁਰੂ ਪੂਰੇ ਅਕਾਲ ਪੁਰਖੁ ਕੇ ਸਿਉਂ ਹੋਰਸਿ ਉਪਾਸਨਾ ਕਾ ਸਭ ਮਨੇ ਹੈ; ਥਾਏ ਨਾਹੀਂ॥ ੩

ਅਰੁ ਅੱਮਲ ਕੋਈ ਖਾਏ ਨਾਹੀਂ। ਅਰੁ ਜੋ ਕਦਾਂਚ ਖਾਏ; ਤਾਂ ਇਸ ਤਰਹਿ ਖਾਏ : ਜੋ ਅਫੀਮ ਖਾਏ; ਤਾਂ ਵੱਡੇ ਮੂੰਗ ਬਰਾਬਰ, ਅੱਛੀ ਅੱਵਲ ਖਾਏ। ਮਸਾਲਾ ਪਾਇ ਖਾਇ। ਅਰੁ ਜੋ ਮਸਾਲਾ ਨ ਹੋਵੈ; ਤਾਂ ਤੀਨ ਮਾਸੇ ਬਿਜੀਆ ਘੋਟਿ ਪੀਵੈ ਸਾਦੀ। ਪੋਸਤ ਪੀਵੈ; ਤਾਂ ਅਢਾਈ ਡੋਡੇ–ਅਫੀਮ ਅਨਨਿਕਲੇ—ਭੇਂਵ ਕੇ ਪੀਵੈ॥ ੪

ਜੋ ਕੋਈ ਦਾਰੂ ਪੀਵੈਗਾ,.....ਕੁੰਭੀ ਨਰਕਿ ਪਵੈਗਾ। ਅਰੁ ਜੋ ਕਦਾਂਚ ਕਿਸੇ ਇਲਾਜ ਨੂੰ ਪੀਵੈਗਾ; ਤਾਂ ਇਸਦੇ ਵਾਸਤੇ ਉਸ ਨੂੰ ਸਿੱਖੀ ਨ ਹੱਥ ਆਵੈਗੀ॥ ੫

ਅੱਮਲੁ ਖਾਣਾ ਮਨਾਁ ਹੈ; ਸੁ ਇਸ ਵਾਸਤੇ ਹੈ : ਜੁ ਦੇਹ ਨੂੰ ਸੁਸਤੀ ਲਿਆਂਵਦਾ ਹੈ। ਸਿਮਰਨ ਤੇ, ਦੁਨੀਆਂ ਕੀ ਕਿਰਤ ਤੇ ਫੇਰਿ ਰਖਦਾ ਹੈ—ਕਰਣੇ ਨਾਹੀ ਦੇਂਦਾ ਅਰੁ ਬਦ ਅੱਮਲਾਂ ਨੂੰ ਦਉੜਾਂਵਦਾ ਹੈ; ਤੇ ਸੁਆਦ ਨੂੰ ਚਾਂਹਦਾ ਹੈ। ਸੁਆਦ ਕਰਕੈ ਬਦ ਅੱਮਲ ਹੋਂਦੇ ਹੈਨਿ॥ ੬॥

ਜਬ ਖਾਏ, ਤਾਂ ਯੌਂ ਖਾਏ : ਜਬ ਜਾਣੇ ਕਿ ਦੁਨੀਆਂ ਕੇ ਬਿਉਹਾਰਾਂ ਤੋਂ ਫ਼ਾਰਗ ਹੋਇਆ ਹਾਂ ; ਅਬ ਕਿਛੁ ਕੰਮ ਨਾਹੀਂ॥ ੭॥

ਅਰੁ ਖਾਏ, ਤਾਂ ਛੁਪਾਇਕੇ ਖਾਏ। ਕਿਸੇ ਉਪਰਿ ਜਾਹਰ ਨ ਕਰੇ॥ ੮॥

ਭਾਂਗ[1] ਖਾਏ, ਤਾਂ ਅਢਾਈ ਮਾਸਾ ਮਸਾਲੇ ਪਾਇ ਖਾਏ—ਲੌਂਗ, ਮਿਰਚਾਂ, ਜਾਇਫ਼ਲ, ਜਾਵਿੱਤ੍ਰੀ, ਕੇਸਰ, ਮੁਸ਼ਕੰਬਰ ਪਾਣਾ। ਇਹ ਐਬ ਨਾਹੀਂ॥ ੯॥

ਇਤਿ ਸ੍ਰੀ ਪ੍ਰੇਮ ਸੁਮਾਰਗ ਗ੍ਰੰਥੇ, ਧਿਆਇ ਪੰਚਮ,
ਸਮਾਪਤੰ ਸੰਪੂਰਣੰ॥ ੫॥
ਸਰਬ ਰੱਛਿਆ ਮੁਝਕੋ!!

———

1. ਭੰਗ, ਸੁੱਖਾ।
ਪੋਥੀ ੨੧ ਤੇ ੨੨ ਵਿੱਚ, 'ਭੰਗ' ਦੀ ਥਾਂ, 'ਸੁੱਖਾ' ਪਾਠ ਹੈ।

www.Mahapurakh.com

੧ੴ ਗੁਰੂ ਸਤਿ।
ਤੂ ਪ੍ਰਸਾਦਿ॥

# ਧਿਆਇ ਛਟਵਾਂ

# ਦੇਹੀ ਦੀ ਰਹਿਤ ਕ੍ਰਿਤ ਦਾ

## ਪ੍ਰਥਮ ਬਚਨ

ਇਸ ਪ੍ਰਾਨੀ—ਸਿੱਖ ਖ਼ਾਲਸੇ ਸ੍ਰੀ ਅਕਾਲ ਪੁਰਖੁ ਕੇ ਨੂੰ ਚਾਹੀਐ :—

ਪਹਰ ਰਾਤਿ ਰਹੰਦੀ—ਅੰਮ੍ਰਿਤ ਵੇਲੇ—ਉੱਠੇ॥ ੧॥

ਪਹਿਲੇ ਦਿਸ਼ਾ ਭੂਮਿ[1] ਜਾਇ, ਜਬ ਉਹਾਂ ਸਿਉਂ ਫਾਰਗ ਹੋਵੈ; ਤਬ ਹੱਥ-ਪਾਨੀ ਲਏ। ਗੁਦਾ ਕਉ ਧੋਵੈ। ਉਪਰਿ ਸਿਉਂ ਦਮ ਕਾ ਜ਼ੋਰ ਕਰੈ। ਕਿਸ ਤਰਹ ਧੋਵੈ? ਜਿਉਂ ਨਰੀ ਨੂੰ ਧੋਈ ਦਾ ਹੈ; ਤਿਉਂ ਧੋਵੈ। ਜਬ ਧੋਵੈ, ਸੱਤ ਵਾਰੀ...ਵਿਚ ਅੰਗੁਰੀ ਡਾਲੈ॥ ੨॥

ਜਬ ਪੇਸ਼ਾਬ ਕਰੈ, ਇੰਦ੍ਰੀ ਨੂੰ ਭੀ ਧੋਵੈ। ਫੇਰਿ ਹੱਥ ਅਪਨੇ ਮਿੱਟੀ ਮਲ ਕੇ, ਤੀਨ ਵਾਰੀ ਧੋਵੈ। ਫੇਰਿ ਗੋਡਿਆਂ ਸਿਉਂ ਲੈ ਕੇ ਪੈਰ ਧੋਵੈ। ਜਬ ਬਨੇ, ਇਉਂ ਹੀ ਕਰੈ॥ ੩॥

ਫੇਰਿ ਦਾਤੁਨ ਕਰੈ। ਮੂੰਹੁ ਧੋਵੈ। ਗੁਰੂ-ਪੁਰਖੁ[2] ਨਾਮੁ ਲੈਂਦਾ ਜਾਏ॥ ੪॥

ਤਿਸ ਤੇ ਉਪ੍ਰਾਂਤਿ ਇਸਨਾਨ ਕਰੈ, ਕੇਸਾਂ ਸੁਧਾ ਪਾਨੀ ਪਾਇ ਨ੍ਹਾਏ। ਸੱਤ ਗੜਵੀਆਂ ਨਾਲ ਨ੍ਹਾਵੈ। ਗੜਵੀ, ਜਿਸ ਵਿਚ ਸੇਰ ਸੱਤ ਪਾਨੀ ਪਵੈ॥ ੫॥

ਫੇਰਿ ਗੁਰਮੰਤ੍ਰ, ਸ਼ਬਦ-ਬਾਣੀ ਪੜ੍ਹੇ—ਉਚਾਰ ਕਰੈ॥ ੬॥

ਦਿਨ ਚੜ੍ਹੇ ਕੀਰਤਨ ਕਰੈ। ਅਥਵਾ ਇੱਕ ਸ਼ਬਦ, ਦੁਇ ਸ਼ਬਦ—ਜੋ ਕਿਛੁ ਗੁਰੂ ਪੜ੍ਹਾਏ—ਗ੍ਰੰਥ-ਪੋਥੀ ਸੋਂ ਪੜ੍ਹੈ। ਫੇਰਿ ਚਰਨ ਕੰਵਲ ਆਰਤੀ ਪੜ੍ਹ ਕੇ ਕ੍ਰਿਤ ਨੂੰ ਲਗੈ[3]॥ ੭॥

ਜਬ ਦੁਇ ਪਹਰ ਦਿਨ ਗੁਜਰੇ, ਫੇਰਿ ਹੱਥ-ਮੂੰਹ, ਪੈਰ ਗੋਡਿਆਂ ਤੱਕ ਧੋਇਕੈ "ਸੋ ਦਰੁ" ਰਹਰਾਸਿ ਨਾਲ ਪੜ੍ਹੈ। ਸੰਧਿਆ ਨੂੰ 'ਗੁਰਮੰਤ੍ਰ' ਪੜ੍ਹੈ॥ ੮॥

ਫੇਰਿ ਰਾਤਿ ਨੂੰ ਸ਼ਬਦ-ਬਾਣੀ ਪੜ੍ਹੈ, ਗਾਵੈ! ਕੀਰਤਨ ਕਰੈ॥ ੯॥

ਜਬ ਜਾਨੈ ਜੁ ਨਿੰਦ੍ਰਾ ਬਹੁਤ ਗਲਬਾ ਆਇ ਕੀਤਾ ਹੈ; ਤਾਂ ਆਰਤੀ-ਸੋਹਿਲਾ ਪੜ੍ਹਕੇ ਸੋਵੈ! ਧਿਆਨ ਅਪੁਨਾ ਸ੍ਰੀ ਵਾਹਗੁਰੂ ਅਕਾਲ ਪੁਰਖੁ ਬਿਖੈ ਰਖਕੈ ਸੁਰਤਿ ਸਿਉਂ ਸੋਵੈ॥ ੧੦॥ ੧

---

1. ਸੁਚੇਤੇ ਮੈਦਾਨ ਮਾਰਨਾ, ਝਾੜੇ ਬਹਿਣਾ।
2. ਪਬਲਿਕ ਲਾਇਬ੍ਰੇਰੀ; ਲਾਹੌਰ ਵਾਲੀ ਪੋਥੀ ਵਿਚ ਪਾਠ "ਗੁਰਮੁਖ" ਹੈ। ਭਾਵ ਦੋਹਾਂ ਦਾ "ਵਾਹਗੁਰੂ" ਹੀ ਹੈ।
3. 'ਗੁਰੁ ਗ੍ਰੰਥ ਸਾਹਿਬ' ਦੇ ਇਸ ਹੁਕਮੁ ਅਨੁਸਾਰ :—
   ਸਲੋਕ ਮ: ੪॥ ਗੁਰੂ ਸਤਿਗੁਰ ਕਾ ਜੋ ਸਿੱਖ ਅਖਾਏ;
   ਸੋ ਭਲਕੇ ਉਠਿ ਹਰਿ ਨਾਮ ਧਿਆਵੈ।...(ਸਾਰਾ ਸਲੋਕ)
   ('ਵਾਰ ਗਉੜੀ ਕੀ', ਪਉੜੀ ੧੧ ਨਾਲਿ)



www.Mahapurakh.com

## ਦੁਤੀਆ ਬਚਨ

ਅਹਾਰੁ ਥੋੜ੍ਹਾ ਬਹੁਤ ਸਵੇਰ ਹੀ ਖਾਏ; ਪਰ ਭੁੱਖ ਲੱਗੀ; ਰੋਟੀ ਦਾਲ, ਅਥਵਾ ਨਾਲ ਕਿਛੁ ਹੋਰ॥ ੧॥

ਫੇਰਿ ਚਾਰ, ਅਥਵਾ ਤਿੰਨ ਘੜੀਆਂ ਦਿਨ ਰਹੰਦੇ, ਰਿੱਧਾ ਅੰਨ ਖਾਏ; ਦਾਲ-ਚਾਵਲ, ਖਿਚੜੀ, ਮਾਸ-ਚਾਵਲ, ਪਲਾਵ। ਰੋਟੀ ਦੁਇ ਵਖਤ ਨ ਖਾਏ; ਮਨਾੱ ਹੈ॥ ੨॥ ਪਰ ਕਿਛੁ ਭੁੱਖ ਰੱਖਕੇ ਖਾਏ॥ ਭਰੇ ਉਪਰਿ ਭਰੇ ਨਾਹੀ॥ ੩॥

ਮੇਵਾ ਜੋ ਖਾਏ ਨਿਰਾਹਾਰ ਖਾਏ; ਖੁਸ਼ਕ ਮੇਵਾ॥ ੪॥

ਤਰ ਮੇਵਾ ਖਾਏ, ਦੁਇ ਚਾਰ ਪੈਸਾ ਭਰ ਅੰਨ ਦੀ ਅੰਸ ਮੂੰਹ ਪਾਇਕੈ ਖਾਏ॥ ੫॥

ਜੋ ਕਿਛੁ ਖਾਏ, ਸੋ ਭੁੱਖ ਮੈ ਖਾਏ; ਅਰੁ ਭੁੱਖ ਰੱਖ ਕੈ ਖਾਏ॥ ੬॥ ੨॥

## ਤ੍ਰਿਤੀਆ ਬਚਨ

ਅਬ ਪੋਸ਼ਾਕ ਪਹਿਰੈ, ਤਉ ਕਿਉਂਕਰਿ ਪਹਿਰੈ? ਜੋ ਜੈਸੀ ਗੁਰੂ ਬਾਬਾ ਦੇਇ, ਤੈਸੀ ਪਹਿਰੈ॥ ੧॥

ਪ੍ਰਿਥਮੈ ਦੋ ਚਾਰ ਦਿਨ ਪਿੱਛੇ ਧੁਆਇ ਪਹਿਰੈ॥ ਫੇਰਿ ਛਿਅ ਦਿਨ ਪਿੱਛੇ, ਅਥਵਾ ਆਠ ਦਿਨ ਪਿੱਛੇ ਧੁਆਇ ਪਹਿਰੈ। ਜੋ ਸਿੱਖ ਗੁਰੂ ਬਾਬੇ ਅਕਾਲ ਪੁਰਖੁ ਜੀ ਕਾ, ਅੱਠਵੇਂ ਦਿਨ ਤੇ ਵਧੀਕ ਧੁਆਇ ਪਹਿਰੈਗਾ, ਦਾਰਿਦ੍ਰੀ ਹੋਵੈਗਾ॥ ੨॥

ਅਰੁ ਜਬ ਕੱਪੜੇ ਪਹਿਰੈ, ਤਬ ਜਥਾ ਸਕਿਤ ਖੁਸ਼ਬੋਈ ਲਗਾਇ ਪਹਿਰੈ॥ ੩॥

ਤਾਤਪ੍ਰਜ ਇਸ ਕਾ ਏਹੀ ਹੈ : ਜੋ ਸਿੱਖ ਖ਼ਾਲਸੇ ਕੇ ਉੱਜਲ—ਪਾਕ ਸਾਫ਼ ਰਹਨ; ਮਲੀਨ ਨ ਰਹਿਨ। ਕਿਆ ਇਸਤ੍ਰੀ, ਕਿਆ ਮਰਦ, ਸਭਸ ਨੋ ਕਹਿਆ ਹੈ : ਜੋ ਇਸ ਤਰਹਿ ਪੁਸ਼ਾਕ ਪਹਿਰੈਂ॥ ੪॥ ੩॥

## ਚਤੁਰਥ ਬਚਨ

ਅਬ ਜੋ ਪੁਸ਼ਾਕ ਪਹਿਰੈ, ਸੋ ਕੈਸੀ ਪਹਿਰੈ? ਪ੍ਰਿਥਮੈ ਪਗੜੀ ਤਾਂ ਲੰਮੀ ਬੇਸ਼। ਸਿਰ ਉਪਰਿ ਕਲਗੀ ਪਰਾਂ ਦੀ। ਹੋਰ ਜੋ ਕਿਛੁ ਗੁਰੂ ਦੇਇ--ਸਰਪੇਚ, ਗੋਸ਼ਪੇਚ—ਸੋ, ਪਗੜੀ ਉਪਰਿ ਪਹਿਰੈ। ਜੈਸਾ ਗੁਰੂ ਦੇਵੈ, ਸੋ ਪਹਿਰੈ॥ ੧॥

ਜਾਮਾ ਅਗਲਬੰਦੀ॥ ੨॥

ਪਾਇਜਾਮਾ, ਮੌਜਿਆਂ ਦੀ ਤਰਹਿ। ਜੇ ਕਦਾਂਚ ਸਾਰਾ ਨ ਪਹਿਰੈ ਤਾਂ ਪਤਾਵੇ[1] ਕਪੜੇ ਦੇ ਉਪਰਿ ਪਹਿਰੈ॥ ੩॥

ਅਰੁ ਜੋ ਮੌਜੇ ਚਮੜੇ ਵ ਬਨਾਤ ਅਥਵਾ ਮਖਮਲ ਦੇ ਪਹਿਰੈ। ਤਾਂ ਅਤਿ ਭਲਾ॥ ੪॥

ਫੇਰਿ ਤਿਸ ਉਪਰਿ ਪਟਕਾ ਬੰਨ੍ਹੈ। ਉਪਰਿ ਪਰਮਜਨੇਊ ਪਹਿਰੈ; ਹਥਿਆਰ ਬੰਨ੍ਹੈ॥ ੫॥

ਅਰੁ ਜੋ ਘੋੜਾ ਗੁਰੂ ਦੇਇ; ਤਾਂ ਘੋੜੇ ਉਪਰ ਚੜ੍ਹੈ। ਹੋਰ ਜੋ ਸਵਾਰੀ ਮਉਜੂਦ ਹੋਵੈ; ਉਸ ਉਪਰਿ ਚੜ੍ਹੈ॥ ੬॥

ਕੰਨੀ ਮੋਤੀ-ਪਾਏ। ਅਰੁ ਜੋ ਜੋ ਗਹਿਣੇ ਮਰਦਾਨੇ ਹੈਨਿ; ਸੋ ਪਹਿਰੈ॥ ੭॥

---

1. ਸਿਰਫ ਪੈਰ ਕੱਜਣ ਵਾਲੇ ਮੌਜੇ (ਜਰਾਬਾਂ)

www.Mahapurakh.com

ਅਰੁ ਜਬ ਤੱਕ ਗੁਰੂ ਛੱਪ੍ਰ-ਖਟ ਦੇਇ; ਤਾਂ ਮੰਜੇ ਉਪਰਿ ਨ ਸਵੈਂ। ਅਥਵਾ ਛੱਪ੍ਰ-ਖਟ ਮੁਯੱਸਰ ਨ ਹੋਵੈ; ਤਾਂ ਚਾਰ ਲੱਕੜੀਆਂ ਮੰਜੇ ਦੇ ਪਾਇਆਂ ਨਾਲਿ ਬੰਨ੍ਹੈ। ਉਨ੍ਹਾਂ ਉਪਰਿ ਚਾਦਰ ਤਾਣ ਕੇ ਸੋਵੈ! ਤਾਤਪ੍ਰਜ ਇਹ ਹੈ : ਜੋ ਨੰਗੇ ਮੰਜੇ ਉਪਰਿ ਬੇ-ਸਾਏ ਸਉਣਾ ਐਬ ਹੈ। ਅਰਧੰਗ ਜੋ ਇਸ ਆਦਮੀ ਕਊ ਮਾਰਤਾ ਹੈ; ਸੋ ਇਸ ਕਰਕੈ; ਜੋ ਬਾਹਰਿ ਛੱਪ੍ਰ ਛੱਤ ਕੇ ਸੋਵਤਾ ਹੈ; ਅਰੁ ਏਕ ਮਰਤਬੇ ਹੀ ਅਚਾਨਕ ਉਠਦਾ ਹੈ;—ਪੇਸ਼ਾਬ ਨੂ, ਅਥਵਾ ਦਿਸ਼ਾਭੂਮਿ ਨੂ, ਅਥਵਾ ਕਿਸੇ ਕਿਰਤ ਨੂੰ ਜਾਂਦਾ ਹੈ। ਤਾਂ ਉਸ਼ ਵਖਤ ਇਸ ਨੂੰ ਚਾਹੀਐ : ਨੇਤ੍ਰਾਂ ਅੱਗੇ ਕੱਪੜਾ ਪਾਇਕੈ, ਇੱਕ ਘੜੀ ਤਹੱਮਲ ਕਰਕੈ ਉੱਠੇ, ਉਸ ਕਿਰਤ ਨੂੰ; ਤਾਂ ਐਬ ਨਾਹੀ। ਜੋ ਨਾ ਕਰੇ, ਤਾਂ ਇਕ ਸਾਇਤ ਹੋਂਦੀ ਹੈ; ਜੋ ਉਸ ਸਮੈ ਅਰਧੰਗ ਹੋਤਾ ਹੈ। ਕਿਸ ਵਾਸਤੇ ? ਜੋ ਤਮਾਮ ਰਾਤਿ, ਆਸਮਾਨ ਦੀ ਨਮ (ਤਰੀ) ਆਦਮੀ ਦੇ ਰੋਮ ਰੋਮ ਵਿਚ ਸੰਜਰ ਜਾਂਦੀ ਹੈ। ਇਸ ਤੇ ਅਰਧੰਗ ਮਾਰਿ ਜਾਂਦਾ ਹੈ। ਇਹ ਇਕੁ ਐਬ ਕਹਿਆ ਹੈ; ਅਉਰ ਬਹੁਤ ਹੈਨਿ।

ਅਰੁ ਜੋ ਛੱਤ ਹੇਠਿ ਸਵੈਂ ਮੰਜੇ ਤੇ, ਨੰਗਾ ਊਪਰੋਂ; ਉੱਥੇ ਭੀ ਇਕ ਸੂਰਤਿ ਹੈ ਜਾਨਵਰ। ਜਦ ਆਦਮੀ ਸਉਂਦਾ ਹੈ; ਤਉ ਜਾਨਵਰ ਛੱਤ ਨਾਲਿ ਲੱਗਿ ਰਹੰਦਾ ਹੈ। ਅਰੁ ਜੋ ਇਹ ਪ੍ਰਾਨੀ ਸਾਸ ਲੈਂਦਾ ਹੈ; ਤਾਂ ਉਹ ਜਾਨਵਰ ਉਸਦੇ ਸਾਸ ਦੀ ਭੜਾਸ ਪੀਂਦਾ ਹੈ। ਉਸਦਾ ਅਹਾਰੁ ਉਹੋ ਹੈ। ਉਸ ਜਾਨਵਰ ਦੀ ਜ਼ਹਰ, ਇਸ ਆਦਮੀ ਦੀ ਦੇਹ ਬਿਖੈ ਲਹਿ ਜਾਂਦੀ ਹੈ। ਇਸ ਤੈ ਅਰਧੰਗ ਹੋਂਦਾ ਹੈ।

ਜੋ ਸੰਵਦੇ ਕਦੇ-ਕਦੇ ਬਹੁਤ ਹੈਂ; ਅਰੁ ਸੁੱਤੇ ਉੱਠਿਆਂ, ਕਦੇ-ਕਦੇ ਸੁਸਤੀ ਹੁੰਦੀ ਹੈ; ਉਸ ਦਾ ਸਬੱਬ ਏਹੀ ਹੈ : ਨਮੀ ਆਸਮਾਨ ਦੀ, ਤੇ ਜ਼ਹਰ ਜਾਨਵਰ ਦੀ। ਇਸ ਵਾਸਤੇ ਇਸ ਕੋ ਕੱਪੜੇ ਕੇ ਸਾਏ ਤਲੇ ਸਵਣਾ ਕਹਿਆ ਹੈ॥ ੮॥ ੪॥

## ਪੰਚਮ ਬਚਨ

ਅਰੁ ਜਿਸ ਜਾਗਹਿ ਇਸ ਪ੍ਰਾਨੀ ਕਾ ਵਿਨਾਸੁ ਹੋਵੈ; ਤਹਾਂ ਇਸ ਰਉਂਸ ਜਗਹ ਬਨਾਇਕੈ ਰਹੈ :—

ਪ੍ਰਿਥਮੈ ਤੋ ਏਕ ਐਵਾਨ[1] ਕੱਚਾ ਅਥਵਾ ਪੱਕਾ, ਅਥਵਾ ਛੱਪਰ ਦਾ ਹੋਵੈ। ਉਸ ਅੰਦਰਿ ਦੋਇ ਕੋਠੜੀਆਂ ਹੋਨਿ। (ਉਹ ਅਸਥਾਨ) ਅੱਛਾ ਪਾਕ-ਸਾਫ਼ ਰੱਖੈ॥ ੧॥

ਫੇਰਿ ਏਕ ਜਾਗਹਿ—ਜਹਾਂ ਛੱਪਰ ਨ ਹੋਇ, ਤਹਾਂ—ਪ੍ਰਸਾਦੁ ਕਰਨੇ ਕੀ ਬਿਧਿ ਕਰੈ। ਉਸ ਮੈ ਭੀ ਇਕ ਕੋਠੜੀ ਹੋਇ। ਉਹ ਜਾਗਹ ਭੀ ਅੱਛੀ ਸਾਫ਼ ਰਹੈ॥ ੨॥

ਫਿਰਿ ਇਕ ਗੋਸ਼ੇ ਦਿਸ਼ਾਭੂਮਿ ਦੀ ਜਾਗਹ ਬਨਾਏ। ਉਸ ਉਪਰਿ ਭੀ ਸਾਇਆ ਹੋਵੈ। ਉਹ ਭੀ ਸਾਫ਼ ਰਹੈ॥ ੩॥

ਫਿਰ ਜਹਾਂ ਬੈਠੈ, ਸੋਵੈ, ਤਹਾਂ ਗੁਲਜ਼ਾਰ ਕਰੈ; ਬੂਟੇ ਬੋਵੈ। ਚਹਬੱਚਾ ਪਾਨੀ ਦਾ; ਅਰੁ ਫੁਆਰਾ ਕਰੈ। ਅਰੁ ਜਾਗਹ ਪਾਕ-ਸਾਫ਼ ਰਖੈ॥ ੪॥

ਜਤਾ ਸਕਤਿ ਫ਼ਰਸ਼ ਬਿਛਾਇ ਰੱਖੈ॥ ੫॥

ਫੇਰਿ ਏਕ ਜਾਗਹ, ਉਸ ਤੇ ਬਾਹਰਿ ਦੀਵਾਨਖਾਨਾ ਕਰੈ। ਊਹਾਂ ਏਕ ਐਵਾਨ ਚਾਹੀਐ। ਅੜੈ ਏਕ ਕੋਠੜੀ ਕਰੈ॥ ੭॥

ਅਰੁ ਉਸ ਦੇ ਏਕ ਗੋਸ਼ੇ ਦਿਸ਼ਾਭੂਮਿ ਦੀ ਜਾਗਹ ਕਰੇ॥ ੮॥

1. ਰਾਜ ਭਵਨ, ਸ਼ਾਹੀ ਮਹੱਲ—ਭਾਵ ਵਾਸੂ ਮਕਾਨ।

www.Mahapurakh.com

ਅਰੁ ਐਵਾਨਚੇ ਦੇ ਅੱਗੇ ਭੀ ਗੁਲਜ਼ਾਰ ਬੂਟਿਆਂ ਦੀ ਕਰੈ। ਅਰੁ ਚਹਬੱਚਾ, ਫੁਹਾਰਾ ਭੀ ਕਰੈ॥ ੯॥

ਅਰੁ ਏਕ ਤਬੇਲੈ ਕੀ ਜਾਗਹ ਕਰੈ॥ ੧੦॥

ਅਰੁ ਜਬ ਸ਼ਕਤਿ ਗੁਰੂ ਖੂਹੇ ਦੀ ਦੇਵੈ; ਤਾਂ ਅਵੱਸ਼ ਕਰੈ॥ ੧੧॥

ਅਰੁ ਜੈਸੀ ਗੁਰੂ ਸ਼ਕਤਿ ਦੇਇ; ਤੈਸੀ ਜਾਗਹ ਬਨਾਏ॥ ੧੨॥

## ਛਟਮ ਬਚਨ

ਅਬ ਕਿਰਤ-ਰੁਜ਼ਗਾਰ ਕੀ ਬਿਧਿ ਕਿਉਂਕਰਿ ਕਰੈ? ਪ੍ਰਿਥਮੈ ਕਿਰਤ ਜੋ ਕਰੈ; ਸੋ ਧਰਮ ਕੀ ਕਰੈ! ਬਰਕਤਿ ਪਾਵਨਹਾਰਾ ਗੁਰੂ ਬਾਬਾ ਹੈ॥ ੧॥

ਚਾਕਰੀ ਕਰਨੀ, ਸਿਖ ਖ਼ਾਲਸੇ ਸ੍ਰੀ ਗੁਰੁ ਅਕਾਲ ਪੁਰਖੁ ਦੇ ਨੂੰ ਮਨਾਂ ਹੈ॥ ੨॥

ਤਰਾਜੂਕਸ਼ੀ ਮਨ੍ਹਾ ਹੈ ; ਦੁਕਾਨ ਬੈਠਣਾ ਮਨ੍ਹਾ ਹੈ॥ ੩॥

ਕਸਬ ਕਰਨਾ ਘਰ ਬਿਖੈ ਫੁਰਮਾਇਆ ਹੈ। ਕਸਬ ਕਰ ਕੈ ਬਜ਼ਾਰ ਬਿਖੈ ਬੇਚ ਆਵੈ, ਐਬ ਨਾਹੀਂ। ਕਸਬ ਕਰਨੇ ਤੇ ਆਲਸ ਨ ਕਰੇ॥ ੪॥

ਸਭ ਤੇ ਉੱਤਮ ਕਿਰਤ ਸਉਦਾਗਰੀ ਹੈ॥ ੫॥

ਉਸ ਤੇ ਉਤਰ ਕੇ ਖੇਤੀ ਹੈ। ਕਿਰਤ-ਰੁਜ਼ਗਾਰ ਇਹ ਕਰੈ॥ ੬॥

ਅਰੁ ਜੋ ਕਿਛੁ ਕਮਾਈ ਕਰੈ ; ਉਸ ਕੇ ਹਿੱਸੈ ਕਰੈ :—(ੳ) ਪ੍ਰਿਥਮੈ ਤੋ ਗੁਰੂ ਕਾ ਹਿੱਸਾ ਨਿਕਾਲੇ : ਚਾਲੀਸਵਾਂ, ਬੀਸਵਾਂ, ਦਸਵਾਂ, ਜੋ ਗੁਰੂ ਹਿੰਮਤ ਦੇਇ। (ਅ) ਫਿਰਿ ਮਾਤਾ-ਪਿਤਾ ਕਾ ਹਿੱਸਾ ਨਿਕਾਲੇ ; ਜਿਉਂ ਉੱਪਰ ਕਹਿਆ ਹੈ। (ੲ) ਫੇਰਿ ਖ਼ਾਲਸੇ ਕਾ ਹਿੱਸਾ ਨਿਕਾਲੇ ; ਪ੍ਰਸਾਦੁ ਕੋ। (ਸ) ਫੇਰਿ ਅਪੁਨੀ ਪੁਸ਼ਾਕ, ਖੁਰਾਕ, ਖੁਸ਼ਬੋਈ ਕਾ ਹਿੱਸਾ ਨਿਕਾਲੇ। (ਹ) ਅਰੁ ਜੋ ਬਾਕੀ ਰਹੇ, ਸੋ, ਨੇਕ ਬਦ ਦਿਨ ਕੇ ਵਾਸਤੇ ਰੱਖੈ॥ ੭॥

ਅਰੁ ਜੋ ਚਾਕਰੀ ਕਰੈ, ਤਉ ਸਿਪਾਹਗਰੀ ਕਰੈ। ਕੈਸੀ ਕਰੈ? ਜੋ ਬੇਪ੍ਰਵਾਹ ਰਹੈ। ਅਰੁ ਜੋ ਮਹੀਨਾ ਹੋਵੈ, ਉਸ ਉਪਰਿ ਸੰਤੋਖ ਕਰੈ॥ ੮॥

ਅਰੁ ਜਿਸ ਕਾ ਚਾਕਰ ਹੋਵੈ, ਕਹੀਂ ਭੇਜੈ ਲੜਾਈ ਨੂ; ਤਾਂ ਉਸ ਸਮੈ ਆਪਨੀ ਮੁਰਾਦ ਨੂੰ ਬੂਝਿ, ਜਾਨੈ। ਸੂਰਬੀਰ ਹੋਇ ਰਹੈ॥ ੯॥

ਅਰੁ ਜੋ ਲੜਾਈ ਹੋਇ; ਤਾਂ ਲੁੱਟੈ ਨਾਹੀ। ਕਿਸੀ ਦੇ ਮਾਲ ਦੀ ਵਲਿ ਨਦਰਿ ਨ ਕਰੈ॥ ੧੦॥

ਅਰੁ ਜੋ ਕਿਛੁ ਖਾਵੰਦ ਕਾਰ ਫੁਰਮਾਵੈ, ਸੋ ਸਿਰ ਮਾਥੇ ਊਪਰ ਮਾਨੈ[1]॥ ੧੧॥ ੬॥

## ਸਪਤਮ ਬਚਨ

ਅਬ ਇਸ ਕਉ ਜੋ ਇਸਤ੍ਰੀ ਕਾ ਸੰਗ ਕਹਿਆ ਹੈ; ਅਰੁ ਇਸਤ੍ਰੀ ਕਉ ਮਰਦ ਕਾ ਸੰਗੁ ਕਹਿਆ ਹੈ; ਸੋ ਤਿਸ ਕੀ ਬਿਧਿ :—ਪ੍ਰਿਥਮੈ ਮਰਦ ਕੋ ਚਾਹੀਐ : ਜੋ ਏਕੰਤ ਅਪੁਨੇ ਬੈਠਨੇ ਸੋਵਨੇ ਕੀ ਅਛੀ ਪਾਕ-ਸਾਫ਼ ਠਉਰ ਕਰੈ॥ ੧॥

ਅਰੁ ਆਪਣੀ ਦੇਹ ਪਾਕ ਸਾਫ਼ ਰੱਖੈ, ਪਾਨੋ ਕਰਿ, ਖੁਸ਼ਬੋਈ ਕਰਿ। ਅਰੁ ਧਿਆਨੁ ਆਪਨਾ

---

1. ਪਉੜੀ। ਚਾਕਰੁ ਲਗੈ ਚਾਕਰੀ, ਜੇ ਚਲੈ ਖਸਮੈ ਭਾਇ।
ਹੁਰਮਤਿ ਤਿਸਨੋ ਅਗਲੀ, ਉਹ ਵਜਹੁ ਭਿ ਦੂਣਾ ਖਾਇ।
ਖਸਮੈ, ਕਰੇ ਬਰਾਬਰੀ, ਫਿਰ ਗੈਰਤ ਅੰਦਰ ਪਾਇ।
ਵਜਹੁ ਗਵਾਏ ਅਗਲਾ ਮੂਹੇ ਮੁਹਿ ਪਾਣਾ ਖਾਇ।.....॥ ੨੨॥ (ਆਸਾ ਦੀ ਵਾਰ)

www.Mahapurakh.com

ਸ੍ਰੀ ਅਕਾਲ ਪੁਰਖੁ ਬਿਖੈ ਰੱਖੈ॥ ੨॥

ਅਰੁ ਇਸਤ੍ਰੀ ਭੀ ਅੱਠਵੇਂ ਦਿਨ-ਅਥਵਾ ਚਉਥੇ ਦਿਨ-ਬਟਨਾ ਖੁਸ਼ਬੋਈਦਾਰ ਦੇਹ ਨੂੰ ਮਲੈ। ਅਰੁ ਸਿਰ ਮਸਾਲੇ ਪਾਇਕੈ ਧੋਵੈ। ਅਰੁ ਖੁਸ਼ਬੋਈਦਾਰ ਤੇਲ ਡਾਲਕੈ ਸਿਰ ਬੰਧਾਵੈ। ਅੱਛੇ ਕੱਪੜੇ ਪਹਿਰੈ ਖੁਸ਼ਬੋਈ ਲਾਇਕੈ। ਫੂਲ ਮਾਲਾ ਪਹਿਰੈ ਪਨ ਖਾਏ। ਗਹਨੇ ਪਹਰੈ; ਸੀਂਗਾਰ ਕਰੈ। ਅਰੁ ਧਿਆਨ ਅਪਣਾ ਸ੍ਰੀ ਅਕਾਲ ਪੁਰਖ ਬਿਖੈ ਰਖੈ। ਅਰੁ ਜੋ ਗੁਰੂ ਦੇਇ ਤਾਂ ਰੋਜ਼ ਬਟਨਾ ਮਲ ਕੈ ਇਸਨਾਨ ਕਰੈ। ਇਸ਼ਨਾਨ ਕਰਨੇ ਤੇ ਕਾਹਲੀ[1] ਨਾ ਕਰੈ॥ ੩॥

ਅਰੁ ਜਬ ਇਸਤ੍ਰੀ-ਪੁਰਖਾਚਾਰ ਕਰੈ, ਤਉ ਇਉਂ ਕਰੈ : ਜਬ ਰਿਤੂ ਆਵੈ ਇਸਤ੍ਰੀ ਨੂੰ, ਤਾਂ ਤਿੰਨ ਦਿਨ ਪਿੱਛੇ ਨ੍ਹਾਵੈ; ਸੀਂਗਾਰ ਕਰੈ। ਡੇਢ ਪਹਰ ਰਾਤਿ ਗੁਜ਼ਰੀ, ਇਸਤ੍ਰੀ ਪੁਰਖ ਮੇਲ ਕਰਨਿ। ਅਰੁ ਧਿਆਨ ਆਪਣਾ ਦੋਨੋ ਪ੍ਰਾਨੀ, ਕਰਤੇ ਪੁਰਖੁ ਬਿਖੈ ਰੱਖਣ॥ ੪॥

ਚਉਦਹ ਦਿਨਾਂ ਤੱਕ ਮੇਲ ਰਾਤਿ ਨੋ ਇਕੱਤੁ ਵਾਰੀ ਕਰਨਾ। ਫੇਰਿ ਅੱਗੇ ਕਰਨਾ ਮਨ੍ਹੇ ਹੈ। ਜਬ ਫੇਰਿ ਰਿਤੁ ਆਵੈ, ਤਬ ਉਸੀ ਤਰਹ ਕਰੈ। ਫੇਰ ਦਰਮਿਆਨ ਨਾ ਕਰੈ॥ ੫॥

ਅਰੁ ਜੋ ਗੁਰੂ ਕੇ ਹੁਕਮ ਸੌਂ ਇਸਤ੍ਰੀ ਕੋ ਅਧਾਨ ਹੋਵੈ; ਤਬ ਮੇਲ ਇਸਤ੍ਰੀ ਕਾ ਨ ਕਰੈ। ਮਨੱਾ ਹੈ॥ ੬॥

ਅਰੁ ਕਦਾਂਚ ਦਿਨ ਨੋ ਮੇਲ ਇਸਤ੍ਰੀ ਨਾਲ ਪੁਰਖ ਕਰੈ ; ਤਾਂ ਜਬ ਜਾਨੈ ਜੋ ਡੇਢ ਪਹਰ ਦਿਨ ਰਹਿਆ ਹੈ, ਤਬ ਕਰੈ। ਫੇਰ ਰਾਤਿ ਨੋ ਨਾ ਕਰੈ॥ ੭॥

ਮੇਲ ਰਾਤਿ ਦਾ—ਡੇਢ ਪਹਰ ਉਪ੍ਰੰਤ, ਅਕੈ ਪਹਰ ਰਾਤਿ ਰਹਦੀ ਦੇ ਅੱਗੇ ਕਹਿਆ ਹੈ। ਅਰੁ ਅੱਠਾਂ ਪਹਰਾਂ ਵਿਚ ਇਕ ਵਾਰੀ ਮੇਲ ਇਸਤ੍ਰੀ ਪੁਰਖ ਕਾ ਕਹਿਆ ਹੈ॥ ੮॥

ਜਬ ਮੇਲ ਕਰ ਪਹੁਚੇ, ਤਬ ਵਾਉ ਕੀ ਪ੍ਰਹੇਜ਼ ਕਰੇ[2]। ਚਾਰ ਘੜੀਆਂ ਪਿੱਛੇ ਹੱਥ ਪੈਰ ਮੁਹ ਧੋਵੈ, ਕੁਰਲੀਆਂ ਕਰੈ। ਫਿਰ ਏਕ ਛਟਾਂਕ ਬਦਾਮ ਅਰੁ ਪਿਸਤਾ ਅਰੁ ਦੁਇ ਸਿਰਸਾਹੀ ਮਿਸਰੀ। ਪਹਿਲੇ ਤਉ ਬਾਦਾਮ ਅਰੁ ਪਿਸਤਾ ਜਿਤਨਾ ਮੁਹ ਮੈ ਪੜੇ ਸੋ ਪਾਇਕੇ, ਨਾਲੇ ਉਸ ਮਾਫਿਕ ਮਿਸਰੀ; ਚੱਬੇ। ਜਬ ਮਹੀਨ ਹੋਵੈ, ਉਪਰ ਤ ਦੁੱਧ ਪੀਵੈ। ਇਸ ਤਰਹ ਦੁੱਧ ਪੀਵੈ; ਤਾਂ ਮਰਦ ਕੀ ਦੇਹ ਕੋ ਬਹੁਤ ਗੁਣ ਹੈ। ਅੱਮਲ ਮੈ ਲਿਆਵੈ ; ਤਬ ਇਸ ਕਾ ਗੁਨ ਜਾਨੈ॥ ੯॥

ਮੇਲ ਕਰਿ ਕੈ ਇਸਨਾਨ ਜ਼ਰੂਰ ਕਰੈ। ਅਥਵਾ ਕੋਈ ਸਬੱਬ ਪਾਇ, ਨ ਕਰ ਸਕੈ, ਤਾਂ ਹੱਥ ਪੈਰ ਗੋਡਿਆਂ ਤਕ ਧੋਵੈ ; ਮੁਹ ਕੁਰਲੀਆਂ ਕਰੈ। ਸਭ ਜਗਹ ਸਤ੍ਰ ਕੀ ਧੋਵੈ। ਇਹ ਜ਼ਰੂਰ ਕਰਨਾ ਕਹਿਆ ਹੈ। ਜਿਂਵ ਜਾਨੈ ਤਿਂਵ ਇਸਨਾਨ ਕਰੈ॥ ੧੦॥

ਸਤਿਜੁਗ ਬਿਖੈ ਏਕ ਮਰਤਬੇ ਮੇਲ, ਰਿਤੂ ਕੇ ਸਮੈ, ਇਸਤ੍ਰੀ ਪੁਰਖੁ ਕਾ ਥਾ। ਤ੍ਰੇਤੇ ਬਿਖੈ ਰਿਤੂ ਉਪ੍ਰਾਂਤ ਪੰਜ ਦਿਨ ਥਾ : ਦੁਆਪਰ ਬਿਖੈ ਨਉਂ ਦਿਨ ਥਾ। ਕਲਿ ਬਿਖੈ ਚਉਦਹ ਦਿਨ, ਰਿਤੁ ਕੇ ਪਿੱਛੇ ਕਹਿਆ ਹੈ। ਇਸ ਤੇ ਸਿਵਾਇ ਜੋ ਪ੍ਰਾਨੀ ਹਮੇਸ਼ਾ ਮੇਲ ਇਸਤ੍ਰੀ ਨਾਲਿ ਕਰਦੇ ਹੈਨਿ, ਸੋ ਸਭ ਪਸੂ ਹੈਨਿ; ਮਨੁੱਖ ਕਾ ਜਾਮਾ ਨਹੀਂ। ਅੰਤਿ ਚਉਰਾਸੀਹ ਭੋਗਹਿਗੇ,। ਅਰੁ ਜੋ ਕੋਈ ਇਸ ਰਹਤ ਉਪਰਿ ਚਲੈਗਾ, ਸੋ ਮਾਨੁੱਖ ਹੈ। ੧੧॥ ੭॥

## ਅਸਟਮ ਬਚਨ

ਪ੍ਰਸਾਦੁ ਜੁ ਖਾਏ, ਸੋ ਸਮਾ ਮੁਕੱਰਰ ਕਰਿ ਰੱਖੈ। ਸਮੇ ਤੇ ਸਿਵਾਇ ਖਾਣਾ ਭਲਾ ਨਾਹੀ। ਭੁੱਖ ਰੱਖਕੇ ਖਾਏ। ੧॥

1. ਸੁਸਤੀ, ਘਾਉਲ, ਆਲਸ।
2. ਹਵਾ ਲੱਗਣ ਤੋਂ ਸਰੀਰ ਨੂੰ ਬਚਾਵੇ।

www.Mahapurakh.com

ਅਰੁ ਜੋ ਕਿਛੁ ਮੇਵਾ ਤ੍ਰਕਾਰੀ ਖਾਇ, ਉਸ ਕਾ ਭੀ ਵਖਤ ਮੁਕੱਰਰ ਕਰਿ ਛਡੈ। ੨॥

ਹਰ ਘੜੀ ਮੁਹ,—ਬਿਨ ਸਿਮਰਨ ਕਰਤੇ ਪੁਰਖ ਦੇ, ਨਾ ਹਿਲਾਵੇ। ੩॥

ਹੱਸੇ ਮੁਸਕਾਏ ਬਹੁਤ ਨਾਹੀਂ। ਮੁਹ ਸੇ ਕਿਸੇ ਨੋ ਬੁਰਾ ਨ ਕਹੈ। ਬਹੁਤ ਬੋਲੈ-ਬਕੈ ਨਾਹੀਂ। ਜਬ ਬੋਲੈ ਸਮਝ ਕੇ ਬੋਲੈ। ੪॥

ਜਬ ਕੋਈ ਕਾਈ ਗੱਲ ਪੁਛੈ, ਤਾਂ ਜਬਾਬ ਦੇਇ; ਆਪ ਤੇ ਬਕ ਬਕ ਨਾ ਕਰੈ। ੫॥

ਜੋ ਜਾਨੈ ਕਿ ਮਤਲਬ ਅਪਨੇ ਕੀ ਗੱਲ ਹੈ, ਤਾਂ ਆਪ ਤੇ ਕਹੈ ਸੁਨੈ। ੬॥

ਬੈਠੈ ਮਜਲਸ ਮੋ ਅਦਬ ਨਾਲਿ। ਸਲਾਮ[1] ਆਪ ਆਗੇ ਹੀ ਅਗਲੇ ਨੂ ਕਰੈ। ਇਹ ਨਾ ਮਨ ਬਿਖੈ ਲਿਆਵੈ, ਜੇ ਉਹ ਸਲਾਮ ਮੈਨੂੰ ਕਰੇਗਾ; ਤਾਂ ਮੈਂ ਕਰਾਂਗਾ। ਜਿਸਨੂੰ ਮਿਲੈ; ਭਾਉ' ਨਾਲਿ, ਪਿਆਰ ਨਾਲਿ ਮਿਲੈ। ੭॥

ਹਿੰਮਤ ਅਪਨੀ ਭਲੀ ਰੱਖੇ। ਕਿਸੇ ਕੰਮ ਤੇ ਬੇ-ਇਸਤਕਲਾਲ[2] ਨਾ ਹੋਵੇ। ੮॥

ਮਿਲਾਪ ਅਪਣਾ ਆਪ ਤੇ ਭਲੇ ਨਾਲਿ ਕਰੈ; ਜੇਹੇ ਕੇਹੇ ਨਾਲਿ ਮਿਲੈ ਨਾਹੀਂ। ੯॥

ਬਹੁਤ ਭੀ ਲੋਕਾਂ ਨਾਲਿ ਐਵੇਂ ਬੈਠੈ ਨਾਹੀ। ਆਪਣੇ ਮਤਲਬ ਤੱਕ ਬੈਠੇ। ੧੦॥

ਸਮੇਂ ਅਪਣੇ ਮੁਕੱਰਰਾ ਕਰੇ :—ਸਵਣਾ ਆਠ ਪਹਰ ਵਿਚਿ ਡੇਢ ਪਹਰ। ਰਾਤਿ ਨੋ ਡੇਢ ਪਹਰ ਰਾਤਿ ਗੁਜ਼ਰੀ ਸਵੈਂ। ਡੇਢ ਪਹਰ ਸੋਵੈ। ੧੧॥

ਜੋ ਕ੍ਰਿਤ ਰੁਜ਼ਗਾਰ ਆਪਣੇ ਇਖਤਿਆਰ ਦਾ ਹੋਵੇ, ਤਾਂ ਰੁਜ਼ਗਾਰ ਏਕ ਪਹਰ ਕਰੈ। ਅਰੁ ਜੋ ਪਰਾਏ ਵਸ ਦਾ ਰੁਜ਼ਗਾਰ ਹੋਵੇ, ਤਾਂ ਜਬ ਫ਼ਾਰਗ ਹੋਵੇ, ਤਬ ਆਵੈ। ੧੨॥

ਅਰੁ ਸਮਾਂ ਆਪਣੇ ਗ੍ਰਿਹ ਦੇ ਬੈਠਣੇ ਦਾ ਮੁਕਰਰ ਕਰੇ : ਦਿਨ ਨੂੰ ਡੇਢ ਪਹਰ ਦਿਨ ਰਹਦੇ ਜਨਾਨੇ ਮੋਂ ਬੈਠੇ, ਛਿਅ ਘੜੀਆਂ। ਫੇਰਿ ਰਾਤਿ ਨੂੰ ਡੇਢ ਪਹਰ। ਅਠਾਂ ਪਹਰਾਂ ਵਿਚਿ ਦੁਇ ਪਹਰ ਜਨਾਨੇ ਮੈ ਗੁਜ਼ਰਾਨ ਕਰੈ। ੧੩॥

ਫੇਰਿ ਚਾਰ ਘੜੀਆਂ, ਜਹਾਂ ਸਿੱਖ ਸੰਗਤਿ ਖ਼ਾਲਸੇ ਕੇ ਹੋਨਿ, ਅਥਵਾ ਕਿਸੇ ਠਉਰ, ਇਕੈ ਆਪਣੇ ਘਰ ਬਿਖੈ ਬੈਠੇ ਹੋਨਿ—ਬੈਠੇ। ਚਰਚਾ ਸ਼ਬਦ-ਬਾਣੀ ਦੀ ਕਰੇ। ਜੇ ਚਾਰ ਘੜੀਆਂ ਤੇ ਵਧੀਕ ਲੱਗਨ, ਤਾਂ ਐਬ ਨਾਹੀ। ੧੪॥

ਅਰੁ ਇਸਤੇ ਜੋ ਅਉਰ ਸਮਾਂ ਹੋਵੈ, ਕਿਆ ਦਿਨ ਨੂ, ਕਿਆ ਰਾਤਿ ਨੂ ਇਕੰਤ ਬੈਠੇ; ਔਰ ਅਪਨਾ ਮਨ ਅਉਰ ਚਿਤਵਨੀ ਤੇ ਨਿਵਾਰ ਕੈ; ਧਿਆਨ ਸ੍ਰੀ ਅਕਾਲ ਪੁਰਖੁ ਬਿਖੈ ਰਖੈ। ੧੫॥

ਪ੍ਰਸਾਦ ਸੇਰ ਵਜ਼ਨ ਤੇ—ਅੰਨ ਕਰਿ, ਮੇਵਾ ਕਰਿ, ਤਰਕਾਰੀ ਕਰਿ—ਵਧੀਕ ਨ ਖਾਏ। ਪਾਣੀ ਭੀ ਸੇਰ ਵਜ਼ਨ ਪੀਵੈ ਅੱਠਾਂ ਪਹਰਾਂ ਵਿਚਿ। ੧੬॥

ਖਰਚ ਆਮਦਨੀ ਤੇ ਕਮ ਕਰਨਾ। ਜੋ ਵਧੀਕ ਕਰੇਗਾ, ਸੋ ਅੰਤ ਨੂ ਹੈਰਾਨ ਹੋਵੇਗਾ। ੧੭॥

ਅਰੁ ਦੁਨੀਆਂ ਕੇ ਲੋਕਾਂ ਨਾਲਿ ਬਾਹਰਲੇ ਸੂਤਰਹੁ ਮਿਲਿ ਚਲੈ। ਅੰਦਰੋਂ ਅਪਣਾ ਮਨ ਹਰ ਵੇਲੇ ਗੁਰ-ਉਪਦੇਸ ਵਿਚ ਰੱਖੈ। ਬਦੀ[3] ਕਿਸੇ ਨਾਲਿ ਨਾ ਕਰੈ। ਬਾਦ ਤੇ ਦੁੱਖੁ ਹੈ। ੧੮॥

ਜੋ ਕੋਈ ਇਨ੍ਹਾਂ ਰਹਤਾਂ ਉਪਰਿ ਚਲੈਗਾ, ਸੋ ਬਹੁਤ ਸੁਖਾਲਾ ਰਹੈਗਾ। ੧੯॥

ਇਤਿ ਸ੍ਰੀ ਪ੍ਰੇਮ ਸੁਮਾਰਗ ਗ੍ਰੰਥੇ ਧਿਆਇ ਖਸਟਮ,
ਦੇਹੀ ਦੀ ਰਹਤ ਨਾਮੰ ਸਮਾਪਤੰ ਸੰਪੂਰਣੰ॥ ੬
ਸ੍ਰੀ ਅਕਾਲ ਜੀ ਦੀ ਰਛਿਆ ਮੁਝ ਕਉ॥

————

1. ਨਮਸਕਾਰ, ਪ੍ਰਣਾਮ ਆਦਿ।
2. ਦ੍ਰਿੜ੍ਹਤਾ ਹੀਣ, ਡਾਵਾਂ ਡੋਲ।
3. ਪੋਥੀ ੨੧ ਵਿਚ ਪਾਠ 'ਬਾਦ' ਹੈ।

www.Mahapurakh.com

ੴ ਸ੍ਰੀ ਵਾਹਗੁਰੂ ਅਕਾਲ ਪੁਰਖੁ ਜੀ ਸਹਾਇ!!

# ਧਿਆਇ ਸਾਤਵਾਂ

# ਜੁਗਤਿ ਕ੍ਰਿਯਾ ਚਲਨੇ ਮ੍ਰਿਤ ਲੋਕ ਤੇ ਦੇਵ ਲੋਕ ਜੋ ਪਰਲੋਕ ਹੈ, ਤਿਸੁਕੀ ਬਿਧਿ ਕਾ

ਜਿਸ ਪ੍ਰਾਨੀ ਨੂੰ ਸਮਾਂ ਚਲਨੇ ਕਾ ਆਵੈ; ਅਥਵਾ ਸਹਜਿ ਸੁਭਾਉ ਯਾ ਕਿਸੀ ਹੀਲੇ[1] ਕਰਿ। ਉਸ ਪ੍ਰਾਨੀ ਕਉ ਚਾਹੀਐ, ਜੋ ਸਹਜਿ ਪਾਇ ਸੰਜੋਗ ਬਨੇ; ਤਬ ਉਸ ਸਮੇਂ ਅਪਨਾ ਆਤਮਾ ਕੁਟੰਬ ਕੇ ਲੋਗੋਂ ਸਿਉਂ, ਨਿਰਮੋਹ ਕਰਿ ਰੱਖੈ। ਅਰੁ ਮਾਇਆ ਕੇ ਮਦ ਤੇ, ਮੰਦਰੋਂ ਤੇ ਮੋੜ ਮੋੜ ਕੇ, ਵਿਚਿ ਚਰਨੋਂ ਕੇ ਟਿਕਾਇ ਕੈ ਕ੍ਰਿਤ ਕਰੈ। ਆਤਮੇ ਕੋ ਸੰਸਾਰ ਕੇ ਮੋਹ ਤੇ ਨਿਵਾਰ ਕੈ ਮੁਝ ਪਰਮ ਗੁਰੂ ਮੋ ਜੋ ਪਰਮ ਆਤਮਾ ਹੋਂ—ਸੁਰਤਿ ਸਿਉਂ ਰੱਖੈ। ਬਿਨਾਂ ਮੇਰੇ ਅਵਰ ਠਉਰ ਜਾਨੈ ਨ ਦੇਇ॥ ੧॥

ਅਰੁ ਜੋ ਹੀਲੇ ਕਰਿ ਦੇਹ ਛੁਟਿ ਜਾਇ। ਤਉ ਯਹ ਐਨ ਰਿਆਇਤ ਅਰੁ ਮੇਹਰ ਜਾਨੇ। ਕਿਸ ਵਾਸਤੇ? ਜੋ ਜੈਸੇ ਬਾਦਲ ਉਮਡ ਕਰਿ ਆਵਤੇ ਹੈਂ, ਮੇਘ ਬਰਖਨੇ ਕਉਂ ਅਰੁ ਸਭ ਪਰਜਾ ਜਾਨੈ ਹੈ : ਕਿ ਅਬ ਮੇਘ ਬਰਸ ਪ੍ਰਿਥੀ ਕਉ ਸੰਤੋਖ ਦੇਹਿੰਗੇ। ਅਰ ਪ੍ਰਜਾ ਸਾਮਾਨ ਬਰਖਾ ਕਾ ਕਰੇ ਹੈ; ਅਗਾਸ ਦੇਖ ਕੇ ਜੋ ਬਾਦਲ ਉਮਡਿਆ ਹੈ। ਅਗੈ ਹੀ ਖ਼ਬਰਦਾਰ ਹੂਆ ਚਾਹੀਐ; ਜੋ ਚੀਜ਼ ਬਸਤੁ ਭੀਜ ਕੈ ਗਲ ਨ ਜਾਇ। ਇਸੀ ਜੁਗਤਿ ਜੋ ਪ੍ਰਾਨੀ[2] ਸਵਾਧਾਨ ਹੈ ਪਰਮੇਸੁਰ ਕੀ ਓਰਿ। ਹੀਲੇ ਦੇਹ ਕੇ ਕੋ ਜਾਨ ਕੈ, ਜੋ ਘਾਤਿ[3] ਇਸ ਤਰਹਿ ਚਲਨ ਕੀ ਹੈ। ਅਪਣਾ ਆਂਣਮਾ ਬਿਰਕਤ ਸਭ ਮਾਇਆ ਕੇ ਮੋਹ, ਸੁਆਦ ਦੁਨੀਆਂ ਕਿਆਂ ਸਿਉਂ ਕਰਕੈ, ਮੁਝ ਪਰਮਾਤਮਾ—ਪਰਮ—ਪੁਰਖ ਜੋ ਮੈਂ—ਮੈਂ ਲੀਨ ਰੱਖੈ। ਇਸਤੇ ਮੁਕਤਿ ਕਉ ਪ੍ਰਾਪਤਿ ਹੋਤੇ ਹੈਂ, ਜਨਮ ਤੇ ਰਹਤ ਹੋਤੇ ਹੈਨਿ॥ ੨॥

ਅਰੁ ਯੌਂ ਭੀ ਹੈ : ਜਿਸ ਕਿਸੀ ਪ੍ਰਾਨੀ ਕੀ ਸੁਰਤਿ ਚਲਨੇ ਕੇ—ਦੇਹ ਛੁਟਨੇ ਕੇ ਸਮੇਂ, ਜਿਸ ਬਾਸਨਾ ਬਿਖੈ ਹੋਤੀ ਹੈ; ਤੈਸੀ ਗਤਿ ਕਉ ਜਾਇ ਪ੍ਰਾਪਤਿ ਹੋਤਾ ਹੈ। ੩॥

ਤਿਸ ਕਰਕੈ ਇਸ ਪ੍ਰਾਨੀ ਕਉ ਕਹਿਆ ਹੈ, ਜੋ ਸਾਸ ਹੈ ਸੋ ਬ੍ਰਿਥਾ ਨ ਖੋਵੈ। ਨਹੀਂ ਜਾਨਿਆ ਜਾਤਾ; ਜੋ ਕਉਨ ਸੇ ਸਾਸ ਬਿਖੈ, ਅਰੁ ਕਉਨ ਸਬਬ ਪਾਇ ਦੇਹ ਛੁਟੈਗੀ। ਫੇਰ ਹੀ ਮੈ—ਜੋ ਚਲਾਣੇ ਕਾ ਆਗਮ ਹੈ; ਕਿਉਂਕਰ ਸਾਸ ਬ੍ਰਿਥਾ ਖੋਵੈ! ਉਸ ਸਮੈ ਖ਼ਬਰਦਾਰ ਰਹੈ ਅਉਸਰ ਬੀਤਿਆ, ਹਾਥਿ ਆਵੈਗਾ ਨਾਹੀਂ। ਸਮ੍ਹਾਲ! ਸਮ੍ਹਾਲ!!

"ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ।
ਤਾਂ ਫਿਰ ਪਿਆਰਾ ਰਾਵੀਐ, ਜਬ ਆਵੈਗੀ ਵਾਰੀ[1]॥ ੪॥

## ਦੁਤੀਆ ਬਚਨ

ਅਬ ਜਿਸ ਸਮੇਂ ਇਸ ਪ੍ਰਾਨੀ ਕੀ ਦੇਹ ਤੇ ਸਾਸ ਛੁਟੈ; ਅਰੁ ਸਾਸੋਂ ਤੇ ਦੇਹ ਛੁਟੈ; ਤਿਸ

---

1. ਦੁਰਘਟਨਾ ਆਦਿ ਕਾਰਣ।
2. ਪੋਥੀ ੨੧ਵੀਂ ਵਿੱਚ, ਪਾਠ "ਇਸ਼ਾਰਤ" ਹੈ।
3. ਤਿਲੰਗ ਮਹਲਾ ੧, ਘਰ ੨।


www.Mahapurakh.com

ਕੀ ਜੁਗਤਿ :—

ਪ੍ਰਥਮੈ ਮੰਜੇ ਤੇ ਜ਼ਿਮੀ ਉਪਰਿ ਲਏ। ਜ਼ਿਮੀ ਉਪਰਿ ਮਾਟੀ ਕਾ ਚਉਕਾ ਦੇਇ। ਫੇਰਿ ਉਸਦੇ ਉਪਰ ਲੋਈ, ਅਕੈ ਕੰਬਲ, ਅਤੇ ਹੋਰ ਕੱਪੜਾ ਕਪਾਸ ਕਾ ਹੋਵੈ—ਸੋ ਵਿਛਾਏ। ਉਸਦੇ ਉਪਰ ਉਸ ਪ੍ਰਾਨੀ ਕੀ ਦੇਹ ਨੂ ਲੰਮੀ ਕਰਕੈ ਸਵਾਏ॥ ੧॥

ਅਰੁ ਜੋ ਕੋਈ ਕੁਟੰਬ ਕੇ ਲੋਗ ਹੋਹਿ—ਪਿਤਾ, ਕਿ ਮਾਤਾ, ਕਿਆ ਇਸਤ੍ਰੀ, ਕਿਆ ਪੁੱਤ੍ਰ ਕਿਆ ਭ੍ਰਾਤ, ਕਿਆ ਜੋ ਹੋਈ ਹੋਹਿ,—ਸਭ ਉਤ ਸਮੈ, ਜਬ ਲਗ ਊਹਾਂ ਪੜਾ ਹੋਵੇ, ਬੈਰਾਗ ਨ ਕਰੈਂ। ਅਰੁ ਅਲਾਹਣੀਆਂ ਪੜ੍ਹਨ ਗਾਵ ਕੇ। ਅਉਰ ਸਬਦ ਬੈਰਾਗ ਬਿਰਕਤ ਕੇ ਸਮੇ ਪ੍ਰਥਾਇ ਚਲਨੇ ਕੇ ਪੜ੍ਹਨ ਗਾਵਨ। ਇਸਤ੍ਰੀਆਂ ਪਿੱਟੈਂ ਨਾਹੀਂ; ਇਹ ਬਾਨੀ ਪੜ੍ਹਨ ਗਾਵਨ। ਅਤੇ ਮਰਦ ਭੀ ਪੜ੍ਹਨ ਗਾਵਣ। ਅਤੇ ਪਗੜੀਆਂ ਉਤਾਰਨ ਨਾਹੀਂ ਸਿਰ ਤੇ॥ ੨॥

ਅਰੁ ਜਿਸ ਸਮੇਂ ਜਾਨਣ ਜੋ ਸਾਸ ਬਿਦਿਆ ਹੋਤੇ ਹੈਂ, ਉਤ ਸਮੈ ਜੋ ਕੋਈ ਇਸ ਪ੍ਰਾਨੀ ਕਾ ਸੰਗੀ ਨਜੀਕੀ ਹੋਵੈ, ਉਸਤੇ ਖੁਸ਼ੀ ਲਏ। ਆਪਨੂ ਬਖਸਾਇ ਲਏ॥ ੩॥

ਅਰੁ ਜਉ ਫੂਕ ਨਿਕਲੈ, ਤਾਂ ਉਤ ਸਮੈ ਅੱਰਦਾਸਿ ਕਰਨ ਜੋ

"ਅਸੀਂ ਸੁਰਖਰੁ ਹੋਏ ਇਸ ਤੇ; ਅਰੁ ਇਹ ਅਸਾਂ ਤੇ
ਰਾਜ਼ੀ ਹੋਵੈ ਅਰੁ ਖ਼ਾਲਸੇ ਮੈ ਬਾਸਾ ਹੋਵੈ!!" ੪

ਅਰੁ ਜੋ ਭਾਈ ਅਥਵਾ ਪੁੱਤ੍ਰ ਹੋਵੈ, ਉਸਕੋ ਕੇਸਰੀ ਪਗੜੀ ਪਹਿਨਾਵੈ। ਅਰੁ ਜੋ ਕਦਾਚ ਪੁੱਤ੍ਰ ਨ ਹੋਇ, ਤਾਂ ਮਾਤਾ ਪਿਤਾ, ਅਕੈਂ ਚਾਚਾ ਤਾਇਆ ਨਜੀਕ-ਸੰਗੀ ਹੋਵੈ, ਸੋ ਪਹਿਰੈ। ਤਾਤਪ੍ਰਜ ਇਸ ਕਾ ਯਹੀ ਹੈ; ਜੋ ਕੋਈ ਅਨਜਾਨੁ ਹੋਵੈ, ਸੋ ਜਾਨੈ, ਜੋ ਇਸਕਾ ਕੋਈ ਚੱਲਿਆ ਹੈ। ੫॥

ਇਸੀ ਤਰਹ ਉਸ ਪ੍ਰਾਣੀ ਕੀ ਮਾਤਾ ਅਥਵਾ ਇਸਤ੍ਰੀ ਜੋ ਕੋਈ ਨਜੀਕੀ ਹੋਇ, ਸੋ ਕਪੜਾ ਸੀਵਕੇ ਅਪਨੇ ਉਪਰ ਲਏ। ੬॥

ਅਰੁ ਜੋ ਕੋਈ ਪ੍ਰਚਾਵਨੀ ਕੇ ਵਾਸਤੇ ਆਵੈ, ਆਪਸ ਮੈਂ—ਹੁਕਮ ਸਿਉਂ, ਸ੍ਰੀ ਅਕਾਲ ਪੁਰਖੁ—ਕਹਿ ਕੈ ਬੈਠ ਜਾਇ। ੭॥ ੨

## ਤ੍ਰਿਤੀਆ ਬਚਨ

ਅਬ ਗਤਿ ਕੀ ਬਿਧਿ :—ਜੋ ਪ੍ਰਥਮੈ ਪਾਨੀ ਨਾਲਿ ਨੁਵਾਈਐ, ਘੜੇ ਮਿਕਦਾਰ ਨਾਲਿ। ੧॥ ਫੇਰਿ ਕੱਛ ਪਹਰਾਈਐ ਨਵੀਂ। ੨॥ ਕੇਸਾਂ ਨੂੰ ਕਪੜੇ ਨਾਲਿ ਮਲਕੇ ਸੁਕਾਇਕੇ ਫੁਲੇਲ ਨਾਲਿ ਪਾਇ ਜੂੜਾ ਬੰਧੇ। ੩॥ ਫੇਰ ਪਗੜੀ ਕੇਸਰੀ ਕਰਕੇ ਬੰਨ੍ਹੈ॥ ੪॥ ਫੇਰਿ ਜਾਮਾ ਅਗਲ ਬੰਦੀ ਧੋਤਾ ਹੋਇਆ ਪਹਿਨਾਏ। ੫॥ ਉਸ ਉਪਰ ਪਟਕਾ ਬੰਨ੍ਹੈ। ੬॥ ਅਰੁ ਪਰਮ ਜਨੇਊ ਲੋਹੇ ਕਾ ਪਾਏ। ੭॥ ਫੇਰ ਉਸ ਉਪਰ ਕਫਨ ਪਹਰਾਈਐ ਕੇਸਰੀ ਕਰਕੈ। ੮॥ ਅਰੁ ਤਖਤੈ ਉਪਰ ਲੰਮਾ ਕਰਕੇ ਸਵਾਈਐ। ਤਖਤੇ ਨੂ ਗਿਰਦ ਤਖਤੀਆਂ ਘੇਰੇ ਪੰਜ ਉਂਗਲੀਆਂ ਉੱਚਾ ਰੱਖ ਕੇ; ਦਰੁਸਤ ਕਰਕੈ, ਪਿੰਜਰੇ ਕੀ ਤਰਹ ਪਾਏ। ਉਸ ਪ੍ਰਾਨੀ ਨੂ ਬੰਨ੍ਹੇ ਨਾਹੀ ਕਿਤੇ ਵਲਿ। ੯॥ ਅਰੁ ਭਗਉਤੀ ਉਸ ਤਖਤੇ ਉਪਰ ਸੱਜੀ ਵਲਿ, ਬਗ਼ਲ ਅੰਦਰ ਰਖੈ। ੧੦॥ ਅਰੁ ਗੁਰੂ ਜਿਤਨੀ ਖੁਸਬੋਈ ਦੇਇ, ਤਿਤਨੀ ਪਾਏ; ਉਸ ਉੱਪਰ—ਗੁਲਾਬ ਅਤ੍ਰ ਪਾਏ। ਅਰੁ ਤਖਤੇ ਦੇ ਦੋਹੀਂ ਵਲੀਂ ਅਗਰ ਦੀਆਂ ਅੰਗੀਠੀਆਂ ਧੁਖਦੀਆਂ ਜਾਣ ਧੂਪ ਦੇਂਦੇ ਜਾਨਿ॥ ੧੧॥ ਅਰੁ ਕੀਰਤਨ ਖ਼ਾਲਸੇ ਕੇ ਸਿੱਖ ਕਰਦੇ ਜਾਣ॥ ੧੨॥ ਅਰੁ ਜੋ ਗੁਰੂ ਕਰਾਏ ਤਾਂ, ਉਹ ਸਿੱਖ ਜੋ ਉਸ ਪ੍ਰਾਨੀ ਨੂ ਉਠਾਇਨ; ਤਾਂ ਮੂੰਹੋਂ ਆਖਣ ਏਹ ਮੰਤ੍ਰ :—

www.Mahapurakh.com

"ਵਾਹਗੁਰੂ ਜੀ ਤੇਰੀ ਸਰਣਿ। ਸ੍ਰੀ ਅਕਾਲ ਪੁਰਖ ਜੀ
ਤੇਰੀ ਸਰਨਿ ਹੈ॥" ੧੩॥

ਜਬ ਜਾਨੈ ਕਿ ਤ੍ਰਿਭੀਆ ਹਿੱਸਾ ਰਾਹ ਬਾਕੀ ਰਹੰਦਾ ਹੈ; ਤਾ ਉਥੈ ਮੁਕਾਮੁ ਕਰਨਾ। ਤਖ਼ਤੇ ਨੂ ਜ਼ਿਮੀਨ ਉਪਰਿ ਰਖਨ; ਅਰੁ ਅਰਦਾਸਿ ਕਰਨ; ਜੋ—

"ਜੀ! ਏਹ ਪ੍ਰਾਨੀ, ਅਗੈ—ਪਰਲੋਕ ਬਿਖੈ—
ਸੁਖਾਲਾ ਰਹੈ! ਅਤੈ ਸ਼ਾਂਤਿ ਬਿਖੈ ਰਹੈ॥" ੧੪

ਉਤ ਸਮੈ ਪਹਲਾਂ, ਜੋ ਕੋਈ ਸਿੱਖ ਸਿੱਖਣੀਆਂ ਉਥੈ ਹੋਣ, ਸਭ ਨੂੰ ਪ੍ਰਸਾਦੁ ਦੇਇ। ਅਰੁ ਨਾਲੇ ਉਸ ਸਿੱਖ ਨੂੰ, ਜੋ ਚਲਿਆ ਹੈ। ਉਸਦੇ ਭੀ ਮੁਹਿ ਪਾਵਣਾ॥ ੧੫॥

ਫੇਰਿ ਉਥੋਂ ਉਸ ਤਖ਼ਤੇ ਨੂ ਉਠਾਇਕੈ ਲੈ ਚਲਣਾ ਜਬ ਜਾਆ, ਏਦਾ ਟਿਕਾਣੇ ਉਪਰਿ ਆਇ ਪਹੁੰਚੈ ਹਾਂ; ਤਬ ਪੰਦਰਾਂ ਮਣ ਲੱਕੜ ਦੀ ਕੁਟੀਜੋ ੧੫। ਉਸ ਪ੍ਰਾਨੀ ਦੀ ਦੇਹ ਨੂ ਉਸ ਉਪਰਿ ਆਪ ਵਿਚ ਬੈਠਾਏ। ਆਸ ਪਾਸ ਲੱਕੜ ਦੀਆਂ ਦੇਇ। ਫੇਰਿ ਅਰਦਾਸਿ ਕਰਨ ਜੋ,—

"ਜੀ! ਇਸ ਪ੍ਰਾਨੀ ਦੀ ਦੇਹ ਬੈਸੰਤ੍ਰ ਬਿਖੈ ਦੀ ਜਾਤੀ ਹੈ!
ਖੁਸ਼ੀ ਕਰਹੁ!!—

(ਕਪਾਲ ਕਿਆ ਬਿਧਿ ਸੰਜੁਗਤਿ ਹੋਮੈ; ਦਸਵੇਂ ਦੁਆਰ ਤੇ।)
"ਪ੍ਰਾਨ ਪੁਰਖ ਕਾ ਉਸ ਥਾਨ-ਸੰਗਤਿ ਖ਼ਾਲਸੇ ਬਿਖੈ
ਬਾਸਾ ਹੋਵੈ! ਆਗਿਆ ਹੋਵੈ; ਤਾਂ ਬੈਸੰਤ੍ਰ ਦੀਜੀਐ।"
ਅੱਗੈ ਤੇ ਖ਼ਾਲਸਾ ਕਹੈ : "ਦੀਜੀਐ"। ੧੬

ਜਬ ਜਾਨਣ ਜੋ ਸਭ ਲੱਕੜੀਆਂ ਭਸਮ ਹੋਈਆਂ ਹੈਨਿ; ਅਰੁ ਕਪਾਲ ਕ੍ਰਿਆ ਹੋਈ ਹੈ; ਤਾਂ ਅਰਦਾਸਿ ਕਰਨ; ਜੋ—

"ਜੀ! ਏਹ ਸਿੱਖ ਅਪਨੇ ਗ੍ਰਿਹ ਬਿਖੈ—ਸੰਗਤ ਖ਼ਾਲਸੇ ਕੀ ਮੈਂ, ਜਹਾਂ ਤੇ ਇਸ ਮ੍ਰਿਤ ਮੰਡਲ ਬਿਖੈ ਆਇਆ ਥਾ,—ਤਹਾਂ ਜਾਇ ਨਿਵਾਸ ਲਏ!'

ਫੇਰ ਸੋਹਿਲਾ ਕੀਰਤਿ ਪੜ੍ਹ ਕੈ, ਉਥੋਂ ਉਠਿ ਆਵਨ। ਆਇਕੈ ਜਿਸ ਸਿੱਖ ਨੂੰ ਨ੍ਹਾਵਣਾ ਹੋਵੈ, ਸੋ ਨ੍ਹਾਵੈ ; ਕੋਈ ਮੁਹ, ਹੱਥ ਧੋਵੈ। ਜੋ ਕੋਈ ਸਹਜ ਕਰੇ, ਸੋ ਸਹਜ ਕਰੇ। ਕਿਛੁ ਇਸ ਨ੍ਹਾਵਨੇ ਅਨ-ਨ੍ਹਾਵਨੇ ਕਾ ਬੀਚਾਰ ਨਾਹੀਂ। ੧੭

ਖੂਹੇ ਉਪਰ, ਅਤੈ ਤਲਾਉ ਉਪਰ, ਅਤੈ ਦਰੀਆਉ ਉਪਰ, ਉੱਥੇ ਸਭ ਖ਼ਾਲਸਾ ਬੈਠੇ। ਅਰੁ ਪ੍ਰਸਾਦੁ ਜੋ ਕਿਛੁ ਗੁਰੂ ਦੇਇ, ਜਥਾ ਸਕਤਿ ; ਸੋ ਵੰਡੈ। ੧੮

ਫੇਰ ਸਰਬਤ ਖ਼ਾਲਸਾ ਉਸ ਪ੍ਰਾਨੀ ਦੇ ਘਰਿ ਆਵੈ। ੧੯

## ਚਤੁਰਥ ਬਚਨ

ਜੋ ਜਾਣੈ ਕਿ ਜਵਾਨ ਸਿੱਖ ਚਲਿਆ ਹੈ। ਜੁਆਨ ਕਿਸ ਨੂੰ ਕਹਿੰਦੇ ਹੈਨਿ ? ਜੋ ਦਸਾਂ ਵਰ੍ਹਿਆਂ ਤੇ ਉਪਰ ਹੈ, ਪੰਜਾਹਾਂ ਤਕ। ਤਿਸ ਨੂੰ ਸਸਕਾਰ ਆਵਨ; ਤਾਂ ਉਨ ਮੈਂ ਸੇ—ਖ਼ਾਲਸੇ ਤਥਾ ਭਾਈਆਂ ਅੰਦਰਹੁ, ਜਿਸ ਕਾ ਏਹ ਹੋਇ, ਪਰ ਜਿਸ ਕਾ ਬੇਟਾ ਬੇਟੀ ਹੋਇ; ਜਬ ਸਸਕਾਰ ਕਰ ਆਵਹਿ ਤਬ; ਇਕ ਪਗੜੀ ਬਾਦਲੇ ਕੀ ਜਰੀ ਦੀ,—ਮੁੱਲ ਜਥਾ ਸਕਤਿ ਹੋਵੈ,—ਨਾਈ, ਭੱਟ, ਡੂਮ ਕੁਲ ਕੇ ਨੋ ਦੇਵੈ; ਨਾਲੇ ਨਗਦ ਕਿਛੁ ਜਥਾ ਸਕਤਿ ਦੇਵੈ। ਅਰੁ ਉਸੈ ਉਠਾਲੇ। ੧॥

ਦੂਸਰੇ ਦਿਨ ਪ੍ਰਸਾਦੁ ਵੰਡਣਾ, ਜਥਾ ਸਕਤਿ। ਅਰਦਾਸਿ ਕਰਨ; ਪੰਜ ਪਉੜੀਆਂ ਅਨੰਦ ਦੀਆਂ ਪੜ੍ਹਿ ਕੈ। ਕਿਆ ਕਹਨ ਜੋ

www.Mahapurakh.com

"ਜੀ! ਇਹ ਪ੍ਰਾਨੀ ਇਸ ਮ੍ਰਿਤ ਮੰਡਲ ਤੇ ਸਚ-ਖੰਡ ਨੂੰ ਚਲਿਆ ਹੈ।" ਖੁਸ਼ੀ ਕਰਹੁ; ਜੋ ਸੰਗਤਿ ਖ਼ਾਲਸੇ ਸ੍ਰੀ ਅਕਾਲ ਪੁਰਖ ਕੇ ਮੈ ਬਾਸਾ ਹੋਵੇ।" ੨॥

ਅਰੁ ਜਿਸ ਦਿਨ ਚਲੈ, ਉਸ ਦਿਨ ਮੰਜਿਆਂ ਉਪਰ ਸਉਣਾ। ਅੱਛਾ ਪ੍ਰਸਾਦੁ ਖਾਣਾ; ਬੈਰਾਗ ਨਹੀਂ ਕਰਨਾ; ਧਾਹ ਨਹੀਂ ਮਾਰਨੀ। ਕਛੁ ਸੋਗ ਨਾਹੀ ਕਰਨਾ; ਨਹੀਂ ਜਨਾਵਣਾ; ਹੁਕਮ ਸਤਿ ਕਰ ਜਾਨਣਾ॥ ੩

ਜਥਾ ਸਕਤਿ ਪ੍ਰਸਾਦੁ ਅਨਾਜ ਕਾ ਕਰਨਾ। ਅਰੁ ਆਪਨੇ ਮੇਲ ਦਿਆਂ ਲੋਕਾਂ ਸਿੱਖਾਂ ਭਾਈਆਂ ਨੂੰ ਖਿਲਾਵਣਾ। ੪॥

ਜਿਸ ਸਿੰਘਣੀ ਦਾ ਸਿੰਘ ਭਰਤਾ ਅਥਵਾ ਪੁੱਤਰ ਚਲਿਆ ਹੋਇ। ਉਸ ਨੂੰ ਚਾਹੀਐ ਜੋ ਘ੍ਰਿਤ ਕਮ ਖਾਏ, ਲੋਣ ਬਹੁਤ ਥੋੜ੍ਹਾ ਖਾਏ। ਜੋ ਅਲੂਣਾ ਖਾਏ; ਤਾਂ ਬਹੁਤ ਭਲਾ ਹੈ। ਮਾਸ ਨਾ ਖਾਏ। ਕਿਆ ਖਾਏ? ਪਾਉ ਖਿਚੜੀ ਚਾਰ ਸੇਰ ਪਾਣੀ ਪਾਇਕੇ ਕੋਇਲਿਆਂ ਉਪਰਿ ਚੜ੍ਹਾਏ। ਜੇ ਕੋਇਲੇ ਹੱਥਿ ਨ ਆਵਣ ਤਾਂ ਲੱਕੜੀਆਂ ਦਲਕੇ[1], ਆਂਚ ਦੇਇ। ਡੇਢ ਪਹਰ ਦਿਨ ਰਹੰਦੇ ਅਗਨਿ ਪਰ ਚੜ੍ਹਾਏ। ਜਬ ਜਾਨੇ ਕਿ ਘੜੀ ਰਾਤਿ ਗਈ ਹੈ; ਜਬ ਪਾਣੀ ਅੰਨ ਸੇਰ ਦਾ ਵਾਰਾ ਰਹਿਆ ਹੈ ਮ੍ਰਿਚਾਂ ਪਾਇਕੈ ਪੀਵੈ। ਇਸਤੇ ਆਧਾਰ ਭਲਾ ਹੋਂਦਾ ਹੈ; ਅਰੁ ਚਿਤ ਠਹਰਿਆ ਰਹੰਦਾ ਹੈ। ਅਠਾਂ ਪਹਿਰਾਂ ਪਿਛੇ ਏਹੋ ਅਹਾਰ ਕਰੇ। ਸੁਆਦ ਬਹੁਤਾ ਖਾਏ ਨਹੀਂ, ਮੰਨਾ ਹੈ। ੫॥

ਅਰੁ ਧਿਆਨ ਅਪਣਾ ਮੂਰਤਿ ਆਪਣੇ ਧਨੀ[2] ਕੀ ਮੈ ਰੱਖੇ। ਅਰੁ ਸਿਮ੍ਰਨ ਸ੍ਰੀ ਅਕਾਲ ਪੁਰਖੁ ਕਾ ਕਰੈ। ਪੋਥੀ ਸਬਦ-ਬਾਣੀ ਪੜ੍ਹੇ। ਅਰੁ ਕ੍ਰਿਤ ਭੀ ਕਰੈ! ਪੜਦੇ ਮੈ ਰਹੈ; ਬਿਗਾਨੇ ਮਰਦ ਨਾਲ ਗੱਲ ਨਾ ਕਰੈ। ਕੱਪੜੇ ਮੋਟੇ ਪਹਰੈ ਸੁਪੇਦ; ਮੈਲੇ ਨ ਰੱਖੈ। ਉਦਾਸਿ ਘਾਟਿ ਰਹੈ; ਯਹ ਜਾਨ ਕੈ ਜਿਉਂ ਮੇਰਾ ਭ੍ਰਤਾ ਇਸ ਸੰਸਾਰ ਤੇ ਚਲਿਆ ਹੈ; ਅਰੁ ਸੁਪਨੇ ਕੀ ਨਿਆਈ ਹੋਇ ਗਇਆ ਹੈ। ਅਰੁ ਮੇਰਾ ਸਾਥ ਅਰੁ ਮੇਰਾ ਪਰਮੇਸੁਰ ਥਾ। ਅਬ ਬਿਲਾਇ ਗਇਆ[3] ਹੈ। ਤਿਉਂ ਮੈਂ ਭੀ ਸੁਪਨੰਤਰ ਹੋਂ, ਕਿਸੀ ਸਾਸ ਚਲਿ ਜਾਉਂਗੀ!'—ਯਹ ਜਾਨਕੈ ਬਿਰੱਕਤ ਰਹੈ। ਜੋ ਇਸਤ੍ਰੀ ਬਿਧਵਾ ਇਸ ਰਹਤ ਰਹੈਗੀ; ਸੋ ਅਪਨੇ ਜਤ ਸਤ ਮੈ ਰਹੈਗੀ; ਉਸਕਾ ਨਿਰਬਾਹ ਹੋਇ। ੬॥ ੪॥

## ਪੰਚਮ ਬਚਨ

ਜੋ ਲੜਕਾ ਚਲੇ ਤਿਸਕੀ ਬਿਧਿ :—ਦਸ ਬਰਸ ਤਕ ਬਾਲਕ ਹੈ। ਉਸਕੋ ਭੀ ਚਉਕਾ ਮਿਟੀ ਕਾ ਦੇ ਕੇ, ਤਿਸਦੈ ਉਪਰ ਰੱਖੇ। ਜੋ ਜਾਣੇ ਜੋ ਹਥਾਂ ਉੱਪਰ ਉਠਾਵਨੇ ਲਾਇਕ ਹੈ! ਤਾਂ ਕੇਸਰੀ ਕੱਪੜੇ ਕਰਿ ਕੈ ਪੈਨ੍ਹਾਇਕੈ ਲੈ ਜਾਣਾ, ਕੀਰਤਨ ਕਰਦਿਆਂ। ਉਨ੍ਹਾਂ ਕੱਪੜਿਆਂ ਨੂੰ ਪੈਨ੍ਹਾਵਨਾ ਜੋ ਪੈਨ੍ਹਦਾ ਹੈ ਜੀਂਵਦਿਆਂ। ਜਾਂਇ ਸਸਕਾਰ ਕਰਨਾ; ਭਾਵੈਂ ਦੁਇ ਦਿਹਾਂ ਦਾ ਹੋਵੈ, ਸੋ ਭੀ ਸਸਕਾਰ ਕਰਨਾ।—ਉਸੇ ਤਰ੍ਹਾਂ ਅੱਰਦਾਸਿ ਕਰਨੀ। ੧॥

ਫੈਰ ਆਇਕੈ ਉਠਾਲਾ ਕਰਨਾ। ੨॥

ਜੋ ਜਾਨੈ ਵੱਡਾ ਬਾਲਕ ਹੈ; ਹਥਾਂ ਉਪਰ ਨਾਹੀ ਉਠਾਇਆ ਜਾਂਦਾ; ਤਾਂ ਯੋਂ ਕਰਨਾ :—ਜੋ ਤਖ਼ਤੇ ਉਪਰ ਪਾਵਣਾ; ਤਖ਼ਤੇ ਨੀਚੇ ਗਿਰਦ ਪਿੰਜਰਾ ਲਵਾਇ ਲੈਣਾ। ਹੋਰ ਓਹਾ ਬਿਧਿ ਕਰਨੀ; ਜੋ ਉਪਰਿ ਕਹੀ ਹੈ। ਇਕ ਪਗੜੀਆਂ ਨਹੀਂ ਦੇਣੀਆਂ; ਨਗਦ ਨਾਹੀ ਦੇਣਾ। ੩॥

---

1. ਲੱਕੜਾਂ ਪਾੜ ਕੇ, ਛੋਟੀਆਂ ਕਰਕੇ।
2. ਪਤੀ, ਮਰਦ, ਕੰਤ।
3. ਚਲਾ ਗਿਆ।

www.Mahapurakh.com

ਅਬ ਸੱਠਾਂ ਤੈ ਲੈ ਕੇ ਜੋ ਸਉ ਬਰਸਾਂ ਦਾ ਹੋਵੇ, ਅਥਵਾ ਵਧੀਕ ਹੋਵੇ, ਉਸਕੀ ਬਿਧਿ :—ਜਬ ਜਾਣੈ ਕਿ ਸਾਸ ਪੂਰਨ ਹੋਏ ਹੈਨ। ਤਬ ਉਸੀ ਤਰਹ—ਜਿਉਂ ਉੱਪਰ ਜੁਆਨ ਨੂ ਕਹਿਆ ਹੈ—ਸਭ ਬਿਧਿ ਕਰੈ! ਤਖ਼ਤਾ ਗਿਰਦੇ ਪਿੰਜਰੇਦਾਰ ਕਰੈ, ਅਰੁ ਬੈਰਕਾਂ[1] ਲਾਏ। ਅਰੁ ਜੋ ਗੁਰੂ ਬਾਬਾ ਸਕਤਿ ਦੇਇ, ਤਾਂ ਤਖ਼ਤੇ ਨੂ ਸੁਨਹਰੀ ਰੰਗਾਏ, ਸੋਇਨਾ ਲਾਏ, ਰੁੱਪਾ ਲਾਏ।" ਅਰੁ ਸਾਜ-ਬਾਜ, ਨਗਾਰੇ ਅੱਗੇ ਰੱਖੈ; ਕੀਰਤਨ ਹੋਵੇ। ਬਜੰਤ੍ਰੀਓ ਕਉ ਪਗੜੀਆਂ ਬਾਦਲੇ ਕੀਆਂ ਜਥਾ ਸਕਿਤਿ ਪੈਨ੍ਹਾਏ। ਅਰੁ ਅਪਨੇ ਘਰ ਕੇ ਨਾਈ, ਡੂਮ, ਭਟ ਕਉ ਸਿਰੋਪਾਉ ਜਥਾ ਸਕਤਿ ਦੇਇ। ਅੱਗੇ ਫੇਰ ਜਿਉ ਉਪਰ ਜੁਆਨ ਕੀ ਬਿਧਿ ਕਹੀ ਹੈ, ਤਿਉਂ ਕਰੈ। ੧॥

ਜਬ ਜਾਨੈ ਸਸਕਾਰ ਕਰਕੈ ਆਏ ਹੈਨਿ: ਤਬ ਅਰਦਾਸਿ ਕਰਨ। ਨਉ ਪੈਸੇ ਹਾਂਕ ਦੇ ਦੇ ਕੈ ਸਭ ਉਠਾਹਿ। ੨॥

ਤੀਸਰੇ ਦਿਨ ਕੋ ਉਠਾਲਾ ਕਰੈ। ਨਾਈ ਭਟ ਡੂਮ ਨੂ ਜਥਾ ਸਕਤਿ ਨਗਦ ਤੇ ਸਿਰੋਪਾਵ ਦੇਇ। ਅਰੁ ਪ੍ਰਸਾਦੁ ਅਪਨੀ ਬਿਰਾਦਰੀ ਨੂ ਅਰੁ ਸੰਗਤਿ ਖ਼ਾਲਸੇ ਦੀ ਨੂ ਕਰੈ : ਜਥਾ ਸਕਤਿ। ੩॥

ਜਿਥੈ ਓਹ ਪ੍ਰਾਨੀ ਚਲੈ; ਉਥੈ ਦੀਵਾ ਘ੍ਰਿਤ ਦਾ ਬਾਲਨ; ਦਿਨ ਇਕੀਸ ਤੱਕ। ੪॥

ਫੇਰ ਅਗਲੇ ਦਿਨ ਪੰਜ ਸਿਖ ਖ਼ਾਲਸੇ ਦੇ ਜਿਵਾਏ। ੫॥

ਫੇਰ ਅਗੈ ਜਬ ਦਿਨ ਚਲਨੇ ਦਾ ਬਰਸ ਪਿਛੈ ਆਵੈ; ਤਾਂ ਪ੍ਰਸਾਦੁ ਉਸ ਪ੍ਰਾਨੀ ਦੇ ਨਵਿਤ ਦਾ ਕਰੈ। ਅਰੁ ਫਲ, ਤਰਕਾਰੀ, ਮੇਵਾ ਤਰ ਖੁਸ਼ਕ, ਮਿਠਾਈ, ਖੀਰ, ਦਹੀ, ਮਾਸ, ਸਭ ਰਸ ਛਤੀਹ ਪ੍ਰਕਾਰ ਕਰੈ। ਅਰੁ ਖਿਲਾਏ ਖੁਧਿਆਰਥੀਆਂ ਨੋ; ਸਿੱਖ ਖ਼ਾਲਸੇ ਦੇ ਨੂ। ੬॥

ਅਰੁ ਜਬ ਜਾਨੈ ਕਿ ਨਇਆ ਮੇਵਾ ਤ੍ਰਕਾਰੀ ਚਲੀ ਹੈ। ਤਬ ਲਿਆਇਕੇ ਸਿੱਖਾਂ ਨੂੰ ਖਿਲਾਵੈ, ਆਪ ਖਾਇ। ੭॥ ੫।

## ਛਠਮ ਬਚਨ

ਅਬ ਇਸਤ੍ਰੀ ਕੇ ਜਾਮੇ ਕੀ ਬਿਧਿ :—ਬਾਲਕੀ ਚਲੈ ਤਬ ਜੋ ਕਿਛੁ ਉਪਰ ਬਾਲਕ ਕੀ ਬਿਧਿ ਹੁਕਮ ਹੋਇਆ ਹੈ; ਸੋ ਕਰੈ। ਪਰ ਉੱਪਰ ਬਾਲਕੀ ਕੇ ਸਾਲੂ ਪਾਏ। ਅਰੁ ਮਉਲੀ ਸਿਰ ਪਾਏ। ਹੋਰ ਸਭ ਬਿਧਿ ਲੜਕੇ ਕੀ ਕਰੈ॥ ੧॥

ਅਬ ਜਿ ਇਸਤ੍ਰੀ ਕਾ ਸੰਜੋਗ ਹੋਇਆ ਹੋਵੈ : ਅਤੇ ਓਹ ਚਲ ਗਈ ਹੋਵੈ; ਅਰੁ ਉਸਕੇ ਅਉਲਾਦ ਨ ਹੋਵੈ, ਨ ਹੋਈ ਹੋਵੈ। ਤਿਸਕੀ ਬਿਧਿ :—

ਜਬ ਜਾਨੈ ਕਿ ਚਲਨ ਕਾ ਸਮੈ ਆਇਆ ਹੈ। ਤਾਂ ਪਹਲੈ ਅਪਨੇ ਭਰਤੇ ਦਾ ਦਰਸਨ ਕਰੈ; ਅਰੁ ਬਖਸਾਏ। ਅਰੁ ਖੁਸੀ ਲਏ। ਅਰੁ ਭਰਤਾ ਉਸਕੀ ਭੀ ਖੁਸੀ ਲਏ। ਫੇਰ ਮਾਟੀ ਕਾ ਚਉਕਾ ਜਿਮੀ ਉਪਰ ਦੇਇ। ਫੇਰ ਉਸ ਇਸਤ੍ਰੀ ਨੂ ਉਥੇ ਪਾਏ। ਅਰੁ ਬੈਰਾਗ ਨ ਕਰਨ। ਅੱਰਦਾਸਿ ਕਰਨ; ਜੋ :

"ਅਸੀਂ ਇਸ ਪ੍ਰਾਨੀ ਤੇ ਸੁਰਖਰੂ ਹੋਵੇਂ।
ਇਸਦਾ ਸੱਚੇ ਖੰਡ ਵਿਚ, ਖ਼ਾਲਸੇ ਮੈ ਵਾਸਾ ਹੋਵੈ।"

ਫੇਰ ਨੁਵਾਇਕੈ, ਸਿਰ ਗੁੰਦਾਇਕੈ, ਖੁਸਬੋਈ ਪਾਇਕੈ, ਕੱਪੜੇ ਜੋ ਹਮੇਸਾ ਪਹਿਰਦੀ ਸੀ, ਸੋ

---

1. ਝੰਡੀਆਂ।

www.Mahapurakh.com

ਪਹਿਰਾਏ। ਫੇਰ ਉਪਰ ਅਸਾਵਰੀ[1] ਕੇਸਰੀ ਰੰਗ ਦੀ ਪਾਏ। ਜੋ ਸਕਤਿ ਅਸਾਵਰੀ ਦੀ ਨ ਹੋਇ। ਤਾਂ ਕੇਸਰੀ ਰੰਗ ਦਾ ਮਸਰੂ[2] ਅਕੇ ਦਰਿਆਈ[3] ਪਾਏ। ਜੋ ਏਹ ਭੀ ਸਕਤਿ ਨਾ ਹੋਇ : ਤਾਂ ਸੁਪੇਦ ਕੱਪੜੇ ਕੇਸਰੀ ਰੰਗਾਇ ਪਾਏ। ਅਰੁ ਤਖ਼ਤੇ ਨੂੰ ਗਿਰਦ ਘੇਰ ਪਿੰਜਰੇ ਦਾ ਕਰਾਇ ਲਏ। ਜੋ ਕਦਾਂਚ ਤਖ਼ਤੇ ਦੀ ਸਕਤਿ ਨ ਹੋਵੇ, ਤਾਂ ਬਾਂਸ ਲੈਕੇ ਅਰਥੀ ਕਰ ਲਏ। ਅਰੁ ਗਿਰਦ ਉਸ ਦੇ ਵੰਝਾਂ ਦੀਆਂ ਲੱਕੜੀਆਂ ਦਾ ਪਿੰਜਰੇ ਦੀ ਮਾਨਿੰਦ ਘੇਰ ਬਨਾਇ ਲਏ; ਉੱਚਾ ਛਿਅ ਗਿਰਹ। ਅਰੁ ਅਗੇ ਕੀਰਤਨ ਹੋਵੈ। ਹੋਰ ਜੋ ਕਿਛੁ ਉਪਰਿ ਕਹਿਆ ਹੈ, ਸੋ ਕਰੈ॥ ੨॥

ਫੇਰ ਜਬ ਸਸਕਾਰ ਕਰਕੈ ਘਰਿ ਆਵਨ, ਤਾਂ ਨਉਂ ਪੈਸੇ ਹਾਂਕ ਦੇ ਦੇ ਕੈ ਉਠਾਏ। ਜੋ ਸਿਖ ਅਰੁ ਬਿਰਾਦਰੀ ਦੇ ਲੋਕ ਹੋਨ, ਸਭਨਾ ਨੂ ਉਠਾਲੈ। ਅਰੁ ਪ੍ਰਸਾਦੁ ਖਾਣੇ ਦੇ ਵਾਸਤੇ ਕਰਾਏ; ਬਿਨ ਹੋਰਸ ਦੇ ਕਹੇ। ਜਿਉਂ ਉਪਰਿ ਕਹਿਆ ਹੈ; ਤਿਉਂ ਪ੍ਰਸਾਦੁ ਛਕਾਉਣ ਦੀ ਬਿਧਿ ਕਰੈ। ਫੇਰ ਅਗਲੇ ਦਿਨ, ਨਉ ਪੈਸੇ ਭੱਟ ਨੂੰ ਦੇ ਕੈ, ਉਠਾਲਾ ਕਰੈ; ਕ੍ਰਿਤ ਨੂ ਲੱਗੇ। ੩

ਅਬ ਜਿਸ ਇਸਤ੍ਰੀ ਕਉ ਅਉਲਾਦ ਹੋਵੈ; ਅਰੁ ਉਮਰ ਮੈ ਬਡੀ ਹੋਵੈ। ਤਿਸਕੀ ਬਿਧਿ :—

ਪਹਲੈ ਜਿਉਂ ਉਪਰਿ ਇਸਤ੍ਰੀ ਕਉ ਬੀਚਾਰ ਕਹਿਆ ਹੈ, ਤਿਉਂ ਕਰੇ। ਪਰ ਏਕ ਅਉਰ ਕਰੈ, ਤਖ਼ਤੇ ਨੂੰ ਬੈਰਕਾਂ ਸਾਲੂ ਕੀਆਂ ਬੰਨ੍ਹੇ। ਅਰੁ ਜਥਾ ਸਕਤਿ ਨਾਈ ਭੱਟ, ਡੂਮ ਨੂ ਭੀ ਜੋ ਕਿਛੁ ਅਪਨੇ ਕੁਲ ਬਿਖੈ ਹੋਂਦਾ ਹੋਵੇ; ਸੋ ਕਰੈ। ੪।

ਅਬ ਜੋ ਇਸਤ੍ਰੀ ਬਿਧਵਾ ਚਲੈ। ਤਿਸ ਕੀ ਬਿਧਿ :—

ਜੋ ਬਾਲਕੀ ਹੋਇ ਉਸਕੋ ਨੱਥ ਨ ਡਾਲੈ, ਅਉਰ ਸਭ ਕਰੈ। ਏਕ ਕਪੜੇ ਨਾ ਪਹਿਨਾਵੈ। ਕਫਨ ਹੀ ਪਹਿਨਾਵੈ ਸੁਪੇਦ। ਉੱਪਰ ਕੇਸਰ ਨ ਛਿੜਕੈ, ਅਉਰ ਸਭ ਬਿਧਿ ਕਰੈ। ੫॥

ਅਰੁ ਜੇ ਇਸਤਰੀ ਬਡੀ ਹੋਵੈ, ਅਤੇ ਉਸਦੇ ਅਉਲਾਦ ਹੋਵੈ, ਅਤੇ ਓਹ ਬਿਧਵਾ ਹੋਵੈ। ਉਸਨੂੰ ਚਲਨੇ ਕੇ ਸਮੈ ਲਹਿੰਗਾ ਪਹਿਨਾਏ; ਅਰੁ ਸੁਪੇਦ ਚਾਦਰ ਦੇਇ। ਤਿਸ ਪਰ ਕਫਨ ਪਹਿਨਾਏ। ਉਸ ਪਰ ਕੇਸਰ ਛਿੜਕ ਲਏ। ਅਰੁ ਕਿਛੁ ਜਥਾ ਸਕਤਿ ਉਸ ਸਮੈ ਲਗਾਇਤਾਂ ਨੂ ਕੱਪੜਿਆਂ ਕਰਿ, ਨਕਦ ਕਰਿ, ਦੇਇ। ਅਉਰ ਸਭ ਬਿਧਿ ਉਪਰਿ ਜੋ ਕਹੀ ਹੈ, ਸੋ ਕਰੈ; ਬਡੇ ਕੇ ਚਲਾਨੇ ਕੀ ਬਿਧਿ॥ ੬॥ ੬

## ਸਪਤਮ ਬਚਨ

ਜਬ ਲਗ ਇਹ ਪ੍ਰਾਨੀ ਜਾਨੈ ਕਿ ਮੁਝ ਕਉ ਕਿਛੁ ਹੀਲਾ ਹੋਇਆ ਹੈ; ਤਾਂ ਜਥਾ ਸਕਤਿ ਕਿਛ ਪ੍ਰਸਾਦੁ ਕਰਾਇਕੈ ਅਥਵਾ ਮਿਠਾਈ, ਅਥਵਾ ਕਿਛੁ ਘ੍ਰਿਤ ਪਕਾ ਅਨਪਕਾ ਕਿਛੁ ਹੋਵੈ : ਸੋ ਪ੍ਰਸਾਦੁ ਸਿੱਖ-ਖ਼ਾਲਸੇ ਸ੍ਰੀ ਅਕਾਲ ਪੁਰਖ ਕੇ ਨੋ ਖਿਲਾਵੈ। ੧॥

ਜੋ ਗੁਰੂ ਸਕਤਿ ਹਮੇਸਾ ਦੀ ਦੇਇ, ਤਾਂ ਜਬ ਲਗ ਹੀਲਾ ਹੋਵੈ, ਤਬ ਲਗ ਖਿਲਾਵੈ! ਬਹੁਤ ਭਲਾ ਹੈ। ੨॥

ਅਰੁ ਜਿਸ ਦਿਨ ਇਹ ਪ੍ਰਾਨੀ ਚਲੈ, ਜੋ ਉਸ ਦਿਨ ਥਿਤਿ ਅਰੁ ਓਹ ਮਹੀਨਾ ਯਾਦ ਰੱਖੈ। ਜਬ ਬਰਖ ਪਿਛੈ ਓਹ ਥਿਤਿ, ਓਹ ਮਹੀਨਾ ਆਵੈ, ਤਾਂ ਇਹ ਬਿਧਿ ਕਰੈ :—ਉਸ ਦਿਨ ਅੱਛਾ ਪ੍ਰਸਾਦੁ—ਜੋ ਕਿਛੁ ਗੁਰੂ ਦਿੱਤਾ ਹੋਵੈ; ਸਿੱਖਾਂ ਨੂੰ ਖਿਲਾਵੈ। ਅਤੇ ਅਰਗਜਾ ਖੁਸ਼ਬੋਈ ਲਾਵੈ; ਨਾਲੇ

1. ਦੁਸ਼ਾਲਾ ਪਸ਼ਮੀਨੇ ਦਾ ਵਧੀਆ।
2. ਇਕ ਤਰ੍ਹਾਂ ਦਾ ਧਾਰੀਦਾਰ ਰੇਸ਼ਮੀ ਕੱਪੜਾ!
3. ਇਕ ਤਰ੍ਹਾਂ ਦਾ ਰੇਸ਼ਮੀ ਬਸਤ੍ਰ।

www.Mahapurakh.com

ਆਪ ਨੂ ਨਹਲਾਇਕੇ ਲਾਵੈ, ਨਾਲੇ ਉਨ੍ਹਾਂ ਸਿਖਾਂ ਨੂ ਲਾਵੈ। ਅਰੁ ਕੀਰਤਨ ਕਰਾਏ; ਅੱਠ ਪਹਰ। ਅਰੁ ਅੱਰਦਾਸਿ ਕਰਾਏ। ਜਬ ਜਾਨੈ ਜੋ ਖ਼ਾਲਸਾ ਸਹਜ ਮੈ ਖੁਸ਼ੀ ਕੇ ਘਾਟ ਹੈ, ਤਾਂ ਕਹੇ; ਜੋ—

"ਜੀ ਮਿਹਰਵਾਨ!—ਭਾਈ ਅਮਕਾ, ਯਾ ਬੇਬੇ ਮਾਈ ਅਮਕੀ, ਯਾ ਦਾਸੀ ਤੁਮਾਰੀ ਹੋਵੇ—ਉਸਕਾ ਵਾਸਾ ਸਚਖੰਡ ਜਹਾਂ ਸੰਗਤਿ ਖ਼ਾਲਸੇ ਸ੍ਰੀ ਅਕਾਲ ਪੁਰਖ ਕੀ ਹੈ, ਊਹਾ ਹੋਵੈ! ਸੁਖੀ ਰਹੈ। ੩॥

ਜੋ ਕੋਈ ਕਿਸੀ ਕਾ ਪੁੱਤ੍ਰ ਯਾ ਪੋਤ੍ਰਾ ਹੋਵੈ, ਅਕੈ ਭਰਤਾ ਹੋਵੈਂ। ਅਕੈ ਭਾਈ ਯਾ ਜਵਾਈ ਹੋਵੈ, ਅਕੈ ਇਸਤ੍ਰੀ, ਯਾ ਪੁੱਤ੍ਰੀ ਹੋਵੈ; ਸੋ ਇਹ ਬਿਧਿ ਕਰੈ। ਜੋ ਕਰੇ ਸੋ ਭੀ ਸੁਖਾਲਾ ਰਹੈ। ਅਰੁ ਜਿਸ ਕੇ ਨਿਮਿੱਤ ਕਰੇ, ਉਹ ਪ੍ਰਾਨੀ ਭੀ ਸੁਖਾਲਾ ਹੋਵੈ। ੪॥

ਅਰੁ ਇਹ ਜੋ ਕਹਤੇ ਹੈਂ; ਜੋ ਉਸ ਪ੍ਰਾਨੀ ਨੂ ਕਿਛ ਅੰਨ ਕਰਿ, ਪਾਨੀ ਕਰਿ, ਬਾਸਨਾ ਪਹੁੰਚਤੀ ਹੈ। ਸੋ ਸਭ ਡਿੰਭ ਹੈ, ਝੂਠ ਹੈ। ਏਕ ਬਾਤ ਸੱਚੀ ਹੈ; ਜੋ ਕੋਈ ਖੁਧਿਆਰਥੀ ਕੋ ਅੱਛਾ ਪ੍ਰਸਾਦੁ, ਨਿਮਿਤ ਉਸ ਪ੍ਰਾਨੀ ਕੇ ਦੇਇ। ਜਿਸ ਦਿਨ ਚਲਿਆ ਹੋਵੈ, ਬਰਸਵੈ ਦਿਨ ਖਿਲਾਵੈ; ਅਰੁ ਭਾਵ ਕਹਿ ਜੋਦੜੀ ਕਰੈ; ਅਰੁ ਕੀਰਤਨ ਕਰਾਵੈ। ਤਾਂ ਉਸ ਪ੍ਰਾਨੀ ਨੂ ਬਹੁਤ ਸੁਖ ਹੋਵੇ। ਸੰਗਤਿ ਖ਼ਾਲਸੇ ਕੀ ਮੈ—ਜੋ ਉਸ ਕਾ ਸਾਥ ਹੈ,—ਬਾਸਾ ਹੋਵੈ। ਅਉਰ ਗੱਲਾਂ ਸਭ ਝੂਠ ਹੈਂ। ੫॥

ਖਾਹਿਗੇ ਯਹੀਂ, ਅਰੁ ਪਹੁਚੇਗਾ ਉਸਕੋ! ਹਾਂ, ਜੋ ਕਿਛੁ ਪਰਮੈਸੁਰ ਕੇ ਦੀਏ ਮੈ ਸੋਂ ਕਿਸੀ ਅਰਥੀ ਕੋ ਦੇ ਖਾਏ, ਦੇ ਪਹਿਨੇਗਾ। ਸੋ ਅੰਤਕਾਲ ਇਸਕੇ ਕੰਮ ਆਵੈਗਾ। ਜੋ ਅਪਨੇ ਹੱਥ ਤੇ ਕਰੈਗਾ—ਭਾਉ ਕਰਿ। ਹੋਰ ਸਭ ਝੂਠ ਹੈ॥ ੬॥

ਜੋ ਪ੍ਰਾਨੀ ਚਲੈ, ਉਸ ਦਿਨ ਤੇ ਸੱਤਾਂ ਦਿਨ ਤੱਕ ਇਹ ਬਿਧਿ ਕਰੈ : ਜੋ ਲੜਕਾ ਅਥਵਾ ਲੜਕੀ ਹੋਵੇ; ਜਿਸਕਾ ਸੰਜੋਗ ਨ ਹੋਇਆ ਹੋਵੇ, ਅਤੇ ਬਾਲ ਅਵਸਥਾ ਹੋਵੇ, ਤਿਸ ਕੋ ਯੋਂ ਕਰੈ :—ਪ੍ਰਾਤਹਕਾਲ ਉਠੇ; ਉਠਕੈ ਕੀਰਤਨ ਕਰੈ; ਡੇਢ ਪਹਰ ਦਿਨ ਚੜ੍ਹੇ ਤੱਕ। ਫੇਰ ਮਧਿਅਨ ਨੂ ਜਬ ਦੁਇ ਪਹਰ ਦਿਨ ਚੜ੍ਹੇ ਤਾਂ ਪ੍ਰਸਾਦੁ ਕਰੈ। ਜਥਾ ਸਕਤਿ ਦੁਇ ਸਿਖ, ਚਾਰ ਸਿਖ, ਪੰਜ ਸਿਖ ਹੋਵਨ, ਪ੍ਰਸਾਦੁ ਖਿਲਾਵੈ। ਅਰੁ ਅੱਰਦਾਸਿ ਕਰੈ; ਜੋ—

"ਜੀ! ਉਸ ਪ੍ਰਾਨੀ ਦਾ ਵਾਸਾ ਖ਼ਾਲਸਾ ਮੈਂ ਹੋਵੈ।" ੭॥

ਇਉਂ ਹੀ ਇਸਤ੍ਰੀ ਕਾ, ਪ੍ਰਾਤਹਕਾਲ ਕੀਰਤਨ ਕਰਨਾ! ਤਬ ਫੇਰ ਚਾਰ ਘੜੀਆਂ ਦਿਨ ਰਹੈ, 'ਸੋ ਦਰੁ' ਪੜ੍ਹ ਕੈ ਅੱਰਦਾਸਿ ਉਸ ਪ੍ਰਾਨੀ ਦੇ ਬਾਬ ਕਰੈ॥ ੮॥

ਅਬ ਜੇ ਪ੍ਰਾਨੀ ਜੁਆਨ ਹੋਇ, ਤਿਸਕੀ ਬਿਧਿ :—

ਦੁਇ ਘੜੀਆਂ ਰਾਤਿ ਰਹਦੀ ਉਠਕੈ, ਕੀਰਤਨ ਵਡਹੰਸ ਕੀ 'ਵਾਰ' ਮੈ ਡੇਢ ਪਹਰ ਦਿਨ ਚੜ੍ਹੇ ਤਕ ਕਰਨ। ਫੇਰ ਦੁਇ ਪਹਰ ਦਿਨ ਚੜ੍ਹੇ ਪ੍ਰਸਾਦੁ—ਜਿਉਂ ਉੱਪਰ ਕਹਿਆ ਹੈ—ਤਿਉਂ ਖਿਲਾਵੈ। ਅੱਰਦਾਸਿ ਕਰੈ॥ ੯॥

ਫੇਰ ਚਾਰ ਘੜੀਆ ਦਿਨ ਰਹਤੇ 'ਰਾਗ ਵਡਹੰਸ' ਗ੍ਰੰਥ ਸੋਂ ਪੜ੍ਹੈ। ਅਥਵਾ ਜੋ ਬਾਨੀ ਚਲਾਣੇ ਕੇ ਸਮੇ ਕੀ ਹੈ, ਸੋ ਪੜ੍ਹੇ। ਅਰੁ ਜਥਾ ਸਕਤਿ ਪ੍ਰਸਾਦੁ ਵੰਡੇ। ਅੱਰਦਾਸਿ ਕਰੇ। ੧੦॥

ਜੇ ਪ੍ਰਾਨੀ ਬੁੱਢਾ ਚਲੈ, ਤਿਸ ਕੀ ਵਿਧਿ :—ਚਾਰ ਘੜੀਆਂ ਰਾਤ ਰਹਦੀ ਨੂ ਉਠ ਕੈ ਕੀਰਤਨ ਕਰਨਾ, ਦੁਇ ਪਹਰ ਤਕ। ਨਾਲੇ ਜੋਰਾਂ[1] ਕਰਨ। ਫੇਰ ਮਧਿਆਨ ਨੂ ਪ੍ਰਸਾਦੁ ਖਿਲਾਵੈ, ਅੱਰਦਾਸਿ ਕਰੈ। ਜਬ ਚਾਰ ਘੜੀਆਂ ਦਿਨ ਰਹੈ; ਤਾਂ 'ਸੁਖਮਨੀ' ਅਥਵਾ 'ਬਾਵਨ ਅੱਖ੍ਰੀ', ਅਥਵਾ 'ਸ੍ਰੀ ਰਾਗ ਕੀ ਵਾਰ,' ਅਥਵਾ 'ਵਡਹੰਸ ਕੀ ਵਾਰ,' ਅਥਵਾ 'ਮਾਝ ਕੀ ਵਾਰ' ਪੜ੍ਹੇ। ਅੱਰਦਾਸਿ ਕਰੈ।

1. ਇਸ ਦਾ ਮਤਲਬ—ਸ਼ਾਇਦ—ਪ੍ਰਾਹੁਣੀ ਹਿਤ੍ਹ ਲੋਕਾਂ ਦੇ ਆਇ ਬੈਠਣ ਤੋਂ ਹੈ।

www.Mahapurakh.com

ਜੋਰਾਂ ਵਿਚ ਭੀ ਸਬਦ ਸਾਖੀ ਪੜ੍ਹਨੀ। ਰਾਤਿ ਨੂੰ ਫੇਰ ਕੀਰਤਨ ਕਰਨਾ, ਅੱਰਦਾਸਿ ਕਰਨੀ, ਪ੍ਰਸਾਦੁ ਵੰਡਣਾ॥ ੧੧॥

ਜਬ ਸੱਤਵਾਂ ਦਿਨ ਹੋਵੈ, ਉਸੇ ਤਰਹ ਕੀਰਤਨ ਕਰਨਾ, ਕੜਾਹ ਕਰਨਾ, ਪ੍ਰਸਾਦੁ ਕਰਨਾ। ਸਿੱਖਾਂ ਖ਼ਾਲਸੇ ਦਿਆਂ ਨੂ ਬੁਲਾਵਨਿ, ਕੀਰਤਨ ਹੋਵੇ, ਪ੍ਰਸਾਦੁ ਖਿਲਾਵਨ, ਵੰਡਣ। ਪੰਜ ਪਉੜੀਆਂ ਅਨੰਦ ਦੀਆਂ ਪੜ੍ਹਕੇ ਉਠਾਲਾ ਕਰਨ। ਏਹ ਰਹਤ ਬੁੱਢੇ ਕੀ ਹੈ। ਅਰੁ ਜੁਆਨ ਨੂ ਭੀ ਪੰਜ ਪਉੜੀਆਂ ਪੜ੍ਹਕੇ ਉਠਾਲਾ ਕਰਨਾ॥ ੧੨॥

ਰੋਵਨਾ ਨਾਹੀ, ਮੰਜਿਆਂ ਉਪਰਿ ਸੋਵਨਾ, ਸੋਗ ਨਾਹੀ ਕਰਨਾ। ਹੁਕਮ ਸਤਿ ਕਰ ਮੰਨਣਾ, ਰਾਜੀ ਰਹਣਾ। ਅਰੁ ਏਕ 'ਮਸੰਦ', 'ਮਸੰਦੀਏ' ਦੇ ਮਰਨੇ ਨਾਹੀ ਜਾਣਾ, ਸਾਂਝਾ ਨਹੀਂ ਕਰਨਾ। 'ਮਸੰਦੀਆ' ਕਉਨ ਹੈ? ਜੋ ਮਸੰਦ ਨੂ ਮੰਨਦਾ ਹੈ। ਅਰੁ ਜੋ ਕੋਈ ਸਿਖ ਗੁਰੂ ਕਾ ਹੋਇਕੈ ਭੱਦਨ ਕਰਾਏ, ਮਾਤਾ-ਪਿਤਾ ਦੇ ਮਰਨੇ ਪਿਛੈ। ਜਿਸ "ਵਾਹਗੁਰੂ" ਆਖਿਆ ਹੋਵੈ, ਉਸ ਦੇ ਮਰਨੇ ਨਾ ਜਾਇ।[1] ਅਉਰ ਕਿਸੇ ਨਾਲਿ, ਮਰਨੇ ਪਰਨੇ ਦਿੱਕਤ ਨਾ ਕਰੈ। ਭਾਵੇਂ ਹਿੰਦੂ ਹੋਵੇ; ਭਾਵੈਂ ਮੁਸਲਮਾਨ;—ਭਾਵੈਂ ਕੋਈ ਹੋਵੈ। ਇਨ ਤਿੰਨਾ ਤੇ ਸਿਵਾਇ ਸਭ ਕੇ ਜਾਣਾ। ਹੁੱਜਤ ਨਾਹੀ ਕਰਨੀ। ਕਿਸ ਵਾਸਤੇ? ਜੋ ਏਹੁ ਅਪਨੇ ਗੁਰੂ ਨਾਲਿ ਸਨਮੁਖ ਹੈਨਿ। ਤਾਤਪ੍ਰਜ ਇਸਕਾ ਇਹੀ ਹੈ, ਜੋ ਕੋਈ ਅਪਨੇ ਗੁਰੂ ਤੇ ਬੇਮੁਖ ਹੋਇਆ ਹੋਵੈ; ਅਤੇ ਆਗਿਆ ਨ ਮੰਨੀ ਹੋਵੈ, ਉਸਦੇ ਮੁਹ ਲੱਗਨਾ ਨਾਹੀ। ਗੁਰੂ ਕੀ ਆਗਿਆ ਕਰਿਕੈ, ਅਤੇ ਬੇਦ ਸਾਸਤ੍ਰ ਭੀ ਸਾਖੀ ਦੇਂਦੇ ਹੈਂਨਿ। ਇਸ ਤੇ ਜਿਨ੍ਹਾਂ ਦਾ ਮੁਹ ਦੇਖਣਾ ਮੱਨਾ ਹੈ; ਤਿੰਨਾ ਨਾਲਿ ਬਿਉਹਾਰ ਸੰਸਾਰ ਕਾ ਕਿਉਂ ਕਰਿ ਕਰੀਐ! ਮਰਨੇ ਪਰਨੇ ਕਿਉਂਕਰਿ ਜਾਈਐ! ਅਉਰ ਭਰਮ ਕਿਸੇ ਬਾਤ ਕਾ ਨਾਹੀ ਕਰਨਾ॥ ੧੩॥

ਅੱਛਾ ਪ੍ਰਸਾਦੁ ਕਰਨਾ, ਖਾਣਾ ਖਿਲਾਵਣਾ। ਸੋਗ ਕਿਸੇ ਬਾਤ ਕਾ ਨਾਹੀ ਕਰਨਾ। ਪਰੁ ਏਕ ਇਸਤ੍ਰੀ ਜੋ ਹੋਵੇ ਬਿਧਵਾ, ਉਸ ਕੋ ਨੱਥ ਪਹਰਨੀ ਮਨੇ ਹੈ। ਤੇ ਅਲੂਣਾ ਖਾਣਾ ਏਕ ਵਖਤ, ਘੜੀ ਰਾਤਿ ਗੁਦਰੀ। ਜੋ ਅਲੂਣਾ ਨ ਖਾਇ ਸਕੈ, ਥੋੜ੍ਹਾ ਲੂਣ ਪਾਇ ਖਾਏ। ਓਗਰਾ[2] ਕਰਿ ਖਾਏ। ਅਰੁ ਗੁਰੂ ਸ੍ਰੀ ਅਕਾਲ ਪੁਰਖੁ 'ਵਾਹਗੁਰੂ' ਜਪਦੀ ਰਹੈ। ਅਰੁ ਧਿਆਨ ਦਰਸਨ ਅਪਨੇ ਭਰਤੇ ਕੇ ਮੈਂ ਰੱਖੈ; ਅਉਰ ਸੋਗ ਨਾ ਕਰੈ॥ ੧੪॥ ੧੭॥

## ਅਸਟਮ ਬਚਨ

ਅਬ ਜੋ ਕੋਈ ਪ੍ਰਾਨੀ ਸ੍ਰੀ ਅਕਾਲ ਪੁਰਖੁ ਕੇ ਖ਼ਾਲਸੈ ਕਾ ਚਲੈ—ਦੇਹ ਛੋਡੈ; ਤਿਸਕੀ ਜੁਗਤਿ—ਜਹਾਂ ਸਸਕਾਰ ਹੋਵੇ ਸੋ ਸਭ ਬਸਤ੍ਰ ਸਾਥ ਤਖ਼ਤੇ ਅਰਥੀ ਸੁਧਾ ਜਲਾਵੈ। ੧॥

ਅਰੁ ਸਸਕਾਰ ਜੋ ਕਰੈ, ਜਬ ਜਿਸ ਸਮੈ ਦੇਹ ਛੋਡੈ—ਭਾਵੈਂ ਦਿਨ ਹੋਵੈ, ਭਾਵੈਂ ਰਾਤਿ ਹੋਵੈ,—ਜਬ ਛੁਟੈ ਪ੍ਰਾਨ ਦੇਹ ਤੇ, ਤਬ ਹੀ ਕਰੈ। ਦਿਨ ਰਾਤਿ ਕਾ ਭਰਮ ਨ ਕਰੈ। ਉਸੇ ਸਮੈ ਸਸਕਾਰ ਕਰੈ॥ ੨॥

ਫੇਰ ਅਗਲੇ ਦਿਨ ਸਸਕਾਰ ਤੇ, ਗਿਆਰਾਂ (੧੧) ਪਹਰਾਂ ਤੇ ਉਪ੍ਰਾਂਤ, ਸਸਕਾਰ ਸਥਾਨ ਤੇ ਜਾਇਕੈ, ਜਾਮੇ ਦੀ ਮਿੱਟੀ ਇਕੱਠੀ ਕਰੈ। ਪਾਹੁਲ ਮਿੱਠੀ ਖੰਡੇ ਕੀ ਛਿੜਕੈ ਹਡਾਂ ਸਮੇਤ॥ ੩॥

---

1. ਭਾਵ—ਉਸ ਗੁਰਸਿਖ ਦੇ ਮਰਨੇ-ਪਰਨੇ ਨਹੀਂ ਜਾਣਾ; ਜਿਸ ਨੇ ਮਾਤਾ-ਪਿਤਾ ਦੇ ਮਰਨ ਪੁਰ 'ਭੱਦਣ' (ਹਜਾਮਤ) ਕਰਾਇਆ ਹੋਵੇ—ਯਾਨੀ 'ਭੱਦਣੀ' ਸਿੱਖ ਨਾਲ ਨਹੀਂ ਵਰਤਣਾ।

2. ਸਾਬਤ ਅੰਨ ਉਬਾਲ ਕੇ ਬਣਿਆ ਭੋਜਨ।

www.Mahapurakh.com

ਅਗੈ ਜੋ ਜਾਣੇ ਦਰਯਾਉ ਉਸ ਸਹਰ ਕੇ ਹੇਠ,—ਅਕੈ ਦੁਹੁ ਤ੍ਰਿਹੁ ਕੋਹਾਂ ਉਪਰ—ਹੈ, ਅਕੋਂ ਦੂਰ ਹੈ; ਤਾਂ ਭੀ ਉਸ ਮਿਟੀ (ਰਾਖ) ਪ੍ਰਾਨੀ ਦੀ ਨੁ ਇੱਕਸ ਮੱਟ ਮੈ ਮੂੰਦ ਕੈ; ਕਿਸੇ ਆਦਮੀ ਦੇ ਸਿਰਿ ਦੇ ਕਰਿ: ਦਰਿਆਉ ਵਿਚਿ ਪਾਇ ਦੇਇ॥ ੪॥

ਫੇਰ ਕਿਨਾਰੇ ਉਪਰ ਆਇ ਕੈ ਨ੍ਹਾਂਵੈ। ਪੰਜ ਪਉੜੀਆਂ ਅਨੰਦ ਦੀਆਂ ਪੜ੍ਹਕੈ ਘਰਿ ਆਵੈ; ਪ੍ਰਸਾਦੁ ਵੰਡੇ॥ ੫॥

ਜੋ ਕਦਾਂਚ ਦਰੀਆਉ ਕੀ ਜੁਗਤਿ ਬਨ ਨਾਹੀ ਆਵੇ। ਤਾਂ ਉਸੇ ਜਾਗਹ ਇਕ ਟੋਆ—ਜਿਥੇ ਸਸਕਾਰ ਹੋਇਆ ਹੋਵੈ, ਉਥੈ—ਕਰੈ। ਦੁਇ ਗਜ ਡੂੰਘਾ ਤਿੰਨ ਪਾਉ ਗਜ[1] ਗਿਰਦ[2] ਹੋਵੈਂ। ਫੇਰ ਮਿੱਟੀ ਉਸ ਟੋਏ ਵਿਚ ਪਾਏ, ਉਸ ਪ੍ਰਾਨੀ ਦੀ ਪਾਇਕੈ ਹੋਰ ਮਿੱਟੀ ਨਾਲਿ ਜ਼ਮੀਨ ਬਰਾਬਰ ਕਰ ਛੋਡੈ। ਅਰੁ ਕਦਾਂਚ ਜੇ ਕੋਈ ਉਥੈ ਟੋਆ ਦੇਣੇ ਨ ਦੇਇ; ਤਾਂ ਜਿੱਥੇ ਜਾਣੈ, ਤਿਥੈ ਦੇਇ ਲਏ; ਉਥੇ ਹੀ ਗਡਿ ਛੋਡੈ। ਜਬ ਲਗ ਦਰੀਆਉ ਦੀ ਜੁਗਤਿ ਬਨੇ, ਤਾਂ ਟੋਏ ਦੀ ਜੁਗਤਿ ਨ ਕਰੇ॥ ੬॥ ੮॥

ਇਤਿ ਸ੍ਰੀ ਪ੍ਰੇਮ ਸੁਮਾਰਗ ਗ੍ਰੰਥੇ, ਧਿਆਇ ਸਪਤਮ,
ਕਾਇਆ-ਹੰਸ ਵਿਜੋਗ ਨਾਮੰ ਸਮਾਪਤ ਸੰਪੂਰਣੰ॥ ੭॥
ਸ੍ਰੀ ਅਕਾਲ ਜੀ ਕੀ ਰਛਿਆ;
ਸ੍ਰੀ ਸਰਬ ਲੋਹ ਜੀ ਕੀ ਰਛਿਆ;
ਮੁਝ ਕਉ!!

————

1. ਪੌਣਾ ਗਜ, ਬਾਰਾਂ ਗਿਰਹ, ਸਤਾਈ ਇੰਚ।
2. ਘੇਰਾ, ਚੌੜਾਈ।

www.Mahapurakh.com

ੴ ਗੁਰ ਪ੍ਰਸਾਦਿ! ਸ੍ਰੀ ਅਕਾਲ ਪੁਰਖੁ ਜੀ ਸਹਾਇ!!

# ਧਿਆਇ ਅੱਠਵਾਂ

# ਰਾਜ ਲਛਣ ਮਾਰਗ ਕਾ

## ਪ੍ਰਥਮ ਬਚਨ

ਜਿਸ ਕਿਸੀ ਕੋ ਰਾਜ ਪ੍ਰਿਥਮੀ ਕਾ ਪ੍ਰਾਪਤਿ ਹੋਇ। ਤਿਸ ਕਉ ਇਹ ਰਹਤ ਨਿਆਇ ਕੀ, ਅਰੁ ਚਲਨ ਕੀ ਚਾਹੀਐ। :—

ਪ੍ਰਥਮੈ ਕਿਆ ਕਿਆ ਕਰੈ? ਪਹਿਲੈ ਤੋ ਉਹ, ਹੁਕਮ ਅਪਨੇ ਕੀ, ਐਸੀ ਰਖਿਆ ਕਰੈ; ਜੋ ਕੋਈ ਫੇਰੇ, ਉਸ ਕੋ ਸੂਲੀ ਦੇਇ; ਉਸਕਾ ਘਰ ਬਾਰ ਲੂਟ ਲੇਵੈ। ਤਾਂ ਜੋ ਫੇਰ ਕੋਈ ਐਸੀ ਬੇ-ਹੁਕਮੀ ਨ ਕਰੈ। ਭਾਵੇਂ ਪੁੱਤ੍ਰ ਹੋਵੈ, ਭਾਵੇਂ ਪਿਤਾ ਹੋਵੈ, ਭਾਵੇਂ ਇਸਤ੍ਰੀ ਹੋਵੈ, ਭਾਵੇਂ ਮਾਤਾ ਹੋਵੈ, ਭਾਵੇਂ ਵਜ਼ੀਰ ਹੋਵੈ, ਕੋਈ ਹੋਵੈ, ਜੋ ਕੋਈ ਹੁਕਮ ਫੇਰੇ ਇਨਹੁ ਸਿਉਂ, ਉਸ ਕਉ ਜੀਉ ਸਿਉਂ ਮਾਰੇ। ਅਪਨੇ ਬਿਰਾਨੇ ਕੀ ਰਿਆਇਤ ਨ ਕਰੈ। ਤਬ ਇਸਕਾ ਰਾਜ ਨਿਹਚਲ ਹੋਵੈ॥ ੧॥

## ਦੁਤੀਆ ਬਚਨ

ਅਬ ਇਸ ਰਾਜੇ ਕੋ ਚਾਹੀਐ ਜੋ ਕੋਈ ਇਸਕਾ ਚਾਕਰ ਹੋਵੈ; ਕਿਆ ਉਮਰਾਉ, ਕਿਆ ਕੋਈ—ਅਪੁਨੇ ਮ੍ਰਾਤਬੈ ਸਿਰ ਰਹੈ; ਅਦਬ ਨਾਲਿ। ਹੁਕਮ ਜਹਾਂ ਭੇਜੇ, ਤਹਾਂ ਆਗੇ ਤੇ ਉਹ ਸਾਤ ਕੋਸ ਪਰ ਆਇ ਲਏ; ਸਲਾਮ ਕਰਕੈ ਅਦਬ ਸਾਥ॥ ੧॥

ਵਜ਼ੀਰ ਅਪਨਾ ਕਰੈ, ਸੋ ਕੈਸਾ ਕਰੈ? ਬੁੱਧਿ ਕਾ ਬੁਹਿਥਾ; ਜੋ ਰਾਜੇ ਕੋ ਬਹੁਤਾ ਪ੍ਰਿਥਮੀ ਕਾ ਬੋਝ ਨ ਹੋਇ। ਵਹੁ ਵਜ਼ੀਰ ਯੌਂ ਜਾਨੈ; ਜੋ ਮੇਰਾ ਹੀ ਰਾਜੁ ਹੈ। ਅਰੁ ਰਾਜਾ ਭੀ ਉਸ ਵਜ਼ੀਰ ਕੋ ਯੋਂ ਜਾਨੈ ਜੋ ਮੇਰੀ ਜਾਗਹ ਹੈ। ਜੋ ਪੁੱਤ੍ਰ, ਅਥਵਾ ਭਾਈ, ਅਥਵਾ ਪਿਤਾ, ਅਥਵਾ ਮਾਤਾ, ਅਥਵਾ ਇਸਤ੍ਰੀ, ਅਥਵਾ ਹੋਰ ਕੋਈ ਚਾਕਰ ਹੋਵੈ; ਸੋ ਭੀ ਉਸ ਕੀ ਬਰਾਬਰੀ ਨ ਕਰੈ। ਉਸ ਕੇ ਕੰਮ ਮੈ ਦਖਲ ਨਾ ਕਰੈ। ਰਾਜੇ ਕਉ ਚਾਹੀਐ : ਜੋ ਕਿਛੁ ਮਸਲਤ ਹੋਵੈਂ, ਸੋ ਵਜੀਰ ਸਿਉਂ ਪੁੱਛ ਕਰਿ ਕੰਮ ਕਰੈ॥ ੨

ਅਰੁ ਏਕ ਅਉਰ ਲੱਛਨ ਰਾਜ ਕਾ ਬਡਾ ਹੈ : ਜੋ ਕੋਈ ਅਪਨੇ ਚਾਕਰੋਂ ਸਿਉਂ ਅੱਛੀ ਰਹਤ ਰਹੈ; ਅਛੀ ਪੋਸ਼ਾਕ ਪਹਰੈ; ਅਛਾ ਤੁਜ਼ਕ ਕਰੈ; ਤਾਂ ਅਪਨੇ ਮਨ ਬਿਖੈ ਭਲਾ ਮੰਨੈ, ਰਾਜੀ ਰਹੈ, ਬੁਰਾ ਮਨ ਬਿਖੈ ਨ ਲਿਆਵੈ॥ ੩॥

ਅਰੁ ਜੋ ਕੋਈ ਮਲੀਨ ਰਹੈ; ਉਸ ਕਉ ਤਾਕੀਦ ਕਰੈ। ਖਬਰ ਲਏ, ਜੋ ਕਿਉਂਕਰ ਪਰੇਸਾਨ ਹੂਆ ਹੈ! ਜਿਸ ਮੈ ਜਾਨੇ ਕਿ ਤਾਜਾ ਹੋਤਾ ਹੈ, ਸੋ ਮਿਹਰਿ ਕਰਕੈ ਬਖਸੈ। ਜੋ ਕਦਾਂਚ ਉਸ ਕੀ ਰਹਤ ਮਲੀਨਤਾਈ ਕੀ ਹੋਇ। ਤਾਂ ਉਸ ਕੋ ਅਪਨੀ ਚਾਕਰੀ ਤੇ ਦੂਰ ਕਰੈ। ਕਿਸ ਵਾਸਤੇ? ਜੋ ਦਲਿਦ੍ਰ ਕਾ ਰੂਪ ਹੈ॥ ੪॥ ੨

## ਤ੍ਰਿਤੀਆ ਬਚਨ

ਅਬ ਰਾਜੇ ਕਉ ਚਾਹੀਐ : ਜੋ ਨਿਆਉਂ ਧਰਮ ਕਾ ਕਰੇ। ਜੋ ਜਾਨੈ ਕਿ ਮੁਝ ਕੋ ਰਾਜ, ਬਖਸ਼ ਹੂਆ ਹੈ, ਸੋ ਨਿਆਉਂ ਕੇ ਵਾਸਤੇ॥ ੧॥



www.Mahapurakh.com

ਅਰੁ ਰਾਜੇ ਕਉ ਅਉਰ ਪੁਰਸਿਸ਼[1]; ਦਰਗਾਹਿ ਸਚੇ ਪਾਤਿਸਾਹ ਕੀ, ਸਿਵਾਇ ਨਿਆਉਂ ਕੇ, ਕੋਈ ਨਾਹੀ। ਰਾਜੇ ਕੋ—ਜਿਸ ਕੋ ਜਾਮਨੀ ਭਾਖਿਆ ਮੈਂ 'ਪਾਤਿਸ਼ਾਹ' ਕਹਤੇ ਹੈ;—ਉਸ ਕੋ ਬੰਦਗੀ ਨ ਪੁਛੀਐਗੀ ; ਜੋ ਤੁਧ ਕਿਆ ਕੀਆ ਹੈ? ਯਹੀ ਪੁੱਛੀਐਗਾ : ਜੋ ਕਿਸ ਨੇ ਤੇਰੇ ਰਾਜ ਮੈ ਆਰਾਮ ਪਾਇਆ ਹੈ, ਅਰੁ ਕਿਸ ਨੇ ਦੁੱਖ ਪਾਇਆ ਹੈ?॥ ੨॥

ਇਸ ਰਾਜੇ ਕੋ ਚਾਹੀਐ : ਜੋ ਨਿਆਉਂ, ਸਮਝ ਕਰਿ, ਭੈ ਸਾਥ ਕਰੇ। ਕੋਈ ਇਸ ਕੈ ਰਾਜ ਮੈ ਦੁਖਿਤ ਨ ਹੋਇ। ਜੇ ਕੋਈ ਜ਼ੋਰਾਵਰ ਹੋਵੈ; ਅਰੁ ਗ਼ਰੀਬ ਉਪਰਿ ਸਿਤਮ ਕਰੈ। ਤਾਂ ਉਸ ਜ਼ੋਰਾਵਰ ਨੂੰ ਬੰਨ੍ਹ ਕੇ ਹਵਾਲੇ ਉਸ ਗ਼ਰੀਬ ਦੇ ਕਰੇ। ਜੋ ਕਿਛੁ ਉਸ ਜ਼ੋਰਾਵਰ ਉਸ ਗ਼ਰੀਬ ਨੂੰ ਦੁਖ ਦਿੱਤਾ ਹੋਵੈ। ਸੋ ਉਸ ਤੇ ਬਦਲਾ ਉਸ ਜ਼ੋਰਾਵਰਿ ਉਪਰਿ ਕਰਵਾਈਐ॥ ੩॥

ਭਾਵੈਂ ਪੁੱਤ੍ਰ ਹੋਵੈ, ਭਾਵੈਂ ਪਿਤਾ ਹੋਵੈ; ਭਾਵੈਂ ਭਾਈ ਹੋਵੈ, ਭਾਵੈਂ ਮਾਤਾ ਹੋਵੈ ; ਭਾਵੈਂ ਇਸਤ੍ਰੀ ਹੋਵੈ, ਭਾਵੇਂ ਵਜੀਰ ਹੋਵੈ ; ਕੋਈ ਉਸਦਾ ਚਾਕਰ ਹੋਵੈ ; ਰਿਆਇਤ ਨ ਕਰੈ। ਬਦਲੇ ਦਾ ਬਦਲਾ ਦਿਵਾਵੈ। ਨਿਆਉਂ ਦਾ ਇਤਬਾਰ ਕਿਸੇ ਉਪਰਿ ਨ ਕਰੈ। ਕਿਸ ਵਾਸਤੇ? ਜੇ ਅੰਤਕਾਲ ਰਾਜੇ ਨੂੰ ਪੁੱਛਣਾ ਨਿਆਉਂ ਦਾ ਹੀ ਹੋਵੈਗਾ॥ ੪॥

ਜੋ ਰਾਜਾ ਹੋਇ ਕੈ ਬੰਦਗੀ ਸਿਮਰਨ, ਅਰੁ ਨਿਆਉਂ ਕਰੈ; ਤਾਂ ਸੁਇਨਾ ਸੁਗੰਧਤ ਹੈ। ਮਹਾਂਬਲੀ ਤਪਸਿਆਵੰਤ ਹੋਵੈ, ਫੇਰ ਰਾਜ ਅਗਲੇ ਜਨਮ ਪ੍ਰਾਪਤਿ ਹੋਵੈ॥ ੫॥

ਰਾਜ ਤੇ ਨਰਕ ਕਹਂਦੇ ਹੈਂ, ਸੋ ਕਿਸ ਵਾਸਤੇ? ਜੋ ਨਿਆਂ ਕਰ ਸਕਦੇ ਨਾਹੀ ; ਜ਼ੁਲਮ ਕਰਦੇ ਹੈਂ। ਇਸ ਤੇ ਨਰਕ ਕੋ ਪ੍ਰਾਪਤਿ ਹੋਤੇ ਹੈਂ॥ ੬॥

ਰਾਜੇ ਕੋ ਚਾਹੀਐ : ਜੋ ਅਪਨੇ ਉਪਰ ਭੀ ਨਿਆਉਂ ਕਰੈ ; ਹਰਿ ਬਾਤ ਕਾ॥ ੭॥

ਜੋ ਕੋਈ ਪ੍ਰਾਨੀ, ਜੈਸੀ ਕਿਸੇ ਨੂੰ ਸਕਤਿ ਦਿੱਤੀ ਹੈ; ਉਹ ਭੀ ਨਿਆਉਂ ਅਪਨੇ ਉਪਰ ਕਰਦਾ ਰਹੈ॥ ੮॥

ਨਿਆਉਂ ਬਰਾਬਰ ਬੰਦਗੀ ਭੀ ਨਾਹੀ। ਨਿਆਉਂ ਕਿਸ ਨੂੰ ਕਹਂਦੇ ਹੈਨਿ? ਜੋ ਪਰਾਏ ਹੱਕ ਦਾ ਅੰਗੀਕਾਰ ਨ ਕਰੈ। ਨ ਕਿਸੇ ਸਿਉਂ ਕਰਾਵੈ। ਕਿਸੀ ਨੂੰ ਅਪਨੇ ਬਸ ਚਲਤੇ, ਦੁੱਖ ਨ ਦੇਇ ; ਨ ਦੇਖ ਸਕੈ। ਨਿਆਉਂ ਇਸੀ ਕਾ ਨਾਉਂ ਹੈ॥ ੯॥ ੩॥

## ਚਤੁਰਥ ਬਚਨ

ਅਬ ਜੋ ਕਿਛੁ ਰਾਜ—ਅੰਸ ਲੇਨਾ ਕਹਿਆ ਹੈ, ਪ੍ਰਜਾ ਤੇ; ਤਿਸਕੀ ਬਿਧਿ :—ਪ੍ਰਥਮੈ ਤਉ ਖੇਤੀ ਕੇ ਅੰਸ ਕੀ ਬਿਧਿ :—ਜਿਸ ਖੇਤ ਬਿਖੈ ਬੀਘੈ ਪਿਛੈ ਸਾਤ ਮਣ ਅਨਾਜ ਪੈਦਾ ਹੋਇ। ਏਕ ਮਣ ਉਸ ਮੈਂ ਸਿਉਂ ਜੁਦਾ ਕਰਿ ਰੱਖੈ। ਬੀਸ ਸੇਰ ਜਿਮੀਦਾਰ ਕਾ ਅੰਸ ਉਸ ਮੈ ਸਿਉਂ ਦੇਇ॥ ੧॥

ਅਉਰ ਕੋਈ ਲਗਾਇਤ ਹੋਵੈ : ਅਥਵਾ ਨਵੀਸਿੰਦਾ, ਕਾਨੂੰਗੋਇ ਹੋਵੈ ; ਅਰੁ ਪਟਵਾਰੀ ਕਾ ਕਿਉਂਕਰ ਦੇਇ? ਪੰਦ੍ਰਾਂ ਸੇਰ ਜਿਮੀਦਾਰ ਨੂੰ, ਅਰੁ ਪੰਜ ਸੇਰ ਪਟਵਾਰੀ ਨੂੰ॥ ੨॥

ਬਾਕੀ ਜੋ ਕੋਈ ਫਿਰ ਮੰਗਤਾ ਆਵੈ ; ਸੋ ਉਸ ਬਾਕੀ ਬੀਸ ਸੇਰ ਮੈਂ ਸਿਉਂ ਦੇਇ॥ ੩॥

ਛਿਆਂ ਮਣਾਂ ਦਾ ਏਹ ਹਿਸਾਬ ਕਰੈ :—ਅੱਧਾ ਰਾਜ-ਅੰਸ ਲਏ। ਅੱਧਾ ਕ੍ਰਿਸਾਨ ਖੇਤ ਦੇ ਖਾਂਵਦ ਨੂੰ ਦੇਇ। ਅਰੁ ਜੋ ਕਿਛੁ ਭੁਸ ਪ੍ਰਾਲੀ ਪੈਦਾ ਹੋਵੈ, ਸੋ ਭੀ ਕ੍ਰਿਸਾਨ ਹੀ ਕੋ ਦੇਇ; ਰਾਜ-ਅੰਸ ਮੈ ਨ ਲੇਇ। ਜਿਸ ਬਿਖੈ ਪ੍ਰਜਾ ਦੁਖਿਤ ਨ ਹੋਇ, ਸੋ ਕਰੈ। ਇਸੀ ਤਰਹ ਤਰਕਾਰੀ ਕਾ ਭੀ ਅੰਸ ਕਰੈ॥ ੪॥

---

1. ਪੁੱਛ, ਜਵਾਬ-ਤਲਬੀ।

www.Mahapurakh.com

## ਪੰਚਮ ਬਚਨ

ਅਬ ਜੋ ਹਾਕਿਮ ਕਰੈ, ਪਰਗਨਿਓਂ ਸਿਉਂ; ਸੋ ਕਿਉਂਕਰ ਕਰੇ? ਪਰਗਨੇ ਪੀਛੈ ਏਕ ਫਉਜਦਾਰ ਅਰੁ ਅਮੀਨ, ਸ਼ਿਕਦਾਰ,—ਜਿਸ ਕੋ 'ਤਹਿਸੀਲਦਾਰ' ਕਹਤੇ ਹੈਂ—ਪੋਤਦਾਰ ਕਰੈ। ਯਹ ਏਕ ਹੀ ਆਦਮੀ ਕੋ ਇਹ ਸਭ ਖਿਜ਼ਮਤ ਦੇਇ। ਪਰ ਕੈਸੇ ਆਦਮੀ ਕੋ? ਜੋ ਬੁੱਧਿਵਾਨ ਹੋਵੈ; ਨਿਆਉਂ ਸਮਝਤਾ ਹੋਵੈ; ਰੱਯਤ ਕੋ ਅਬਾਦਾਨ ਕਰੈ; ਸਿਤਮਗਰ ਨ ਹੋਇ; ਅੰਸ ਤੇ ਸਿਵਾਇ ਲਾਲਚ ਨ ਕਰੈ; ਪ੍ਰਜਾ ਕੋ ਰਾਜੀ ਰੱਖੈ, ਰਾਜ ਅੰਸ ਭੀ ਨ ਛੋਡੇ॥ ੧॥

ਅਰੁ ਏਕ ਕਾਗਦ ਕੁੱਲ ਲਿਖਣੇ ਦੇ ਵਾਸਤੇ ਸਾਰੇ ਪਰਗਨੇ ਦਾ ਹੋਵੈ ; ਉਸ ਦਾ ਨਾਉਂ 'ਦੀਵਾਨ' ਰੱਖੈ। ਏਕ ਇਹ ਖਿਦਮਤ ਮੁਕੱਰਰ ਕਰ ਕੈ ਦੇਇ; ਜੋ ਸਾਰਾ ਹਿਸਾਬ ਪਰਗਨੇ ਦਾ ਮਲੂਮ ਹੋਵੈ॥ ੨॥

ਅਰੁ ਏਕ 'ਖ਼ਬਰ ਨਵੀਸ' ਸਹਿਰ ਪਰਗਨੇ ਕਾ ਮੁਕੱਰਰ ਕਰੈ। ਜੋ ਸਭ ਖ਼ਬਰ ਨੇਕੀ ਬਦੀ ਕੀ ਆਇ; ਰੁਜੂ ਹੋਵੈ; ਸੋ ਸਭ ਹਜ਼ੂਰ ਕੋ ਲਿਖੈ॥ ੩॥

ਅਰੁ ਤਾਕੀਦ ਕਰੈ : ਜੋ ਇਸ ਖਿਦਮਤ ਵਾਲਿਓਂ ਸੈ ਕੋਈ, ਕਿਸੇ ਗੱਲ ਦੀ ਪਹਿਨਾਮੀ, ਤਫਾਵਤ ਕਰੈਗਾ; ਉਸ ਕੇ ਹੱਥ ਕਟੀਐਂਗੇ॥ ੪

ਅਰੁ ਏਕ 'ਨਿਆਉਂਕਾਰ' ਕਰੈ। ਹਰਿ ਪਰਗਨੇ ਸਹਰ ਮੈ, ਜੋ ਕਿਛੁ ਮਾਮਲਾ ਆਇ ਰੁਜੂ ਹੋਵੈ। ਸੋ ਉਸ ਮਾਫ਼ਕ ਨਿਆਉਂ ਹਿਸਾਬ ਦਾ ਕਰਕੈ, ਫ਼ੈਸਲਾ ਕਰ ਦੇਵੈ ; 'ਫਉਜਦਾਰ' ਕੀ ਸਲਾਹ ਸਿਉਂ। ਜੋ ਕਦਾਂਚ ਲਾਲਚ ਕਰਿ, ਕਿਸੇ ਦਾ ਹੱਕ ਗਵਾਏ, ਅਨਿਆਉਂ ਕਰੈ, ਤਾਂ ਉਸ ਨਿਆਉਂਕਾਰ ਅਰੁ ਫਉਜਦਾਰ ਕੇ ਗਰਦਨ ਮਾਰੇ। ਫੇਰਿ ਕੋਈ ਅਪਨੇ ਲਾਲਚ ਕਰਿ ਅਨਿਆਉਂ ਨ ਕਰੇ॥ ੫॥

## ਖਸਟਮ ਬਚਨ

ਅਬ ਜੋ ਪਰਗਨੇ ਕਾ ਠਹਿਰਾਉ[1] ਹੋਵੈ, ਸੋ ਕਿਉਂਕਰ ਹੋਵੈ? ਪੰਝੀ ਪੰਝੀ ਕੋਸ ਕੇ ਗਿਰਦੇ ਮੈ ਜੋ ਗਿਰਾਉਂ ਵਸਦੇ ਹੋਹਿੰ। ਅਰੁ ਵਿਚ ਉਨ੍ਹਾਂ ਗਿਰਾਵਾਂ ਦੇ ਦਰਮਿਆਨ ਵੱਡਾ ਅੱਛਾ ਸ਼ਹਿਰ-ਕਸਬਾ ਹੋਵੈ। ਉਹ ਸਭੇ ਗਿਰਾਉਂ ਉਸ ਕਸਬੇ ਨਾਲ ਲਾਇ, ਜਮੱਾ ਬੰਨ੍ਹੇ॥ ੧॥

ਪਰ ਜੋ ਦਰਿਆਉ ਦੇ ਪਾਰ ਹਨ, ਸੋ ਉਰਾਰ ਵਲ ਦੇ ਪਰਗਨੇ ਨਾਲ ਲਾਏ ਨਾਹੀ; ਉਰਾਰ ਦੇ ਕਸਬੇ ਪਰਗਨੇ ਦੇ ਪਾਰ ਨਾਲ ਲਾਏ ਨਾਹੀ॥ ੨॥

ਜਮੱਾ ਜੋ ਬੰਨ੍ਹੇ, ਸੁ ਰੁਪਯਾਂ ਦੀ ਕਰਿ ਬੰਨ੍ਹੇ। ਕਿਉਂਕਰਿ ਬੰਨ੍ਹੇ? ਜੋ ਏ ਵਾਰੀ ਅੱਛੀ ਪਹੁੰਚ ਨਾਲ, ਅੱਕਲ ਨਾਲ, ਖੇਤ ਦਰੱਖ਼ਤ, ਹਾਸਿਲ—ਜਿਉਂ ਉਪਰਿ ਕਹਿਆ ਹੈ—ਤਿਉਂ ਲਏ। ਲੈਕੇ ਉਸਦੇ ਰੁਪਯੇ ਠਹਿਰਾਵੈ। ਜੋ ਕਿਛੁ ਰੁਪਯੇ ਹੋਣ, ਸੇ ਜਮੱਾ ਬੰਨ੍ਹੇ, ਗਿਰਾਉਂ ਪਿੱਛੇ। ਉਸੇ ਮਾਫਿਕ ਜਿਸਦੀ ਜਗੀਰ ਵਿਚ ਦੇਣਾ ਹੋਵੈ, ਸੋ ਦੇਵੈ॥ ੩॥

ਉਸ ਪਰਗਨੇ ਦੀ ਜਮੱਾ ਬੰਨ੍ਹ ਕੈ, ਫੇਰ ਦਸ ਵਰ੍ਹਿਆਂ ਉਪਰੰਤ ਫਿਰ ਪਰਤਾਲ ਕਰਕੈ, ਅੱਛੀ ਤਰਹਿ ਦੇਖੈ। ਜੋ ਕਿਛੁ ਕਾਗਦਿ ਮਾਫਿਕ ਫੇਰੁ[2] ਆਵੈ—ਇਜ਼ਾਫਾ[3] ਅਕੈ ਕਮੀ ਹੋਵੈ—ਤੋ ਫੇਰ

1. ਹੱਦਬੰਦੀ, ਇਲਾਕੇ ਵੰਡ ਦਾ ਬੰਧਾਨ।
2. ਫ਼ਰਕ।
3. ਇਜ਼ਾਫ਼ਾ, ਵਾਧਾ।

www.Mahapurakh.com

ਜਮੱਾ ਬੰਨ੍ਹੇ। ਕਿਸ ਵਾਸਤੇ ? ਜੋ ਰੱਯਤ ਨੂੰ ਤੋਟਾ ਨਾ ਹੋਇ। ਅਤੇ ਰਾਜ-ਅੰਸ ਮੈ ਕਰਾਰ ਸਿਉਂ ਬੇਕਰਾਰ ਅੰਸ ਨ ਆਵੈ, ਅਨਿਆਉਂ ਨ ਹੋਇ। ਜਿਸ ਕਉ ਜਗੀਰ ਦੀਜੀਐ, ਉਸ ਕੀ ਭੀ ਕਮੀ 'ਜਾਫਾ ਕੀ ਹਕੀਕਤ ਮਲੂਮ ਹੋਇ॥ ੪॥ ੬

## ਸਪਤਮ ਬਚਨ

ਅਬਿ ਦਿਸਾ-ਬੰਧੇਜ ਕੀ ਬਿਧਿ : ਪ੍ਰਥਮੈ ਤਉ ਇੱਕੀਆਂ-ਇੱਕੀਆਂ ਪਰਗਨਿਆਂ ਦੀ ਇਕ ਤਰਫ਼ ਬੰਨ੍ਹੇ। ਫੇਰ ਜੋ ਕੁਛ ਉਨ੍ਹਾਂ ਪਰਗਨਿਆਂ ਦੀ ਜਮੱਾ ਹੋਵੈ ; ਉਸ ਤੇ ਤਫ਼ਾਉਤ[1] ਨਾਲ ਕੁੱਲ ਜਮੱਾ ਬੰਨ੍ਹੇ॥ ੧॥

ਉਸ ਤਰਫ ਦਾ ਨਾਉਂ ਇਕ ਸਹਰ ਕਰਕੈ ਰੱਖੇ॥ ੨॥

ਯਾਰਹ ਤਰਫਾਂ ਦੀ ਇਕ ਦਿਸਾ ਕਰੈ॥ ੩॥

ਹਰਿ ਤਰਫ ਕੋ ਏਕ ਫ਼ਉਜਦਾਰ ਉਮਦਾ ਰੱਖੈ॥ ੪॥

ਏਕ 'ਨਿਆਉਂਕਾਰ' ਰਖੈ॥ ੫॥

ਏਕ 'ਖ਼ਬਰ ਨਵੀਸਿੰਦਾ' ਰਖੈ॥ ੬॥

ਏਕ 'ਹਿਸਾਬਕਾਰ' ਰਖੈ॥ ੭॥

ਜੋ ਦਿਸਾ ਹੋਵੈ, ਊਹਾਂ ਏਕ 'ਦਿਸਾਵੰਤ' ਅੱਛਾ ਉਮਰਾਉ ਰੱਖੈ ; ਅਪਨੀ ਜਾਗਹਿ॥ ੮॥

ਏਕ 'ਦੀਵਾਨ' ਰੱਖੈ; ਜੋ ਕਿਛੁ ਕਾਗਦ ਪਰਗਨਿਓਂ ਕਾ, ਤਰਫ਼ਉਂ ਕਾ ਹੋਵੈ ; ਸੋ 'ਹਿਸਾਬਕਾਰ' ਆਪਨਿਓਂ ਸਿਉਂ ਤਲਬ ਕਰੇ। ਜਮਾ ਕਮੀ 'ਜਾਫੇ ਦੀ ਦੇਖਦਾ ਰਹੈ। ਜੋ ਖਰਚ ਜਮੱਾ ਹੋਵੈ, ਸੋ 'ਦਿਸਾਵੰਤ' ਦੀ ਸਲਾਹ ਨਾਲ, ਮੁਹਰ ਨਾਲ ਕਾਗਦ ਕਰੈ॥ ੯॥

ਅਰੁ ਏਕ 'ਖ਼ਬਰ ਲਿਖਤਾ' ਕਰੈ, ਜੋ ਕਿਛੁ ਖ਼ਬਰ ਨੇਕ ਬਦ ਦੀ ਦਿਸਾ ਬਿਖੇ ਹੋਵੈ। ਜੋ ਕਿਛੁ ਸਿਪਾਹ 'ਦਿਸਾਵੰਤ' ਰੱਖੈ; ਅਉਰ ਜੋ ਕੋਈ ਰਾਜ-ਚਾਕਰ ਹੋਵੈ, ਸੋ ਭੀ ਰੱਖੈ। ਅਰੁ ਉਸ ਕੀ ਮੁਹਰ ਨਾਲ ਰੱਖਣਾ ਸਿਪਾਹ ਦਾ ਮਨਜ਼ੂਰ ਹੈ। ਕਿਸ ਵਾਸਤੇ ? ਜੋ 'ਖ਼ਬਰ ਲਿਖਤਾ', ਫ਼ਉਜਦਾਰ ਕਾ ਹੈ॥ ੧॥

ਅਰੁ ਏਕ 'ਨਿਆਉਂਕਾਰ' ਰੱਖੈ, ਦਿਸਾ ਮੈ। ਜੋ ਕਿਛੁ ਨਿਆਉਂ ਹੋਵੈ, ਸੋ 'ਦਿਸਾਵੰਤ', 'ਖ਼ਬਰ ਲਿਖਤਾ' ਕੀ ਸਲਾਹ ਮੈ ਹੋਵੈ। ਜੋ ਕਦਾਚ ਕੋਈ ਹਜ਼ੂਰ ਮਹਾਰਾਜਾ ਕੇ ਫ਼ਰਯਾਦ ਕਰੈ। ਅਰੁ ਕਹੈ, ਜੋ

"ਮੇਰਾ ਨਿਆਉਂ ਫੁਲਾਣੀ ਦਿਸਾ, ਫੁਲਾਣੀ ਤਰਫ਼, ਫੁਲਾਣੇ ਪਰਗਣੇ
ਮੈ ਕਿਨੀ ਨਾਹੀ ਕੀਆ; ਮੁਝ ਪਰ ਸਿਤਮ ਹੂਆ ਹੈ!"

ਤਉ ਉਸ ਮਹਾਰਾਜ—ਪਾਤਿਸਹਾ ਕੋ ਚਾਹੀਐ ਤਹਕੀਕ ਕਰੈ। ਜੋ ਜਾਨੈ ਕਿ ਹੱਕ ਇਸ ਕੋ ਪਹੁਚਤਾ ਹੈ; ਅਰੁ ਸੱਚਾ ਹੈ। ਤਉ ਪਹਲੇ ਤੋ ਜਿਸ 'ਫ਼ਉਜਦਾਰ', 'ਨਿਆਉਂਕਾਰ' ਪਾਸ ਗਯਾ ਹੋਇ। ਅਤੇ ਉਸ ਦਾਦ ਨਾ ਦਈ ਹੋਵੈ, ਤਾਂ ਉਸ ਕੋ ਖਿਜਮਤ ਤੇ ਦੂਰ ਕਰੇ; ਚਾਕਰੀ ਤੇ ਦੂਰ ਕਰੈ। ਫੇਰ ਜਿਸ ਤਰਫ ਕੇ 'ਫਉਜਦਾਰ', ਨਿਆਉਂਕਾਰ ਪਾਸ ਗਇਆ ਹੋਇ; ਊਹਾਂ ਭੀ ਦਾਦ ਨ ਪਾਈ ਹੋਇ। ਉਨ੍ਹਾਂ ਸਭਨਾਂ ਨੋ ਖਿਜਮਤ ਤੇ, ਚਾਕਰੀ ਤੇ ਦੂਰ ਕਰੈ; ਸਜਾਇ ਦੇਇ। ਰਿਆਇਤ ਨ ਕਰੈ; ਅਪਨੇ ਬਿਰਾਨੇ ਕੀ। ਅੰਤਕਾਲ ਕੇ ਜਬਾਬ ਪਰ ਨਦਰਿ ਰੱਖੈ। ਜੋ ਜਬਾਬ ਸ੍ਰੀ ਗੁਰੂ

1. ਫ਼ਰਕ, ਵਾਧਾ-ਘਾਟਾ।

www.Mahapurakh.com

ਅਕਾਲ ਪੁਰਖੁ ਪਰਮਰੂਪ ਕੋ ਦੇਣਾ ਹੈ॥ ੧੨॥

ਅਰੁ ਏਕ 'ਨਗਰਦਾਰ' ਕਰੈ। ਜੋ ਸਾਰੇ ਸਹਰ ਕੀ ਖ਼ਬਰਦਾਰੀ ਦਿਨ ਰਾਤਿ ਕੀ ਲੇਵੈ। ਜਿਸ ਕੋ 'ਕੋਤਵਾਲ' ਕਹਤੇ ਹੈਂ॥ ੧੩॥ ੭॥

## ਅਸਟਮ ਬਚਨ

ਅਬ ਜੋ ਮਹਾਰਾਜ ਕੋ ਸਿਪਾਹ ਰੱਖਣੀ ਆਈ ਹੈ। ਅਰੁ 'ਸਮੀਪਵੰਤ'[1] ਰਖਣੇ ਆਏ ਹੈਂ। ਅਰੁ ਘਰ ਕੇ ਮੁਸੱਦੀ ਰੱਖਣੇ ਆਏ ਹੈਂ। ਤਿਸਕੀ ਬਿਧਿ; ਬੰਦੁਬਸਤ ਮੁਲਕ ਕਾ :—

ਪ੍ਰਥਮੈ 'ਦੀਵਾਨ' ਕਰੈ ਘਰ ਕਾ। ਜੋ ਕਿਛੁ ਘਰ ਕਾ ਸਾਮਾਨ ਹੋਵੈ, ਸੋ ਉਸ ਕੇ ਹੱਥ ਤੇ ਅਰੁ ਵਕੂਫ[2] ਤੇ ਹੋਵੈ। ਅਰੁ ਵਹਿ ਖਰਾ ਅਕਲਵੰਤ ਹੋਵੈ। ਅਰੁ ਜੋ ਕਿਛੁ ਘਰ ਕੇ ਸਰੰਜਾਮ ਕੀਆਂ ਖਿਦਮਤੀ ਹੋਵਨਿ, ਕਾਰਖ਼ਾਨਿਆਂ ਕੀਆਂ; ਸੋ ਉਸਦੀ ਤਜਵੀਜ਼ ਨਾਲਿ ਹੋਵਨਿ॥ ੧॥

ਫੇਰ ਦੂਸਰੇ ਸਿਪਹ-ਸਾਲਾਰ ਕਰੈ; ਜਿਨਕੋ 'ਬਖਸ਼ੀ' ਕਹਤੇ ਹੈਂ। ਜੋ ਸਿਪਾਹ ਕੇ ਮੁਸੱਦੀ ਹੋਵਿਹਂ। ਕਿਆ ਪਿਆਦੇ, ਕਿਆ ਤੋਪਖਾਨੇ, ਤਥਾ 'ਢਲੈਤ'[3], ਹੋਰ ਜੋ ਪਿਆਦਿਆਂ ਕਾ ਮਸਾਲਾ ਹੋਵੈ; ਸੁ ਉਸ ਸਿਪਹਦਾਰ-ਸਿਪਹ ਸਾਲਾਰ ਦੀ ਤਜਵੀਜ਼ ਨਾਲਿ ਹੋਵੈ॥ ੨॥

ਤੀਸਰੇ ਏਕ 'ਬਿਸਕਰਮਵੰਤਾ'[4] ਕਰੈ। 'ਬਿਸਕਰਮਵੰਤਾ' ਕਿਸ ਕੋ ਕਹਤੇ ਹੈਂ ਘਰ ਅਰੁ ਬਾਗ਼ ਅਰੁ ਬਿਛਾਵਨੇ; ਬੈਠਕਾਂ ਉਸਕੀ ਤਜਵੀਜ਼ ਨਾਲ ਹੋਵਹਿਂ, ਅਉਰ ਜੋ ਕਿਛੁ ਘਰ ਕਾ ਲਾਜ਼ਮਾ ਹੋਵੈ, ਸੋ ਸਭ ਉਸ ਕੈ ਅਖਤੀਆਰ ਮੈ ਹੋਵੈ॥ ੩॥

ਚਉਥੇ 'ਵਜ਼ੀਰ' ਅਪਣਾ ਕੈਸਾ ਕਰੈ? ਅਰ ਕੈਸਾ ਅਖਤੀਆਰ ਉਸ ਵਜ਼ੀਰ ਕੋ ਦੇਇ? ਜੋ ਏਕ ਸਮੈ ਰਾਜਾ-ਮਹਾਰਾਜਾ ਕੋ ਦੇਹ ਕਾ ਦੁੱਖ-ਸੁਖ ਹੋਵੇ। ਬੰਦੁਬਸਤ ਮੁਲਕ ਕਾ ਐਸਾ ਕਰੈ ਜੋ ਜੁੰਮਸ਼[5] ਨ ਖਾਏ॥ ੪॥

ਅਰੁ 'ਸਮੀਪੀ' ਅਪਨੇ ਐਸੇ ਰੱਖੈ; ਜੋ ਹਰਦਮ ਸ੍ਰੀ ਅਕਾਲ ਪੁਰਖੁ ਕਾ ਧਿਆਨ ਸਿਮਰਣ ਯਾਦ ਕਰਾਵਤੇ ਰਹੈਂ। ਅਰੁ ਨਿਆਉਂ ਕੀ ਤਾਕੀਦ ਕਰਤੇ ਰਹੈ; ਜੋ

"ਮਹਾਰਾਜ ਜੀ! ਅਉਸਰ ਬਤੀਤ ਹੋਤਾ ਜਾਤਾ ਹੈ! ਫੇਰ ਅਉਸਰ ਬੀਤੇ ਏਹ ਸਮਾ ਹਥਿ ਨ ਆਵੈਗਾ! ਜੋ ਕਿਛੁ ਸੁਭ ਕ੍ਰਿਤ ਕਰਨਾ ਹੈ; ਕਿਆ ਨਾਮ, ਕਿਆ ਦਾਨ, ਕਿਆ ਇਸਨਾਨ; ਕਿਆ ਨਿਆਉਂ, ਜੋ ਕਿਛੁ ਕਰਨਾ ਹੈ; ਸੋ ਕਰ ਲੇਹੁ। ਫੇਰ ਦੇਹ ਛੁਟੇ ਪਛੁਤਾਵਾ ਹੋਵੇਗਾ॥"

ਅਰੁ ਸਮੀਪੀ ਜੋ ਹੋਵਹਿਂ ਜੋ ਮਹਾਂ ਗਿਆਨਵੰਤ ਗੁਰਮੁਖ ਹੋਵਹਿਂ ਅਰੁ ਉਸਦੇ ਚਾਕਰੋਂ ਮੇ ਸੇ ਹੋਵਹਿਂ। ਬਹੁਤ ਖੁਸ਼ਾਮਦੀ ਨ ਹੋਵਹਿਂ॥ ੬॥

ਜੋ ਅਬ ਚਾਕਰ ਰੱਖੈ, ਤਿਨ ਕਾ ਮਨਸਬ ਜੋ ਕਰੈ; ਸੋ ਇਸ ਭਾਂਤਿ ਕਰੈ : ਜੋ ਪੰਜਾਹੀ ਮਨਸਬ ਜਿਸਕਾ ਹੋਵੈ; ਪੰਜਾਹ ਸਿਪਾਹੀ ਸਵਾਰ ਉਸ ਕੋ ਮਿਲਨ। ਸਵਾਰ ਪਿੱਛੇ ਤੀਹ ਰੁਪਯੇ ਮਹੀਨਾ ਕਰਕੈ, ਵਰ੍ਹੇ ਦਾ ਹਿਸਾਬ ਕਰੈ। ਅਰੁ ਮਨਸਬ ਪੰਜਾਹੀ ਦਾ ਪੰਜਾਹ ਰੁਪਯੇ ਮਹੀਨਾ ਹੈ। ਜੋ ਕਿਛੁ ਉਸਦਾ ਵਰ੍ਹੇ ਦਾ ਹਿਸਾਬ ਹੋਵੈ, ਸੋ ਕਰੈ ਫੇਰ ਸਵਾਰਾਂ ਦਾ ਅਰੁ ਉਸਦੇ

1. ਨਿਕਟਵਰਤੀ, ਕੁਸਾਹਿਬ।
2. ਸੁਰਤਿ, ਸੋਝੀ, Knowledge (ਨਉਲਿਜ)
3. ਤੋਪਾਂ ਬੰਦੂਕਾਂ ਆਦਿ ਹਥਿਆਰ ਬਣਾਉਣ ਵਾਲੇ ਕਾਰੀਗਰ।
4. ਐਗਜ਼ੇਕਟਿਵ ਇੰਜੀਨੀਅਰ।
5. (ਜੁੰਬਸ਼) ਹਿਲੋਰਾ, ਡੱਕੋ-ਡੋਲਾ।

ਡੀਲ[1] ਦਾ ਜੋ ਕਿਛੁ ਹਿਸਾਬ ਕੁੱਲ ਹੋਵੈ, ਸੋ ਸਭ ਜਮਾਁ ਕਰੈ। ਕਰਕੈ ਵਰ੍ਹੇ ਦੀ ਤਨਖਾਹ ਇਕ ਪਰਗਨੇ ਉੱਪਰ—ਜਿਹਦੀ ਜਮਾਁ ਉਤਲਿਆਂ ਰੁਪੱਯਾਂ ਦੀ ਹੋਵੈ—ਸੋ ਕਰ ਦੇਇ॥ ੭॥

ਅਰੁ ਫੇਰਿ ਉਸ ਮਨਸਬਦਾਰ ਨੂੰ ਤਾਕੀਦ ਕਰੈ; ਇਸ ਤਨਖਾਹ ਤੇ ਜ਼ਿਆਦਾ ਨ ਲਏ। ਰਯੀਅਤ ਅਬਾਦਾਨ ਕਰੈ; ਰਾਜੀ ਰੱਖੈ। ਅਰੁ ਕਦਾਂਚ ਸਬੱਬ ਪਾਇ ਕਮੀ ਆਵੈ, ਪੈਦਾ ਨ ਹੋਵੈ। ਤਾਂ ਇਹ ਨ ਕਰੈ ਜੋ ਮੈਨੂੰ ਇਤਨਿਆਂ ਰੁਪਯਾਂ ਦੀ ਤਨਖਾਹ ਹੈ। ਅਰੁ ਇੱਥੇ ਕਮੀ ਹੈ, ਜਿਉਂ ਜਾਨੀਐ ਇਨ੍ਹਾਂ ਤੇ ਲਈਏ!' ਕਿਉਂ ਕਰਿ ਕਰੇ? ਅਗਲੇ ਵਰ੍ਹੇ ਕਸਰ ਕੱਢ ਲਏ। ਜੋ ਰਯੀਅਤ ਪਰੇਸ਼ਾਨ ਨ ਹੋਵੈ। ਅਪਨੇ ਪੈਸੋਂ ਸੇ ਦਸਤਕ[2] ਦੇ ਦੇਇ; ਅਰੁ ਅਵਾਦਾਨ ਕਰੈ। ਫੇਰ ਗੁਰੂ ਭਾਵੈ ਤਾ ਸੱਭਾ ਕਸਰ ਨਿਕਲੇ। ਅਰੁ ਏਕ ਐਸਾ ਅੱਮਲ ਕਰੈ, ਜੋ ਏਕ ਬਿੱਸਵਾ ਜ਼ਮੀਨ ਬੋਵਨੇ ਤੇ ਪਈ ਨ ਰਹੈ। ਕਮੀ ਦਸਤੂਰ ਕਰ ਬੁਆਵੈ। ਕਉਲ ਕਰਾਰ ਦਾ ਸੱਚਾ ਰਹੈ। ਨਿਆਉਂ ਉਪਰਿ ਨਦਰਿ ਰੱਖੈ॥ ੮॥

ਪੰਜਾਹੀ ਤੇ ਅਸੀਆ, ਹਜਾਰੀ ਤੇ ਲੈ ਕੇ; ਹਿਸਾਬ ਮਨਸਬ ਸਿਰ ਸਵਾਰਾਂ ਦੀ ਤਨਖਾਹ ਕਰੈ। ਹਜ਼ਾਰੀ ਹੋਵੈ, ਸੋ ਉਸ ਨੂੰ ਹਜ਼ਾਰ ਸਵਾਰ ਹੋਵੈ। ਜਿਤਨੇ ਸਵਾਰ ਉਤਨਾ ਹੀ ਡੀਲ ਦਾ ਮਹੀਨਾ ਸ਼ਰੇਆਮ ਇੱਕ ਰੁਪੱਯਾ ਮਹੀਨਾ ਮਨਸਬ ਪਿੱਛੇ ਡੀਲ ਦਾ ਠਹਿਰਾਵੈ॥ ੯॥

ਅਰੁ ਜੋ ਇਹ ਜ਼ਾਬਤਾ, 'ਬਲਵੰਤ-ਕਾਰੀਆ—ਜਿਸ ਨੂੰ ਜਾਮਨੀ ਭਾਖਿਆ ਵਿਚਿ 'ਉਮਰਾਉ' ਕਹਿੰਦੇ ਹੈਨ—ਅਰੁ ਨਾਲੇ ਉਨ੍ਹਾਂ ਦੇ ਪੁੱਤ੍ਰਾਂ ਪੋਤ੍ਰਿਆਂ ਦਾ ਹੈ ਕਿਆ ਕਮ ਮਨਸਬ ਵਾਲੇ, ਕਿਆ ਜ਼ਿਆਦਾ ਵਾਲੇ। ਅਰੁ ਨਾਲੇ ਜੋ ਕੋਈ ਨਵ ਵਲਵੰਤ ਕਾਰੀ ਪ੍ਰਗਸਿਆ ਜਾਗਿ, ਮਿਹਰ ਕਰਕੈ, ਕਿਆ ਬਡੇ ਮਨਸਬ ਵਾਲਾ, ਕਿਆ ਛੋਟੇ ਵਾਲਾ॥ ੧੦॥

ਅਰੁ ਕਾਮਵੰਤਿਆਂ ਅਰੁ ਮੁਹਰਖਿਆਂ ਦੇ ਮਨਸਬ ਕਦੀ ਕਮ ਨਾ ਕਰੈ। ਉਨ੍ਹਾਂ ਨੂੰ ਖਜ਼ਾਨੇ ਅਟੁਟ ਭੰਡਾਰ ਕੇ ਮੈ ਸਿਉਂ ਦੇਇ ਮਹੀਨਾ। ਅਰੁ ਜੋ ਮਨਸਬ ਕਰੈ, ਸੋਈ ਦੇਇ॥ ੧੧॥

ਕਾਮਵੰਤ ਅਰੁ ਮੁਹਰਖੇ ਕਿਸ ਨੂੰ ਕਹਿੰਦੇ ਹੈਨ? ਜਿਨ੍ਹਾਂ ਨੂੰ 'ਅਹਦੀਏ' ਗੁਰਜ ਬਰਦਾਰ ਕਹਿੰਦੇ ਹੈਨ।

ਅਰੁ ਯੌਂ ਹੀ ਖਿਜਮਤ ਗਾਰ ਨਾਲੇ ਹੋਰਨਾਂ ਦਾ ਭੀ ਕਰੈ। ਅਰੁ ਮਨਸਬ ਦੇ ਕਰਿ ਖੁਸ਼ ਕਰੈ॥ ੧੨॥ ੮॥

## ਨਾਵਾਂ ਬਚਨ

ਬਿੱਦਿਆ ਕਾ ਪਰਗਾਸ ਗੁਰਮੁਖੀ ਕਾ; ਅਰੁ ਅੰਕਪਲੀ[3] ਗੁਰਮੁਖੀ ਕਾ ਕਰੈ॥ ੧॥

ਰੋਜ਼ਨਾਮਾ[4], ਖਾਤਾ, ਸਭ ਕਾਗਜ਼, ਕਿਆ ਪਰਗਨਿਆਂ ਕੇ, ਕਿਆ ਹਜ਼ੂਰ ਕਾ, ਸਭ—ਗੁਰਮੁਖੀ ਬਿੱਦਿਆ ਕਾ ਕਰੇ॥ ੨॥

ਅਰੁ ਜੋ ਪਾਤੀ—ਜਿਸਨੂੰ 'ਕਿਤਾਬਤ', ਚਿੱਠੀ ਕਹਿੰਦੇ ਹੈਨ; ਸੋ ਜੋ ਲਿਖੇ ਭਾਵੈਂ, ਗੁਰਮੁਖੀ, ਲਿਖੈ॥ ੩॥

ਅਰੁ ਏਹ ਬਿੱਦਿਆ ਦੀ ਤਾਕੀਦ ਕਰੈ; ਜੋ ਖ਼ਾਲਸੇ ਸ੍ਰੀ ਅਕਾਲ ਪੁਰਖੁ ਕੇ ਸਿੱਖ ਲੜਕੇ

---

1. ਹੈਸੀਅਤ, ਸ਼ਖਸੀਅਤ।
2. ਹੱਥ ਉਧਾਰ। ਪੋਥੀ ੨੧ ਵਿਚ ਪਾਠ—'ਦਸਤਗਰਦਾਂ'—ਹੈ।
3. ਗੁਪਤ ਲਿਖਤ (Code-words), ਜੋ ਫ਼ਾਰਸੀ ਵਾਂਗੂੰ ਗੁਰਮੁਖੀ ਅੱਖਰਾਂ ਦੀ ਕੀਮਤ ਅੰਕ ਕੇ, ਅੰਕਾਂ (ਹਿੰਦਸਿਆਂ) ਵਿਚ ਹੀ ਲਿਖੀਦੀ ਹੈ। ਇਹ ਕਾਢ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ।
4. ਰੋਜ਼ਨਾਮਚਾ; ਸੂਹੜ, ਕੈਸ਼ ਬੁਕ (Cash Book)

www.Mahapurakh.com

ਲੜਕੀਆਂ ਪੜ੍ਹਨ॥ ੪॥

ਏਕ ਤਾਕੀਦ ਔਰ ਕਰੈ : ਜੋ ਰਹਿਤਾਂ ਉੱਪਰ ਕੇ ਅਧਿਆਉ ਬਿਖੇ ਸ੍ਰੀ ਪਰਮ ਮਾਰਗ ਗ੍ਰੰਥ ਬਿਖੈ ਲਿਖੀਆਂ ਹੈਨ, ਸੋ ਇਨ ਪ੍ਰਾਨੀਓਂ ਸਿਉਂ ਕਮਵਾਵੈ। ਇਹ ਡੰਡ ਰਾਜੇ ਸਿਰ ਹੈ। ਜੋ ਕੋਈ ਪ੍ਰਾਨੀ ਬਦ ਕਰਮ ਸੁਕਰਮ ਕਰਤਾ ਹੈ; ਅਰੁ ਸੁਖੀ ਦੁਖੀ ਰਹਿਤਾ ਹੈ; ਇਨ੍ਹਾਂ ਫਲੋਂ ਮੈ ਸੇ ਆਧੇ ਕਾ ਅਧਿਕਾਰੀ ਰਾਜਾ ਹੋਤਾ ਹੈ। ਅਰੁ ਅੱਧ ਕਾ ਅਧਿਕਾਰੀ ਉਹ ਪ੍ਰਾਨੀ ਹੋਤਾ ਹੈ। ਜੋ ਕੋਈ ਜਿਸ ਕੇ ਰਾਜ ਮੈ, ਹੁਕਮ ਮੈ ਸੁਖ ਪਾਵਤਾ ਹੈ। ਤਾਂ ਉਸ ਰਾਜੇ ਕੋ ਭੀ ਉਸ ਸੁਖ ਕਾ ਹਿੱਸਾ ਪਹੁੰਚਤਾ ਹੈ। ਅਰੁ ਜੋ ਕੋਈ ਦੁੱਖ ਪਾਵਤਾ ਹੈ ਦੁੱਖ ਕਾ ਭੀ ਹਿੱਸਾ ਪਹੁੰਚਤਾ ਹੈ। ਜੋ ਕੋਈ ਸੁਭ ਅਸੁਭ ਕਰਮ ਕਰਤਾ ਹੈ, ਉਸ ਹਿੱਸੇ ਕਾ ਭੀ ਅਧਿਕਾਰੀ ਹੈ। ਰਾਜੇ ਕਉ ਦਰਗਾਹ ਸ੍ਰੀ ਗੁਰੂ ਨਿਰੰਕਾਰ ਅਕਾਲ ਪੁਰਖੁ ਕੀ ਮੈਂ ਇਨ੍ਹਾਂ ਬਾਤਾਂ ਕੇ ਨਿਆਉਂ ਕੀ ਪੁਰਸਿਸ਼ ਹੋਤੀ ਹੈ। ਹੋਰਸ ਕਿਸੇ ਗੱਲ ਦੀ ਨਾਹੀ ਪੁੱਛ ਹੋਤੀ ਰਾਜੇ ਨੂੰ॥ ੫॥

ਰਾਜਾ ਕੋ ਚਾਹੀਐ; ਏਕ ਨਿਆਉਵੰਤ[1] ਕਰੈ; ਜੋ ਗੁਰਮੁਖ ਹੋਵੈ, ਭੈ ਵਿਚ ਰਹੈ, ਲਾਲਚੀ ਨ ਹੋਵੈ, ਪਰਾਏ ਦਰਬ ਕਾ ਅੰਗੀਕਾਰ ਨ ਕਰੈ, ਬਿਗਾਨੀ ਇਸਤ੍ਰੀ ਕਾ ਅੰਗੀਕਾਰ ਨ ਕਰੇ। ਦਿਆਨਤ ਬਾ-ਅਮਾਨਤ ਹੋਵੈ। ਅਰੁ ਏੱਤਬਾਰੀ ਹੋਵੈ॥ ੬॥

ਜੋ ਕਿਛੁ ਨਿਆਉਂ ਕਰੈ, ਸੋ ਸਮਝ ਕਰ ਕਰੈ। ਜਿਸ ਤਰ੍ਹਾਂ ਨਿਆਉਂ ਸ੍ਰੀ ਪਰਮ ਮਾਰਗ ਕੇ ਅਧਿਆਓ ਬਿਖੇ ਹੁਕਮ ਹੈ; ਉਸੀ ਮਾਫਕ ਚਲਨ ਕਰੇ, ਨਿਆਉਂ ਕਰੈ॥ ੭॥

ਫੇਰ ਰਾਜਾ, ਉਸ ਕੋ ਨਿਆਉਂ ਕੇ ਆਸਨ ਪਰ ਬੈਠਾਵੈ। ਅਰੁ ਮੁਹਰ ਨਿਆਉਂ ਕੀ ਸ੍ਰੀ ਗੁਰੂ ਅਕਾਲ ਪੁਰਖੁ ਕੇ ਨਾਮ ਕੀ, ਹਵਾਲੇ ਉਸ ਕੇ ਕਰੈ। ਉਸ ਮੁਹਰ ਮੈ, ਥੇਵੈ ਉਪਰਿ ਯਿਹ ਲਿਖਾ ਹੋਵੈ :—

"ਮੁਹਰ ਨਿਆਉਂ ਕੀ, ਸ੍ਰੀ ਗੁਰੂ ਅਕਾਲ ਪੁਰਖੁ ਕੇ ਹੁਕਮ ਸਿਉਂ!" ੮॥

ਜੋ ਕੋਈ ਫਰਯਾਦੀ ਆਵੈ, ਝਗੜੇ ਵਾਲਾ ਆਵੈ, ਜਿਸ ਉੱਪਰ; ਉਸਦੇ ਬੁਲਾਵਨੇ ਵਾਸਤੇ ਛਿਨ ਮਾਤ੍ਰ ਮੈ ਜੋ ਇਕ ਘੜੀ ਭੀ ਢਿੱਲ ਨ ਹੋਵੈ 'ਹਾਜਰ-ਕਰਨ' ਲਿਖੈ; ਉਸ ਉੱਪਰ ਮੁਹਰ ਕਰੈ। 'ਹਾਜ਼ਰ-ਕਰਨ' ਕਿਸ ਨੂੰ ਕਹਿੰਦੇ ਹੈਨਿ? ਜਿਸਨੂੰ ਇਲਾਮ[2] ਜਾਮਨੀ ਭਾਖਿਆ ਅੰਦਰ ਕਹਿੰਦੇ ਹੈਨ॥ ੯॥

ਜੋ ਕਿਸੇ ਉੱਪਰ ਭੇਜੇ—ਭਾਵੇਂ ਮਹਾਰਾਜਾ ਹੋਵੈ, ਮਹਾਰਾਜੇ ਕਾ ਪੁਤ੍ਰ ਪੋਤ੍ਰਾ ਹੋਵੈ, ਭਾਵੇਂ ਭਾਈ ਹੋਵੈ, ਮਾਤਾ-ਪਿਤਾ ਹੋਵੈ, ਭਾਵੇਂ ਕੋਈ ਹੋਵੈ, ਜ਼ੋਰਾਵਾਰ ਹੋਵੈ, ਭਾਵੇਂ ਵਜ਼ੀਰ ਹੋਵੈ, ਭਾਵੇਂ ਬਲਵੰਤਕਾਰੀ ਹੋਵੈ, ਜਿਸ ਉਪਰਿ ਜਾਵੈ, ਸੋ ਆਇ ਹਾਜ਼ਰ ਹੋਵੈ। ਜੋ ਕਦਾਂਚ ਕੋਈ ਸਖਤੀ ਕਰਕੈ, ਜ਼ੋਰਾਵਰੀ ਕਰਕੈ ਹਾਜ਼ਿਰ ਨ ਹੋਇ। ਤਾਂ ਰਾਜਾ ਉਸਕੋ ਬਾਂਧ ਕੈ, ਹਗਾਲੇ 'ਨਿਆਉਵੰਤ' ਕੇ ਕਰੈ। ਫੇਰ ਜੋ ਕਿਛੁ ਨਿਆਉਂ ਧਿਆਇ ਮੈ ਸੋ ਉਸ ਦੇ ਬਾਬ ਨਿਕਲੇ; ਸੋ ਸਜਾਇ ਦੇਵੈ। ਰਿਆਇਤ ਨ ਕਰੈ॥ ੧੦॥

ਜੋ ਕਦਾਂਚ ਕੋਈ ਸਬਬ ਪਾਇ, ਨਿਆਇਵੰਤ ਉਪਰਿ ਫ਼ਰਯਾਦ ਕਰੇ, ਤਾਂ ਆਪ ਮਹਾਰਾਜਾ ਅਕੈ ਵਜ਼ੀਰ ਅਕੈ ਦਿਸਾਵੰਤ ਉਸ ਕਾ ਨਿਆਉਂ ਕਰੈ॥ ੧੧॥

'ਨਿਆਉਵੰਤ' ਉਸੇ ਕਹੀਐ, ਜੋ ਹਾਜ਼ਰ ਮਹਾਰਾਜ ਕੇ ਹੋਵੈ, ਅਤੇ ਦੇਸ ਕਾ ਹੋਵੈ। ਅਰੁ ਪਰਗਨਿਆਂ ਸਹਿਰਾਂ ਕਾ ਜੋ ਹੋਵੈ, ਸੋ 'ਨਿਆਉਕਾਰ' ਕਹੀਐ॥ ੧੨॥ ੯॥

---

1. ਮੁਨਸਿਫ਼; ਨਿਆਂਕਾਰੀ।
2. ਸੱਦਾ ਪੱਤ੍ਰ, ਸੰਮਣ ਯਾ ਵਾਰੰਟ।

www.Mahapurakh.com

# ਦਸਮ ਬਚਨ

ਮਹਾਰਾਜੇ ਕਉ ਚਾਹੀਏ : ਜੋ ਹਰਿ ਮੁਲਕ ਕੀ ਬੋਲੀ ਕਾ ਆਦਮੀ ਬਿਦਯਾਵੰਤ ਅਕਲਵੰਤ, ਲਾਇਕ ਹਜ਼ੂਰ ਦੀ ਹੋਵੈ; ਸੋ ਅਪਨੇ ਪਾਸ ਰੱਖੈ॥ ੧॥

ਨਾਲੇ ਵਿਦਿਆਵੰਤ ਸਾਸਤ੍ਰੀਕ ਬੇਦ ਕੇ ਬੇਤੇ, ਜੋਤਕੀਏ ਰੱਖੈ॥ ੨॥

ਨਾਲੇ ਚਿਤ੍ਰਕਾਰ ਆਦਿ ਰਖੈ। ਕੈਸੇ ਰੱਖੈ? ਜੋ ਸੂਰਤਿ ਐਨ ਕੀ ਐਨ ਅਸਲ ਕੀ ਅਸਲ ਲਿਖੈਂ॥ ੩॥

ਕੀਰਤਨੀਏਂ ਰੱਖੈ; ਕੈਸੇ? ਜਿਨ ਕੇ ਰਾਗ ਤੇ ਦਰੀਆਉ ਚਲਤਾ, ਅਰੁ ਜਾਨਵਰ ਉਡਤੇ ਬੰਦ ਹੋਇ ਜਾਹਿਂ॥ ੪॥

ਅਰੁ ਪਾਤ੍ਰਾ ਰੱਖੈ, ਜੈਸੀ ਇੰਦ੍ਰ ਕੀਆਂ ਮੋਹਨੀਆ ਹੋਤੀ ਹੈਂ[1]॥ ੫॥

ਇਨੋ ਕੀਰਤਨੀਓਂ ਅਰੁ ਪਾਤ੍ਰੋਂ ਸਿਉਂ ਸ੍ਰੀ ਅਕਾਲ ਪੁਰਖੁ; ਕਾ ਜਸੁ ਸੁਨੇ॥ ੬॥

ਪਾਤ੍ਰਾ ਰੱਖਣੀ ਕਿਉਂ ਕਹੀ ਹੈ ਰਾਜੇ ਕਉ? ਜੋ ਕੋਈ ਜੋਗੀ, ਦਿਗੰਬਰ ਯਾ ਸੰਨਿਆਸੀ, ਬੈਰਾਗੀ, ਪੀਰ ਪੁਰਖੁ, ਉਦਾਸੀ। ਜੋ ਕੋਈ ਫਕੀਰੀ ਕਾ ਬਾਣਾ ਪਹਨੇ, ਉਨ ਪਾਤ੍ਰੋਂ ਸੈ ਮਾਇਆ ਕਰਿ, ਸੁਆਦ ਕਰਿ, ਖੁਸਬੋਈ ਕਰਿ, ਅੱਛਓਂ ਕਪੜਿਓਂ ਕਰਿ, ਛਲਾਵੈ। ਜੋ ਇਹ ਛਲਿਆ ਜਾਇ, ਤਬ ਉਸ ਕੋ ਕਹੈ :

"ਏ ਕ੍ਰਮ ਭ੍ਰਸ਼ਟ ਅਤੀਤ! ਗ੍ਰਿਸਤ ਕਾ ਤਿਆਗ ਕੀਆ ਥਾ; ਸੋ ਕਿਉਂ ਕੀਆ? ਇੰਦ੍ਰੀਓਂ ਕਾ ਪ੍ਰਕ੍ਰਿਤੋਂ ਕਾ ਮੋਹ ਨ ਛੁੱਟਾ। ਪੇਟ ਭਰਨੇ ਕੇ ਸਬਬ ਕੰਗਾਲਤਾਈ ਅਤੀਤੀ ਪਕੜੀ ਹੈ; ਤਉ ਗ੍ਰਿਹਸਤ ਕਰੀਐ; ਰੁਜ਼ਗਾਰਿ ਕਰਿ।"

ਅਰੁ ਜੋ ਛਲਿਆ ਨਾ ਜਾਇ; ਤਾ ਉਸ ਕੋ ਪਿਆਰ ਕਰਿ ਰੱਖੈ। ਜਹਾਂ ਉਸ ਗੁਰਮੁਖ ਕੀ ਇੱਛਿਆ ਹੋਵੈ, ਤਹਾਂ ਰਹੈ। ਅਰੁ ਤਾਕੀਦ ਕਰੇ : ਜੋ ਹਰਿ ਕਿਸੀ ਕਉ ਅਤੀਤ ਹੋਨੇ ਨਾ ਦੇਇ। ਜੋ ਕਿਸੀ ਗੁਰਮੁਖ ਕੇ ਪ੍ਰਸਾਦਿ ਪਾਇ ਬਿਰਕਤ ਹੋਇ, ਤਉ ਹੋਵੈ[2]। ਅਰੁ ਅਤੀਤ ਨਾਮੈ ਕਉ ਬਹੁਤ ਇਕੱਠਾ ਹੋਨੇ ਭੀ ਨਾ ਦੇਇ। ੭॥

ਅਰੁ ਮਰਦੋਂ ਸੂਰਮਿਓਂ ਕੋ ਬਹੁਤ ਚਾਹੈ ਪਯਾਰ ਕਰਿ ਰੱਖੈ॥ ੮॥

ਲੋਗੋਂ ਬਸਤੀ ਕੇ ਕਉ ਬਹੁਤ ਇਕੱਠਾ ਹੋਨੇ ਨ ਦੇਇ। ਕਹਾਂ ਕਹਾਂ ਇਕੱਠਾ ਹੋਨੇ ਦੇਇ? ਇਕ ਤਉ ਮਰਨੇ-ਪਰਨੇ, ਦੂਸਰੇ ਬਾਗ ਤਮਾਸੇ, ਕੀਰਤਨ ਭਜਨ ਵਿਚ॥ ੯॥

ਅਰੁ ਰਾਜੇ ਕਉ ਚਾਹੀਐ ਖ਼ਬਰਗੀਰ ਬਹੁਤ ਅਪਨੇ ਪਾਸ ਰੱਖੈ; ਹਰਿ ਬਾਂਬੀਂ ਐਤਬਾਰੀ। ਜੋ ਖਬਰ ਹਰਿ ਸਹਿਰ, ਮੁਲਕ, ਹਰਿ ਗਿਰਾਉਂ ਦੀ ਮਿਲਦੀ ਰਹੈ। ਜਿਸ ਜਾਗਹਿ ਭੀ ਇਹ ਖੁਫ਼ੀਆ ਨਵੀਸ ਹੋਣ, ਆਪਸ ਮੈ ਏਕ ਕਾ ਏਕ ਖ਼ਬਰਦਾਰ ਨ ਹੋਵੈ। ਰਾਜਾ ਜੋ ਹੈ, ਸੋ ਪਰਜਾ ਕਾ ਨਿਗਹਿਬਾਨ ਹੈ। ਜਿਸ ਮੈ ਕੋਈ ਜੀਅ ਦੁਖੀ—ਮਾਇਆ ਕਰਿ; ਅਉਲਾਦ ਕਰਿ, ਭੁੱਖ ਕਰਿ, ਕੱਪੜਿਆਂ ਰੁਜਗਾਰ ਕਰਿ; ਅਉਰ ਕਿਸੀ ਬਾਤ ਕਰਿ,—ਦੁਖਿਤ—ਹੋਇ; ਸੁ ਉਸ ਕਾ ਦੁੱਖ ਨਿਵਾਰੈ। ਐਸਾ ਜੋ ਰਾਜਾ ਹੋਵੈ, ਪਰ ਦੁੱਖ ਭੰਜਨ, ਉਸ ਕਉ ਇਸ ਰਾਜ ਤੇ ਇੰਦ੍ਰ ਕਾ ਰਾਜ

---

1. ਇਹ ਰੀਤਿ, ਭਾਵੇਂ 'ਰਾਜ-ਪ੍ਰਣਾਲੀ' ਦੀ ਹਵਾਣੀ ਤੇ ਸਖੀ-ਸਹੇਲੀ ਹੀ ਹੈ; ਪਰ ਅੱਜ ਦਿਨ ਸੱਭਿਅਤਾ ਵਿਹੀਨ ਪ੍ਰਤੀਤ ਹੁੰਦੀ ਹੈ। ਭਾਵੇਂ ਸਮੇਂ ਦੀ ਸਰਕਾਰ ਇਸ ਨੂੰ 'ਕਲਚਰਲ ਪ੍ਰੋਗਰਾਮ'—ਬਿਦੇਸ਼ੀ ਨਾਮ ਰੱਖ ਕੇ ਚਲਾ ਹੀ ਰਹੀ ਹੈ।

2. ਜੋ ਕੋਈ ਕਿਸੇ ਗੁਰਮੁਖ ਦੀ ਕ੍ਰਿਪਾ ਦ੍ਰਿਸ਼ਟੀ ਹੋ ਜਾਣ ਨਾਲ, ਵਿਰੱਕਤ ਹੋ ਜਾਵੇ; ਤਾਂ ਭਾਵੇਂ ਸਾਧੂ ਬਣ ਜਾਏ, ਉਸਨੂੰ ਰੋਕਣਾ ਨਹੀਂ ਚਾਹੀਦਾ।

www.Mahapurakh.com

ਪ੍ਰਾਪਤਿ ਹੋਵੈ। ਮੁਕਤਿ ਕੋ ਭੀ ਪ੍ਰਾਪਤਿ ਹੋਵੈ। ਬਡੇ ਬਡੇ ਸੁਖ ਪਾਵੈ॥ ੧੦॥ ੧੦॥

## ਇਕਾਦਸਮੋ ਬਚਨ

ਰਾਜੇ ਕੋ ਚਾਹੀਐ ਜੋ ਅਪਨੇ ਸਮੈ ਮੁਕੱਰਰ ਕਰੈ। ਪ੍ਰਸਾਦੁ ਖਾਨੇ ਕਾ, ਪਿਛਲੇ ਚਲਨ ਕੀ ਬਾਰਤਾ, ਕੈ ਕਥਾ ਬੇਦ, ਰਾਜ-ਲੀਲਾ ਸੁਨਣੇ ਕਾ, ਖਿਲਵਤ[1] ਸਮੀਪੀਓਂ ਕੀ ਕਰਨ ਕਾ, ਜਨਾਨੇ ਕੇ ਬੈਠਨੇ ਕਾ; ਏ ਸਭ ਵਖਤ ਘੜੀਆਂ ਪ੍ਰਮਾਨ ਬੰਨ੍ਹ ਕੇ ਕਰੈ॥ ੧

ਅਰੁ ਏਕ ਤਾਕੀਦ ਅਉਰ ਕਰੈ : ਪ੍ਰਥਮੈ ਤਉ ਅਪਨੈ ਕਰੈ। ਅਮਾਵਸਿਆ ਕੀ ਰਾਤਿ ਕੋ ਦੀਪ ਮਾਲਾ ਕਰੈ। ਹਰ ਮਹੀਨੇ ਕੀ ਅਮਾਵਸਿਆ ਕੋ ਦੀਵੈ ਅੰਦਰ ਬਾਹਰ ਰੋਸ਼ਨ ਕਰੈ। ੨॥

ਅਰੁ ਏਕ ਅਉਰ ਹੁਕਮ ਪਰਜਾ ਕੋ ਕਰੈ : ਜੋ ਹੋਲੇ ਕਉ, ਸੰਕ੍ਰਾਂਤ ਬੈਸਾਖ ਕੀ ਤਕ। ਆਦਿ ਬਸੰਤ ਪੰਚਮੀ ਜਿਉਂ, ਅਰੁ ਅੰਤ ਸੰਕ੍ਰਾਂਤ ਬੈਸਾਖ ਕੀ ਸਿਉਂ ਖੇਲੈ। ੩॥

ਅਰੁ ਪ੍ਰਜਾ ਕੋ ਸਿਵਾਇ ਪੂਜਾ ਸ੍ਰੀ ਅਕਾਲ ਪੁਰਖ ਕੀ ਸਿਉਂ, ਅਉਰ ਕਰਨੇ ਨ ਦੇਇ। ਕਿ ਬੁਤ, ਕਿ ਪ੍ਰਿਤਮਾ, ਕਿਆ ਮੜੀ, ਕਿਆ ਗੋਰ, ਕਿਆ ਮਸੀਤ, ਕਿਆ ਧਰਮਸਾਲਾ, ਕਿਆ ਦੇਹਰਾ, ਤੀਰਥ, ਕਿ ਬ੍ਰਤ, ਕੋਈ ਅਉਰ ਪੂਜਾ ਕਰਨ ਨ ਦੇਇ। ਏਕ ਹੀ ਧਰਮ, ਏਕ ਹੀ ਕਰਮ-ਨਾਮਦਾਨ, ਇਸ਼ਨਾਨ—ਯਹੀ ਪੂਜਾ ਕਰਾਵੈ। ਉਸਤਤਿ ਸ੍ਰੀ ਅਕਾਲ ਪੁਰਖੁ ਕੀ—ਜੋ ਸੱਚਾ ਸਾਹਿਬ ਹੈ,—ਦ੍ਰਿੜ੍ਹਾਵੈ। ੪॥

ਅਰੁ ਏਕ ਅਉਰ ਪ੍ਰਜਾ ਸਿਉਂ ਪੂਰਨਮਾਸੀ ਕੀ ਪੂਰਨਮਾਸੀ ਕਰਾਵੈ :—ਕਿਆ ਮਰਦ, ਕਿਆ ਇਸਤ੍ਰੀ, ਕਿਆ ਬਾਲ, ਕਿਆ ਬਾਲਕੀਆਂ ਸਭ ਹੀ;—ਪ੍ਰਥਮੈ ਤੋ ਪ੍ਰਾਤਹਿਕਾਲ ਅਪਨੇ ਗ੍ਰਿਹ ਬਿਖੈ ਸਨਾਨ ਕਰੈ; ਅੱਛੇ ਕੱਪੜੇ ਪਹਿਰੈਂ; ਖੁਸ਼ਬੋਈ ਲਗਾਵਹਿ, ਇਸਤ੍ਰੀਆਂ ਸੀਗਾਰ ਕਰੈਂ। ਅਰੁ ਅਛੇ ਪ੍ਰਸਾਦ ਘ੍ਰਿਤ-ਪਕ ਮਿਸਟਾਨ, ਭਾਤਿ ਭਾਤਿ ਸਲੋਨੇ ਮੀਠੇ ਬਿੰਜਨ ਕਰੈਂ। ਖਾਵੈਂ, ਦੇਵੈਂ, ਲੇਵੈਂ ਜਸ਼ਨ ਕਰੈਂ। ਖੁਸ਼ੀ ਹੋਵੈਂ। ਅਰੁ ਸ੍ਰੀ ਅਕਾਲ ਪੁਰਖੁ ਜੀ ਕਾ ਕੀਰਤਨ ਕਰੈਂ, ਕਿਆ ਪੁਰਖ ਕਿਆ ਇਸਤ੍ਰੀਆਂ। ਅਰੁ ਰਾਜਾ ਕਉ ਅਸੀਸ ਦੇਵਹਿ। ਜੋ ਰਾਜ ਅਬਚਲ ਹੋਵੈ, ਨਿਆਉਂ ਕਰਿ। ੬॥

ਮਹਾਰਾਜਾ ਕੋ ਚਾਹੀਐ, ਪ੍ਰਜਾ ਕੋ ਬਹੁਤ ਖੁਸ਼ੀ ਰਖੈ। ਉਜਲੀ ਰੱਖੈ, ਮੈਲੀ ਨ ਦੇਖ ਸਕੈ। ਯਹੀ ਇਸ ਕੇ ਰਾਜ ਕਰਨੇ ਕਾ ਫਲੁ ਹੈ। ੭॥ ੧੧॥

## ਦੁਆਦਸਮੋ ਬਚਨ

ਅਬ ਇਸ ਮਹਾਰਾਜੇ ਕੋ ਚਾਹੀਐ, ਅਪਨੀ ਪ੍ਰਜਾ ਕੋ ਬਹੁਤ ਸੁਖੀ ਰੱਖੈ। ਅਰੁ ਇਸਤ੍ਰੀ ਰੂਪ ਸਿਵਾਇ ਬੇਸਵਾ ਤੇ, ਅਉਰ ਇਸਤ੍ਰੀ ਰੂਪ ਕੀ ਜਾਤਿ ਕੋ ਬਾਹਰ ਨਿਕਲਨੇ ਨ ਦੇਇ; ਬੇ ਪੜਦ। ਨਿਕਲੇ ਤਉ ਪੜਦੇ ਸਿਉਂ ਨਿਕਲੇ॥ ੧॥

ਅਰੁ ਕਦਾਂਚ ਜੋ ਕੋਈ ਪਰਾਈ ਇਸਤ੍ਰੀ ਸਿਉਂ ਬਦਕਰਮ ਕਰੈ, ਉਨ ਦੋਨੋਂ ਕਉ ਗਧੇ ਉਪਰਿ, ਮੂੰਹ ਕਾਲਾ ਕਰਿਕੈ ਚੜ੍ਹਾਏ; ਫੇਰ ਜੋ ਜਾਨੈ ਕੋਈ ਇਨ ਦੋਨੋ ਮੈ ਸਿਉਂ ਨੀਚ ਹੋਇ; ਉਸੀ ਕੁਲ ਬਿਖੈ ਆਪਸ ਮੈ ਇਨ ਦੋਨੋ ਕਾ ਪਰ ਸੰਜੋਗ ਕਰ ਦੇਇ। ਯਹੀ ਬਡਾ ਡੰਡ ਹੈ॥ ੨॥

ਅਰੁ ਰਾਜੇ ਕੋ ਚਾਹੀਐ ਜੁ ਪ੍ਰਜਾ ਮੈ ਕੋਈ ਮਰਦ ਅਥਵਾ ਇਸਤ੍ਰੀ ਰੂਪ ਕੁਆਰਾ ਨਾ ਰਹੈ। ਇਸ ਬਾਤ ਕੀ ਬਹੁਤ ਤਾਕੀਦ ਕਰੈ। ਕੋਈ ਕੁਆਰਾ ਰਹਿਨਾ ਨਾ ਪਾਵੈ, ਸੰਜੋਗ ਕਰਿ, ਪਰਸੰਜੋਗ

---

1. ਇਕਾਂਤ ਵਿਚ, ਨਿਕਟ ਵਰਤੀ ਮਸਾਹਿਬਾਂ ਨਾਲ, ਸਲਾਹ-ਮਸ਼ਵਰਾ ਕਰਨ ਦਾ।

www.Mahapurakh.com

ਕਰਿ॥ ੩॥

ਅਰੁ ਵੇਸਵਾ-ਵਾੜਾ ਮੁਕੱਰਰ ਕਰੈ। ਜੋ ਕੋਈ ਬਦਕਰਮੀ ਹੋਵੈ, ਪਰ ਇਸਤ੍ਰੀ ਨਾਲ ਬਦਕਰਮ ਨ ਕਰੈ। ਬਦਕਰਮ ਪਰਇਸਤ੍ਰੀ ਦਾ ਬਹੁਤ ਬੁਰਾ ਹੈ। ਪਰ ਬੇਸਵਾ ਅਰੁ ਪਰ ਇਸਤ੍ਰੀ ਦਾ ਤਫਾਵਤ ਹੈ। ਬੇਸਵਾ ਅਪਨਾ ਤਨ ਬੈ ਕਰਕੇ ਬੇਚਤੀ ਹੈ। ਅਰੁ ਉਸ ਕੇ ਵਾਰਸ ਆਪ ਕਬੂਲ ਕਰਕੈ ਰਜ਼ਾਮੰਦ ਹੋਤੇ ਹੈਂ। ਬੇਸਵਾ ਕਾ ਸੰਗ ਅੱਧਾ ਬਿਆਹ ਸੰਜੋਗ ਹੈ। ਯਹ ਭੀ ਬਹੁਤ ਬੁਰਾ ਹੈ। ਜੋ ਰਹਿ ਨ ਸਕੈ, ਤਉ ਕਰੇ। ਪਰ ਜਿਉਂ ਜਾਨੇ, ਅਪਨੇ ਤਾਈਂ ਜਤ ਸਤ ਮੈਂ ਰਖੈ, ਡੁਲਾਵੈ ਨਾਹੀਂ। ੪॥ ੧੨॥

## ਤ੍ਰਿਉਦਸਮੋ ਬਚਨ

ਅਬ ਹਾਸਿਲ, ਜੋ ਮਾਲ ਬੈਪਾਹੀ ਕੋ ਪਰ ਲੈਨਾ ਕਹਿਆ ਹੈ; ਸੋ ਯੌਂ ਕਹਿਆ ਹੈ :—ਜਹਾਂ ਤੇ ਬੈਪਾਰੀ ਮਾਲ ਖਰੀਦ ਕਰੈ, ਉਸ ਜਗਹਿ ਸ਼ਰੇ[1] ਬੀਸ ਰੁਪਈਯੇ ਖਰੀਦ ਪਰ, ਬਾਰਹ ਆਨੇ ਲੇਵੈ, ਦਾਖਲ ਰੋਜ਼ਨਾਮੇ ਕਰੈ। ਅਰੁ ਦੁਇਆਨੀ ਖਰਚ ਬਾਰਹ ਆਨਿਆਂ ਪਰ ਲੇਵੈ। ਜੋ ਨ ਲੇਵੈ, ਸੈ ਸਜਾਇ ਪਾਵੈ। ੩॥

ਰਾਹ ਮੈ ਕੋਈ ਰਾਹਦਾਰੀ ਨ ਲੇਵੈ। ਜਹਾਂ ਬੇਚੈ, ਤਹਾਂ ਕੋਈ ਕਉਡੀ ਦਮੜੀ ਨ ਲੇਵੈਂ। ਤਾਕੀਦ ਕਰੈ। ੪॥

ਅਰੁ ਸਹਿਰੋਂ ਕੀ ਰਾਤਿ ਦਿਨ ਕੀ ਖ਼ਬਰਦਾਰੀ ਕੇ ਵਾਸਤੇ 'ਨੱਗਰਦਾਰ' ਕਰੈ। ਜਿਸ ਕੋ 'ਕੋਤਵਾਲ' ਕਹਿਤੇ ਹੈਂ। ਜਿਸ ਕਰਕੇ ਪ੍ਰਜਾ ਬੇ-ਗਮ ਰਹੈ, ਚੋਰ-ਚਕਾਰ ਹਰਾਮੀ ਤੇ॥ ੫॥

ਕੈਸਾ ਆਦਮੀ ਕਰੈ? ਪ੍ਰਥਮੈ ਤਉ ਜਿਸਕੋ ਭੈ ਸ੍ਰੀ ਕਰਤੇ ਪੁਰਖ ਕਾ ਹੋਵੈ। ਫੈਰ ਬਿਗਾਨੇ ਮਾਲ ਕਾ ਅੰਗੀਕਾਰ ਨ ਕਰੈ। ਅਰੁ ਰਾਤਿ ਦਿਨ ਉਸ ਕੋ ਫਿਕਰ ਰਹਿਨੇ ਵਾਲਿਓਂ ਸ਼ਹਿਰ ਕਾ ਰਹੈ : ਜੋ ਕਿਸੀ ਤਰਹਿ ਰਾਜੀ ਰਹੈਂ। ੬॥

ਇਸ ਕੋ ਭੀ ਦਰਗਾਹ ਕਰਤੇ ਪੁਰਖ ਸ੍ਰੀ ਅਕਾਲ ਪੁਰਖ ਜੀ ਮੈ ਸਿਵਾਇ ਨਿਆਉਂ ਅਰੁ ਰਾਜੀ ਹੋਨਾ ਪ੍ਰਜਾ, ਅਉਰ ਪੁਰਸ਼ਿਸ ਨਾਹੀ। ਬੰਦਗੀ ਕਉ ਪੁਛੀਐਗਾ ਨਾਹੀ॥ ੭॥

ਅਰੁ ਇਹ 'ਨੱਗਰਦਾਰ' ਸਾਇਤ ਬ ਸਾਇਤ[2] ਖ਼ਬਰ ਨੇਕ ਬਦ ਸਹਿਰ ਕੀ ਮਹਾਰਾਜੇ ਕੋ ਅਥਵਾ ਦਿਸਾਵੰਤ ਕੋ, ਫਉਜਦਾਰ ਕੋ ਪਹੁੰਚਾਵਤਾ ਰਹੈ। ਅਰੁ ਮਹਾਰਾਜਾ ਉਸ ਮਾਫਿਕ ਗਉਰ ਪ੍ਰਜਾ ਕੀ ਕਰੈ॥ ੮॥

ਅਰੁ 'ਨੱਗਰਦਾਰ' ਕੋ ਚਾਹੀਐ; ਜੋ ਮੁਆਫ਼ਕ ਨਗਰ ਨਿਆਉਂ ਰੱਖਿਆ ਧਿਆਇ ਕੀ ਚਲੈ।[3] ਬੰਦੁਬਸਤ ਸਹਿਰ ਕਾ ਕਰੈ॥ ੯॥ ੧੩॥

## ਚਉਦਸਮੋ ਬਚਨ

ਅਬ ਮਹਾਰਾਜੇ ਕੋ ਚਾਹੀਐ, ਜੋ ਐਸੀ ਖ਼ਬਰਦਾਰੀ ਲੇਵੈ ਪ੍ਰਜਾ ਕੀ; ਜੋ ਰਾਤਿ ਕੋ ਕੋਈ ਨੰਗਾ ਭੁੱਖਾ ਨਾ ਸੋਵੈ। ਸਹਿਰ ਬ-ਸਹਿਰ, ਗਿਰਾਉਂ ਗਿਰਾਉਂ, ਮੁਸੱਦੀ ਬਖਸ-ਦਾਨ ਕੇ ਮੁਕੱਰਰ ਕਰੈ॥ ੨॥

---

1. ਸ਼ਰਹ, ਰੇਟ, ਦਰ।
2. ਘੜੀ ਪਰ ਘੜੀ, ਹਰ ਵਕਤ।
3. ਜੋ ਕੁਝ ਕਾਇਦਾ-ਕਾਨੂੰਨ ਪਿਛੇ ਨੱਗਰ ਦੀ ਰੱਖਿਆ ਤੇ ਨਿਆਉਂ ਸਬੰਧੀ ਦੱਸਿਆ ਗਿਆ ਹੈ। ਉਸ ਅਨੁਸਾਰ ਕੰਮ ਕਰੇ।

www.Mahapurakh.com

ਜੋ ਕੋਈ ਅਰਥੀ ਹੋਵੈ—ਅਕੈ ਨੰਗਾ, ਅਕੈ ਭੁੱਖਾ, ਅਕੈ ਬੇਰੁਜ਼ਗਾਰਾ, ਅਕੈ ਕੰਨਯਾ ਕੇ ਬਿਆਹ ਕਰਨੇ ਕਾ ਅਰਥੀ—ਕੋਈ ਕਿਸੀ ਤਰਹ ਕਾ ਅਰਥੀ ਹੋਇ—ਉਸਕੀ ਮਨਸਾ, ਆਸਾ ਪੂਰਨ ਕਰੈ॥ ੩॥

ਅਰੁ ਬਹੁਤ ਖਬਰ ਗ੍ਰਿਹਸਤੀ ਕੀ ਲੇਵੈ। ਕਿਉਂਕਰ? ਜੇ ਗ੍ਰਿਹਸਤੀ ਸਰਮ ਕਰਕੇ, ਕਿਛੁ ਅਪਨੀ ਬਿਰਥਾ ਕਿਸੇ ਨੂੰ ਕਹਿ ਨਹੀਂ ਸਕਦਾ। ਉਸਦੀ ਖ਼ਬਰ ਲੈਨੀ ਜ਼ਰੂਰ ਤੇ ਜ਼ਰੂਰ ਹੈ। ਮਹਾਰਾਜਾ ਆਪ ਇਸ ਬਾਤ ਕੀ ਖ਼ਬਰਦਾਰੀ ਲੇਵੈ। ੪॥

ਅਤੈ ਅਉਰ ਨੀਅਤ ਮਹਾਰਾਜਾ ਅਪਨੀ ਕਰੈ; ਜੋ ਪ੍ਰਜਾ ਐਸੀ ਸੁਖੀ ਹੋਵੇ; ਜੋ ਕੋਈ ਅਪਨਾ ਮਾਲ—ਰੁਪਯੇ ਅਥਵਾ ਮੁਹਰਾਂ,—ਰਾਹ ਅੰਦਰ, ਅਕੇ ਮੈਦਾਨ ਜੰਗਲ ਮੈ ਡਾਲ ਆਵੈ; ਕੋਈ ਉਸ ਮਾਲ ਵਲ ਦੇਖੈ ਨਾਹੀ; ਭਾਵੇਂ ਦਸ ਵਰ੍ਹੇ ਪਇਆ ਰਹੈ। ੫॥

ਅਰੁ ਪ੍ਰਜਾ ਕੋ ਤਾਕੀਦ ਕਰੈ : ਜੋ ਬਿਉਹਾਰ ਮੈ, ਲੈਣੇ ਦੇਣੈ ਮੈ, ਏਕ ਹੀ ਬਾਤ ਕਰੈ; ਦੂਸਰੀ ਨ ਕਰੈ। ਕਿਸੀ ਭਾਂਤਿ ਦੀ ਦਗੇਬਾਜ਼ੀ ਨ ਕਰੈ। ਮਿਥਿਆ ਬਿਉਹਾਰ ਨ ਕਰੈ। ੬॥

ਅਰੁ ਕੋਈ ਕਿਸੀ ਕਉ ਰਸਬ ਕਰਨੇ ਤੇ ਐਬ ਨ ਰਖੈ,[1]। ਕਸਬ ਕਰਨਾ—ਕਿਆ ਉਤਮ, ਕਿਆ ਮੱਧਮ, ਕਿਆ ਨੀਚ—ਬਡੀ ਭਗਤਿ ਹੈ। ਇਸ ਬਰਾਬਰ ਅਉਰ ਭਗਤਿ ਨਾਹੀ; ਜੋ ਕਸਬ ਕਰਕੈ ਬੰਦਗੀ ਕਰੈ। ੭॥

ਅਰੁ ਮਹਾਰਾਜਾ ਤਾਕੀਦ ਕਰੈ : ਜੋ ਕੋਈ ਕਸਬ ਕਰਨੇ ਕੀ ਜਾਤਿ ਨਾਮ ਨ ਲੇਵੈ, ਕੋਈ ਕਿਸੀ ਕਉ।[2] ਨਾ ਕੋਈ ਕਿਸੀ ਕੋ ਕਸਬ ਰੁਜ਼ਗਾਰ ਕਰਿ ਹੱਸੈ। ੮॥

ਅਰੁ ਕਦਾਂਚ ਕੋਈ ਹਸੇ, ਨਾਉਂ ਧਰੈ; ਉਸ ਕਉ ਦੰਡ ਦੇਇ। ੯।

ਅਰ ਮਹਾਰਾਜਾ ਹਰਿ ਸਾਸ ਗਿਰਾਸ ਭੈਮਾਨ—ਪ੍ਰਜਾ ਕੀ ਰੱਖਯਾ ਕਰਿ, ਰਾਜੀ ਹੋਨੇ ਕਰਿ, ਦਿਲਗੀਰ ਹੋਨੇ ਕਰਿ;—ਰਹੈ।[3] ਅਰੁ ਅੱਰਦਾਸਿ ਸ੍ਰੀ ਗੁਰੂ ਸੱਚੇ ਪਾਤਸ਼ਾਹਿ ਸਚੇ ਸਾਹਿਬ—ਜੇ ਸ੍ਰੀ ਅਕਾਲ ਪੁਰਖੁ ਹੈ—ਦੇ ਹਜੂਰ ਸਾਸ-ਗਿਰਾਸ ਕਰਦਾ ਰਹੈ, ਜੋ—

"ਗਰੀਬ ਨਿਵਾਜ! ਇਸ ਪ੍ਰਜਾ ਕੀ ਰੱਖਿਆ ਅਰੁ ਸੁਖੀ ਹੋਨੇ ਕੀ,

ਅਰੁ ਤੇਰੇ ਜਨਾਵਨੇ ਕੀ ਨਮਿਤ, ਮੁਝ ਕੀਟ-ਪਤੰਗ ਕੋ ਟਹਿਲ ਰਖਸ਼ੀ ਹੈ, ਹਜ਼ੂਰ ਤੇ। ਅੰਤ ਕਾਲਿ ਇਸ ਟਹਿਲ ਤੇ ਸੁਰਖ਼ਰੂ ਹੋਵਾਂ! ਬਿਰਦ ਹੈ, ਬਿਰਦ ਹੈ!!" ੧੦॥ ੧੪॥

## ਪੰਦ੍ਰਸਮੋ ਬਚਨ

ਅਬ ਜੋ ਹੁਕਮ, ਅਉਰ ਕਿਛੁ 'ਲਿਖੇ'[4] ਦਿਸਾਵੰਤੋਂ ਕਉ, ਅਰੁ ਅਉਰ ਚਾਕਰੋਂ ਕਉ ਲਿਖੀਐ, ਮਹਾਰਾਜ ਕੀ ਤਰਫ ਤੇ; ਉਸ ਕੀ ਬਿਧਿ :—ਪ੍ਰਥਮੈ ਜਿਸ ਲਿਖੇ ਪਰ ਮਹਾਰਾਜਾ ਕੀ ਮੁਹਰ ਹੋਵੇ; ਦਸਖਤ ਹੋਵੈ। ਉਸ ਲਿਖੈ ਕਾ ਨਾਮ 'ਮਹਾ ਹੁਕਮ' ਕਹੈ। ਅਰੁ ਵਹਿ ਲਿਖਾ ਕਿਸ ਕਉ ਹੋਵੇ? ਤਿੰਨ ਹਜ਼ਾਰੀ ਤੇ ਲੈ ਕੇ ਅੱਸੀ ਹਜਾਰੀ ਤਕ। ਅਰੁ ਜ਼ਰੂਰੀ ਕੰਮ ਕੇ ਵਾਸਤੇ ਹੋਵੇ। ਤਿਸ ਲਿਖੇ ਕਾ ਮਰਾਤਬਾ ਲੈ ਕਉਨ ਜਾਏ? ਹਜ਼ਾਰੀ ਬਲਵੰਤ ਕਾਰੀ। ਆਗੇ ਤੇ ਓਹ ਦਿਸਾਵੰਤਕਾਰ ਅਪਨੇ

---

1. ਪੇਸ਼ਾ (ਕਿਰਤ-ਵਿਰਤ) ਕਿਸੇ ਤਰ੍ਹਾਂ ਦਾ ਭਾਵੇਂ ਹੋਵੇ, ਕਰਨ ਤੋਂ ਕੋਈ ਸੂਗ (ਨਫਰਤ) ਨ ਕਰੇ
2. ਪੇਸ਼ੇ ਦੇ ਅਧਾਰ ਤੇ ਕਿਸੇ ਦੀ ਜਾਤਿ ਨਾ ਪਰਖੇ।
3. ਪ੍ਰਜਾ ਦੀ ਸ਼ਾਦੀ-ਗ਼ਮੀ ਤੇ ਦੁੱਖ-ਸੁਖ ਵਲੋਂ ਡਰਦਾ ਰਹੇ। ਭਾਵ-ਫਿਕਰਮੰਦ ਰਹੇ।
4. ਲਿਖਤ; ਕਿਤਾਬਤ, ਭਾਵ, ਖਤ-ਪਤ੍ਰ, ਫ਼ੁਰਮਾਨ ਆਦਿ।

www.Mahapurakh.com

ਮੁਕਾਮ ਤੈ ਸਤ ਕੋਸ ਆਗੇ ਆਇ ਲਏ। ਏਕ ਤੀਰ ਪਰਤਾਪ[1] ਤੇ ਅੱਧੀ ਵਾਟ ਰਹੈ, ਤਾਂ ਫਿਰ ਪੰਜ ਤਸਲੀਮਾਂ ਕਰੈ। ਜਬ ਜਾਨੈ ਕਿ ਨਜੀਕ ਆਇਆ ਹੈ, ਤਾਂ ਫੇਰ ਤਸਲੀਮਾਂ ਕਰੈ, ਪੰਜ ਵਾਰੀ। ਇਸੀ ਤਰਹ ਪੰਜ-ਪੰਜ ਤਸਲੀਮਾ ਕਰੈ। ਫੇਰ ਓਹੁ 'ਮਹਾਂ-ਹੁਕਮ' ਉਸ ਕੇ ਹੱਥ ਤੇ ਲਏ। ਲੈ ਕੇ ਸਿਰ ਉਪਰ ਰੱਖੈ, ਅੱਖੀਆਂ ਉਪਰਿ ਰੱਖੈ, ਫਿਰ ਸਿਰ ਉਪਰ ਰੱਖ ਕੈ ਅਪਨੇ ਮੁਕਾਮ ਉਪਰ ਲੈ ਆਵੇ। ਨਾਲੇ ਜੋ ਬਲਵੰਤਕਾਰੀ 'ਮਹਾ ਹੁਕਮ' ਲਿਆਇਆ ਹੈ, ਉਸ ਕੋ ਅਪਨੇ ਸਾਥ ਲੈ ਆਵੈ, ਆਬਰੂ[2] ਨਾਲ। ਫੇਰ ਉਹ 'ਮਹਾ ਹੁਕਮ' ਪੜੈ। ਜੋ ਲਿਖਿਆ ਹੋਵੈ, ਸੋ ਉਸੇ ਸਾਇਤ[3] ਪੂਰਾ ਕਰੈ; ਢਿੱਲ ਨ ਕਰੈ। ੨॥

ਅਰੁ ਏਕ 'ਲਿਖਾ' ਹੁਕਮਪਾਇ' ਹੈ; ਜੋ ਵਜ਼ੀਰ ਕੀ ਮੁਹਰ ਨਾਲ ਹੋਵੈ। ਮੁਆਫਕ ਦਸਤਖਤ ਮਹਾਰਾਜੇ ਕੇ 'ਹੁਕਮ ਪਾਇ' ਲਿਖੈ। ਅਰੁ ਹੁਕਮ ਜਿ ਲਿਖੈ ਜ਼ਬਾਨੀ ਮਹਾਰਾਜੇ ਕੀ, ਜਿਸ ਕੋ ਜਾਮਨੀ ਭਾਖਿਆ ਮੈ 'ਹਸਬੁਲਹੁਕਮ' ਕਹਿਤੇ ਹੈਂ ਓਹੁ 'ਹੁਕਮ ਪਾਇ' ਹਵਾਲੇ ਕਾਮਵੰਤ' ਕੇ ਕਰੈ। 'ਹੁਕਮਪਾਇ' ਕੋ ਸਹਰ ਤੇ ਬਾਹਰ ਲੇਵੈ। ਏਕ ਹੀ ਤਸਲੀਮ ਕਰੈ। ਸਿਰ ਪਰ ਰੱਖੈ, ਬਗਲ ਮੈ ਰੱਖੈ। ਫੇਰ ਅਪਨੇ ਮੁਕਾਮ ਪਰਿ ਆਵੈ। ਪੜ੍ਹੇ, ਉਸੇ ਸਾਇਤ ਉਹ ਕੰਮ ਕਰੈ॥ ੩॥

ਜੋ ਕਦਾਂਚ ਏਕ ਲਿਖਿਆ (ਲਿਖਾ) ਵਜ਼ੀਰ ਹੀ ਕੀ ਮੁਹਰ ਸਾਥ, ਵਜ਼ੀਰ ਹੀ ਕੀ ਤਰਫ ਤੇ, ਕੋਈ ਅਪਨੇ ਮਤਲਬ ਕਾ ਲੇਵੈ। ਉਸ ਕੋ 'ਹੁਕਮ' ਜਾਨ ਕੈ ਕੰਮ ਕਰੈ॥ ੪॥

ਜੋ ਕਦਾਂਚ ਇਨ ਹੁਕਮਹੁਂ ਕੋ ਨ ਮੰਨੈ, ਤਉ ਮਹਾਰਾਜਾ ਉਸ ਕੋ ਚਾਕਰੀ ਤੇ ਦੂਰ ਕਰੈ; ਘਰ ਬਾਰ ਲੁੱਟ ਲੇਵੈ। ਮਾਰੇ ਜੀਉ। ਤੇ ਫੇਰ ਕੋਈ ਬੇਹੁਕਮੀ ਨ ਕਰੈ॥ ੫॥ ੧੫॥

## ਖੋੜਸਮੋ ਬਚਨ

ਅਬ ਕੋਈ ਚਾਕਰੋਂ ਮੈਂ ਸਿਉਂ, ਅਥਵਾ ਕੋਈ ਪ੍ਰਜਾ ਮੈ ਸਿਉਂ ਸਾਹੂਕਾਰ ਮਰੈ; ਤਿਸ ਕੇ ਮਾਲ ਕੀ ਜੁਗਤਿ : ਚਾਕਰੋਂ ਮਹਾਰਾਜਾ ਕੇ ਮੈਂ ਸਿਉਂ ਜੋ ਕੋਈ ਦੇਵਲੋਕ ਕੋ ਚਲਤਾ ਹੋਇ, ਤਿਸ ਕੇ ਮਾਲ ਕੋ ਪ੍ਰਥਮੈ ਖਜ਼ਾਨੇ ਸੰਗ੍ਰਹਿ ਕਰੈ। ਫੇਰ ਜੋ ਜਾਨੈ ਕਿਛ 'ਰਾਜ-ਅੰਸ'—ਜਿਸਕੋ 'ਮੁਤਾਲਬਾ' ਕਹਿਤੇ ਹੈਂ—ਮਹਾਰਾਜਾ ਕਾ ਹੈ, ਉਸ ਮਾਲ ਮੈਂ ਸਿਉਂ ਲੇਵੈ। ਬਾਕੀ ਜੋ ਰਹੈ, ਸੋ ਵਾਰਸੋਂ ਕੇ ਹਵਾਲੇ ਕਰੇ। ਜੋ ਕਦਾਂਚ ਕੋਈ ਕਰਜ਼ਦਾਰ; ਜਿਸਕਾ ਕਰਜ਼ ਰਖਤਾ ਹੋਵੈ, ਆਇ ਜ਼ਾਹਿਰ ਕਰੈ; ਉਸ ਕੋ ਦਿਲਾਵੈ। ਫੇਰ ਜੋ ਬਾਕੀ ਰਹੈ, ਸੋ ਵਾਰਸੋਂ ਕੇ ਹਵਾਲੈ ਕਰੈ। ਭਾਵੇਂ ਨਕਦ ਹੋਵੈ, ਜਿਨਸ ਹੋਵੈ, ਜਿਮੀਂ ਹੋਵੈ। ਉਸਕੀ ਇਹ ਜੁਗਤਿ ਕਰੈ॥ ੨॥

ਅਬ ਜੋ ਸਾਹੂਕਾਰ ਮਰੈ, ਉਸਕੇ ਮਾਲ ਕੀ ਭੀ ਜੁਗਤਿ ਯੋਂ ਹੀ ਕਰੈ॥ ੩॥

ਅਬ ਜਿਸ ਕਾ ਵਾਰਸ ਨ ਹੋਵੈ; ਤਿਸ ਕੇ ਮਾਲ-ਮਤਾਇੱ ਕੀ ਜੁਗਤਿ :—ਪਹਿਲੇ ਤਉ ਜੋ 'ਰਾਜ-ਅੰਸ' ਹੋਵੈ, ਸੋ ਲੇਵੈ। ਫੇਰ ਕਰਜ਼ਦਾਰੋਂ (ਲਹਿਣੇਦਾਰਾਂ) ਕੋ ਦਿਲਾਵੈ। ਬਾਕੀ ਜੋ ਰਹੈ, ਬਖਸ-ਦਾਨ ਦੇ ਖਜ਼ਾਨੇ ਮੈ ਦਾਖਲ ਕਰੈ। ਜੋ ਅੰਤਕਾਲਿ ਉਸ ਪ੍ਰਾਨੀ ਕਾ ਭਲਾ ਹੋਇ; ਜੋ ਕਿਸੇ ਦੇ ਕੰਮ ਆਵੈ॥ ੪॥ ੧੬॥

---

1. ਉਤਨਾ ਪੰਧ, ਜਿਤਨੀ ਦੂਰ ਪੂਰੇ ਤਾਣ ਨਾਲ ਛਡਿਆ ਤੀਰ, ਮਾਰ ਕਰ ਸਕਦਾ ਹੈ।
2. ਇੱਜ਼ਤ, ਆਦਰ-ਸਤਿਕਾਰ।
3. ਘੜੀ।

www.Mahapurakh.com

# ਸਤਾਰ੍ਹਵਾਂ ਬਚਨ

ਅਬ ਜੋ ਮਹਾਰਾਜੇ ਕਉ ਚਾਹੀਐ; ਜੁ ਅਪਨੇ ਚਾਕਰੋਂ ਕੋ ਮੁਰਾਤਬਾ, ਬਖਸ਼ ਦੇਵੈ। ਤਿਸ ਕਾ ਬੀਚਾਰ —ਪੰਜਾਹੀ[1] ਕੋ ਏਕ ਨੇਜਾ, ਜਿਸ ਕੋ ਫਲ ਕੀ ਜਾਗਹਿ ਕਟਾਰੀ ਲਗੀ ਹੋਵੈ। ਤਿਸ ਜਮਦਾੜ[2] ਕਾ ਫਲ ਏਕ, ਚਾਰ ਗਿਰਹ ਚਉੜਾ ਅਰੁ ਅਸਟ ਗਿਰਹਿ ਲੰਮਾ ਹੋਵੈ। ਜਹਾਂ ਭੋਗਲੀਆਂ ਹੋਵਹਿੰ, ਊਹਾਂ ਛੜ ਪਚੀ ਹੋਵੈ। ਤਾੜੀਆਂ ਹੇਠ ਹੋਵਹਿੰ, ਫਲ ਉਪਰ ਹੋਵੈ। ਫਲ ਮੈ ਮੂਰਤਿ 'ਸਿੰਘ ਕੀ ਸਵਾਰ ਭਵਾਨੀ' ਕੀ ਹੋਵੈ। ਨਉਂ ਗਜ ਲੰਮਾ ਹੋਵੈ। ਘੋੜੇ ਉਪਰ ਅੱਗੇ ਚਲੇ। 'ਜਮਦਾੜ ਬਰਛਾ' ਇਸ ਮਰਾਤਬੇ ਕਾ ਨਾਉਂ ਹੈ। ਪੰਜਾਹੀ ਤੇ ਲੈ ਕੇ ਸਦੀ[3] ਤਕ, ਏਹੁ ਮਰਾਤਬ ਮਿਲੇ। ਸਦੀ ਨੂੰ ਦੁਇ 'ਜਮਦਾੜ-ਬਰਛੇ'; ਪੰਜਾਹੀ ਨੂੰ ਇੱਕ॥ ੧॥

ਦੋ-ਸਦੀ ਤੇ ਲੈ ਕੇ ਹਜ਼ਾਰੀ ਤੱਕ 'ਕ੍ਰਿਪਾਨ ਬਰਛੇ' ਕੀ ਇਸ ਤਰਹਿ ਜੁਗਤਿ ਹੈ :—ਪ੍ਰਥਮੇ ਤਉ ਛੜ ਅੱਛਾ ਮੁਹਕਮ[4], ਨਉ ਗਜ ਲੰਮਾ; ਫੇਰ ਉਸ ਛੜ ਉਪਰਿ ਇਕ ਡੰਡਾ ਆਡਾ ਬਾਰਹਿ ਗਿਰਹਿ ਦਾ ਪਚੀ ਕਰੈ, ਚੌਗਾਨ ਦੀ ਤਰਹਿ ਆਧਾ ਆਧਾ ਦੁਹੀਂ ਵਲੀਂ ਰਹੈ। ਫੇਰ ਉਸ ਡੰਡ ਦੇ ਦੁਹਾਂ ਵੱਲਾਂ ਦੇ ਸਿਰ ਉਪਰਿ ਤਲਵਾਰਾਂ, ਖੰਡੇ ਛਿਅ ਛਿਅ ਅੰਗੁਲੀਆਂ ਚਉੜੀਆਂ, ਬਾਰਹਿ ਗਿਰਹਿ ਲੰਮੀਆਂ, ਅੱਛੀਆਂ ਸ਼ਿਕਲ ਕੀਤੀਆਂ ਹੋਈਆਂ ਦੁਇ, ਉਸ ਡੰਡੇ ਦੇ ਦੁਹਾਂ ਸਿਰਿਆਂ ਉੱਪਰ ਮੂਠ ਦੀ ਵਲੋਂ ਪਚੀ ਕਰਨ, ਖੜ੍ਹੀਆਂ। ਮੁੱਠ ਸੁਨਹਿਰੀ ਕੋਫਤ-ਗਚ[5] ਕੀਤੀਆਂ ਹੋਵਨਿ॥ ੨॥

ਦੋ-ਸਦੀ ਅੱਗੇ ਘੋੜੇ ਉਪਰਿ ਏਕ ਬਰਛਾ—'ਕ੍ਰਿਪਾਨ-ਬਰਛਾ' ਚੱਲੇ। ਛੜ ਰੁੱਪੇ[6] ਦਾ ਹੋਵੈ। ਚਾਰ-ਸਦੀ ਦੇ ਅੱਗੇ ਦੁਇ, ਛਿਅ-ਸਦੀ ਦੇ ਅੱਗੇ ਤਿੰਨ, ਅਸਟ-ਸਦੀ ਦੇ ਅੱਗੇ ਚਾਰ, ਹਜ਼ਾਰੀ ਦੇ ਅੱਗੇ ਪੰਜ; ਹਾਥੀਆਂ ਉਪਰ ਚਲੈਂ। ਚਾਰ-ਸਦੀ ਤੇ ਲੈ ਕੇ ਹਜ਼ਾਰੀ ਤੱਕ, ਇਕ ਕ੍ਰਿਪਾਨ-ਬਰਛਾ' ਜੋ ਹੋਵੈ; ਛੜ ਸੁਇਨੇ ਦਾ ਹੋਵੈ। ਹੋਰ ਜੋ ਹੋਵਨ, ਸੋ ਰੁੱਪੇ ਦੇ ਛੜਾਂ ਦੇ ਹੋਵਨ। ਏਹ ਮਰਾਤਬਾ ਮਿਲੇ॥ ੩॥

ਦੁਇ-ਹਜ਼ਾਰੀ ਤੇ ਲੈ ਕੇ ਪੰਜ-ਹਜ਼ਾਰੀ ਤਕ ਜੋ ਮਰਾਤਬਾ ਹੈ—ਦੁਇ ਹਜ਼ਾਰੀ ਕੋ ਇਕ 'ਗੁਲ-ਸ਼ਸਤ੍ਰ। 'ਗੁਲ-ਸ਼ਸਤ੍ਰ' ਕਿਸ ਕੋ ਕਹਤੇ ਹੈਂ? ਜਿਸ ਕੇ ਸਾਥ ਸ਼ਸਤ੍ਰ ਸਭ ਲਟਕੈਂ—ਕਟਾਰੀ, ਛੁਰੀ, ਜਮਦਾੜ੍ਹ, ਕ੍ਰਿਪਾਨ, ਕਮਾਨ ਤਰਕਸ, ਬਾਂਕ, ਢਾਲ। ਇਹ ਸਭ ਹਥਿਆਰ ਨੰਗੇ ਕਰਕੈ ਲਟਕਤੇ ਜਾਹਿੰ। 'ਗੁਲ ਸ਼ਸਤ੍ਰ' ਕੀ ਸੂਰਤਿ ਕਿਉਂਕਰਿ ਹੈ? ਪ੍ਰਥਮੈ, ਤਲੇ ਉਸਕੇ ਚਾਰ ਪਾਏ ਚਰਾਗ ਦਾਨ ਕੀ ਫੀਲਸੋਜ਼ ਕੀ ਤਰਹਿ ਹੋਵੈ; ਉਸੀ ਤਰਹਿ ਅੱਧ ਵਿੱਚ ਉਨ ਪਾਇਆਂ ਦੇ, ਦੀਵਟ ਦੀ ਤਰਹਿ ਇਕ ਡੰਡਾ ਖੜ੍ਹਾ ਹੋਵੈ। ਉਹ ਪਾਵੇ ਛੇ ਛੇ ਗਿਰਹ ਚੌਹੀਂ ਵਲੀਂ ਲੰਮੇ ਆਡੇ ਹੋਵਨਿ ਖੜ੍ਹੇ, ਤਿੰਨ ਚਾਰ ਗਿਰਹ। ਡੰਡਾ ਜੋ ਵਿੱਚ ਉਨ੍ਹਾਂ ਪਾਵਿਆਂ ਦੇ ਖੜ੍ਹਾ ਹੋਵੈ, ਸੋ ਡੇਢ ਦੁਇ ਗਜ ਲੰਮਾ, ਚਾਰ ਗਿਰਹ ਗਿਰਦ (ਗੁਲਾਈ) ਹੋਵੈ। ਦੁਇ ਡੰਡੇ ਸਵਾ ਸਵਾ ਗਜ ਦੇ ਲੰਮੇ; ਉਨ੍ਹਾਂ ਦੇ ਅੱਧ ਵਿਚ ਛੇਕ ਪਾਇਕੇ, ਉਸ ਡੰਡੇ ਵਿਚ ਹੇਠ ਉਪਰਿ ਕਰਕੈ ਪਚੀ ਕਰੈ; ਚਰਖੇ ਦੀ ਮਾਨਿੰਦ; ਪੂਰਬ-

---

1. ਛੋਟੇ ਦਰਜੇ ਦਾ ਫ਼ੌਜੀ ਅਫ਼ਸਰ, ਜੋ ਪੰਜਾਹ ਸਿਪਾਹੀਆਂ ਦੀ ਜ਼ਿੰਮੇਵਾਰੀ (ਕਮਾਂਡ) ਸੰਭਾਲ ਸਕੇ।
2. ਕਟਾਰੀ।
3. ਇਕ ਸੌ ਸਿਪਾਹੀਆਂ ਦਾ ਕਮਾਂਡਰ।
4. ਪੱਕਾ ਮਜ਼ਬੂਤ।
5. ਕੁੱਟ ਕੇ ਇੱਕ ਜਾਨ ਕੀਤੀਆਂ ਹੋਈਆਂ।
6. ਚਾਂਦੀ।

www.Mahapurakh.com

ਪੱਛਮ-ਉੱਤਰ-ਦੱਖਣ, ਹੇਠ ਉਪਰ ਕਰਕੈ ਪਚੀ ਕਰੈ। ਉਨ੍ਹਾਂ ਪਾਇਆਂ ਤੇ ਛਿਅ ਛਿਅ ਗਿਰਹ ਉੱਚਾ ਤਫਾਵਤ ਨਾਲ ਪਚੀ ਕਰੈ। ਫੇਰ ਉਨ੍ਹਾਂ ਡੰਡਿਆਂ ਤੇ ਜੋ ਉਪਰ ਡੰਡੇ ਪਚੀ ਹੋਵਨ ਗਜ ਗਜ ਲੰਮੇ ਆਡੇ ਪਚੀ ਕਰਨ। ਪੰਜ ਮਰਾਤਬ ਹੋਣ। ਪੰਜਵੈ ਤੋਂ ਜੋ ਚਾਰ ਮੁਰਾਤਬ ਹੈਂ, ਉੱਚੇ ਹਰਿ ਡੰਡਿਆਂ ਦੇ। ਹਰਿ ਮਰਾਤਬ ਚਾਰ ਚਾਰ ਗਿਰਹ ਕਮ ਡੰਡੇ ਹੋਵਨ। ਤਿਸਤੇ ਉਪਰ ਸਿਰੇ 'ਗੁਲ ਸ਼ਸਤ੍ਰ' ਕੇ, ਵਡਾ ਸਿੰਘ[1] ਚਾਰ ਗਿਰਹ ਉੱਚਾ, ਛਿਅ ਸਤ ਗਿਰਹ ਲੰਮਾ ਬਨਾਵੈ। ਉਸਦੇ ਉਪਰ ਭਵਾਨੀ ਦੀ, ਅਕੈ ਮਹਾਂ ਸੂਰਮੇ ਦੀ ਸੂਰਤਿ ਬਨਾਵੈ, ਸਵਾਰ।

ਅਰੁ ਉਹ ਜੁ ਡੰਡੇ ਮਰਾਤਬ ਚੌਹੀਂ ਵੱਲੀਂ ਹੋਵਹਿ, ਉਨਕੇ ਸਿਰ ਉਪਰ ਇੱਕ ਸਿੰਘ ਬਨਾਵੈ, ਛੋਟਾ ਮੁਆਫਕ। ਉਸ ਪਰ ਭੀ ਨੀਮ ਸੂਰਮਾ ਸੁਆਰ ਹੋਵੈ, ਚੌਹੀਂ ਵੱਲੀਂ। ਅਰੁ ਉਨ ਸਿੰਘੋਂ ਕੇ ਤਲੇ ਚੌਹੀਂ ਵੱਲੀ ਕੁਲਾਬੇ[2] ਲੱਗਨ। ਸਿੰਘਾਂ ਤੇ ਲੈਕਰਿ, ਅਰੁ ਜਹਾਂ ਤੱਕ ਡੰਡਾ ਆਡਾ ਹੋਵੈ, ਇਕ ਇਕ ਤਰਫ ਤਿੰਨ ਕੁਲਾਬੇ ਲੱਗਨ, ਹਥਿਆਰ ਦੇ ਅਟਕਾਵਨੇ ਨੂੰ। ਸਿਰੇ ਉਪਰ ਜੋ ਵੱਡਾ ਸਿੰਘ ਹੋਵੈ, ਉਸਦੇ ਹੇਠ ਚਾਰ ਕੁਲਾਬੇ ਲਾਵੈ। ਅਰੁ ਉਸ ਦੇ ਉਪਰ ਜੋ ਮੂਰਤਿ ਹੋਵੈ, ਉਸਦੇ ਉਪਰ ਛਤ੍ਰ ਬਨਾਏ; ਜਿਸ ਸੂਰਤਿ ਦਾ, 'ਗੁਲ ਸ਼ਸਤ੍ਰ' ਹੋਂਦਾ ਹੈ॥ ੪॥

ਦੁਇ-ਹਜ਼ਾਰੀ ਜੋ ਇਕ 'ਗੁਲ ਸ਼ਸਤ੍ਰ' ਨੰਗਿਆਂ ਹਥਿਆਰਾਂ ਦਾ—ਢਾਲ ਅਰੁ ਤਰਕਸ ਗਿਲਾਫ ਮੈ ਹੋਵੈਂ; ਔਰ ਸ਼ਸਤ੍ਰ ਸਭ ਨੰਗੇ ਹੋਵਹਿ—ਤਿੰਨ 'ਜਮਦਾੜ-ਬਰਛੇ' ਚਾਰ 'ਕ੍ਰਿਪਾਨ-ਬਰਛੇ', ਏਹੁ ਮਰਾਤਬ ਹੋਵੈ॥ ੫॥

ਤਿੰਨ ਹਜ਼ਾਰੀ ਕਉ ਦੁਇ 'ਗੁਲ ਸ਼ਸਤ੍ਰ—ਇਕ ਨੰਗਿਆਂ ਹਥਿਆਰਾਂ ਦਾ; ਦੂਸਰਾ ਜਰਦੋਜ਼ੀ ਗਿਲਾਫਦਾਰ ਹਥਿਆਰਾਂ ਦਾ। ਚਾਰ 'ਜਮਦਾੜ-ਬਰਛੇ', ਪੰਜ 'ਕ੍ਰਿਪਾਨ-ਬਰਛੇ'॥ ੬॥

ਚਾਰ-ਹਜ਼ਾਰੀ ਕਉ ਤਿੰਨ 'ਗੁਲ ਸ਼ਸਤ੍ਰ'—ਇਕ ਨੰਗਿਆਂ ਹਥਿਆਰਾਂ ਦਾ; ਜਿਨ੍ਹਾਂ ਸ਼ਸਤ੍ਰਾਂ ਨੂੰ ਮਿਆਨ ਭੀ ਨ ਹੋਇ; ਅਰੁ ਦੁਇ ਗਿਲਾਫਦਾਰ। ਪੰਜ 'ਜਮਦਾੜ-ਬਰਛੇ', ਛਹਿ 'ਕ੍ਰਿਪਾਨ ਬਰਛੇ'॥ ੭॥

ਪੰਜ ਹਜ਼ਾਰੀ ਨੂੰ ਚਾਰ 'ਗੁਲ ਸ਼ਸਤ੍ਰ—ਇਕ ਨੰਗਿਆਂ ਹਥਿਆਰਾਂ ਦਾ, ਅਰੁ ਤਿੰਨ ਗਿਲਾਫਦਾਰ। ਛਿਅ ਜਮਦਾੜ-ਬਰਛੈ', ਸੱਤ 'ਕ੍ਰਿਪਾਨ-ਬਰਛੇ'। ਦੁਇ-ਹਜ਼ਾਰੀ ਤੇ ਲੈ ਕੇ ਪੰਜ-ਹਜ਼ਾਰੀ ਤੱਕ, ਜੋ ਮਰਾਤਬਾ ਹੋਵੈ; ਸੋ ਇੱਕੁ ਸੁਇਨੇ ਦਾ ਹੋਵੈ। ਭਾਵੇਂ 'ਜਮਦਾੜ-ਬਰਛਾ' ਹੋਵੈ, ਭਾਵੇਂ 'ਕ੍ਰਿਪਾਨ-ਬਰਛਾ' ਹੋਵੇ; ਭਾਵੇਂ 'ਗੁਲ ਸ਼ਸਤ੍ਰ' ਹੋਵੈ; ਇਕ ਇਕ ਮਰਾਤਬ ਸੋਇਨੇ ਦਾ ਹੋਵੈ। ਹੋਰ ਸਭ ਮੁਰਾਤਬ ਰੁੱਪੈ ਦੇ ਹੋਨ। ਜਬ ਲਗ ਹਾਥੀ ਉਪਰ ਚਲੈ, ਤਬ ਲਗ ਘੋੜਿਓਂ ਉਪਰ ਏ ਮਰਾਤਬ ਨ ਚਲੈਂ॥ ੮॥

ਅਬ ਛੇ-ਹਜ਼ਾਰੀ ਤੇ ਲੈ ਕੇ ਬਾਰਾਂ-ਹਜ਼ਾਰੀ ਤਕ ਜੋ ਮੁਰਾਤਬ ਹੈ; 'ਮਾਹੀ ਮਰਾਤਬ' ਦੇਇ। ਛੇ ਹਜਾਰੀ ਤੇ ਲੈ ਕੇ ਬਾਰਹ ਹਜਾਰੀ ਤਕ ਦੇਇ। ਹਜਾਰੀ ਪਿੱਛੇ ਇਕ 'ਮਿਹਰ ਮਰਾਤਬ' ਦਏ॥ ੯॥

ਛਿਪਾ ਤੇ ਉਪਰ ਜਿਤਨੇ ਹਜਾਰੀ ਹੋਨਿ, ਬਾਰਾ-ਹਜਾਰੀ ਤੱਕ, ਤਿਤਨੇ ਹੀ ਮਿਹਰ-ਮੁਰਾਤਬ' ਦੇਇ। ਅਰੁ 'ਜਮਦਾੜ-ਬਰਛੇ' ਅਰੁ 'ਕ੍ਰਿਪਾਨ-ਬਰਛੇ' ਜੋ ਕਿਛੁ ਪੰਜ ਹਜਾਰੀ ਕੇ ਮਨਸਬ ਬਖਸ਼ ਤੱਕ ਹੈਂ; ਸੋਈ ਉਨ੍ਹਾਂ ਕਾ ਮੁਰਾਤਬ ਹੈ॥ ੧੦॥

ਅਬ ਜਿਸ ਕੋ 'ਮਿਹਰ ਮਰਾਤਬ' ਕਹਤੇ ਹੈਂ, ਉਸ਼ ਕੀ ਜੁਗਤਿ ਸੂਰਤਿ ਕੀ : ਏਕ ਬਗੀਚਾ ਰੁੱਪੇ ਕਾ ਬਨਾਏ, ਤਖਤਿ ਰਵਾਂ ਕੀ ਮਾਨਿੰਦ। ਚਾਰ ਗਜ ਲੰਮਾਂ, ਅਢਾਈ ਗਜ ਚੌੜਾ ਹੋਵੈ।

1. ਸ਼ੇਰ।

2. ਅੱਰਬੀ-ਕੁੱਲਾਬਾ—ਕੁੰਡਾ ਗੋਲ, ਜਿਵੇਂ ਬੂਹੇ ਦੇ ਫੱਟ ਖੜ੍ਹੇ ਕਰਨ ਲਈ, ਚੂਲਾਂ ਫਸਾਉਣ ਵਾਸਤੇ ਬਣੇ ਹੁੰਦੇ ਹਨ।

www.Mahapurakh.com

ਅਰੁ ਕਿਨਾਰੇ ਅੱਧਿ ਅੱਧਿ ਗਜ ਦੇ ਹੋਣ। ਚੌਹੀਂ ਵੱਲੀਂ ਉਸਦੇ ਕਿਨਾਰਿਆਂ ਦੇ ਨਾਲ, ਚਾਰ ਗਿਰਹ ਦੇ ਤਫਾਵਤ ਨਾਲਿ, ਫੁਹਾਰੇ ਬਨਾਏ। ਪਾਨੀ ਉਨ੍ਹਾਂ ਦਾ ਵਿੱਚ ਉਸ ਬਗੀਚੇ ਦੇ ਪਵੈ। ਅਰੁ ਵਿੱਚ ਉਸ ਬਗੀਚੇ ਦੇ ਫੁੱਲ ਸੂਰਨ ਦੇ ਬਨਾਏ; ਬੂਟੇ ਹੋਨ ਰੰਗ-ਬਿਰੰਗ ਦੇ। ਫੁਵਾਰੇ ਜੋ ਛੁੱਟਨ, ਪਾਣੀ ਦੇ, ਸੁ ਹਿਕਮਤ ਨਾਲਿ ਛੁਟੈਂ। ਇਹ 'ਮਿਹਰ-ਮਰਾਤਬ' ਹੈ। ਜਬ 'ਬਲਵੰਤਕਾਰੀ' ਸਵਾਰ ਹੋਇ; ਤਬ ਆਗੈ ਚਲੈ॥ ੧੧॥

ਅਰੁ 'ਮਾਹੀ-ਮਰਾਤਬ' ਭੀ ਦੇਇ। ਸੋ ਕੈਸਾ ਦੇਇ? ਜੋ ਸਿਰ ਸਭ ਆਦਮੀ ਦੇ ਹੋਵੈਂ ਅਉਰ ਸਭ ਦੇਹ ਮੱਛੀ ਕੀ ਹੋਵੈ। ਅਜ਼ਦਹਾ[1] ਦੀ ਸੂਰਤਿ ਦੇ ਮਰਾਤਬ ਭੀ ਹੋਨ। ਨਾਲੇ ਸਿੰਘਾਂ[2] ਦੀਆਂ ਸੂਰਤਾਂ ਦੇ ਮਰਾਤਬ ਹੋਨ॥ ੧੨॥ ੧੭॥

## ਅਠਾਰ੍ਹਵਾਂ ਬਚਨ

ਅਬ ਮਰਾਤਬ ਮਹਾਂ ਕੁਮਾਰ ਕੇ, ਅਰੁ ਭਾਈਓਂ ਕੇ; ਉਨ੍ਹਾਂ ਕੋ 'ਰਾਜ-ਭ੍ਰਾਤ' ਕਹਿਨਾ ਆਇਆ ਹੈ। ਰਾਜ ਕੁਮਾਰ ਕਉ ਅੱਸੀ ਹਜ਼ਾਰੀ ਤਕ ਮਨਸਬ ਦੇਇ। ਹਜ਼ਾਰੀ ਪਿੱਛੇ ਬੀਸ ਸਵਾਰ ਦੇਇ। ਯਹਿ ਰੱਖੈ॥ ੧॥

ਅਰੁ ਜੋ ਟਿਕੈਤ[3] ਹੋਇ, ਵਹਿ ਮਾਫਕ ਦਸਤੂਰ ਬਲਵੰਤ ਕਾਰੀਓਂ ਕੇ ਸਿਉਂ ਡੇਵਢੇ ਰੱਖੈ। ਅਰੁ ਤਨਖਾਹ ਭੀ ਡੇਵਢੀ ਹੋਵੈ। ਤਾਤਪਰਜ ਇਸ ਕਾ ਯਹਿ ਹੈ, ਜੋ ਮਹਾਰਾਜੇ ਪਿੱਛੇ ਰਾਜ ਕਾ ਖਾਵੰਦ ਟਿਕੈਤ ਮਹਾਂ ਕੁਮਾਰ ਹੈ।

ਅਰੁ ਜੋ ਮਰਾਤਬ ਬਲਵੰਤ ਕਾਰੀਓਂ ਕੇ ਹੈਂ ਅੱਵਲ; ਸੋ ਉਨ ਸਿਉਂ ਡੇਵਢੇ ਹੋਵਹਿੰ, ਮਹਾਰਾਜ ਕੁਮਾਰ ਟਿਕੈਤ ਕਉ॥ ੨॥

ਅਬ ਔਰ ਜੋ ਕੁਮਾਰ ਹੈਂ, ਅਰੁ ਰਾਜ-ਭ੍ਰਾਤ ਹੈਂ, ਉਨ ਕੋ ਡੀਲ ਕੀ ਤਨਖਾਹ ਮਾਫਕ ਦਸਤੂਰ ਬਲਵੰਤ ਕਾਰੀ ਵਜ਼ੀਰ ਕੀ ਹੋਵੈ। ਸਵਾਰ ਹਜ਼ਾਰੀ ਪਿਛੈ ਬੀਸ ਹੀ ਹੋਵਹਿੰ। ਔਰ ਮਰਾਤਬ ਸਭ ਬਲਵੰਤ ਕਾਰੀਓਂ ਸੇ ਡੇਵਢਾ ਹੋਵੈ॥ ੩॥

ਅਰੁ ਅਉਰ ਰਾਜ-ਭ੍ਰਾਤ ਅਰੁ ਰਾਜ-ਕੁਮਾਰੋਂ ਤੇ ਖ਼ਬਰਦਾਰ ਰਹੈ। ਜੋ ਲੋਭ ਰਾਜ ਕੇ ਕਰਿ, ਕੋਈ ਆਪਸ ਮੈਂ ਫਸਾਦ ਨ ਕਰੈ॥ ੪॥

ਅਰੁ ਮਹਾਰਾਜ ਕੋ ਚਾਹੀਐ : ਅਪਨੇ ਰਾਜ ਕਰਨੇ ਕੀ ਨਮਿੱਤ ਕਿਸੀ, ਭ੍ਰਾਤ ਮੈ ਸਿਉਂ ਘਾਤ ਨ ਕਰੈ। ਜੋ ਜਾਨੈ ਗੁਨਹਿ ਗਾਰ ਹੈ, ਬੇ-ਹੁਕਮੀ ਕੀ ਹੈ, ਤਉ ਕੈਦ ਕਰਿ ਰੱਖੈ; ਮਾਰੈ ਨਾਹੀਂ॥ ੫॥ ੧੮॥

## ਉਨੀਸਵਾਂ ਬਚਨ

ਅਬ ਮਹਾਰਾਜਾ ਕੋ ਚਾਹੀਐ, ਅਪਨੇ ਮਰਾਤਬੇ ਸਾਥ ਸਵਾਰ ਹੋਵੈ, ਦੀਵਾਨ ਲਾਏ, ਨਿਆਉ ਕਰੈ :—ਪ੍ਰਥਮੈ ਜਹਾਂ 'ਦੀਵਾਨ ਸਰਬੰਗ' ਲਾਏ, ਤਹਾਂ ਬੈਠਨੇ ਕੀ ਜਾਗਹਿ ਐਸੀ ਬਨਾਵੈ, ਊਹਾਂ ਕਿਸੀ ਕੀ ਪਹੁੰਚ ਨ ਹੋਇ। ਅਰੁ ਉਤਨੀ ਜਾਗਹਿ ਬੈਠਨੇ ਤਖਤ ਜੜਾਊ ਕੀ ਹੋਵੈ। ਅਉਰ ਸਭ ਵਜ਼ੀਰ, ਵਕੀਲ, ਬਲਵੰਤ ਕਾਰੀ, ਰਾਜ-ਕੁਮਾਰ ਅਰੁ ਰਾਜ-ਭ੍ਰਾਤ—ਏ ਸਭ ਅਪਨੇ ਮਰਾਤਬੇ

---

1. ਸਰਾਲ੍ਹ, ਵੱਡਾ ਸੱਪ।
2. ਸ਼ੇਰਾਂ।
3. ਵੱਡਾ ਰਾਜ-ਕੁਮਾਰ, ਵਲੀ ਅੱਹਿਦ, ਉੱਤਰਾਧਿਕਾਰੀ।

www.Mahapurakh.com

ਖੜ੍ਹੇ ਹੋਵਹਿ; ਤਲੇ। ਅਰੁ ਮਹਾਰਾਜਾ ਐਸੀ ਊਚੀ ਠਉੜ ਬੈਠੇ, ਤਖਤ ਪਰ; ਜਹਾਂ ਹਾਥ ਵਜ਼ੀਰ ਕਾ ਯਾ 'ਟਿਕੈਤ ਕੁਮਾਰ' ਕਾ ਪਹੁਚੈ,—ਚੌਕੀ ਰਖਕੈ। ਅਰੁ ਮਹਾਰਾਜ ਐਸੀ ਠਉਰ ਬੈਠੇ; ਜੋ ਸਭਨੋ ਕੋ ਦ੍ਰਿਸਟਿ ਆਵੈ; ਅਰੁ ਹੁਕਮ ਸੁਣੈ॥ ੧॥

ਅਰੁ ਜਹਾਂ ਤਕ ਮਰਾਤਬ ਹੈ, ਸਭ ਆਇਸ[1] ਮੈਂ 'ਦੀਵਾਨ ਸਰਬੰਗ' ਕੇ ਰੁਜੂੰ ਹੋਵਹਿ। ਕੌਨ ਕੌਨ ਮਰਾਤਬ? ਪ੍ਰਥਮੈ 'ਮਿਹਰ ਮਰਾਤਬ' ਦੁਤੀਆ 'ਗਨੇਸ਼-ਮਰਾਤਬ'। 'ਗਨੇਸ਼ ਮਰਾਤਬ ਕਿਸਕੋ ਕਹਿਤੇ ਹੈਂ?' ਜੋ ਏਕ ਹਾਥੀ ਸਪੈਦ ਰੰਗ ਕਾ ਹੋਵੈ, ਜੋ ਅਸਲ ਹੋਵੈ, ਤਾਂ ਅਤਿ ਭਲਾ; ਨਾਹੀ ਤਾਂ ਰੰਗ ਸਪੈਦ ਕਰ ਲਏ। ਫੇਰ ਉਸਕੋ ਗਹਿਨੇ ਸਭ ਜੜਾਊ ਪਹਿਰਾਵੈ; ਅਤੇ ਸੀਂਗਾਰ ਕਰੈ। ਫੇਰ ਉਸ ਪਰ ਮੇਘ-ਅਡੰਬਰ ਰੱਖੈ। ਉਸ ਮੈ ਯਾਰਹ ਅੰਗੁਲੀਆਂ, ਭਲੇ ਮਰਦ ਕੀਆਂ ਦਾ, ਚੌੜਾ ਫਲ ਸ੍ਰੀ ਭਗਉਤੀ[2] ਦਾ ਹੋਵੈ। ਅਰੁ ਡੇਢ ਗਜ ਲੰਮੀ ਹੋਵੈ, ਅੱਛੀ ਸਿਕਲ ਕੀਤੀ ਹੋਵੈ। ਅਰੁ ਸੰਧੂਰ ਅਰੁ ਪੁਹਪ ਉਪਰ ਰੱਖੇ ਹੋਵਹਿ। ਅਰੁ ਚਾਰ ਭਗਉਤੀਆਂ ਨੰਗੀਆਂ ਚਉਹੀਂ ਵਲੀਂ ਗੁੰਮਜੀਆਂ ਉਪਰ ਨੰਗੀਆਂ ਪਚੀ ਕੀਤੀਆਂ ਹੋਵਨ। ਇਕ ਭਗਉਤੀ ਨੰਗੀ ਉਪਰਲੇ ਗੁੰਮਜ ਉਪਰ ਪਚੀ ਕੀਤੀ ਹੋਵੈ। ਅਰੁ ਏਹੁ ਮੇਘਾਡੰਬਰ ਸਾਰਾ ਸਵਰਨ ਕਾ ਜੜਾਊ ਹੋਵੈ॥ ੨॥

ਤ੍ਰਿਤੀਆ ਮਰਾਤਬ : ਏ ਸਭ ਜੋ ਪਿੱਛੇ ਕਹੇ ਹੈਂ; ਅਰੁ ਅਉਰ ਜੁ ਰਾਜ ਕੇ ਹੈਂ, ਸੋ ਹੋਹਿ॥ ੩॥

ਜਬ ਮਹਾਰਾਜਾ ਦੀਵਾਨ ਲਾਏ, ਤਾਂ ਨਗਾਰੇ ਬਾਜੈਂ, ਸ਼ਦਿਆਨੇ; ਅਰੁ ਪਾਤ੍ਰਾਂ ਨਾਚੈਂ, ਅਰੁ ਕੀਰਤਨ-ਭਗਤਿ ਹੋਵੈ। ਅਰੁ ਵਿੱਦਯਾਵਾਨ ਬੇਦ ਉਚਰੈਂ। ਜੋ ਜੋ ਮਰਾਤਬ ਰਾਜ ਕੇ ਹੈਂ; ਸੋ ਸਭ ਆਇ ਰੁਜੂੰ ਹੋਵਹਿ॥ ੪॥

ਜਬ ਦੀਵਾਨ ਰਾਜਾ ਲਾਵੈ, ਤਬ ਮਰਾਤਬ ਕੋਈ ਨ ਹੋਇ। ਜੋ ਸਹਜ ਪਾਇ ਹੋਇ, ਸੋ ਹੋਇ ਅਰੁ ਊਹਾਂ ਵਹੀਲੋਕ ਹੋਹਿ, ਜੋ ਮੁਕਰੱਰਕਰੇ ਹੈਂ। ਅਰੁ ਉਨ੍ਹੈ ਅੱਰਜ ਹੋਇ[3]; ਤਬ ਜਾਇ; ਜਬ ਹੁਕਮੁ ਹੋਇ॥ ੫॥

ਸਵਾਰ ਹੋਵਹਿ, ਸੇ ਭੀ ਮਰਾਤਬ ਦੀਵਾਨ ਕੇ, ਅਰੁ ਸਵਾਰੀ ਕੇ ਭੀ ਸਭ ਸਾਥ ਹੋਵਹਿ। ਅਰੁ ਵਜ਼ੀਰ, ਟਿਕੈਤ ਕੁਮਾਰ, ਯਹਿ ਦੋਨੋ ਸਵਾਰੀ ਕੇ ਨਜੀਕ ਸਾਥ ਹੋਵੈਂ। ਅਰੁ ਜੋ ਰਾਜ-ਕੁਮਾਰ ਅਰੁ ਰਾਜ-ਭਾਈ ਹੋਵਹਿ, ਸੋ ਆਗੇ ਪੀਛੇ ਹੋਵਹਿ॥ ੬॥

ਅਰੁ ਅਉਰ ਜੁ ਬਲਵੰਤਕਾਰੀ ਹੋਵਹਿ, ਸੋ ਅਪਨੇ ਮਰਾਤਬ ਸਿਰ ਅਪਨੀ ਅਪਨੀ ਫੌਜ ਮੈ ਆਗੇ ਪੀਛੇ, ਦਾਹਨੈ ਬਾਵੈਂ ਹੋਵਹਿ। ਅਰੁ ਗਿਰਦ 'ਕਾਮੀ' ਅਉਰ ਹੋਵਹਿ॥ ੭॥

ਅਰੁ ਮਹਾਰਾਜ ਜੁ ਸਵਾਰ ਹੋਇ, ਸੋ ਕਿਸ ਉਪਰ ਹੋਇ? ਪ੍ਰਥਮੈ ਘੋੜੇ ਸਵਰਨ ਕੇ ਊਪਰ ਹੋਇ। ਜੋ ਸੂਰਨ ਕੇ ਰੰਗ ਕਾ ਨ ਹੋਇ, ਤਾਂ ਨੀਲੇ ਸੰਜਾਬ[4] ਰੰਗ ਹੋਇ; ਉਸ ਉਪਰ ਹੋਵੈ। ਯਾ ਹਾਥੀ ਸੁਪੈਦ ਪਰ ਸਵਾਰ ਹੋਵੈ। ਜੁ ਸੁਪੈਦ ਹੱਥਿ ਨ ਲੱਗੇ, ਤਾਂ ਸੁਪੈਦ ਰੰਗ ਲਏ; ਯਾ ਤਖਤਿ-ਰਵਾਂ ਘੋੜਿਆਂ ਦੇ ਉੱਪਰ ਸਵਾਰ ਹੋਵੈ। ਪਰ ਸੁਬਹਿਤੇ ਮੈ[5]॥ ੮॥

ਅਰੁ ਲੜਾਈ-ਜੁੱਧ ਕੇ ਸਮੈ ਘੋੜੇ ਪਰ ਸਵਾਰ ਹੋਵੈ। ਜੋ ਸਿਰਦਾਰ ਹੋਵੈ, ਮਹਾਰਾਜ ਹੋਵੈ,

---

1. ਆਗਿਆ, ਹੁਕਮ।

2. ਸ੍ਰੀ ਸਾਹਿਬ, ਤਲਵਾਰ।

3. ਕੋਈ ਬੇਨਤੀ ਕਰਨੀ ਹੋਵੈ। ਪਾਠਾਂਤ੍ਰ 'ਗਰਜ' ਭੀ ਹੈ। ਯਾਂਨੀ ਜੇ ਕੋਈ ਮਤਲਬ (ਲੋੜ) ਹੋਵੈ; ਤਾਂ।

4. ਅਮਨ-ਚੈਨ (ਸੁਖ) ਦੇ ਦਿਨਾਂ ਵਿਚ।

5. ਚੂਹੇ ਤੋਂ ਵੱਡਾ ਇਕ ਜਾਨਵਰ, ਜਿਸ ਦੀ ਖੱਲ ਦੀਆਂ ਪੋਸਤੀਨਾਂ ਬਣਦੀਆਂ ਹਨ। ੨੧ ਨੰਬਰ ਪੋਥੀ 'ਚ ਪਾਠ 'ਸਬਜ ਰੰਗ' ਹੈ।

ਭਾਵੇਂ ਬਲਵੰਤਕਾਰੀ ਹੋਵੈ—ਜੋ ਸਿਰਦਾਰ ਹੋਵੈ—ਸੋ ਘੋੜੇ ਪਰ ਸਵਾਰ ਹੋਵੈ; ਸੰਗ੍ਰਾਮ ਕੇ ਸਮੈ॥ ੯॥

ਜਹਾਂ ਡੇਰਾ ਪੜੇ ਤੰਬੂਆਂ ਕਾ, ਤਹਾਂ ਗਿਰਦੇ ਦੇਵਾਰ ਉਸਾਰ ਲੇਵੈਂ। ਕੌਨ ਕੌਨ? ਪਹਿਲੇ ਤਉ ਮਹਾਰਾਜ ਕੇ ਡੇਰੇ ਕੇ ਗਿਰਦ; ਫੇਰ ਰਾਜਕੁਮਾਰ ਕੇ ਡੇਰੇ ਕੇ; ਫੇਰ ਵਜ਼ੀਰ ਕੇ ਡੇਰੇ ਕੇ ਗਿਰਦ ਹੋਵੇ॥ ੧੦॥

ਅਰੁ ਸਰੇ ਸਦੀ[1] ਪੰਜ ਬੇਲਦਾਰ ਰੱਖੇ; ਅਰੁ ਪੰਜ ਕੁਲ੍ਹਾੜਿਓਂ ਵਾਲੇ (ਤਬਰਦਾਰ) ਰੱਖੈ। ਇਸੀ ਤਰਹਿ ਮੁਆਫਕ ਹਿਸਾਬ ਕੇ ਜੋ ਬੈਠੇ; ਸੋ। ਕਿਆ-ਪੰਜ ਹਜ਼ਾਰੀ, ਕਿਆ ਇਨ ਤੇ ਜ਼ਿਆਦੈ। ਇਸੀ ਤਰਹਿ ਮਾਫਕ ਦਸਤੂਰ ਕੇ ਰੱਖੈ॥ ੧੧॥

ਅਰੁ ਗਿਰਦ ਲਸ਼ਕਰ ਕੇ ਚਾਰ ਚਉਕੀਆਂ ਮੁਕੱਰਰ ਕਰੈ। ਪਹਿਲੀ ਪੀਛੈ, ਦੂਸਰੀ ਆਗੈ, ਤੀਸਰੀ ਦਹਨੈ; ਚੌਥੀ ਬਾਏਂ। ਭਲੀ ਭਾਂਤੀ ਫੌਜਾਂ ਦੀਆਂ ਮੁਕੱਰਰ ਕਰੈ। ਫਿਰ ਅਪਨੀ ਚੌਕੀ ਮੁਕੱਰਰ ਕਰੇ। ਹੋਰ ਨਉਂ ਚੌਕੀਆਂ ਅਪਨੀਆਂ ਮੁਕੱਰਰ ਕਰੈ। ਪ੍ਰਥਮੈ ਰਾਜਕੁਮਾਰ ਕੀ, ਦੂਤੀਆ ਵਜ਼ੀਰ ਕੀ, ਤ੍ਰਿਤੀਆ ਦੀਵਾਨ ਕੀ, ਚਤੁਰਥ ਸਿਪਾਹ-ਸਾਲਾਰ ਕੀ; ਪੰਜਮੀ ਭਲੇ ਭਲੇ ਬਲਵੰਤਕਾਰੀਆਂ ਕੀ। ਬਾਕੀ ਨਵਾਂ ਦਿਹਾਂ ਦੀ ਮੁਕਰਰ ਕਰੈ॥ ੧੨॥

ਅਰੁ ਜੋ ਕੋਈ ਫ਼ਸਾਦ ਉਠੇ, ਅਰੁ ਕਿਛੁ ਹੋਵੈ ਨਾਹੀ; ਤਾਂ ਉਸ ਨੂੰ ਥੋੜ੍ਹਾ ਕਰਿ ਨ ਜਾਨੈ। ਅਗਨਿ ਅਰੁ ਬਿਖਾਧ ਕੋ ਥੋੜ੍ਹਾ ਨ ਬੂਝੈ। ਇਨ ਕੋ ਬਢਤੈ ਬਾਰ ਨਾਹੀ ਲਗਤੀ। ਚਾਹੀਐ ਉਠਤੇ ਕੋ ਦਬਾਇ ਲਏ। ਤਗਾਫਲੀ[2] ਨ ਕਰੈ। ਤਗਾਫ਼ਲੀ ਤੈ ਬਹੁਤ ਕੰਮ—ਕਿਆ ਦੁਨੀਆਂ, ਕਿਆ ਮਤਲਬ, ਕਿ ਫੇਰ ਪਛੁਤਾਵਾ ਹੋਤਾ ਹੈ। ਅਰੁ ਬਹੁਰੋ ਕਿਛੁ ਹੱਥਿ ਆਵਤਾ ਨਾਹੀ। ਤਿਸ ਤੇ ਫੁਰਮਾਇਆ ਹੈ; ਜੋ ਕੰਮ ਹੋਵੈ—ਕਿਆ ਦੁਨੀਆ ਦਾ, ਕਿਆ ਦੀਨ ਦਾ, ਅਗੇ ਹੀ ਸਿਉਂ ਚੇਤੇ; ਅਰੁ ਪੂਰਾ ਕਰੈ। ਜੋ ਕੋਈ ਇਸ ਅੱਖਰ ਨੂੰ ਬੂਝ ਕੈ; ਮਨ ਨਾਲਿ ਰਖੈਗਾ, ਅਰੁ ਕਮਾਵੈਗਾ, ਸੋ ਅੰਤ ਨੂੰ ਬਹੁਤ ਸੁਖਾਲਾ ਹੋਵੈਗਾ। ੧੩॥ ੧੯॥

## ਬੀਸਮਾ ਬਚਨ

ਅਬ ਮਹਾਰਾਜੇ ਕੋ ਚਾਹੀਐ—ਕਿ ਅਉਰ ਕੋਈ ਹੋਵੈ, ਜਿਸ ਕਿਸੀ ਕੋ ਸ੍ਰੀ ਅਕਾਲ ਪੁਰਖ ਨੈ ਮਾਇਆ ਅਰੁ ਹੁਕਮ ਕਰਨੇ ਕੀ ਮੇਹਰ ਕੀਤੀ ਹੋਵੈ, ਉਸ ਕੋ ਚਾਹੀਐ—ਜੋ ਗ੍ਰਿਹਸਤ-ਇਸਤ੍ਰੀ ਰਖਨੇ—ਮੈ ਇਹ ਬੀਚਾਰ ਕਰੈ :—ਇਸਤ੍ਰੀ ਬਿਆਹਤਾ ਸੇ ਸਿਵਾਇ, ਅਉਰ ਇਸਤ੍ਰੀ ਨ ਕਰੈ। ਨ ਸੰਗੁ ਕਰੈ॥ ੧॥

ਅਰੁ ਏਕ ਹੀ ਇਸਤ੍ਰੀ ਕਰੈ। ਅਥਵਾ ਜੋ ਜਾਨੈ ਮੇਰੀ ਤਬੀਅਤ ਮਾਫਕ ਨਾਹੀਂ। ਤਉ ਜ਼ਰੂਰ ਜਾਨ ਕੈ ਅਪਨੇ ਬਰਾਬਰ ਕੇ, ਅਉਰ ਸੰਜੋਗ ਕਰੈ। ਅਕੈ ਔਲਾਦ ਪੁੱਤ੍ਰ ਕਰਿ ਨ ਹੋਤੀ ਹੋਵੈ, ਤਬ ਸੰਜੋਗ ਕਰੈ। ਸੱਤ ਇਸਤ੍ਰੀਆਂ ਤੱਕ, ਅਪਨੇ ਬਰਾਬਰ ਕੇ ਸੰਜੋਗ ਕਰੈ; ਔਲਾਦ ਕੇ ਵਾਸਤੇ। ਅਰੁ ਜੋ ਨ ਕਰੈ; ਪਹਿਲੀ ਇਸਤ੍ਰੀ ਹੀ ਰਖੈ, ਤਉ ਇਹਿ ਜਤੀ ਹੈ,[3] ਅਰੁ ਇਸ ਕੇ ਬੋਲ ਤੋਲ ਮੈ ਬਰਕਤ ਹੋਇ। ਏਕ ਇਸਤ੍ਰੀ ਪਰ ਸੰਤੋਖ ਕਰਨਾ, ਬਡੇ ਪੁਰਖੁ ਕਾ ਕਾਮ ਹੈ। ਜੋ ਲਾਇਕ ਅਰੁ ਅਪਨੇ ਹੁਕਮ ਮੈ ਹੋਵੈ, ਤਉ ਅਉਰ—ਕਾਮ ਕੇ ਨਮਿਤ ਕਰਿ—ਸੰਜੋਗ ਨ ਕਰੈ। ਅੰਤ ਔਖਾ ਹੋਸੀ, ਪਛੁਤਾਵਾ ਕਰਸੀ॥ ੨॥

---

1. ਸੋ ਪਿਛੇ ਪੰਜ ਦੇ ਹਿਸਾਬ, ਅਰਥਾਤ ਸੌ ਸਿਪਾਹੀਆਂ ਦਾ ਅਫ਼ਸਰ, ਪੰਜ ਬੇਲਦਾਰ ਤੇ ਪੰਜ ਤਬਰਦਾਰ ਰੱਖੈ।
2. ਅਨਗਹਿਲੀ: ਗ਼ਫ਼ਲਾਈ।
3. 'ਏਕਾ ਨਾਰੀ ਸਦਾ ਜਤੀ...।' ਗੁਰਮਤਿ ਦਾ ਅਟੱਲ ਸਿਧਾਂਤ ਹੈ।

ਇਸਤ੍ਰੀ ਹੋਤੇ, ਦਾਸੀ ਕਾ ਸੰਗੁ ਨ ਕਰੈ। ਦਾਸੀ ਕਾ ਸੰਗ ਤਬ ਕਰੈ, ਜੋ ਜਾਨੈ ਇਸਤ੍ਰੀ ਨਾਹੀ ਆਪਨੈ ਪਾਸ; ਅਰੁ ਕਾਮ ਕੇ ਜ਼ੋਰ ਤੈ ਰਹਿ ਨਾਹੀ ਸਕਤਾ। ਤਬ ਜਿਉਂ ਊਪਰ ਬਿਧਿ ਕਹੀ ਹੈ, ਤਿਉਂ ਕਰਕੈ ਅੰਗੀਕਾਰ ਕਰੈ। ਜੇ ਗੁਰੂ ਰੱਖੈ, ਤ ਇਸ ਤੇ ਭਲਾ ਅਉਰ ਨਾਹੀਂ। ਯਹਿ ਮੈਲੀ ਬਾਤ ਹੈ, ਪਰ ਹਰਾਮ ਤੇ ਭਲਾ ਹੈ, ਪਰਇਸਤ੍ਰੀ ਕੇ ਸੰਗ ਤੇ ਭਲਾ ਹੈ॥ ੩॥

ਅਰੁ ਜੋ ਮਹਾਰਾਜਾ ਕੇ ਅੰਦਰ ਮਹਲ ਮੈ ਦਾਸੀਆਂ ਅਰੁ ਸਹੇਲੀਆਂ ਹੋਵਨ, ਤਿਨ ਕਉ ਇਸ ਬਿਧਿ ਰੱਖੈ : ਉਨ ਕੋ ਸੰਜੋਗ ਅਪਨੇ ਮੈ ਰੱਖੈ। ਬਿਨਾਂ ਭਰਤੇ ਇਸਤ੍ਰੀ ਰਖਨੀ ਜਨਾਨੇ ਮੈ ਬਹੁਤ ਐਬ ਹੈ। ਉਸ ਕੋ ਦੇਖਨਾ ਮਨਾਂ ਹੈ। ਬਿਨਾਂ ਭਰਤੇ। ਸੋਈ ਇਸਤ੍ਰੀ ਰਖੈ ਜਨਾਨੇ ਮੈ, ਜੋ ਅਪਨੇ ਜਤ ਸਤ ਮੈ ਹੋਵੈ। ਅਉਰ ਨ ਰੱਖੈ, ਬਿਨ ਭਰਤੇ ਕੀ॥ ੪॥

ਅਮਰ ਹੈ ਰਾਜੇ ਕੋ, ਜੋ ਬੇਸਵਾ ਬਿਨਾ ਅਉਰ ਇਸਤ੍ਰੀ ਪਰ-ਮਰਦ ਪਾਸ ਨ ਜਾਏ। ਕੁਆਰੀ ਕੋਈ ਇਸਤ੍ਰੀ ਅਰੁ ਮਰਦ ਨ ਰਹੈ। ਬਿਨਾ ਭਰਤਾ ਇਸਤ੍ਰੀ ਕਾ ਜਾਮਾ ਨਰਕ ਹੈ। ਸੋਈ ਇਸਤ੍ਰੀ ਬਿਨਾ ਭਰਤੇ ਰਹੈ-ਕਿਆ ਬਿਧਵਾ, ਕਿਆ ਕੁਆਰੀ; ਜਿਸਕੋ ਅਪਨਾ ਜਤ ਸਤ ਮਿੱਠਾ ਲੱਗੇ, ਅਪਨੀ ਹੁੱਬ ਸੋਂ ਰਹੈ। ਰਾਜ ਮੈ ਤਾਕੀਦ ਕਰੇ॥ ੫॥

ਅਰੁ ਏਕ ਅਉਰ ਤਾਕੀਦ ਕਰੈ, ਅਪਨੈ ਰਾਜ ਮੈਂ: ਜੋ ਕੋਈ ਕਸਬੀ ਹੋਵੈ, ਸੋ ਅਪਨਾ ਕਸਬ ਛੱਡ ਕੈ, ਅਉਰ ਕਸਬ ਨ ਕਰੈ, ਨ ਕੋਈ ਸਿਖਲਾਵੈ। ਇਸ ਬਾਤ ਕੀ ਬਹੁਤ ਤਾਕੀਦ ਕਰੈ, ਕਿ ਕੋਈ ਬੇ-ਕਸਬ ਨ ਕਰੈ; ਅਰੁ ਨਾਉਂ ਉਸ ਕਸਬੀ ਕਾ, ਅਰੁ ਜਾਤਿ ਉਸ ਕਸਬੀ ਕੀ—ਜੋ ਜਾਤਿ ਅਸਲ ਹੋਵੈ, ਅਰੁ ਨਾਮੁ ਹੋਵੈ—ਸੋਈ ਸੱਦੇ, ਕਸਬ ਕਾ ਨਾਮ ਜਾਤਿ ਨ ਸੱਦੈ॥ ੬॥

ਰਾਜਾ ਕਉ ਚਾਹੀਐ, ਜੋ ਬਿਨਾ ਕਿਰਤ-ਰੁਜ਼ਗਾਰ ਕੋਈ ਪ੍ਰਾਨੀ ਨ ਰਹੈ। ਖ਼ਬਰ ਪ੍ਰਜਾ ਕੀ ਲੇਤਾ ਰਹੈ, ਜੀਉ ਜੀਉ ਕੀ। ਕਿਉਂ ਜੋ ਰਾਜੇ ਕਉ ਇਸੀ ਬਾਤ ਕੋ ਸਿਰਜਿਆ ਹੈ : ਜੁ ਬੰਦੋਬਸਤ ਪ੍ਰਜਾ ਕਾ ਭਲੀ ਭਾਂਤਿ ਰਹੈ। ਪ੍ਰਜਾ ਸੁਖੀ ਰਹੈ[1]॥ ੭॥ ੨੦॥

## ਇੱਕੀਸਵਾਂ ਬਚਨ

ਅਬ ਜੋ ਜ਼ਨਾਨਾ ਮਹਲ ਰਾਜੇ ਕਾ ਹੋਵੈ, ਸੋ ਉਸ ਕੋ 'ਮਹਾਂਰਾਣੀ ਰਾਜੇਸ਼ਰੀ' ਕਹੈ। ਅਰੁ ਜੋ ਰਾਜ ਕੁਮਾਰ ਕਾ ਮਹਲ ਹੋਵੈ, ਉਸ ਕੋ 'ਕੁਮਾਰ-ਰਾਨੀ' ਕਹੈ। ਅਰੁ ਰਾਜ-ਭ੍ਰਾਤ ਕੇ ਮਹਲ ਕੋ 'ਭ੍ਰਾਤ ਰਾਨੀ' ਕਹੈ। ਵਜ਼ੀਰ ਅਰੁ ਬਲਵੰਤ ਕਾਰੀਉਂ ਕੇ ਮਹਿਲੋਂ ਕੋ 'ਸਿੰਘ-ਮਹਲ' ਕਹੈ। ਅਰੁ ਮਾਤਾ ਮਹਾਰਾਜੇ—ਕੀ ਕੋ, 'ਰਾਜ ਮਾਤਾ ਮਹਾਰਾਨੀ' ਕਹੈ॥ ੧॥

ਅਬ ਸਵਾਰੀ ਜੋ ਇਸਤ੍ਰੀ ਕੇ ਜਾਮੇ ਕੋ ਕਹੀ ਹੈ:—ਇਸਤ੍ਰੀ ਕੋ ਊਂਟ ਕੀ ਸਵਾਰੀ ਕਚਾਵੇ ਕੀ। ਦੂਸਰੇ ਖੱਚਰ ਕੇ ਕਚਾਵੈ ਕੀ। ਪਰ ਜੋ ਖੱਚਰ ਨ ਹੋਵੈ, ਤਉ ਘੋੜੇ ਅਸੀਲ ਪਰ ਕਚਾਵਾ ਡਾਲ ਕੈ ਕਰੈ। ਨਹੀਂ ਤੋ ਚੰਡੋਲ, ਪਾਲਕੀ, ਡੋਲੀ, ਬਹਿਲ, ਰਥ ਕੀ ਸਵਾਰੀ ਕਰਾਵੈ। ਪਰ ਉੱਤਮ ਜੁ ਹੈ, ਸੋ ਊਂਟ ਹੈ, ਹਾਥੀ ਹੈ, ਤਿਸ ਤੇ (ਉਤਰ ਕੇ) ਖਚਰ, ਘੋੜਾ ਅਰੁ ਚੰਡੋਲ, ਪਾਲਕੀ। ਹਾਥੀ ਰਾਜਸੀ ਸਵਾਰੀ ਹੈ। ੨॥

ਖੋਜੇ ਜੋ ਰੱਖੈ, ਸੋ ਬਡੀ ਸੁਬਹਿ ਅਪਨੇ ਨਜੀਕ ਆਵਨੇ ਨ ਦੇਇ। ਮੁਹਿ ਇਨ ਕਾ ਸੁਬਹਿ ਕੇ ਵੇਲੇ ਨ ਦੇਖੈ। ਜਬ ਪੰਜ ਘੜੀਆਂ ਦਿਨੁ ਆਵੈ, ਤਾਂ ਹਾਜ਼ਰ ਹੋਵਹਿਂ॥ ੩॥

---

1. ਇਹ ਹੈ ਸਹੀ ਸਾਂਝੀਵਾਲਤਾ (ਕਮਿਊਨਿਜ਼ਮ) ਦਾ ਮੁੱਢਲਾ ਅਸੂਲ : ਹਰ ਕੋਈ ਕੰਮ ਕਰੇ; ਤੇ ਸਰਕਾਰ ਹਰ ਕਿਸੇ ਲਈ, ਲੋੜੀਂਦੀ ਕਿਰਤ ਪੈਦਾ ਕਰੇ। ਅਤੇ ਰੋਜ਼ੀ ਕਮਾਉਣ ਦੇ ਸਾਧਨ ਮੁਹੱਯਾ ਕਰੇ। ਸੱਚੀ ਧਰਮਸਾਲ, ਦਸਵੰਧ, ਲੰਗਰੁ ਤੇ ਵੰਡਿ ਛਕਣਾ; ਸਤਿਗੁਰੁ ਨਾਨਕ ਦੀ ਸਾਂਝੀਵਾਲਤਾ ਦੇ ਪੱਕੇ ਸੁਨਹਿਰੀ ਸਿਧਾਂਤ ਹਨ।

www.Mahapurakh.com

ਮਹਾਰਾਜੇ ਕੋ ਚਾਹੀਐ ਪ੍ਰਜਾ—ਕਉ, ਸਭ ਕੋ—ਕਿਆ ਰਾਜ-ਕੁਮਾਰ, ਕਿਆ ਰਾਜਭ੍ਰਾਤ, ਕਿਆ ਵਜ਼ੀਰ, ਕਿਆ ਬਲਵੰਤਕਾਰੀ, ਛੋਟੇ ਚਾਕਰ, ਕਿਆ ਰਯੀਅਤ, ਕਿਆ ਹੋਰ ਕੋਈ ਹੋਵੈ, ਸਭਨੇ ਕੋ—ਅਪਨੇ ਅੰਦਾਜ਼ੇ ਮਰਾਤਬ ਉਪਰ ਰੱਖੈ। ਅੰਦਾਜ਼ੇ ਤੇ ਬਾਹਰ ਨਿਕਲਨੇ ਨ ਦੇਇ। ਅਰੁ ਸੁਖੀ ਰਖੈ॥ ੪॥ ੨੧॥

ਇਤਿ ਸ੍ਰੀ ਪਰਮ ਮਾਰਗ ਗ੍ਰੰਥ 'ਧਿਆਇ ਅਸਟਮ'
ਰਾਜ ਲਛਣ ਨਾਮ ਸਮਾਪਤੰ ਸੁਭਮਸਤ॥ ੮॥
ਸ੍ਰੀ ਸਰਬ ਲੋਹ ਕੀ ਰੱਛਿਆ,
ਅਕਾਲ ਜੀ ਕੀ ਰੱਛਿਆ,
ਮੁਝ ਕੋ!!

---

ੴ ਸਤਿਗੁਰੁ ਜੀ॥

# ਧਿਆਇ ਨਉਵਾਂ

# ਨਿਆਉਂ ਕਰਨ ਸ੍ਰੀ ਸਰਬ ਬਿਸਵ ਨਾਬ ਪੂਜਾ ਕੇ ਨਮਿੱਤ

## ਪ੍ਰਥਮ ਬਚਨ

ਅਬ ਇਸ ਪ੍ਰਾਨੀ ਕਉ ਚਾਹੀਐ; ਜੋ ਪ੍ਰਥਮੈ ਬਡੇ ਪ੍ਰਾਤਹਿ ਕਾਲ ਉਠੈ। ਉਠ ਕੈ ਅਪਨੇ ਪ੍ਰਣ ਸਿਉਂ ਜਿਯੋਂ ਹੁਕਮ ਹੈ—ਫ਼ਾਰਗ ਹੋਇ ਕੈ ਅਪਨੇ ਮਾਤਾ-ਪਿਤਾ ਕੇ ਆਗੈ ਜਾਇਕੈ; ਕਿਛੁ ਪ੍ਰਸਾਦ ਰੱਖਕੈ ਪੈਰਾਂ ਉੱਪਰ, ਫੇਰ ਪੈਰ ਜੋੜਕੇ, ਹੱਥਾਂ ਨਾਲ ਸਲਾਮ (ਪ੍ਰਣਾਮ) ਕਰੈ; ਪੰਜ ਵਾਰੀ ਅਦਬ ਨਾਲਿ॥ ੧॥

ਫੇਰ ਵੱਡੇ ਭਾਈ ਅਰੁ ਤਾਏ ਚਾਚੇ ਅੱਗੇ ਜਾਇ ਕੈ ਸਲਾਮ ਕਰੈ, ਅਦਬ ਨਾਲ। ਬਡੋਂ ਕਾ ਕਰਮ ਨ ਬਿਚਾਰੇ, ਜਿਸਕੈ ਆਗੈ ਹੱਥ ਜੋੜ ਕਰਿ ਸਲਾਮ ਕਰਨਾ ਆਇਆ ਹੈ; ਉਨਕੇ ਕਰਮ ਬਿਚਾਰਨਾ ਬਹੁਤ ਬੁਰਾ ਹੈ। ਯੇ ਪੂਜਿ ਹੈਂ। ਫੇਰ ਗੁਰੂ[1] ਕੇ ਪਾਸ ਜਾਏ, ਪ੍ਰਸਾਦੁ ਕਿਛੁ ਭੇਟ ਆਗੈ ਰੱਖ ਕੈ, ਮੱਥਾ ਟੇਕੈ; ਸਲਾਮ ਕਰੈ। ਉਹਾਂ ਸਿਉਂ—ਗੁਰਦੇਵ ਜੀ ਪਾਸ ਤੇ—ਖੁਸ਼ੀ ਲੈ ਕੇ ਦੁਨੀਆਂ ਕਿਆਂ ਕੰਮਾਂ ਮੈ ਲੱਗੈ। ਦੀਨ ਕੇ ਕੰਮ ਕਰੈ, ਸਫ਼ਲ ਹੋਵਹਿੰ॥ ੨॥

## ਦੁਤੀਆ ਬਚਨ

ਅਬ ਇਸ ਪ੍ਰਾਨੀ ਕਉ ਚਾਹੀਐ, ਜੋ ਕਿਛੁ ਅਪਨੀ ਕ੍ਰਿਤ ਤੈ ਇਸਨੂੰ ਪ੍ਰਾਪਤਿ ਹੋਵੈ, ਉਸ ਮੈ ਵੰਡ ਕਰੈ। ਪ੍ਰਥਮੈ ਜੁ ਕਿਛੁ ਗੁਰੂ ਕਰਾਏ, ਸੋ ਅੰਸ ਗੁਰੂ ਦੇਵ ਕਾ ਨਿਕਾਲੇ।[2] ਫੇਰ ਬਾਕੀ ਮੈ ਸਿਉਂ ਜੋ ਜਾਨੈ ਪੰਜ ਰੁਪਯੈ ਬਾਕੀ ਹੈਨ; ਉਸ ਮੈ ਸਿਉਂ ਇਕ ਰੁਪਯਾ ਮਾਤਾ-ਪਿਤਾ ਕੇ ਆਗੈ ਰੱਖੈ; ਇਕ ਰੁਪਯਾ ਇਸਤ੍ਰੀ ਨੂੰ ਦੇਇ; ਇਕ ਰੁਪਯਾ ਨੇਕ-ਬਦ ਦੇ ਦਿਨ ਨੂੰ ਰੱਖੈ। ਅੱਧਾ ਰੁਪਯਾ ਕੱਪੜਿਆਂ ਨੂੰ ਰੱਖੈ; ਪਾਉ ਰੁਪਯਾ[3] ਖੁਸਬੋਈ ਨੂੰ ਰੱਖੈ; ਪਾਉ ਰੁਪਯਾ ਮੇਵੇ, ਤਰਕਾਰੀ, ਦੁੱਧ ਨੂੰ ਰੱਖੈ; ਪਾਉ ਰੁਪਯਾ ਨਿਮਿਤ ਅਰਥੀ ਦੇ ਅਰੁ ਪ੍ਰਸਾਦੁ ਦੇ ਰੱਖੈ। ਬਾਕੀ ਖੁਰਾਕ ਨੂ ਰੱਖੈ! ਇਹ ਅੰਸੁ ਮਾਫਕ ਅਪਨੀ ਪ੍ਰਾਲਬਧ ਮੈ ਸਿਉਂ ਕਰੈ। ਬਹੁਤ ਸੁਖਾਲਾ ਰਹੈ। ੧।

ਅਰੁ ਜੋ ਕਦਾਂਚ ਕਿਸੀ ਕਾ ਰਿਣੁ ਦੇਣਾ ਹੋਵੈ, ਤਾਂ ਗੁਰਦੇਵ ਜੀ ਕਾ ਅੰਸੁ ਨਿਕਾਲ ਕੈ, ਬਾਕੀ ਮੈ ਸਿਉਂ ਅੱਧਾ ਰਿਣ ਵਾਲੇ ਨੂੰ ਦੇਵੈ। ਜਬ ਲਗ ਰਿਣ ਸਿਉਂ ਸੁਰਖਰੂ ਨ ਹੋਇ, ਤਬ ਲਗ ਖੁਸਬੋਈ ਲਾਇ ਬਸਤ੍ਰ ਨ ਪਹਿਨੈ।[4] ਦੁਧ ਨ ਪੀਵੈ; ਘੀਉ ਜੁ ਖਾਵੈ, ਏਕ ਪੈਸਾ ਭਰ ਖਾਏ।

---

1. ਏਥੇ 'ਗੁਰੂ' ਤੋਂ ਭਾਵ ਉਸਤਾਦ (ਕਿਸੇ ਤਰ੍ਹਾਂ ਦੀ ਵਿੱਦਿਆ ਸਿਖਾਣ ਵਾਲਾ) ਪ੍ਰਤੀਤਿ ਹੁੰਦਾ ਇ। ਯਾ ਦੇਹਧਾਰੀ ਗੁਰੂ ਮੰਨ ਵਾਲੀਆਂ ਸੰਪ੍ਰਦਾਵਾਂ ਵਿਚ ਜਿਸ ਗੁਰਮੁਖਿ-ਸਿੱਖ ਪਾਸੋਂ ਕਿਸੇ 'ਗੁਰਮੰਤ੍ਰ' ਤੇ 'ਸਿਖਯਾ-ਦੀਖਯਾ' ਲਈ ਹੋਵੇ, ਉਹ 'ਗੁਰੂ'।

2. 'ਗੁਰੂ-ਅੰਸੁ' ਬਾਰੇ, ਪਿੱਛੇ ਪੜ੍ਹੋ—ਅਧਿਆਇ ੬, ਬਚਨ ੧-੯

3. ਰੁਪਯੇ ਦਾ ਚੌਥਾ ਹਿੱਸਾ—ਪਉਲੀ, ਚਾਰ ਆਨੇ।

4. ਬਸਤਰਾਂ ਨੂੰ ਸੁਗੰਧ ਲਾ ਕੇ ਨਾ ਪਹਿਨੇ।

ਮਾਸ ਨ ਖਾਇ; ਅਮਲ ਨ ਖਾਇ। ਜਬ ਲਗ ਰਿਣ ਤੇ ਸੁਰਖਰੂ ਨ ਹੋਇ, ਇਨ ਬਸਤੌਂ ਕਾ ਅੰਗੀਕਾਰ ਅਪਨੇ ਮਨ ਬਾਹਮ ਨ ਕਰੈ।[1] ਜੋ ਕਦਾਂਚ ਸਬਬ ਪਾਇ ਸਹਿਜ ਸਿਉਂ ਕੋਈ ਅੰਗੀਕਾਰ ਕਰਾਵੇ, ਤਾਂ ਐਬ[2] ਨ ਕਰੈ। ਇਸ ਮੇ ਕਿਛੁ ਐਬ ਨਾਹੀ॥ ੨॥

ਬਾਕੀ ਜੋ ਅੱਧਾ ਰਹੈ, ਉਸ ਮੈ ਸਿਉਂ ਉਸੀ ਮਾਫਕ ਅੰਸ ਕਰੈ—ਮਾਤਾ-ਪਿਤਾ, ਇਸਤ੍ਰੀ ਕਾ ਕਰੈ, ਅਉਰ ਨ ਕਰੈ। ਜੋ ਅਪਨੀ ਹੁੱਬ ਸਿਉਂ ਕਰੈ, ਤਉ ਕਰੈ; ਜਬ ਲਗ ਰਿਣ ਸਿਉਂ ਸੁਰਖਰੂ ਨ ਹੋਇ। ੩॥

ਜਬ ਜਾਨੈ ਕਿ ਮੈ ਕਿਸੀ ਕਾ ਕਰਜ਼ਾ ਨਹੀਂ ਦੇਣਾ, ਤਬ ਉਸ ਜੁਗਤਿ ਸਿਉਂ; ਜੋ ਉਪਰ ਕਹੀ ਹੈ, ਤਯੋਂ ਅੰਸ ਕਰੈ। ੪॥ ੧੨

## ਤ੍ਰਿਤੀਆ ਬਚਨ

ਅਰੁ ਜੋ ਕੋਈ ਪ੍ਰਾਨੀ ਚਲੈ—ਦੇਹ ਛੋਡੈ—ਅਰੁ ਅਲਾਦ ਨ ਹੋਇ, ਦੋਹਤ੍ਰੇ ਨ ਹੋਵਹਿੰ, ਤਿਸ ਕੇ ਮਾਲ ਕੀ ਬਿਧਿ :—ਜੋ ਜਾਨੈ ਕਿਸੀ ਕਾ ਰਿਣੁ ਦੇਣਾ ਹੈ, ਉਸ ਮਾਲ ਮੈ ਸਿਉਂ ਪਹਿਲੈ ਰਿਣ ਵਾਲੇ ਕੋ ਫਾਰਗ ਕਰੈਃ ਭਾਵੈਂ ਨਕਦ ਹੋਵੈ, ਭਾਵੈਂ ਜਿਨਸ ਹੋਵੈ, ਮਿਲਕ ਹੋਵੈ। ਜੋ ਨਕਦ ਹੋਵੈ ਤਾਂ ਅਤਿ ਭਲਾ-ਉਸ ਮੈ ਸਿਉਂ ਦੇਵੈ। ਜੋ ਨਕਦ ਨ ਹੋਇ; ਤਾਂ ਜਿਨਸ, ਮਿਲਕ ਵੇਚਕੈ ਦੇਇ।॥ ਬਾਕੀ ਜੋ ਹੋਵੈ, ਸੋ ਰਾਜਾ ਲਏ। ਲੈ ਕੇ ਖਜ਼ਾਨੇ ਅਰਥ-ਦਾਨ ਕੇ ਮੈ ਦਾਖਲ ਕਰੈ॥ ੧॥

ਅਰੁ ਜੇ ਦੋਹਤ੍ਰਾ ਹੋਵੈ, ਤਾਂ ਜੋ ਕਿਛੁ ਰਿਣ ਦੇਨੇ ਤੇ ਬਾਕੀ ਰਹੈ, ਸੁ ਉਸ ਕਉ ਪਹੁੰਚਤਾ ਹੈ॥੨॥

ਅਰੁ ਜੋ ਬੇਟੀ ਹੀ ਹੋਵੈ; ਤਾਂ ਉਸਕੋ ਪਹੁੰਚੇ॥ ੩॥

ਅਰੁ ਜੋ ਜਵਾਈ ਹੋਇ; ਅਰੁ ਬੇਟੀ ਮੁਈ ਹੋਇ;ਅਰੁ ਅਪਨੇ ਜੀਵਤੇ ਸਹੁਰਾ ਯਾ ਸਾਸ ਕਿਛੁ ਜਿਮੀ ਯਾ ਘਰ ਯਾ ਪੈਸੇ ਦੇਇ; ਅਰੁ ਫੇਰ ਉਹ ਮਰ ਜਾਹਿੰ ਦੋਨੋ, ਨਾਲੇ ਬੇਟੀ ਮਰ ਜਾਇ; ਤਉ ਵਹੁ ਮਾਲ ਕੋਈ ਨ ਲੇਇ, ਉਸ ਕੋ ਪਹੁਚਤਾ ਹੈ। ਅਰੁ ਜੋ ਜੀਵਤੇ ਨ ਦੀਆਂ ਹੋਇ, ਅਰੁ ਬੇਟੀ ਭੀ ਮਰ ਗਈ ਹੋਇ, ਤਬ ਉਸ ਜਵਾਈ ਕੋ ਕੁਛ ਨ ਪਹੁੰਚੈ॥ ੪॥

ਔਰ ਔਲਾਦ ਕਿਛੁ ਨ ਹੋਇ, ਇਕ ਬੇਦੀ ਹੀ ਹੋਇ; ਅਰੁ ਜੀਵਤੀ ਹੋਇ; ਤਬ ਉਸ ਕੇ ਪਹੁੰਚੈ; ਸਭ ਕਿਛੁ। ਮਾਲ ਕੀ ਖਾਵੰਦ ਹੈ। ੫।

ਜੋ ਕਿਛੁ ਦੋਹਤ੍ਰੇ ਕੋ ਪਹੁੰਚਤਾ ਹੈ, ਸੋ ਦੋਹਤ੍ਰੀ ਕੋ ਭੀ ਪਹੁੰਚਤਾ ਹੈ॥੬॥

ਅਰੁ ਨਾ ਕੋਈ ਬੇਟਾ ਬੇਟੀ, ਦੋਹਤ੍ਰਾ, ਦੋਹਤ੍ਰੀ, ਪੋਤ੍ਰੀ, ਪੜੋਤਾ, ਪੜੋਤੀ, ਨੱਤਾ[3], ਨੱਤੀ[4] ਕੋਈ ਆਲ-ਔਲਾਦ ਮੈ ਨ ਰਹੈ, ਤਬ ਭਾਈ ਸਕੇ ਕੋ ਪਹੁਚੈ, ਭਤੀਜੇ ਕੋ ਪਹੁੰਚੈ, ਭਾਈ ਬੇਟੀ[5] ਕੋ ਪਹੁੰਚੈ; ਭਾਈ ਕੇ ਪੋਤ੍ਰੇ, ਪੋਤ੍ਰੀ, ਦੋਹਤ੍ਰੇ, ਦੋਹਤ੍ਰੀ ਕੋ ਪਹੁੰਚੈ॥ ੭॥

ਜਬ ਭਾਈ ਅਰੁ ਭਾਈ ਕੀ ਔਲਾਦ ਨ ਹੋਇ। ਤਬ ਭਾਈ ਕੇ ਦੋਹਤ੍ਰੇ ਦੋਹਤ੍ਰੀ ਕੋ ਪਹੁੰਚੈ॥੮॥

ਅਰੁ ਜਯੋਂ ਭਾਈ ਕੋ ਪਹੁੰਚਤਾ ਹੈ, ਤਯੋਂ ਬਹਨ ਕੋ ਭੀ ਪਹੁੰਚਤਾ ਹੈ। ਭਾਨਜੇ ਭਾਨਜੀ

---

1. ਮਨੋਂ, ਦਿਲੋਂ ਲਾ ਕੇ ਨਾ ਕਰੇ।
2. ਬੁਰਾ ਨਾ ਸਮਝੇ, ਭਾਵ ਵਰਤ ਲਵੇ।
3. ਸਾਧਾਰਨ ਅਰਥਾਂ ਵਿਚ 'ਪੋਤ੍ਰਾ', ਪਰ ਏਥੇ ਭਾਵ ਪੜੋਤੇ ਦਾ ਪੁੱਤਰ ਹੈ।
4. ਪੜੋਤੇ ਦੀ ਧੀ।
5. ਭਤ੍ਰੀਜੀ, ਭਤੀਜੀ।

www.Mahapurakh.com

ਕੋ ਭੀ ਪਹੁੰਚੈ, ਭਾਈ ਤੇ ਤੀਸਰਾ ਹਿੱਸਾ। ਸੋਈ ਭਾਨਜੇ ਭਾਨਜੀ ਕੋ ਪਹੁੰਚੈ।

ਅਰੁ ਚਾਚਾ ਯਾ ਤਾਯਾ ਯਾ ਚਾਚੇ ਕਾ ਬੇਟਾ ਹੋਵੈ, ਅਰੁ ਅਉਰ ਮਰ ਗਯਾ ਹੋਵੈ, ਉਨ ਕੇ ਕੋਈ ਆਲ-ਔਲਾਦ ਮੈ ਸਿਉਂ ਨ ਹੋਵੈ, ਤਾਂ ਭਤੀਜੇ ਭਤੀਜੀ, ਅਰੁ ਚਾਚਰੇ (ਚਚੇਰੇ) ਤਾਇਰੇ ਭਾਈ ਕੋ ਪਹੁੰਚੈ।੧॥

ਜਬ ਲਗ ਇਨ ਵਾਰਸੋਂ ਮੈ ਸਿਉਂ ਹੋਵੈ, ਤਬ ਲਗ ਰਾਜਾ ਨ ਲੇਵੈ। ਪਰ ਰਿਣਦਾਰ ਕੋਂ ਦਿਲਵਾਇ ਕੈ, ਇਨ ਵਾਰਸੋਂ ਕੋ ਦਿਲਾਵੈ। ਕਿਸ ਵਾਸਤੇ? ਜੋ ਅੰਤਕਾਲਿ ਰਿਣ ਹੱਤਿਆ ਹੈ, (ਉਸ ਤੇ) ਉਸ ਪ੍ਰਾਨੀ ਕੀ ਖਲਾਸੀ ਹੋਤੀ ਹੈ॥੧੧॥੩॥

## ਚਤੁਰਥ ਬਚਨ

ਅਬ ਇਨ ਵਾਰਸੋਂ ਕਉ ਕਿਯੋਂ ਕਰਿ ਪਹੁੰਚੈ; ਜਿਸ ਕੀ ਔਲਾਦ ਨ ਹੋਵੈ? ਜਬ ਲਗ ਪੁੱਤ੍ਰ ਪੋਤ੍ਰਾ ਪੜੋਤ੍ਰਾ ਨੱਤਾ ਹੋਇ; ਤਬ ਲਗ ਕਿਸੀ ਕਉ ਕਿਛੁ ਨ ਪਹੁੰਚੈ॥੧॥

ਇਨ ਮੈ ਸਿਉਂ ਕੋਈ ਨ ਹੋਵੈ, ਤਦ ਬੇਟੀ ਪੋਤ੍ਰੀ ਨੱਤੀ ਕੋ ਪਹੁੰਚੈ॥੨॥

ਜਬ ਇਨ ਮੈ ਸਿਉਂ ਭੀ ਨ ਹੋਇ, ਤਬ ਭਾਈ ਅਰੁ ਭਾਈ ਕੇ ਪੁੱਤ੍ਰ ਪੋਤ੍ਰੇ ਕਉ ਪਹੁੰਚੈ। ਕਿਆ ਬੇਟੀ, ਕਿਆ ਪੋਤ੍ਰੀ ਕਉ ਪਹੁੰਚੈ। ਬਹਿਨ ਕਉ ਭੀ ਪਹੁੰਚੈ॥੩॥

ਜੋ ਇਨ ਮੈ ਸਿਉਂ ਭੀ ਨਾ ਹੋਇ; ਤਬ ਚਾਚੈ ਤਾਏ ਕਉ ਪਹੁੰਚੈ, ਉਨ ਕੀ ਔਲਾਦ ਕਉ ਭੀ ਪਹੁੰਚੈ॥੪॥

ਅਬ ਹਿੱਸਿਆਂ ਕਾ ਬੀਚਾਰ ਹੈ :—ਜੋ ਪ੍ਰਾਨੀ ਅਪਨੇ ਜੀਵਤੇ ਮਾਲ ਅਪਨਾ ਵੰਡੇ ਅਪਨੇ ਬੇਟਿਓਂ ਬੇਟੀਓਂ, ਦੋਹਤ੍ਰਿਓਂ, ਦੋਹਤ੍ਰੀਓਂ, ਬਹਿਨ, ਭਾਨਜੀਓਂ, ਭਾਨਜਿਓਂ ਭਾਈਓਂ ਕੋ, ਇਸ ਤੇ ਅਉਰ ਭਲਾ ਨਾਹੀ। ਚਾਹੀਤਾ ਯੋਂ ਹੀ ਹੈ, ਜੋ ਆਪਣੇ ਜੀਵਤੇ ਵੰਡੇ॥ ੫॥

ਅਬ ਜੋ ਕਦਾਂਚ ਕੋਈ ਇਸ ਪ੍ਰਾਨੀ ਕਾ, ਪੁੱਤ੍ਰ ਯਾ ਬੇਟੀ ਅਪਨਾ ਅੰਸ ਨ ਹੋਇ, ਅਰੁ ਵਹਿ ਦੇਵ-ਲੋਕ ਕੋ ਗਇਆ ਹੋਵੈ, ਤਬ ਜਾਨੈ ਕਿ ਦੋਹਤ੍ਰੇ ਹੈਂ! ਚਾਰ ਹੈਂ, ਯਾਂ ਪੰਜ ਹੈਂ, ਯਾ ਦੁਇ ਹੈਂ। ਨਾਲੇ ਦੋਹਤ੍ਰੀਆਂ ਹੈਂ। ਇਸੀ ਤਰਹਿ। ਤਬ ਉਸ ਅੰਸ ਮੈ ਬਰਾਬਰ ਅੰਸ ਕਰੈਂ, ਆਪਸ ਮੈ ਵੰਡ ਲੇਵੈਂ॥ ੬॥

ਜੋ ਕਦਾਂਚ ਇਨ ਮੈ ਸਿਉਂ ਕੋਈ ਨ ਹੋਇ, ਅਰੁ ਇਨ ਕੀ ਔਲਾਦ ਹੋਇ, ਇਸੀ ਤਰਹਿਂ ਉਇ ਵੰਡ ਲੇਵੈਂ॥੭॥

ਇਨ ਸਿਉਂ ਕੋਈ ਨ ਹੋਇ, ਤਬ ਜਾਨੈ ਕਿ ਭਾਈ ਅਰੁ ਬਹਿਨ ਹੈ, ਤਬ ਭਾਈ ਅਰੁ ਬਹਿਨ ਆਪਸ ਮੈ ਅੰਸ ਬਰਾਬਰ ਬਾਂਟ ਲੇਵੈਂ॥ ੮॥

ਅਰੁ ਕਦਾਂਚ ਏ ਭੀ ਨ ਹੋਇਂ; ਇਨ ਕੇ ਪੁਤ੍ਰ ਬੇਟੀਆਂ ਪੋਤ੍ਰੀਆਂ ਹੋਵਹਿਂ, ਵਹਿ ਇਸੀ ਤਰਹਿ ਅੰਸ ਕਰ ਲੇਵਹਿਂ॥੯॥

ਜੋ ਇਨ ਮੈ ਸਿਉਂ ਭੀ ਨ ਹੋਇ; ਤਬ ਦੋਹਤ੍ਰੇ ਦੋਹਤ੍ਰੀਆਂ ਭੀ ਯੋਂ ਹੀ ਕਰ ਲੇਵੈਂ॥ ੧੦॥

ਅਰੁ ਚਾਰ ਭਾਈ ਹੈਂ, ਉਨ ਮੈ ਸਿਉਂ ਏਕ ਮੂਆ; ਅਰੁ ਜੋ ਉਸ ਭਾਈ ਕੀ ਔਲਾਦ ਹੈਂ, ਤਉ ਉਨ ਅਉਰ ਭਾਈਓਂ ਕੇ ਬਰਾਬਰ ਅੰਸ ਪਹੁੰਚੇ॥ ੧੧॥

ਅਰੁ ਔਲਾਦ ਨ ਹੋਇ, ਤੇ ਔਲਾਦ ਉਨ ਕੀ ਕਉ ਪਹੁੰਚੇ ਬਰਾਬਰ॥ ੧੨॥

ਅਰੁ ਭਾਈ ਕੀ ਅੰਸ ਮੈ ਆਲ ਔਲਾਦ ਮੈ ਕੋਈ ਨਹੀਂ, ਤਬ ਉਨ ਕੇ ਪਹੁੰਚੈ॥ ੧੩॥

ਬਾਪ ਕਾ ਮਾਲ-ਮਤਾਇਓਂ ਮਿਲਕ ਹੈ। ਉਹ ਮੂਆ; ਉਸ ਕੋ ਚਾਰ ਬੇਟੀਆਂ ਹੈਂ—ਕਿਆ ਮਾਤ੍ਰ ਕਿਆ ਬਿਮਾਤ੍ਰ ਤੇ ਹੋਵਹਿਂ; ਉਨ ਕੇ ਅੰਸ਼ ਕੇ ਬਾਂਟ ਕੀ ਯਹਿ ਬਿਧਿ ਹੈ। ਅਰੁ ਮਾਤ੍ਰ ਬਿਮਾਤ੍ਰ

ਜੀਵਤੀ ਹੋਵਹਿਂ, ਤਉ ਇਸ ਬਿਧਿ ਵੰਡੇ : ਜੋ ਜਾਂ ਪ੍ਰਥਮੈ ਚੌਥਾ ਅੰਸ ਉਸ ਮਾਤ ਮਤਾਇ ਮਿਲਕ ਸਿਉਂ ਉਨ ਮਾਤ੍ਰ ਬਿਮਾਤ੍ਰ ਕਉ ਦੇਇ। ਓਇ ਦੋਨੋਂ ਆਪਸ ਮੈ, ਵਹਿ ਚੌਥਾ ਅੰਸ ਅੱਧੋ ਅੱਧ ਵੰਡ ਲਏਂ॥ ੧੪॥

ਅਰੁ ਜੋ ਦੋਨੋ ਮਹਿ, ਇਕੋ ਇਸਤ੍ਰੀ ਪਿਤਾ ਕੀ ਜੀਵਤੀ ਹੋਇ; ਤਬ ਵਹਿ ਚੌਥਾ ਹਿੱਸਾ ਸਾਰਾ ਉਸੀ ਮਾਤਾ ਏਕ ਕਉ ਪਹੁੰਚੈ॥ ੧੫॥

ਬਾਕੀ ਜੋ ਇਸ ਚੌਥੇ ਅੰਸ ਸੋਂ ਰਹੈ, ਉਨ ਕੇ ਅੰਸ ਯੋਂ ਕਰੈ; ਉਸ ਬਾਕੀ ਕੇ ਮਾਲ ਮੈ ਸਿਉਂ ਚੌਥਾ ਅੰਸ ਬੇਟੀਓਂ ਕੋ ਦੇਇ, ਆਪਸ ਮੈ ਬਰਾਬਰ ਵੰਡ ਲੈਨ॥੧੬॥

ਅਰੁ ਜੋ ਉਨ ਬੇਟੀਓਂ ਮੈ ਸਿਯੋਂ ਮੁਈ ਹੋਵੈ, ਤਉ ਉਸ ਕੀ ਆਲ-ਔਲਾਦ ਕਉ ਦੇਇ॥ ੧੭॥

ਬਾਕੀ ਜੋ ਅੰਸ ਮਾਲ ਮੈ ਸਿਉਂ ਰਹੈ, ਸੋ ਆਪਸ ਮੈ ਭਾਈ ਬਰਾਬਰ ਵੰਡ ਲੈਨ॥ ੧੮॥

ਅਰੁ ਮਾਤਾ ਬਿਮਾਤਾ ਕੋਈ ਨ ਹੋਇ ; ਤਬ ਸਾਰੇ ਮਾਲ ਮੈ ਸਿਉਂ ਚਉਥਾ ਅੰਸ ਬੇਟੀਓਂ ਕਾ ਦੇ ਕੈ, ਆਪਸ ਮੈ ਭਾਈ ਬਾਂਟ ਲੈਨ॥ ੧੯॥

ਅਰੁ ਜੋ ਬੇਟੀਆਂ ਭੀ ਨ ਹੋਵਹਿਂ, ਸੋ ਬਰਾਬਰ ਵੰਡ ਲੇਵਹਿਂ॥ ੨੦॥

ਅਰੁ ਭਾਈ ਕੋਈ ਦੇਵ-ਲੋਕ ਕੋ ਹੂਆ ਹੋਇ ; ਤਬ ਉਸ ਕਾ ਅੰਸ ਉਸ ਕੀ ਆਲ-ਔਲਾਦ ਕਉ—ਜਿਸ ਤਰਹ ਉਪਰ ਕਹਿਆ ਹੈ—ਵੰਡ ਦੇਇ॥ ੨੧॥

ਅਬ ਜੋ ਕਦਾਂਚ ਕਿਸੀ ਬਾਤ ਤੇ ਪਿਤਾ ਅਰੁ ਪੁੱਤ੍ਰ ਸਿਉਂ ਬਿਖਾਦ ਹੋਵੈ, ਅਰੁ ਪਿਤਾ ਕਰੋਧ ਸਿਉਂ-ਜਬ ਤੇ ਬਿਖਾਦ ਹੋਈ ਹੋਵੈ—ਅਨਬੋਲਤੇ ਹੋਵਹਿਂ, ਅਰੁ ਇਸੀ ਬਾਤ ਮੈ ਦੇਹ ਛੁਟਨੇ ਕਾ ਸਮਾਂ ਪਿਤਾ ਕਾ ਆਇ ਰੁਜੂੱ ਹੋਆ ਹੋਵੈ, ਅਰੁ ਉਸ ਪੁੱਤ੍ਰ ਨੇ ਪਿਤਾ ਤੇ ਅਪਨਾ ਗੁਨਾਹਿ ਬਖਸਾਇਆ ਨ ਹੋਇ, ਤਬ ਉਸ ਕਉ ਬਾਪ ਕੇ ਮਾਲ ਮਤਾਇ ਤੇ ਕਿਛੁ ਪਹੁਚਤਾ ਨਾਹੀ। ਔਰ ਭਾਈਆਂ ਕਉ ਪਹੁੰਚਤਾ ਹੈ; ਉਸ ਕਉ ਕਿੱਛ ਨਾਹੀ ਪਹੁੰਚਤਾ॥ ੨੨॥

ਅਰੁ ਜੋ ਉਸ ਮੈ ਆਇ ਬਖਸਾਇ, ਅਰੁ ਉਸ ਮੈ ਪਿਤਾ ਉਸ ਕ੍ਰੋਧ ਕਉ ਯਾਦ ਰਖਕੈ ਨ ਬਖਸੇ, ਅਰੁ ਦੇਹ ਛੁੱਟ ਜਾਇ; ਤਬ ਉਸ ਪੁਤ੍ਰ ਕਉ ਵਹਿ ਗੁਨਾਹ ਨਾਹੀ, ਵਹਿ ਭੀ ਮਾਲ ਕਾ ਖਾਵੰਦ ਹੈ, ਅੰਸ ਪਹੁੰਚਤਾ ਹੈ। ਕਿਉਂਜੋ ਉਸ ਮੈ ਆਪਣਾ ਹ੍ਰਿਦਾ ਨਿਵਾਇਕੈ ਆਇ ਪੈਰੀ ਪਇਆ ਅਰੁ ਪਿਤਾ ਨੇ ਨ ਬਖਸਿਆ, ਜੋ ਕਿਛੁ ਗੁਨਾਹ ਇਸ ਪੁਤ੍ਰ ਕਉ ਥਾ; ਸੋ ਉਸ ਕਉ ਹੂਆ। ਯਹਿ ਪੁਤ੍ਰ ਨਿਰਮਲ ਉਸ ਗੁਨਾਹ ਤੇ ਹੂਆ, ਮਾਲ ਪਿਤਾ ਕੇ ਕਾ ਖਾਵੰਦ ਹੂਆ॥ ੨੩॥

ਅਰੁ ਜੋ ਕਦਾਂਚ ਸਬੱਬ ਪਾਇ ਇਸ ਬਿਖਾਧ ਪਿਤਾ ਪੁੱਤ੍ਰ ਕੀ ਮੈ ਪੁੱਤ੍ਰ ਕਹੀਂ ਗਇਆ ਹੋਵੈ, ਅਰੁ ਪਿਤਾ ਕਉ ਪਿਛੇ ਦੇਹ ਛੁਟਨੈ ਕਾ ਸਮਾ ਆਇ ਪਹੁਚਿਆ ਹੋਵੈ, ਅਰੁ ਉਸ ਕਉ ਖ਼ਬਰ ਹੋਵੈ, ਅਰੁ ਵਹਿ ਪੁੱਤ੍ਰ ਅਰਦਾਸਿ ਲਿਖੈ, ਪਿਤਾ ਕਉ ਅਪਨੀ ਅਧੀਨਗੀ ਕੀ, ਬਖਸਨੇ ਕੀ। ਅਰੁ ਜੋ ਪਿਤਾ ਉਸ ਅਰਦਾਸਿ ਪਰ ਬਖਸੈ, ਤਉ ਭਲਾ ਅਰੁ ਨ ਬਖਸੈ ਤਉਂ ਭੀ ਉਸਕਾ ਗੁਨਾਹ ਬਖਸ਼ਾ ਜਾਇ॥ ੨੪॥

ਔਰੁ ਵਾਇ (?) ਆਵਹਿ ਪੁਤ੍ਰ ਅਗੇ ਦੇਹ ਛੁਟਨੇ ਦੇ ਜੋ ਬਖਸਾਵੈ ਯਾ ਅਰਦਾਸਿ ਲਿਖੈ, ਅਰੁ ਪਿਤਾ ਨ ਬਖਸੈ, ਅਰੁ ਦੇਹ ਚਾਰ ਵਰ੍ਹਿਆਂ ਪਿਛੇ ਦੇਹ ਪਿਤਾ ਕੀ ਛੁੱਟ ਗਈ, ਅਰੁ ਉਸ ਸਮੈ ਦੇਹ ਛੁਟਨੇ ਕੇ ਪੁਤ੍ਰ ਹਾਜ਼ਰ ਨ ਹੋਇ; ਅਰੁ ਅਰਦਾਸਿ ਨ ਪਹੁੰਚੈ, ਤਉ ਭੀ ਬਖਸਾ ਜਾਇ, ਮਾਲ ਕਾ ਖਾਵੰਦ ਹੋਇ॥ ੨੫॥

ਪੁਤ੍ਰ ਕਉ ਚਾਹੀਐ ਮਾਤਾ-ਪਿਤਾ ਕੀ ਬਰਾਬਰੀ ਕਿਸੀ ਬਾਤ ਕੀ ਨ ਕਰੈ। ਜੋ ਪੁਤ੍ਰ ਦਾੜ੍ਹੀ ਨਾਲ ਹੈ, ਅਗੇ ਉਸਦੇ ਪੁਤ੍ਰ ਪੋਤਰੇ ਹੋਵਹਿਂ, ਅਰੁ ਨਾਲੇ ਸਾਚਾ ਹੈਂ, ਸੇਵਾ ਕਰਦਾ ਹੈ; ਅਰੁ ਮਾਤਾ

www.Mahapurakh.com

ਪਿਤਾ ਛਿੱਤ੍ਰ ਮਾਰੈ, ਪੁੱਤ੍ਰ ਕਉ ਚਾਹੀਐ; ਉਜਰ ਨ ਕਰੈ। ਅਰੁ ਜੋ ਕ੍ਰੋਧ ਕਰਿ ਕਿਛੁ ਬੋਲੈ, ਕਹੈ; ਮਨ ਮੈ ਰੱਖੈ; ਤਾਂ ਦੂਸਰੀ ਘੜੀ ਬਖਸਾਇ ਲਏ। ਅਰੁ ਪਿਤਾ-ਮਾਤਾ ਬਖਸੈ, ਤਾਂ ਭਲਾ, ਨਾਹੀ ਤਾਂ ਉਹ ਪੁੱਤ੍ਰ ਅਪਨੇ ਵਲੋਂ ਅਧੀਨ ਰਹੈ। ਇਸ ਕਉ ਯਹੀ ਚਾਹੀਤਾ ਹੈ, ਜੋ ਸੇਵਾ ਮੈ ਰਹੈ। ਉਨ ਕੀ ਵਹਿ ਜਾਨੈਂ॥ ੨੬॥

ਅਰੁ ਜੋ ਕਦਾਂਚ ਬਿਮਾਤ੍ਰਾ ਹੋਵਹਿ, ਅਰੁ ਬਿਮਾਤ੍ਰਾ ਕੇ ਕਹੇ ਤੈ, ਕਿਛੁ ਪਿਤਾ ਕਹੈ; ਤੌ ਪੁਤ੍ਰ ਕੋਉ ਨਾਹੀ ਬਨਦੀ, ਪਿਤਾ ਕਾ ਕਹਿਆ ਬੁਰਾ ਮੰਨੈ। ਅਰੁ ਬਿਮਾਤ੍ਰਾ ਕਉ ਭੀ ਮਾਤ੍ਰ ਸਮਾਨ ਜਾਨੈ॥ ੨੭॥

ਜੋ ਏਕ ਬੇਟੀ ਹੋਵੈ। ਔਰੁ ਕੋਈ ਪੁਤ੍ਰ ਪੋਤ੍ਰਾ ਨ ਹੋਇ; ਸਾਰਾ ਮਾਲ ਉਸਕਾ ਬੇਟੀ ਕਉ ਪਹੁੰਚੈ॥ ੨੮॥

ਅਰੁ ਬੇਟੀ ਨ ਹੋਇ, ਬਹਿਨ ਹੋਵੈ, ਤਉ ਮਾਲ ਬਹਿਨ ਕੋ ਪਹੁੰਚੈ॥ ੨੯॥

ਅਰ ਬਹਿਨ ਭੀ ਨ ਹੋਇ, ਤਉ ਉਸ ਬਹਿਨ ਕੀ ਆਲ-ਔਲਾਦ ਕੋਊ ਪਹੁਚੈ। ਪਹਿਲੈ ਮਾਲ ਖਾਵੰਦ ਔਲਾਦ ਹੈ; ਜੋ ਔਲਾਦ ਨ ਹੋਇ ਤੋ ਪਿੱਛੈ ਬੇਟੀ ਕੀ ਔਲਾਦ ਹੈ॥ ੩੦॥ ੪॥

## ਪੰਚਮ ਬਚਨ

ਅਬ ਕੋਈ ਮਹਾਰਾਜ ਕਾ ਚਾਕਰ ਹੋਵੈ; ਅਰੁ ਦੇਵ ਲੋਕ ਕੋ ਗਇਆ ਹੋਵੈ; ਤਿਸ ਕੇ ਮਾਲ ਕੀ ਬਿਧਿ :—ਪ੍ਰਥਮੈ ਜੋ ਕਿਸੀ ਕਾ ਰਿਣ ਦੇਣਾ ਹੋਵੈ, ਉਸ ਮਾਲ ਮੈ ਸਯੋਂ ਰਿਣਵਾਲੇ ਕਉ ਦਿਲਾਵੈ॥ ੧॥

ਫੇਰ ਜੋ ਕਿਛੁ ਬਾਕੀ ਰਹੈ—ਜੋ ਜਾਨੈ ਕਿ ਕਿਛੁ ਰਾਜ-ਅੰਸ ਇਸ ਪਾਸ ਆਵਤਾ ਹੈ,—ਤਾਂ ਉਸ ਮਾਲ ਮੈ ਸਿਉਂ ਰਾਜ-ਅੰਸ਼ ਲੇਵੈ। ਬਾਕੀ ਮਾਲ ਜੋ ਰਹੈ, ਸੋ ਜਯੋਂ ਉਪਰ ਕਹਿਆ ਹੈ, ਤਯੋਂ ਉਸਕੇ ਸੰਗੀਓਂ—ਜਿਨ ਕੋ ਵਾਰਸ ਕਹਿਤੇ ਹੈਂ—ਕਉ ਵੰਡ ਦੇਇ। ਇਸ ਤੇ ਉਪਰੰਤ ਅਉਰ ਲਾਲਚ ਰਾਜਾ ਨ ਕਰੈ॥ ੨॥ ੫॥

## ਖਸਟਮ ਬਚਨ

ਜੋ ਕੋਈ ਕਿਛੁ ਬਸਤੁ ਰਾਹ ਤੇ ਪਾਵੈ—ਭਾਵੇਂ ਨਕਦ, ਭਾਵੇਂ ਜਿਨਸ—ਉਸਕੀ ਬਿਧਿ—ਉਸ ਮੈ ਸਿਉਂ ਜਿਸ ਕੀ ਜ਼ਮੀਨ ਤੇ ਬਿਸਵੇ ਤੇ ਪਾਏ, ਅਰੁ ਰਾਹਿ ਹੋਵੈ, ਚੌਥਾਈ ਉਸ ਮੈ ਸਿਉਂ ਉਸ ਜ਼ਮੀਨ ਵਾਲੇ ਕੋ ਦੇਇ, ਬਾਕੀ ਅਪੁਨੇ ਪਾਸ ਰੱਖੈ। ਅਰੁ ਜੋ ਉਸ ਮਾਲ ਦਾ ਖਾਵੰਦ ਪੈਦਾ ਹੋਵੈ : ਤਾਂ ਜਿਤਨਾ ਮਾਲ ਪਾਇਆ ਹੋਵੈ, ਉਹ ਅੱਠਵਾਂ ਅੰਸ ਉਸ ਮਾਲ ਮੈ ਸਿਉ ਲੇਵੈ; ਬਾਕੀ ਮਾਲ ਖਾਵੰਦ ਦੇ ਹਵਾਲੇ ਕਰੇ॥ ੧॥

ਜੋ ਕਿਸੀ ਕੇ ਘਰ ਮੈ ਭਾੜੇ, ਯਾ ਯੋਂ ਹੀ ਰਹਿਤਾ ਹੈ; ਅਰੁ ਉਥੈ ਤੇ ਕਿਛੁ ਪਾਇਆ ਹੋਵੈ, ਕਿਆ ਜ਼ਮੀਨ ਵਿਚੋਂ, ਕਿਆ ਕੰਧ ਵਿਚੋਂ, ਕਿਸੀ ਅਉਰ ਠੌਰ ਘਰ ਮੈ ਸਯੋਂ ਪਾਵੈ ਮਾਲ; ਤਿਸ ਕੀ ਬਿਧਿ ਯੋਂ ਕਰੈ—ਪ੍ਰਥਮੈ ਪੂਛੈ ਉਸ ਘਰ ਵਾਲੇ ਕੋ; ਜੋ "ਕਿਛੁ ਤੇਰਾ ਮਾਲ ਇਸ ਘਰ ਮੈ ਗਇਆ ਹੈ?" ਜਬ ਵਹਿ ਕਿਛੁ ਨਿਸ਼ਾਨੀ ਜ਼ਾਹਰ ਕਰੈ; ਤਬ ਅੱਠਵਾਂ ਅੰਸ ਉਸ ਮੈ ਸਯੋਂ ਲੈ ਕੇ, ਬਾਕੀ ਉਸ ਘਰ ਵਾਲੇ ਨੂੰ ਦੇਇ॥ ੨॥

ਅਰੁ ਜੋ ਨਿਸ਼ਾਨੀ ਜ਼ਾਹਰ ਨ ਕਰੈ; ਤਬ ਉਸ ਮੈ ਸਿਉਂ ਤ੍ਰਿਹਾਈ ਘਰ ਵਾਲੇ ਨੂੰ ਦੇਇ॥ ਬਾਕੀ ਦੁਇ ਆਪ ਲਏ॥ ੩॥

www.Mahapurakh.com

ਅੰਸ ਜੋ ਕਦਾਂਚ ਰਾਜਾ ਕਿਛ ਚਾਹੈ; ਤਉ ਯਹ ਅੰਸੁ ਰਾਜੇ ਕੋ ਭਲਾ ਨਾਹੀਂ। ਪਰ ਜੋ ਲਏ, ਸਭ ਮਾਲ ਮੈ ਸਿਉਂ ਛਠਵਾਂ ਅੰਸ ਲਏ। ਬਾਕੀ ਜੋ ਉਪਰ ਕਹਿਆ ਹੈ, ਸੋ ਕਰੈ॥ ੪॥ ੬॥

## ਸਪਤਮ ਬਚਨ

ਅਰੁ ਜੋ ਕੋਈ ਝਗੜਤੇ ਆਪਸ ਮੈ ਆਵਹਿਂ, ਜੋ ਕਿਛੁ ਉਪਰ ਕਹਿਆ ਹੈ, ਉਸ ਮਾਫਕ ਝਗੜਾ ਚੁਕਾਇ ਦੇਇ॥ ੧॥ ਅਰੁ ਜੋ ਜਾਨੈ ਝਗੜਾ-ਰਗੜਾ ਹੈ; ਤਾਂ ਜੋ ਦਾੱਵਾ ਕਰੈ, ਉਸਨੂੰ ਆਖੈ : 'ਤੂੰ ਸਾਖੀ ਲੈ ਆਉ!' ਅਰੁ ਓਹ-ਜਿਸ ਉਪਰ ਦਾੱਵਾ ਹੈ, ਉਸਨੂੰ ਦਿਲਾਸਾ ਦੇਇ ਅੰਦਰ, ਜੋ ਤੈਨੂੰ ਅਸੀਂ ਸੱਚਾ ਕਰਾਂਗੇ। ਇਹ ਹਿਕਮਤ ਕਰੈ ਨਿਆਉਂਕਾਰ। ਜੋ ਓਹੁ ਸੱਚਾ ਆਖੈ। ਜਬ ਜਾਨੈ ਕਿ ਇਸ ਨੇ ਸਚੁ ਆਖਿਆ ਹੈ; ਤਬ ਉਸ ਕੀ ਬਾਤ ਮਨ ਮੈ ਰਾਖੈ। ਅਰੁ ਵਹੁ ਜਿ ਸਾਖੀ ਲਯਾਵੈ। ਪੰਜ ਸਾਖੀ ਲੇਵੈ। ਅਰੁ ਸਾਖੀਓਂ ਕੋ ਚਾਹੀਐ ਜੋ ਝੂਠ ਨ ਹੋਵੈ, ਜੈਸਾ ਦੇਖਾ ਹੋਵੈ; ਸੋ ਕਹਿਨ। ਨਿਆਉਂਕਾਰ ਕੋ ਚਾਹੀਐ, ਜੋ ਇਨ ਸਾਖੀਓਂ ਕੋ ਜੁਦਾ ਜੁਦਾ ਰੱਖੈ; ਆਪਸ ਮੈ ਮਿਲਨ ਨ ਦੇਇ। ਅਰੁ ਜੁਦਾ ਜੁਦਾ ਪੁਛੈ। ਜੋ ਜਾਣੈ ਕਿ ਇਨ ਕੇ ਕਹਣੇ ਮੈ ਤਰਾਫਤ ਹੈ, ਤਾਂ ਉਨ ਸਾਖੀਓਂ ਕੋ ਅਰੁ ਦਾੱਵਾ ਕਰਨੇ ਵਾਲੇ ਕੋ ਸਜਾਇ ਦੇਇ। ਐਸੀ ਸਜਾਇ; ਜੋ ਫੇਰ ਕੋਈ ਝੂਠ ਨ ਬੋਲੈ, ਝਗੜਾ ਨ ਕਰੈ। ਐਸਾ ਨਿਆਉਂ ਕਰੈ, ਜੋ ਝਗੜੈ ਕੋਈ ਨਾਹੀਂ॥ ੨॥ ੭॥

## ਅਸਟਮ ਬਚਨ

ਜੋ ਕੋਈ ਅਪਨੀ ਇਸਤ੍ਰੀ ਪਰ ਔਰ ਸੰਜੋਗ ਕਰੈ; ਅਰੁ ਉਸਕੈ ਔਲਾਦ ਹੋਵੈ। ਕਿਸੀ ਬਾਤ ਅਨਬਨਤ ਤੇ ਸੰਜੋਗ ਕਰੈ। ਤੋ ਉਸ ਪੁਰਖ ਕੋ ਚਾਹੀਐ; ਇਨ ਦੋਨੋਂ ਇਸਤ੍ਰੀਓਂ ਕੋ ਜੁਦਾ ਜੁਦਾ ਘਰ ਕਰਿ ਕੈ ਰੱਖੈ। ਅਰੁ ਸਿਵਾਇ, ਜਿਸ ਕੇ ਔਲਾਦ ਹੋਵੈ, ਉਸ ਕੋ ਔਲਾਦ ਕਾ ਖਰਚ ਜੁਦਾ ਦੇਇ। ਇਨ ਦੋਨੋਂ ਕੋ, ਇਸ ਕੇ ਦੋਨੋਂ ਕੇ ਲਾਜਮੈ ਕਾ, ਔਰ ਕਿਛੁ ਜੋ ਹੋਇ, ਸੋ ਬਰਾਬਰ ਅੰਸ ਕਰ ਦੇਇ, ਕਿਆ ਖਰਚ, ਕਿਛੁ ਹੋਰਿ। ਇਸਤ੍ਰੀ ਪੁਰਖੁ ਕਾ 'ਚਾਰ[1] ਭੀ ਬਰਾਬਰ ਕਰੈ॥ ੩॥

ਅਰੁ ਜੋ ਕਦਾਂਚ ਪਰ ਸੰਜੋਗ ਕੀ ਇਸਤ੍ਰੀ ਕਾ ਸੰਜੋਗ ਕਰੈ; ਤਬ ਉਸ ਪਹਿਲੀ ਇਸਤ੍ਰੀ ਤੇ ਇਸ ਕੋ ਪੰਜਵਾਂ ਅੰਸ, ਤੇ ਸਭੁ ਬਾਤੋਂ ਮੈ—ਜੋ ਉਪਰ ਕਹਿਆ ਹੈ—ਦੋ ਅੰਸ ਦੇਇ। ਤਿੰਨ ਅੰਸ ਪਹਿਲੀ ਇਸਤ੍ਰੀ ਕਉ ਦੇਇ॥ ਪਰ ਜੋ ਜਾਨੈ ਕਿ ਪਰਸੰਜੋਗ ਕੀ ਇਸਤ੍ਰੀ ਅਪਨੇ ਬਰਨ ਕੀ ਹੈ॥੪॥

ਅਰੁ ਜੋ ਆਨ ਬਰਨ ਕੀ ਹੈ, ਯਾ ਦਾਸੀ ਹੈ; ਤਬ ਇਸ ਤਰਹਿ ਕੀ ਇਸਤ੍ਰੀ ਕੋ ਏਕ ਅੰਸ ਦੇਇ। ਅਰੁ ਸੰਜੋਗ ਵਾਲੀ ਕਉ ਜੋ ਪਹਿਲੀ ਹੈ—ਦੁਇ ਅੰਸ ਦੇਇ॥ ੫॥

ਅਰੁ ਜੇ ਪਹਿਲੀ ਪਿਛਲੀ ਦੋਨੋਂ ਬਰਨ ਮੈ ਬਰਾਬਰ ਹੈਂ—ਭਾਵੇਂ ਅਸੀਲ ਹੋਵੈਂ, ਭਾਵੇਂ ਪਰਸੰਜੋਗ ਕੀਆਂ ਹੋਵੈ, ਭਾਵੇਂ ਦੋਨੋ ਦਾਸ੍ਰੀਆਂ ਹੋਵਹਿਂ—ਇਸ ਤਰਹਿ ਮੈ ਬਰਾਬਰ ਅੰਸ ਕਰੈ॥ ੬॥ ਅਸੀਲ ਇਸਤ੍ਰੀ ਕਾ ਬੇਟਾ ਹੋਇ; ਅਰੁ ਜੇ ਇਸਤ੍ਰੀ ਪਰਸੰਜੋਗ ਕੀ ਕਾ ਬੇਟਾ ਹੋਵੈ—ਭਾਵੇਂ ਦਾਸੀ ਕਾ ਹੋਵੈ—ਦੋਨੋ ਕਾ ਬਰਾਬਰ ਅੰਸ ਪਿਤਾ ਕਾ ਪਹੁਚੈ। ਭਾਵੇਂ ਅਸੀਲ ਕਾ ਹੋਵੈ, ਭਾਵੇਂ ਦਾਸੀ ਕਾ ਹੋਵੈ; ਇਸੀ ਤਰਹਿ ਬੇਟੀਓਂ ਕੋ ਪਹੁੰਚੈ॥ ੭॥

ਅਰੁ ਜਿਸ ਕੈ ਪੁੱਤ੍ਰ ਨ ਹੋਇ, ਬੇਟੀਆਂ ਹੋਵਹਿਂ, ਅਰੁ ਇਸਤ੍ਰੀ ਜੀਵਤੀ ਹੋਵੈ, ਤਾਂ ਬੇਟੀਓਂ ਕੋ ਕੁੱਛ ਨਾਹੀ ਅੰਸ ਪਹੁੰਚਤਾ। ਮਾਤਾ ਜੀਵਤੀ ਜੋ ਬੇਟੀਓਂ ਕੋ ਅਪਨੀ ਰਜਾਇਮੰਦੀ ਸਯੋਂ ਦੇ,

1. ਆਚਾਰ—ਜਿਣਸੀ ਮਿਲਣੀ, ਮੈਥੁਨ।

www.Mahapurakh.com

ਤਉ ਅਖਤਯਾਰ ਹੈ ਅਰੁ ਬੇਟੀਆਂ ਹੀ ਰਹੈਂ, ਮਾਤਾ-ਪਿਤਾ ਨ ਹੋਇ, ਤਬ ਬਰਾਬਰ ਬਾਂਟ ਲੈਣਿ॥ ੮॥

ਅਰੁ ਜੋ ਕਦਾਂਚ ਉਨ ਬੇਟੀਓਂ ਮੈ ਸਯੋਂ ਕੋਈ ਕੁਆਰੀ ਹੋਵੈ, ਤਬ ਉਸ ਸਾਰੇ ਅੰਸ ਪਿਤਾ ਮਾਤਾ ਕੈ ਸਿਉਂ ਉਸ ਕੇ ਬਿਆਹ ਮਾਫਕ ਅਰੁ ਲਾਜਮੇ ਮਾਫਕ ਜੁਦਾ ਕੱਢ ਲੈਣਾ, ਅਰੁ ਰੱਖਣਾ। ਫੇਰ ਬਾਕੀ ਵੰਡ ਲੈਣ; ਹੋਰ ਬੇਟੀਆਂ। ਅਰੁ ਜੋ ਭਾਈ ਪਿਤਾ ਪਿੱਛੇ ਅੰਸ ਬਾਟੈਂ; ਅਰੁ ਬੇਟੀਆਂ ਪਿਤਾ ਪਿੱਛੇ ਕੁਆਰੀਆਂ ਹੋਵਹਿਂ; ਤਬ ਉਨ ਕੇ ਬਿਆਹ ਔਰ ਲਾਜਮੇ ਮਾਫਕ ਜੁਦਾ ਰੱਖ ਕੈ—ਜਿਉਂ ਉਪਰ ਕਹਿਆ ਹੈ,—ਤਯੋਂ ਸਭ ਅੰਸ ਵੰਡਣ॥ ੯॥

ਅਰੁ ਜੋ ਕੋਈ ਉਨ ਬੇਟੀਓਂ ਮੈ ਸਯੋਂ ਬਿਧਵਾ ਹੋਵੈ; ਤੋ ਸਭਨੋ ਬੇਟੀਓਂ ਸਯੋਂ ਉਸ ਕੋ ਦੂਣਾ ਅੰਸੁ ਦੇਇ॥ ਔਰ ਕੋ ਬਰਾਬਰ ਦੇਇ॥ ੧੦॥

ਅਰੁ ਜੋ ਪਿਤਾ ਕਾ ਅੰਸ ਆਪਸ ਮੈ ਭਾਈ ਬਹਿਨੈ ਅਰੁ ਇਸਤ੍ਰੀਆਂ ਮੁਆਫਕ ਹੁਕਮ ਕੇ ਵੰਡ ਲੈਣਿ ਤਾਂ ਫੇਰ ਪੁੱਤ੍ਰ ਕੋ ਚਾਹੀਐ—ਭਾਵੈਂ ਮਾਤਾ ਹੋਵੈ, ਭਾਵੈਂ ਮਤ੍ਰੇਈ ਹੋਵੈ, ਭਾਵੈਂ ਬਹਿਨ ਮਤ੍ਰੇਈ ਦੀ ਹੋਵੈ, ਭਾਵੈਂ ਅਪਨੀ ਹੋਵੈ—ਇਨ ਮਾਤਾ ਕੀ ਖ਼ਬਰ, ਖਾਨੇ ਪਹਿਰਨੇ ਕੀ ਲੇਤੇ ਰਹੈਂ। ਅਰੁ ਬਹਿਨੋ ਕੀ ਖਬਰ, ਜਯੋਂ ਮਾਤਾ-ਪਿਤਾ ਬੇਟੀ ਕੀ ਲੇਤਾ ਹੈ, ਤਯੋਂ ਲੇਤੇ ਰਹੈਂ। ਅਰੁ ਜੋ ਕਦਾਂਚ ਇਨ ਬਹਿਨੋਂ ਮੈ ਸਯੋਂ ਕੋਈ ਬਿਧਵਾ ਹੋਵੈ; ਤਾਂ ਉਸ ਕੇ ਖਾਨੇ ਪਹਿਰਨੇ ਕੀ ਖ਼ਬਰਦਾਰੀ ਲੇਤਾ ਰਹੈ। ਯਹਿ ਮਨ ਮੈ ਨ ਲਿਆਵੈ : ਜੋ ਅੰਸ ਮਾਤਾ-ਪਿਤਾ ਕਾ ਥਾ, ਸੋ ਵੰਡ ਲਇਆ ਹੈ। ਅਰ ਕਿਆ ਮਾਤਾ-ਪਿਤਾ ਅਰੁ ਬਹਿਨੋਂ ਕੀ ਖਬਰ ਲੈਣੀ ਹੈ! ਮਾਤਾ-ਪਿਤਾ ਕਾ ਬੀਚਾਰ ਨ ਕਰੈ। ਪੁੱਤ੍ਰ ਕੋ ਖਿਜਮਤ ਕਰਨੀ ਆਈ ਹੈ। ਅਰੁ ਹੁਕਮ ਸ੍ਰੀ ਗੁਰੂ ਅਕਾਲ ਪੁਰਖ ਕਾ ਹੈ, ਜੋ ਮਾਤਾ ਪਿਤਾ ਬਿਮਾਤਾ ਪੁੱਤ੍ਰ[1]—ਜੋ ਆਪਸ ਮੈ ਭਾਈ ਲਗਤੇ ਹੈਂ, ਪਿਆਰ ਭਾਉ ਕਰੈਂ, ਬਿਖਾਧ ਨ ਕਰੈਂ! ਜੋ ਪਿਆਰ ਕਰੈਂਗੇ ਤੋ ਕੁਲ ਕਾ ਭਲਾ ਹੋਵੈਗਾ। ਅਰੁ ਸੁਖੀ ਹੋਵਹਿੰਗੇ॥੧੧॥੮॥

## ਨਉਮੋ ਬਚਨ

ਅਬ ਜੋ ਕੋਈ ਅਮਾਨਤ ਕਿਸੀ ਪਾਸ ਰੱਖੈ—ਨਕਦ ਯਾ ਜਿਨਸ। ਪਹਿਲੇ ਤੋ ਨ ਰੱਖੈ। ਅਰੁ ਜੋ ਕਦਾਂਚ ਉਸਤੇ ਜਾਇ; ਯਾ ਚੋਰ ਲੈ ਜਾਇ। ਤਬ ਉਸ ਅਮਾਨਤ ਦੇ ਖਾਵੰਦ ਨੂੰ ਚਾਹੀਐ ਜੋ ਗੁਰੂ ਕੇ ਹੁਕਮ ਸਯੋਂ ਗਈ ਹੈ, ਉਸ ਤੇ ਨ ਮੰਗੈ। ਅਰ ਜੋ ਮੰਗੈ ਤਾਂ ਉਸ ਕੋ ਨਾਹੀ ਪਹੁੰਚਤੀ। ਅਰੁ ਜੋ ਤਹਕੀਕ ਗਈ ਹੋਇ। ਅਰੁ ਜੋ ਅਮਾਨਤ ਰਖਨੇ ਵਾਲਾ ਅਪਨੇ ਪਾਸ ਤੇ ਦੇਇ ਬਦਲੇ ਉਸ ਅਮਾਨਤ ਦੇ ਤਾਂ ਖਾਵੰਦ ਨੂੰ ਚਾਹੀਐ; ਜੋ ਜਾਨੈ ਕਿ ਤਹਿਕੀਕ ਗਈ ਹੈ; ਇਸ ਪਾਸ ਤੇਂ, ਯਾ ਯੋਂ ਹੀ ਆਖਦਾ ਹੈ, ਅਪਨੇ ਲਾਲਚ ਨੂੰ। ਅਰੁ ਦੇਂਦਾ ਹੈ, ਤਾਂ ਉਹ ਅਮਾਨਤ ਕਿਵੈਂ ਨ ਲਏ। ਇਸ ਬਰਾਬਰ ਦਾਨ ਹੋਰ ਨਾਹੀ। ਅਰੁ ਜੋ ਲੇਵੈ ਅਰੁ ਅਮਾਨਤ ਗਈ ਹੋਇ; ਤਾਂ ਇਸ ਕੋ ਦਾਲਿਦ੍ਰ ਕਾ ਪ੍ਰਵੇਸ ਹੋਵੈ; ਭਲਾ ਨਾਹੀਂ॥੧॥

ਅਰੁ ਉਹ ਅਮਾਨਤ ਵਾਲਾ ਕਦਾਂਚ ਸਬਬ ਪਾਇ ਖਾਇ ਗਇਆ ਹੋਇ—ਖਰਚੀ ਹੋਇ;ਤਬ ਉਸ ਕੋ ਕਹੈ—ਜੋ ਜਾਨੈ ਜੋ ਮੁਝ ਕੋ ਜ਼ਰੂਰ ਚਾਹੀਤੀ ਹੈ;—ਦੇਹਿ! ਉਸਤੇ—ਜੋ ਜਾਨੈ ਰੁਜ਼ਗਾਰ ਹੈ—ਤਬ ਕਿਸਤ ਕਰਾਇ ਲਏ—ਜੋ ਜਾਨੈ ਮੈ ਸੁਖਾਲਾ ਹਾਂ, ਅਰੁ ਮੈਨੂੰ ਚਾਹੀਤੀ ਨਾਹੀ; ਤਬ ਨਾ ਮੰਗੈ; ਜਬ ਲਗ ਉਹ ਆਪ ਨ ਦੇਇ। ਅਰੁ ਜੋ ਕਿਸਤ ਦਾ ਭੀ ਉਸ ਪਾਸ ਤੇ ਮੁਯੱਸਰ ਨ ਹੋਇ; ਤਬ ਕਿਛੁ ਨ ਕਹੈ॥੨॥

1. ਮਤ੍ਰੇਈ ਦਾ ਪੁਤ੍ਰ ਮਤੇਰ ਭਰਾ।

www.Mahapurakh.com

ਅਬ ਜੋ ਅਮਾਨਤ ਰੱਖੈ, ਉਸ ਕੋ ਚਾਹੀਐ, ਅਮਾਨਤ ਕਿਸੀ ਦੀ ਨ ਰੱਖੈ। ਅਰੁ ਜੋ ਕਦਾਂਚ ਕਿਸੀ ਕੀ ਰੱਖੈ; ਤਾਂ ਭਲੀ ਖ਼ਬਰਦਾਰੀ ਨਾਲ ਰੱਖੈ। ਅਰੁ ਕਦਾਂਚ ਕਿਸੇ ਵਾਸਤੇ ਖਰਚ ਨੂੰ, ਯਾ ਕਿਸੀ ਔਰ ਕੰਮ ਨੂੰ ਚਾਹੀਤਾ ਹੈ; ਉਹ ਕੰਮ ਬਿਗੜਨ ਦੇਇ, ਪਰ ਉਸ ਉਪਰਿ ਲਾਏ ਨਾਹੀ॥ ੩॥

ਜਿਸ ਸਮੇਂ ਮਾਲ ਖਾਵੰਦ ਆਇ ਮੰਗੈ—ਭਾਵੇਂ ਅੱਧੀ ਰਾਤਿ, ਪਿਛਲੀ ਰਾਤਿ, ਦਿਨ ਨੂੰ—ਉਸੇ ਸਮੇ ਹਵਾਲੈ ਕਰੈ; ਢਿੱਲ ਨ ਕਰੈ। ਜੋ ਕਦਾਂਚ ਕਿਸੀ ਬਾਤ ਤੇ ਢਿੱਲ ਕਰੈ; ਤਾਂ ਜੇ ਕਿਛੁ ਇਸ ਪ੍ਰਾਨੀ ਸੁਕ੍ਰਿਤਯ ਦਾਨ ਕੀਤਾ ਹੋਇ; ਸਭ ਬ੍ਰਿਥਾ ਜਾਇ। ਭੂਖਾ ਮਰ ਜਾਇ, ਕੈਸਾ ਕੰਮ ਹੋਵੈ, ਜਿ ਆਪਨੀ ਆਬਰੂ ਜਾਂਦੀ ਹੈ; ਤਾਂ ਭੀ ਅਮਾਨ ਹਿਲਾਵੇ ਨਾਹੀ॥ ੪॥

ਅਰੁ ਜੋ ਕਦਾਂਚ ਜਾਇ; ਅਰੁ ਗੁਰੂ ਬਾਬੇ ਕੇ ਹੁਕਮ ਸਾਥ ਇਸੁ ਅਸ਼ਾਨਤ ਰਖਨੇ ਵਾਲਾ ਸੁਖਾਲਾ ਹੋਵੈ; ਤਾਂ ਬਾਹਰ ਕਿਸੇ ਪਾਸ ਨ ਆਖੈ, ਜੋ ਫਲਾਨੇ ਅਮੁਕੇ ਦੀ ਅਮਾਨਤ ਗਈ ਹੈ। ਤਦ ਉਸੀ ਸਮੈ ਦੇਇ॥ ੫॥

ਪ੍ਰਥਮੈ ਅਮਾਨਤ ਰਖਨੀ ਭਲੀ ਨਾਹੀ। ਜੋ ਰੱਖੈ, ਤੌ ਪਰਾਏ ਹੱਕ ਦਾ ਅੰਗੀਕਾਰ ਨ ਕਰੈ॥ ੬॥ ੯॥

## ਦਸਮ ਬਚਨ

ਅਬ ਜੋ ਕਿਸੀ ਤੇ ਰਿਣ ਲੇਵੈ, ਤਿਸ ਦੀ ਜੁਗਤਿ :—ਪ੍ਰਿਥਮੈ ਤੇ ਰਿਣ ਨ ਲੇਵੈ; ਜਬ ਲਗ ਬਸਾਇ। ਰਿਣ ਬਡੀ ਹੱਤਿਆ ਹੈ॥ ੧॥ ਅਰੁ ਜਿਸ ਤੇ ਮੰਗੈ, ਉਸ ਕੋ ਚਾਹੀਐ; ਜੋ ਉਸ ਕੋ ਉਸੀ ਸਾਇਤ ਦੇਦੇ। ਜੋ ਕਦਾਂਚ ਅਪਨੇ ਪਾਸ ਨਾਹੀ ਹਾਜ਼ਰ; ਤੌ ਗਹਿਣਾ ਧਰਿ ਦੇਇ, ਕਰਜ਼ ਲੈ ਦੇਇ; ਫੇਰੁ ਨ ਕਰੈ। ਇਸ ਬਰਾਬਰ ਅਉਰ ਪਰ ਉਪਕਾਰ ਨਾਹੀ। ਅਰੁ ਉਸ ਸਮੈ ਜਾਨੈ ਜੋ ਧੰਨ ਭਾਗ ਹੈਂ; ਜੋ ਕੋਈ ਮੁਝ ਪੈ ਸਿਉਂ ਅਰਥ ਕਾ ਅਰਥੀ ਕਾ ਕਾਰਜ ਬਣ ਆਇਆ ਹੈ॥ ੨॥

ਅਬ ਜੋ ਕੋਈ ਅਪਨੇ ਕਿਸੀ ਕਾਰਜ ਕੇ ਵਾਸਤੇ, ਯਾ ਖਾਨੇ ਪਹਿਨਣੇ ਕੇ ਵਾਸਤੇ ਕਰਜ ਲਏ। ਤਬ ਉਸ ਕਰਜ਼ ਦੇਨੇ ਵਾਲੇ ਕਉ ਚਾਹੀਐ : ਜੋ ਉਸ ਕਰਜ਼ ਲੈਨੇ ਵਾਲੇ ਤੇ ਵਿਆਜ ਨ ਲਏ। ਇਸ (ਵਿਆਜ ਖੋਰੀ) ਬਰਾਬਰ ਹੋਰ ਹੱਤਿਆ ਨਹੀ। ਅਰੁ ਵਿਆਜ ਦੇ ਲਾਲਚ ਕਰਿ ਦੇਨੇ ਮੈ ਨਾਹ ਨ ਕਰੈ। ਜੋ ਮੈਨੂੰ ਕਿਆ ਨਫਾ ਹੈ, ਜੋ ਮੈਂ ਕਰਜ ਦੇਊਂ। ਇਸ ਕਰਜ ਦੇਨੇ ਬਰਾਬਰ ਅਉਰ ਧਰਮੁ ਨਾਹੀ। ਪਰੁ ਤਬ, ਜਬ ਆਪ ਨ ਮੰਗੈ। ਜਬ ਲੇਨੇ ਵਾਲਾ ਆਪ ਸੈ ਦੇਵੈ, ਤਬ ਲੇਵੈ। ਅਰੁ ਬਿਆਜ ਇਸ ਅਰਥ ਕਾ ਲੈਨਾ ਜੋਗ ਨਾਹੀ; ਹੁਕਮ ਹੈ॥ ੩॥

ਅਬ ਜੋ ਵਿਆਜ ਕਹਿਆ ਹੈ, ਸੋ ਕਿਸ ਕਰਜ਼ ਤੇ ? ਜੋ ਕੋਈ ਅਪਨੇ ਬੇਪਾਰ ਨੂ, ਅਕੇ ਘਰ ਬਾਰ ਬਣਾਵਨੇ ਨੂ ਲੇਵੇ; ਉਨ੍ਹਾਂ ਪੈਸਿਆਂ ਦਾ ਵਿਆਜ ਲੈਨਾ ਆਇਆ ਹੈ। ਅਰੁ ਆਪਸ ਤੇ ਮੰਗਣੇ ਆਏ ਹੈ॥ ੪॥

ਅਬ ਜੋ ਕਰਜ਼ ਲੇਵੈ ਉਸ ਕੋ ਚਾਹੀਐ, ਜੋ ਬਿਨਾ ਮੰਗੇ ਪੈਸੇ ਕਰਜ਼ ਦੇ ਦੇਇ। ਜਬ ਲਗ ਨ ਦੇਇ, ਤਬ ਲਗ ਸੁਆਦ ਅਰੁ ਖੁਸਬੋਈ ਅੰਗੀਕਾਰ ਨ ਕਰੈ। ਜਿਸ ਕਰਜ਼ ਦਾ ਵਿਆਜ਼ ਲੈਨਾ ਆਇਆ ਹੈ, ਉਸ ਕਰਜ਼ ਲੈਨੇ ਮੈ ਅਰੁ ਬਯਾਜ ਦੇਨੇ ਮੈਂ ਕਿਛੁ ਸ਼ੱਕ ਨ ਕਰੈ। ਕਯੋਂ ਜੋ ਅਸਲ ਪੈਸੇ ਅਰੁ ਬਯਾਜ ਹਮੇਸੈ ਲੇਤਾ ਦੇਤਾ ਹੈਂ, ਇਸਕਾ ਐਬ ਨਾਹੀ। ਜਬ ਲਗ ਬਸਾਇ, ਤਬ ਲਗ ਕਰਜ਼ ਨ ਲਏ। ਅਪਨਾ ਥੋੜ੍ਹੇ ਹੀ ਵਿਚ ਬਯੋਹਾਰ ਕਰੈ ਕਿਰਤਿ ਦਾ; ਕਰਜ਼ ਗੁਰੂ

ਬਾਬਾ ਨਾਨਕ ਲੈਨ ਨ ਦੇਇ ਬਿਰਦ ਅਪਨੇ ਨੂੰ ॥੫॥ ੧੦॥

## ਇਕਾਦਸਮੋ ਬਚਨ

ਜੋ ਕੋਈ ਆਪਨੀ ਬੇਟੀ ਬੇਟੇ ਕੀ ਸੰਜੋਗ ਕੀ ਬਾਤ ਕਰੈ, ਅਰੁ ਮੁੰਕਰ ਪਰੈ, ਤਿਸਕਾ ਬੀਚਾਰ :—ਜੋ ਜਾਨੈ ਕਿ ਮੁਖ ਸਿਉਂ ਮੈ ਕਹਿਆ ਹੈ; ਅਮਕੇ ਕੇ ਬੇਟੇ ਕਉ ਅਪਨੀ ਬੇਟੀ ਕੀ ਨਿਸਬਤ ਕੀਤੀ ਹੈ। ਅਰੁ ਕਦਾਂਚ ਸਬਬ ਪਾਇ ਕਿਛੁ ਮਨ ਬਿਖੈ ਬਾਤ ਆਵੈ ਕਿ ਮੈ ਨ ਕਰੋਂ। ਤਬ ਵਹਿ ਨਿਸਬਤ ਉਸਕੇ ਕਹੇ ਸਿਉਂ ਟੂਟੈ ਨਾਹੀ। ਜੋ ਕਿਛੁ ਐਬ ਭੀ ਹੋਇ; ਤਬ ਭੀ ਨ ਟੂਟੈ। ਕੁੜਮਾਈ ਹੋਈ ਕਿਸੀ ਤਰਹਿ ਟੂਟੈ ਨਾਹੀ॥ ੧॥

ਜੋ ਕਦਾਂਚ—ਕਿਆ ਮਰਦ, ਕਿਆ ਇਸਤ੍ਰੀਆਂ ਆਪਸ ਮੈ ਸਹਿਜ ਪਾਇ ਬੇਟੀ ਬੇਟੇ ਵਾਲਾ ਜਬ ਦੋਨੋ ਇਸਤ੍ਰੀਆਂ ਗਰਭਵਤੀ ਹੋਵੈਂ। ਅਰੁ ਕਹੈਂ ਜੋ ਦੋਨੋ ਸਿਯੋਂ ਏਕ ਮੈ ਸਿਉਂ ਬੇਟੀ ਪੈਦਾ ਹੋਵੈ, ਤਬ ਵਹੀ ਕਰਾਰ ਰੱਖੈ, ਅਰੁ ਸੰਜੋਗ ਕਰੈ। ਅਉਰ ਸਾਥਿ ਕਰਨਾ ਨਹੀ ਆਇਆ; ਨ ਕਰੈ। ਉਨ ਦੋਨੋ ਹੀ ਕਾ ਸੰਜੋਗ ਬਨਤਾ ਹੈ॥ ੨॥

ਅਰੁ ਜੋ ਏਕ ਨੇ ਅਪਨੀ ਬੇਟੀ ਕੀ ਕੁੜਮਾਈ ਏਕ ਕੇ ਬੇਟੇ ਕੋ ਕੀਤੀ ਹੈ। ਅਰੁ ਸਬਬ ਪਾਇਕੈ ਔਰ ਸਾਥ ਬਯਾਹ ਕਰ ਦੇਇ, ਬਿਨਾ ਉਸ ਬੇਟੇ ਵਾਲੇ ਕੀ ਖ਼ਬਰ, ਤਿਸ ਕੀ ਜੁਗਤਿ;—ਚਾਹੀਐ ਜੋ ਉਸ ਲੜਕੀ ਕੋ,—ਜਿਸ ਸਾਥ ਸੰਜੋਗ ਹੋਇਆ ਹੋਵੈ—ਉਸ ਤੋਂ ਜੁਦਾ ਕਰਕੈ, ਇਸ ਸਾਥ—ਜਿਸ ਸਾਥ ਪਹਿਲੇ ਸਗਾਈ ਹੋਈ ਹੋਵੈ—ਪਰ ਸੰਜੋਗ ਬਿਧਿ ਕਰ ਦੇਇ॥ ੩॥

ਅਰੁ ਜੋ ਲੜਕੇ ਵਾਲਾ ਕੁੜਮਾਈ ਕਿਸੀ ਸਬਬ ਐਬ ਤੇ ਛੋਡੈ, ਉਹ ਕੁੜਮਾਈ ਸਗਾਈ, ਤਾਂ ਹਜ਼ਾਰ ਰੁਪਯਾ ਰਾਜੇ ਕੋ ਡੰਡ ਕਾ ਦੇਇ॥ ਅਰੁ ਹਜ਼ਾਰ ਰੁਪਈਆ ਆਪਨੀ ਬਿਰਾਦਰੀ ਕੇ ਪ੍ਰਸਾਦੁ ਕਾ ਦੇਇ। ਤਾਤਪਰਜ ਇਸ ਕਾ ਯਹਿ ਹੈ :—ਜੋ ਕੋਈ ਇਨ ਦੋਨੋਂ ਮੈ ਸਿਉਂ ਬੇਟੀ ਬੇਟੇ ਵਾਲਾ ਅਪਨੇ ਕਹਿਨ ਤੇ ਨਾ ਫਿਰੇ। ਜੋ ਜ਼ਬਾਨ ਇਕਰਾਰ ਕੀਆ ਹੋਵੈ, ਕੁੜਮਾਈ ਕੀ ਕਿਆ ਚਲੀ ਹੈ॥੪॥

ਅਰੁ ਜੋ ਕੋਈ ਬਿਗਾਨੀ ਇਸਤ੍ਰੀ ਸਾਥ ਬਦ-ਕਰਮ ਕਰੈ, ਯਾ ਅਪਨੇ ਘਰ ਬਿਖੇ ਰੱਖੈ, ਰਜ਼ਾ-ਮੰਦੀ ਕਰ, ਯਾ ਸਖਤੀ ਕਰਿ; ਤਬ ਚਾਹੀਐ :—ਜੋ ਖਸਮ ਉਸ ਇਸਤ੍ਰੀ ਕਾ ਜੀਵਤਾ ਹੋਇ—ਜਿਸ ਪੁਰਖ ਨੇ ਇਸ ਪੁਰਖ ਕੀ ਇਸਤ੍ਰੀ ਘਰ ਮੈ ਪਾਈ ਹੋਇ; ਅਪਨੀ ਇਸਤ੍ਰੀ ਬਦਲੇ ਉਸ ਪੁਰਖ ਕੋ ਦੇਇ। ਜੇਤੇ ਦਿਨ ਵਹੁ ਰੱਖੈ; ਇਸਕੀ ਇਸਤ੍ਰੀ ਕਉ, ਉਤਨੇ ਦਿਨ ਵਹੁ ਰੱਖੈ। ਅਰੁ ਜੇ ਬਦਕਰਮ ਕਰਕੈ ਛੋਡ ਦੇਇ, ਅਰੁ ਜ਼ਾਹਰ ਹੋਇ; ਤਬ ਉਸਕੀ ਇਸਤ੍ਰੀ ਕਉ ਭੀ ਉਸੀ ਤਰਹਿ ਉਸਕੇ ਹਵਾਲੇ ਕਰੈ। ਜਿਸ ਕੀ ਇਸਤ੍ਰੀ ਸਾਥ ਬਦੀ ਕੀਤੀ ਹੋਇ। ਫੇਰ ਉਸਤੇ, ਉਸਕੇ ਹਵਾਲੇ—ਜੋ ਮਾਲ-ਖਾਵੰਦ ਹੈ—ਕਰੈ॥ ੬॥

ਅਰੁ ਉਸ ਇਸਤ੍ਰੀ ਕੇ ਬਾਬ—ਜਿਸ ਨੇ ਅਪਨੇ ਪੁਰਖ ਜੀਵਤੇ, ਬਿਗਾਨੇ ਮਰਦ ਸਾਥ ਬਦਕਰਮ ਕੀਆ ਹੋਇ—ਯਹਿ ਕਰਨਾ ਆਇਆ ਹੈ : ਉਸ ਕੋ ਹਵਾਲੇ ਬੰਦੀਖਾਨੈ ਕਰੈ, ਉਸੀ ਕਾ ਖਰਚ ਰੱਖੈ, ਅਰੁ ਅਹਾਰ ਤੇ ਚੌਥਾਈ ਅਹਾਰ ਦੇ ਖਾਨੇ ਨੂੰ, ਇਕ ਬਰਸ ਦਿਨ ਤੱਕ। ਅਰੁ ਉਸਕਾ ਮਰਦ ਉਸਕੇ ਨਜੀਕ ਨਾ ਜਾਇ, ਦੁਇ ਬਰਸ ਤੱਕ। ਜਬ ਜਾਨੈ ਕਿ ਦੂਸਰਾ ਬਰਸ ਚੜ੍ਹਿਆ ਹੈ, ਤਬ ਉਸ ਕੋ ਖਲਾਸ ਕਰੈ। ਅਰੁ ਅਹਾਰ ਉਸ ਕੀ ਭੂਖ ਮਾਫਕ ਦੇਇ। ਜਬ ਜਾਨੈ ਕਿ ਦੁਇ ਬਰਸ ਪੂਰੇ ਹੋਏ, ਅਰੁ ਇਸ ਕਰਮ ਤੇ ਬਾਜ ਆਈ, ਤਬ ਸੰਗ ਕਰੈ। ਅਰੁ ਜੋ ਵਹਿ ਮੰਦਮਤਿ ਹੋਇ,

www.Mahapurakh.com

ਤਬ ਘਰ ਤੇ ਨਿਕਾਲ ਦੇਇ। ਤਾਤਪਰਜ ਇਸ ਕਾ ਯਹਿ ਹੈ, ਜੋ ਕੋਈ ਫੇਰ ਯਹਿ ਕਰਮ ਨਾ ਕਰੈ॥ ੭॥

ਅਰੁ ਜੋ ਉਸਕੈ ਇਸਤ੍ਰੀ ਨ ਹੋਇ, ਅਰੁ ਬਿਰਾਨੀ ਤ੍ਰਿਆ ਸਾਥ ਬਦਕਰਮ ਕਰੈ, ਤਿਸਕੀ ਗਤਿ :—ਉਸਕੈ ਬਾਬ ਯਹਿ ਕਰਨਾ ਆਇਆ ਹੈ : ਉਸ ਮਰਦ ਕੋ, ਸਿਰ ਮੂੰਡ ਕਰ ਗਧੇ ਊਪਰਿ ਚੜ੍ਹਾਵੈ, ਅਰੁ ਸ਼ਹਰ ਕੈ ਗਿਰਦ ਫੇਰੈ, ਮੂੰਹ ਕਾਲਾ ਕਰਕੇ। ਅਰੁ ਸਉ ਛਿੱਤ੍ਰ ਮਾਰੀਐ ਪਿੱਠ ਉਪਰਿ। ਅਰੁ ਪੰਜ ਸੈ ਰੁਪਯਾ ਡੰਡ ਰਾਜਾ ਲੇਵੈ। ਅਰੁ ਬਰਸ ਤੱਕ ਕੈਦ ਰੱਖੀਐ। ਇਸੈ ਭੀ ਅਹਾਰ ਚੌਥਾਈ ਦੀਜੀਐ। ਫਿਰਿ ਖਲਾਸ ਕੀਜੀਐ। ਇਸ ਸਜਾਇ ਤੇ ਉਪਰੰਤ ਫੇਰ ਜੋ ਕੋਈ ਉਸ ਇਸਤ੍ਰੀ ਅਰੁ ਪੁਰਖੁ ਤੇ ਯਹਿ ਕਰਮ ਕਰੈ, ਦੋਨੋ ਕੇ ਨੱਕ ਵਢਾਈਐ ਅਰੁ ਛੋਡ ਦੀਜੀਐ॥੮॥

ਅਬ ਜੋ ਇਸਤ੍ਰੀ ਜਿਸ ਕਾ ਪੁਰਖ ਨ ਹੋਇ, ਅਰੁ ਵਹੁ ਬਦ ਕਰਮ ਕਰੈ, ਤਬ ਵਹੀ ਇਸਤ੍ਰੀ ਪਰਸੰਜੋਗ ਬਿਧਿ, ਉਸੀ ਪੁਰਖ ਕੇ ਹਵਾਲੇ ਕਰੈ, ਜਿਨ ਇਸ ਸਿਉਂ ਬਦਕਰਮ ਕੀਆ ਹੋਇ॥ ਫਿਰ ਇਨ ਦੋਨੋ ਕੋ ਅਪਨੀ ਪਾਂਤਿ ਮੈ ਨ ਲੈ ਬੈਠੇ। ਭਾਵੇਂ ਮੁਸਲਮਾਨ ਮਲੇਛ ਸਾਥ ਕਰੈ, ਭਾਵੈਂ ਹਿੰਦੂ, ਮਲੇਛਨੀ ਸਾਥ ਸੰਗ ਕਰੈ, ਇਸ ਤਰਹਿ ਵਹੀ ਬਿਧਿ ਕਰੈ, ਇਨ ਦੋਨੋ ਕੇ ਬਾਬ, ਜਯੋਂ ਉਪਰਿ ਕਹਿਆ ਹੈ, ਐਬ ਨਾਹੀ॥ ੯॥

ਜੋ ਕੋਈ ਇਸਤ੍ਰੀ ਯਾ ਪੁਰਖੁ ਰਹਿ ਨ ਸਕੈ, ਅਪਨੇ ਜਤ ਸਤ ਮੈ, ਪਰਸੰਜੋਗ ਕਰੈ, ਭਾਵੈਂ ਕੋਈ ਜਾਤਿ ਹੋਵੈ, ਭਾਵੇਂ ਦਾਸੀ ਹੋਵੈ, ਐਬੁ ਨਾਹੀਂ। ਐਬ ਜੋ ਹੈ, ਸੋ ਬਦ-ਕਰਮ ਮੈ ਹੈ। ਸੰਜੋਗ ਸਭ ਤੇ ਪਵਿਤ੍ਰ ਹੈ। ੧੦॥ ੧੧॥

## ਦੁਆਦਸਮੋ ਬਚਨ

ਅਬ ਜੇ ਦਾਸੀ ਦਾਸ ਕੋਈ ਲੇਵੈ—ਭਾਵੈਂ ਮੋਲ, ਭਾਵੈਂ ਬੰਦਿ ਬਿਖੈ ਭਾਵੈਂ ਕੋਈ ਠਗ ਬੇਚ ਜਾਇ—ਤਿਸ ਕਾ ਬੀਚਾਰ :—ਜੋ ਮਾਤਾ ਪਿਤਾ ਅਪਨੇ ਬੇਟੀ ਬੇਟੇ ਕਉ ਬੇਚੈ ਵਾਸਤੇ ਅਪਨੀ ਜੀਵਕਾ ਕੇ, ਯਾ ਕਿਸੀ ਔਰ ਅਰਥ ਕੈ; ਤਉ ਲੈਨੇ ਵਾਲੇ ਕਉ ਚਾਹੀਐ ਉਸਕੇ ਮਾਤਾ-ਪਿਤਾ ਪਾਸੋਂ ਏਕੁ ਕਾਗਲ ਕਰਾਏ ਸਾਖੀਆਂ ਨਾਲ। ਇਸ ਤਰਹਿ ਕਾ, ਜੋ—

"ਮੈ ਅਪਨਾ ਬੇਟਾ-ਬੇਟੀ ਅਮਕੇ ਕੈ ਪਾਸ ਸੇਵਾ ਕਰਨੇ ਕੇ ਵਾਸਤੇ ਦੀਆ ਹੈ, ਕੁ ਏਤੇ ਬਰਸ ਤਕ, ਅਰੁ ਏਤੇ ਰੁਪਯੇ ਇਸ ਸੇਵਾ ਕੇ ਬਦਲੇ ਕੇ ਹਮ ਲੀਏ। ਅਰੁ ਇਹੁ ਹਮਾਰੇ ਬੇਟੇ, ਬੇਟੀ ਕੋ ਕੱਪੜਾ ਅਰੁ ਖਾਨੇ ਕਰ ਆਜ਼ੁਰਦਾ ਨ ਰੱਖੈ। ਕੱਪੜਾ ਜੋ ਦੇਵੈ, ਤੈਸਾ ਹੋਇ ਅੰਗ ਢਾਕਨੇ ਕੋ। ਅਹਾਰ ਪੇਟ ਭਰ ਦੇਇ—ਭਾਵੈਂ ਕੈਸਾ ਅਹਾਰ ਦੇਵੈ, ਜਿਸ ਮੈ ਇਨ ਕੀ ਦਯਾ ਹੋਇ॥"੧॥

ਅਰੁ ਯਹਿ ਪ੍ਰਾਨੀ ਰਾਤਿ ਦਿਨੁ ਅਪਨੀ ਸੇਵਾ ਮੈਂ ਰਹੈ। ਜੋ ਕਦਾਂਚ ਭਾਗੈ, ਉਸ ਕੈ ਮਾਂ, ਬਾਪ ਹਾਜ਼ਰ ਕਰ ਦੇਵਹਿਂ। ਅਰੁ ਉਸਕੇ ਮਾਤਾ-ਪਿਤਾ ਸਯੋਂ ਜਾਮਨ ਲੇਵੈ॥ ੨॥

ਅਰੁ ਜੋ ਕਦਾਂਚ ਉਨ ਕੇ ਮਾਤਾ-ਪਿਤਾ ਆਇਕੈ ਚਾਹੈਂ, ਜੋ ਹਮ ਅਪਨੇ ਬੇਟੇ ਕੋ ਲੈਵੈਂ, ਜਬ ਲਗ ਵਾਇਦਾ ਆਇ ਨ ਪਹੁੰਚੈ, ਤਬ ਲਗ ਉਨ ਕੋ ਨਾਹੀ ਪਹੁਚਤੇ॥ ੩॥

ਅਰ ਜੋ ਬੰਦ ਮੈ ਸਿਉਂ ਲੇਵੈ—ਮੋਲ ਯਾ ਅਪਨੇ ਮਹੀਨੇ ਮੈ ਲੇਵੈ—ਜਿਸ ਕਾ ਚਾਕਰ ਹੋਇ, ਯਾ ਠੱਗ ਬੇਚ ਜਾਇ, ਉਸ ਕੇ ਮਾਤਾ-ਪਿਤਾ ਯਾ ਉਸਕਾ ਖਸਮ ਹੋਵੈ, ਆਇ ਕੈ ਚਾਹੈ, ਜੋ ਅਪਨੇ ਆਦਮੀ ਕੋ ਲੇਵੈ; ਤਬ ਜੋ ਕਿਛੂ ਪੈਸੇ ਓਹੁ ਦੇ ਕੇ ਲੈ ਆਇਆ ਹੋਇ, ਉਸਕੇ ਜੋ ਸੰਗੀ ਹੈਂ, ਪੈਸੇ ਦੇ ਕੈ ਅਪਨੇ ਆਦਮੀ ਕੋ ਲੇਵੈਂ। ਯਾ ਮਾਤਾ ਪਿਤਾ ਭਾਈ, ਚਾਚਾ, ਤਾਇਆ, ਮਾਮੂ, ਨਾਨਾ ਜੋ ਕੋਈ ਵਾਰਸ ਸੰਗੀ ਹੋਵੈ ਪੈਸੇ ਦੇ ਕੇ ਲੇਵੈ, ਉਸ ਕਉ ਪਹੁਚੈ॥ ੪॥

www.Mahapurakh.com

ਅਰੁ ਜੋ ਲੇਨੇ ਵਾਲਾ ਨ ਦੇਇ, ਉਸਤੇ ਦਿਲਾਇ ਦੀਜੀਐ। ਉਸ ਕੋ ਅਪਨੇ ਪੈਸਯੋਂ ਤਕ ਕਾਮ ਹੈ, ਆਦਮੀ ਕਾ ਦਾਵਾ ਨਹੀ ਪਹੁੰਚਤਾ॥ ੫॥

ਅਰ ਪੈਸੇ ਉਸ ਕੋ ਤਬ ਲੈਨੇ ਪਹੁੰਚਤੇ ਹੈਂ ਜਬ ਕਾਗਦ ਹੋਵੈ ਇਨ ਕਾ, ਜਯੋਂ ਉਪਰ ਕਹਿਆ ਹੈ, ਅਕੇ ਬੰਦ ਕੇ ਮੁਸੱਦਯੋਂ ਕੀ ਮੁਹਰ ਨਾਲਿ ਹੋਵੈ॥ ੬॥

ਅਰੁ ਕਦਾਂਚ ਵਹੁ ਦਾਸ ਯਾ ਦਾਸੀ ਕਹੈ : "ਜੁ ਹਮ ਇਨ ਕੇ—ਜਿਨੋਂ ਨੇ ਮੋਲ ਲਇਆ ਹੈ—ਈਹਾਂ ਹੀ ਰਹੈਂਗੇ।" ਤਉ ਵਾਰਸੋਂ ਸੰਗੀਯੋਂ ਕੋ ਨ ਪਹੁੰਚੈ॥ ੭॥

ਅਰੁ ਜੋ ਵਹੁ ਦਾਸ ਯਾ ਦਾਸੀ ਕਹੀਂ ਤੇ ਪੈਸੇ ਅਪਨੇ ਮੋਲ ਕੈ ਆਨ ਦੇਇ; ਜਿਨ ਕੋ ਬੰਦਿ ਯਾ ਠੱਗ ਸਯੋਂ ਲਇਆ ਹੋਵੈ, ਵਹੁ ਦਾਸ ਦਾਸੀ ਉਨ ਕੇ ਉਸ ਖਾਵੰਦ ਤੇ ਖਲਾਸ ਕਰਾਵਨਾ ਆਇਆ ਹੈ॥ ੮॥

ਜਬ ਉਨ ਦਾਸ ਦਾਸੀ ਕੇ ਸੰਗੀ ਆਵੈਂ, ਛਡਾਵਨੈ ਕੋ, ਪ੍ਰਿਥਮੈ ਤੋ ਵੈ ਉਨ ਸੰਗੀਓਂ ਵਾਰਸੋਂ ਅਪਨਿਯੋਂ ਕੋ ਪਹਿਚਾਨੈ। ਜਬ ਪੈਸੇ ਦੇ ਕੇ ਲੇਵੈ, ਤਬ ਉਨ ਤੇ ਉਸ ਕੋ ਜਿਨ ਮੋਲ ਲੀਏ ਹੈਂ—ਜਾਮਨ ਦਿਲਵਾਵੈ॥ ੯॥

ਅਰੁ ਜੋ ਕੋਈ ਅਪਨੇ ਬੇਟੇ ਬੇਟੀਆਂ, ਔਰ ਕਛੁ ਸਾਕ, ਅਰੁ ਵਹੁ ਕਿਸੀ ਕੇ ਦਾਸ ਦਾਸੀ ਹੋਵਹਿ, ਉਨ ਕਾ ਦਾਵਾ ਕਰੈ, ਅਰੁ ਉਸ ਪਾਸ ਕਾਗਦ ਨ ਹੋਇ, ਮੁੱਲ ਦਾ, ਅਉਰ ਵਹਿ ਉਨ ਕੋ ਪਹਿਚਾਨੈ—ਅਪਨੇ ਸੰਗੀਓਂ ਕੋ। ਤਬ ਉਹ ਆਦਮੀ ਉਨ ਕੋ ਪਹੁੰਚਤਾ ਹੈ, ਤਹਿਕੀਕ ਕਰਕੇ ਦੇਇ॥ ੧੦॥ ੧੨॥

## ਤ੍ਰਿਉਦਸਮੋ ਬਚਨ

ਅਬ ਕੋਈ ਘੋੜਾ, ਯਾ ਬੈਲ, ਯਾ ਊਂਟ, ਯਾ ਗਊ, ਯਾ ਹਾਥੀ—ਕੋਈ ਜਾਨਵਰ-ਪਸੂ ਹੋਵੈ, ਅਰੁ ਆਪਸ ਮੈ ਬੇਚੈ, ਲੇਵੈ ਤਿਸ ਕਾ ਬੀਚਾਰ :—ਇਨ ਜਾਨਵਰੋਂ ਮੈ ਸਯੋਂ ਕੋਈ ਹੋਵੈ, ਜੋ ਕੋਈ ਬੇਚੈ, ਤਬ ਹਾਕਿਮ ਕੋ ਖ਼ਬਰ ਕਰਿ ਬੇਚੈ। ਉਸ ਕੀ ਚਿੱਠੀ ਕਰਾਵੈ ਚਿਹਨ ਚਕ੍ਰ[1] ਕੀ, ਅਰੁ ਮੋਲ ਕੀ। ਅਰੁ ਜਾਮਨ ਲੇਵੈ ਬੇਚਨੇ ਵਾਲੇ ਤੇ। ਕਬ ਲੇਵੈ? ਜਬ ਉਸ ਕੇ ਪਾਸ ਚਿੱਠੀ ਨ ਹੋਇ। ਜਿਸ ਪਾਸ ਤੇ ਲੈ ਆਇਆ ਹੋਇ, ਏਕ ਤੋ ਵਹੁ ਚਿੱਠੀ ਹੋਵੈ। ਅਰੁ ਜੋ ਚਿੱਠੀ ਹੋਵੈ ਤਬ ਜਾਮਨ ਨ ਲੇਇ॥ ੧॥

ਅਰੁ ਜੋ ਚਿਠੀ ਲੀਏ ਉਪਰੰਤਿ ਫੇਰ ਵਹਿ ਮੋਲ ਲੈਨੇ ਵਾਲੇ ਉਸ ਜਾਨਵਰ ਕੋ ਲੈ ਆਵੈ ਬੇਚਨੇ ਵਾਲੇ ਪਾਸ, ਜੋ ਮੈਂ ਨਹੀਂ ਲੇਤਾ। ਤਬ ਵਹਿ ਜਾਨਵਰ ਬੇਚਨੇ ਵਾਲੇ ਕੋ ਪਹੁਚਤਾ ਨਾਹੀ, ਵਹਿ ਲੇਨੇ ਵਾਲਾ ਝੂਠਾ ਹੈ। ਜਿਨ ਮੋਲ ਲੀਆ ਹੈ ਉਸਕੋ ਪਹੁੰਚਤਾ ਹੈ। ਭਾਵੈਂ ਐਬ ਹੋਵੈ ਭਾਵੈਂ ਬੇਐਬ ਹੋਵੈ॥ ੨॥

ਅਰੁ ਜੋ ਬੇਚਨੇ ਵਾਲਾ ਚਾਹੈ; ਜੋ ਮੈਂ ਫੇਰ ਲੇਵੋਂ, ਉਸ ਕੋ ਭੀ ਨਹੀ ਪਹੁੰਚਤਾ। 'ਜਬ ਲਗ ਚਿਠੀ ਨ ਹੋਇ, ਤਬ ਲਗ ਫੇਰ-ਘੇਰ[2] ਹੈ। ਅਰੁ ਲੇਨੇ ਵਾਲੇ ਕੋ ਚਾਹੀਐ, ਦੋ ਚਿੱਠੀਆਂ ਲੇਵੈ—ਏਕ ਤੋ ਜਿਸ ਤੇ ਮੋਲ ਲੀਆ ਹੋਇ, ਅਰੁ ਏਕ ਅਪਨੇ ਪੈਸਯੋਂ ਕੀ ਚਿਹਨ ਚੱਕਰ ਕੀ ਹੋਵੈ॥ ੩॥

ਜੋ ਕੋਈ ਆਇ ਦਾਵਾ ਕਰੈ, ਜੋ ਇਹ ਜਾਨਵਰ ਮੇਰਾ ਹੈ! ਅਰੁ ਜਿਸ ਪਾਸ ਜਾਨਵਰ ਹੋਵੈ, ਉਸ ਪਾਸ ਚਿਠੀਆਂ ਹੋਵੈਂ, ਤਾਂ ਉਹ ਦਾਵੇ ਵਾਲਾ ਝੂਠਾ ਹੈ। ਅਰੁ ਉਹ ਜਾਨਵਰ ਉਸ ਨੂੰ ਪਹੁੰਚੈ।

---

1. ਹੁਲੀਆ, ਮੁਹਾਂਦਰਾ।
2. ਮੋੜ, ਮੋੜਾਈ, ਵਾਪਸ ਲੈਣ-ਦੇਣ।

www.Mahapurakh.com

ਅਰੁ ਕਦਾਂਚ ਚਿੱਠੀ ਨ ਹੋਇ, ਤਬ ਉਸ ਦਾਵੇ ਵਾਲੇ ਨੂੰ ਸਾਖੀ ਲਿਆਏ ਚਾਹੀਐ, ਪੰਜ ਸਾਖੀ! ਉਨ ਕੋ ਜੁਦਾ ਜੁਦਾ ਕਰਿਕੈ ਪੁੱਛੇ। ਜੋ ਜਾਨੇ ਇਨ ਪਾਂਚੋ ਸਾਖੀਓਂ ਕੀ ਜ਼ਬਾਨ ਏਕ ਹੈ, ਅਰੁ ਬਿਧਿ ਇਨ ਕੇ ਕਹੇ ਕੀ ਏਕ ਹੀ ਮਿਲੀ। ਤਬ ਵਹਿ ਵਸਤੂ—ਜਾਨਵਰ—ਉਸ ਤੇ ਦਿਲਾਵੈ। ਅਰੁ ਜੋ ਵਹਿ ਭੀ ਸਾਖੀ ਅਪਨੇ ਮੋਲ ਲੀਯੇ ਕੇ ਲੈ ਆਵੈ, ਅਰੁ ਜੋ ਵਹਿ ਸਾਖੀ ਭੀ ਸੱਚੇ ਹੋਹਿ, ਤਬ ਚਾਹੀਐ ਜੋ ਅੱਧੋ ਅੱਧ ਮੋਲ ਮੈ ਸਯੋਂ ਕਰਕੈ, ਦੋਨੋਂ ਕੋ ਵੰਡ ਦੇਇ। ਅਰੁ ਦੋਨੋਂ ਸਾਖੀਓਂ ਮੈ ਦੋਨੋ ਤਰਫੋਂ ਕੇ ਸਿਉਂ ਕੋਈ ਝੂਠਾ ਹੋਵੈ, ਅਰੁ ਉਨ ਕੀ ਸਾਖੀ ਮੈ ਤਫਾਵਤ ਹੋਵੈ; ਤਬ ਉਨ ਸਾਖੀਓਂ ਕੋ ਸਜਾਇ ਦੇਇ, ਗਧੇ ਪਰ ਚੜ੍ਹਾਵੈ। ਫੇਰ ਕੋਈ ਝੂਠ ਕੀ ਸਾਖ ਨ ਭਰੈ। ਅਰੁ ਸਾਥ ਹੀ ਝੂਠੇ ਕਉ ਸਜਾਇ ਦੇਇ॥ ੪॥

ਅਰੁ ਜਿਸ ਕਿਸੀ ਕੇ ਘਰ ਕਾ ਜਾਨਵਰ ਖਾਨੇਜ਼ਾਦ ਹੋਵੈ, ਅਰੁ ਕਦਾਂਚ ਕੋਈ ਦਾਵਾ ਕਰੈ, ਕਿ 'ਮੇਰਾ ਹੈ!' ਤਾਂ ਜਿਸਕਾ ਜਾਨਵਰ ਹੋਵੈ ਉਸਨੂੰ ਚਾਹੀਐ, ਇਸ ਜਾਨਵਰ ਦੀ ਜਨਮ ਦੀ ਚਿੱਠੀ ਕਰਾਇ ਰੱਖੈ, ਸਾਖੀਆਂ ਨਾਲ। ਉਸ ਝਗੜੇ ਦੇ ਸਮੈ ਜ਼ਾਹਰ ਕਰੈ। ਤਬ ਵਹੁ ਜਾਨਵਰ ਉਸ ਕੋ ਪਹੁੰਚੈ। ਅਰੁ ਚਿੱਠੀ ਜਨਮ ਕੀ ਹੋਇ, ਪਤ ਦੋਨੋ ਤੈ ਸਾਖੀ ਮੰਗੈ। ਜਿਸ ਕੋ ਸਾਚਾ ਜਾਨੈ, ਉਸ ਕੋ ਦਿਲਾਵੈ। ਜੋ ਝੂਠਾ ਹੋਵੈ, ਉਸਕੋ ਸਜ਼ਾਇ ਦੇਵੈ॥ ੫॥

ਅਰੁ ਜੋ ਉਸ ਜਾਨਵਰ ਪਿਛੈ ਕੋਈ ਜਾਨਵਰ ਹੋਵੈ—ਤਾਤਪਰਜ, ਯਹਿ ਜੋ ਉਸ ਤੇ ਪੈਦਾ ਹੋਇਆ ਹੋਵੈ,—ਉਸ ਦਾਵੇ ਵਾਲੇ ਨੂੰ ਨਾਹੀ ਪਹੁੰਚਤਾ। ਜਾਨਵਰ ਉਸੀ ਨੂੰ ਪਹੁੰਚੈ, ਜਿਸ ਕੇ ਗ੍ਰਿਹਿ ਬਿਖੈ ਪੈਦਾ ਹੋਵੈ॥ ੬॥

ਯਹੀ ਜੁਗਤਿ ਦਾਸ ਦਾਸੀ ਕੀ ਹੈ। ਜੋ ਉਨ ਤੇ ਬੇਟੀ ਬੇਟਾ ਪੈਦਾ ਹੋਵਹਿ, ਅਰੁ ਕਦਾਂਚ ਸਬਬ ਪਾਇਕੈ ਵਹਿ ਦਾਸ ਦਾਸੀ ਇਸ ਕੇ ਗ੍ਰਿਹਿ ਤੇ—ਜਿਸ ਕੀ ਹਾਂ ਬਿਕਾਨਾ ਹੋਇ ਤਬ ਵਹਿ ਬੇਟੀ ਬੇਟਾ ਉਨ ਕੋ—ਅਪਨੇ ਮਾਤਾ-ਪਿਤਾ ਕੋ, ਨਾਹੀ ਪਹੁੰਚਤੇ॥ ੭॥

ਅਰੁ ਜੋ ਕੋਈ ਇਸਤ੍ਰੀ ਅਪਨੇ ਪੁਰਖੁ ਤੇ ਕਿਸੀ ਸਬਬ ਪਾਇ ਜੁਦਾ ਹੋਵੈ, ਤਬ ਜੋ ਬੇਟਾ ਬੇਟੀ ਉਸ ਇਸਤ੍ਰੀ ਤੇ ਪੈਦਾ ਹੋਵੈ, ਵਹਿ ਪਿਤਾ ਕੋ ਪਹੁੰਚੈ, ਇਸਤ੍ਰੀ ਕੋ ਨਾਹੀ ਪਹੁੰਚਤੇ॥ ੮॥ ੧੩॥

## ਚਉਦਸਮੋ ਬਚਨ

ਘਰ, ਹਵੇਲੀ, ਬਾਗ, ਬਿਸਵੇ ਜ਼ਿਮੀਦਾਰੀ ਕੇ, ਤਿਸਕਾ ਬੀਚਾਰ :—ਘਰ ਜੋ ਸਹਿਰ ਮੈ ਮੋਲ ਲੇਵੈ : ਪ੍ਰਥਮੈ ਘਰ ਕੈ ਸਾਥ ਜੋ ਘਰ ਲਗਤੇ ਹੋਇਂ ਜੋ ਉਨ ਘਰੋਂ ਕੇ ਬਸਨੇ ਵਾਲੇ ਸੁਮਾਨਸ ਹੋਵਹਿਂ, ਅਪਨੇ ਪੰਥ ਬਰਨ ਕੇ ਹੋਵਹਿਂ, ਤਿਨ ਕੇ ਪਾਸ ਘਰ ਰਹਿਣੇ ਕੋ ਮੋਲ ਲੇਵੈ। ਅਰ ਜੋ ਕਦਾਂਚ ਅਉਰ ਬਰਨ ਪਾਸ ਲੇਵੈਗਾ, ਦੁਖ ਪਾਵੈਗਾ॥ ੧॥

ਅਥਵਾ ਜੋ ਯਹਿ ਬਨਾਵ ਨ ਬਨੈ; ਤਬ ਸੁਮਾਨਸੋਂ ਪਾਸ ਲੇਵੈ ਕਿਉਂਕਰ ਲੇਵੈ? ਪ੍ਰਥਮੈ ਜੋ ਕੋਈ ਖਾਵੰਦ ਉਸ ਘਰ ਕਾ ਹੋਵੈ, ਉਸ ਕੋ ਤਹਿਕੀਕ ਕਰੈ। ਜਬ ਜਾਨੈ ਜੋ ਨਜ਼ੀਕ ਘਰ ਇਸਕਾ ਹੀ ਹੈ; ਤਬ ਪੈਸੇ ਦੇਇ। ਅਰੁ ਕਾਗਦ ਕਰਾਇ ਲਏ, ਮਾਫਕ ਦਸਤੂਰ ਕੇ। ਅਰੁ ਜੋ ਅਗਲਾ ਖਤ ਹੋਵੈ—ਜਿਸ ਤੇ ਇਨ ਬੇਚਨੇ ਵਾਲੇ ਨੇ ਲੀਆ ਹੋਇ; ਸੋ ਭੀ ਯਹਿ ਮੋਲ ਲੇਨੇ ਵਾਲਾ ਲੈਵੈ। ਸਾਖੀਆਂ ਨਾਲ ਖਤ ਘਰ ਕਾ ਕਰਾਇ ਲਏ॥ ੨॥

ਅਰੁ ਕਿਸੇ ਦੇ ਬਾਪ ਦਾਦੇ ਦਾ ਹੋਵੈ ਤਾਂ ਉਸ ਦੇ ਘਰ ਦੇ ਸੰਗੀ—ਜਿਸਨੂੰ ਵਾਰਸ ਕਹਿੰਦੇ ਹੈਨ—ਬਹੁਤ ਹੋਵਨ, ਤਾਂ ਉਨ੍ਹਾਂ ਦੇ ਭੀ ਨਾਉਂ ਕਾਗਦ ਵਿਚ ਲਿਖਾਏ। ਜੋ ਕਿਛੁ ਉਨ੍ਹਾਂ ਨੂੰ ਪੈਸਿਆਂ ਦਾ ਅੰਸ ਪਹੁੰਚੈ, ਸੋ ਦੇਵੈ, ਰਾਜੀ ਕਰੈ॥ ੩॥

www.Mahapurakh.com

ਜੋ ਕਦਾਂਚ ਉਨ ਸੰਗੀਓਂ ਮੈ ਸਿਉਂ ਕੋਈ ਉਸ ਸਮੈ ਹਾਜ਼ਰ ਨ ਹੋਇ; ਤਬ ਤਹਿਕੀਕ ਕਰਕੈ, ਉਸ ਕਾ ਅੰਸ ਯਹੀ ਮੋਲ ਲੇਨੇ ਵਾਲਾ, ਅਪਨੇ ਪਾਸ ਰੱਖੈ, ਅਮਾਨਤ। ਜਬ ਵਹਿ ਆਵੈ ਤਬ ਉਸ ਕੋ ਦੇਇ॥ ੪॥

ਅਰੁ ਜੋ ਕੋਈ ਆਇਕੈ ਕਹੈ :—ਜੋ

"ਏਹ ਜ਼ਮੀਨ ਅਮਾਰਤ ਮੇਰੀ ਹੈ! ਮੇਰੇ ਬਾਪ ਦਾਦਾ ਕੀ ਹੈ!"

ਉਸ ਕੋ ਪ੍ਰਥਮੈ ਤਹਿਕੀਕ ਕਰੈ; ਕਿ ਇਹ ਮਨਈ[1]' ਜੋ ਕਹਿਤਾ ਹੈ, ਸੋ ਸਚੁ ਹੈ, ਕਿ ਝੂਠ ਹੈ! ਜੋ ਜਾਨੈ ਕਿ ਸਚੁ ਹੈ; ਤਬ ਜਿਸ ਨੇ ਉਸ ਕੀ ਜ਼ਮੀਨ ਲਈ ਹੋਵੈ; ਉਸ ਕੋ ਕਹੈ :—

ਜੋ 'ਜਿਸ ਤੇ ਤੈਂ ਮੋਲ ਲਈ ਹੈ; ਉਸ ਕੋ ਹਾਜ਼ਰ ਕਰ!'

ਜੋ ਕਿਛੁ ਉਨ ਮੈ ਆਪਸ ਮੈ ਚੁੱਕੈ, ਸੋ ਫ਼ੈਸਲਾ ਕਰੈ। ਉਹ ਪੈਸੇ ਬੇਚਨੇ ਵਾਲੇ ਤੇ ਦਿਲਾਵੈ, ਉਸ ਲੇਨੇ ਵਾਲੇ ਸਿਉਂ। ਅਰੁ ਜੋ ਵਹਿ ਮਨਈ ਪੈਸੇ ਚਾਹੈ; ਤੋ ਉਸ ਤੇ ਪੈਸੇ ਦਿਲਾਵੈ; ਮੋਲ ਉਸਕਾ॥ ੫॥

ਅਰੁ ਜੋ ਉਹ ਮਨਈ ਚਾਂਵਾ ਅਪਨੇ ਭਾੜੇ ਦਾ ਕਰੈ, ਤਬ ਕਿਰਾਇਆ ਮੁਕੱਰਰ ਕਰ ਕੈ, ਜੋ ਕਿਛੁ ਹਿਸਾਬ ਲੇਖੈ ਮਾਫਕ ਹੋਵੈ; ਸੋ ਇਕੱਠਾ ਕਰੈ। ਫੇਰ ਜੋ ਜਿਤਨੇ ਪੈਸੇ ਉਸ ਮੋਲ ਲੇਨੇ ਵਾਲੇ ਕੇ ਹੋਵਹਿਂ, ਉਨ ਮਾਫਕ ਸਉ ਰੁਪਏ ਦੀ ਦਰ ਪਿਛੈ ਬਯਾਜ ਠਹਿਰਾਵੈ; ਉਸ ਕਾ ਕਿਰਾਇਆ ਦਿਲਾਵੈ; ਉਸਕੋ ਉਸ ਕੇ ਪੈਸਯੋਂ ਕਾ ਵਿਆਜ ਦਿਲਾਵੈ। ਅਰੁ ਜੋ ਕੋਈ ਇਨ ਦੋਨੋਂ ਤਿੰਨੋਂ ਮੈ ਸਯੋਂ ਝੂਠਾ ਹੋਵੈ; ਉਸ ਕੋ ਐਸੀ ਸਜਾਇ ਦੰਡ ਦੇਇ ਜੁ ਫੇਰ ਕੋਈ ਝੂਠਾ ਦਾਵਾ ਨ ਕਰੈ॥ ੬॥ ੧੪॥

## ਪੰਦ੍ਰਸਮੋ ਬਚਨ

ਅਬ ਬਯਾਜ ਕੀ ਬਿਧਿ ਬੀਚਾਰ—ਜੋ ਕੋਈ ਬਯੋਹਾਰ ਬੈਪਾਰ ਦੇ ਵਾਸਤੇ ਰਿਣ ਲਏ, ਸਉ ਰੁਪਏ ਦੀ ਦਰ ਪਿੱਛੇ ਨੌਂ ਆਨੇ ਦਏ॥ ੧॥

ਜੋ ਕੋਈ ਜ਼ਿਮੀਂ ਦੀ, ਤਥਾ ਅਮਾਰਤ ਦੇ ਪ੍ਰਥਾਇ ਖਰੀਦ ਦੇ ਵਾਸਤੇ ਲਏਗਾ; ਉਸ ਤੇਂ ਰੁਪਯਾ॥ ੨॥

ਜੋ ਕੋਈ ਜਾਨਵਰ ਦੇ ਵਾਸਤੇ ਲਏਗਾ, ਉਸ ਉਪਰ ਬਾਰਾਂ ਆਨੇ ਲਏ॥ ੩॥

ਜੋ ਕੋਈ ਦਾਸ ਦਾਸੀ ਦੇ ਵਾਸਤੇ ਰਿਨ ਲਏ, ਉਸ ਉਪਰਿ ਆਠ ਆਨੇ ਲਏ॥ ੪॥

ਜੋ ਕੋਈ ਇਨ ਬਾਤੋਂ ਤੇ ਸਿਵਾਇ ਲੋਭ ਕਰਿ ਬਿਆਜ ਲੇਵੈਗਾ; ਸੋ ਉਸ ਕੋ ਅਮੇਧ[2] ਹੈ। ਸ੍ਰੀ ਅਕਾਲ ਪੁਰਖੁ ਕੀ ਦਰਗਹਿ ਅੰਦਰ ਰੂ-ਸਿਆਹ ਹੋਵੈਗਾ। ਇਨ ਬਾਬਤੋਂ ਸੈ ਜੋ ਕੋਈ ਸਿਵਾਇ ਲੈਵੈਗਾ; ਅਰੁ ਜ਼ਿਵਾਇਦ[3] ਲੇਵੈਗਾ; ਅੰਤ ਕਾਲਿ ਨੂੰ ਪਛੁਤਾਵੈਗਾ। ਅਰੁ ਜੋ ਨ ਲਏ ਕਿਸੀ ਬਾਤ ਤੇ; ਜੋ ਉਪਰ ਲਿਖੀ ਹੈ; ਤਉ ਇਸ ਤੈ ਅਉਰ ਕੋਈ ਧਰਮ ਨਾਹੀ॥ ੫॥

ਜੋ ਊਪਰ ਵਿਆਜ ਕਾ ਬੀਚਾਰ ਕਹਿਆ ਹੈ : ਸੋ ਕਿਸ ਵਾਸਤੇ ? ਜੋ ਬਯੋਹਾਰ ਕਾ ਚਲਨ ਚਲੈ। ਸੰਸਾਰ ਲੋਭ ਕਾ ਬਾਧਾ ਹੈ; ਲੋਭ ਤੇ ਕਾਰਜ ਸੰਸਾਰ ਕਾ ਹੋਤਾ ਹੈ॥ ੬॥ ੧੫॥

---

1. ਮਨੁੱਖ, ਬੰਦਾ, ਆਦਮੀ।
2. ਬੇ-ਅਕਲੀ, ਮੂਰਖਤਾ, ਯਾ ਅਜੋਗ।
3. ਵਧੇਰੇ, ਜਾਦੇ।

www.Mahapurakh.com

## ਸੋਲਹਵਾਂ ਬਚਨ

ਅਬ ਜੋ ਕੋਈ ਇਸ ਨਿਆਉਂ ਕਰਨ ਕੇ ਬਚਨੋਂ ਪਰ ਚਲੇਗਾ; ਅਰੁ ਲੋਭ ਕਿਸੀ ਬਾਤ ਕਾ ਨ ਕਰੈਗਾ, ਅਰੁ ਨਿਆਉਂ ਕੇ ਤਖਤ ਪਰ ਬੈਠ ਕੇ ਸ੍ਰੀ ਅਕਾਲ ਪੁਰਖ ਕਉ ਅਪਨੇ ਪਰ ਹਾਜ਼ਰ ਜਾਨੈਗਾ; ਅਰੁ ਕਿਸੀ ਕਾ ਅੰਸ—ਹੱਕ ਕਿਸੀ ਵਾਸਤੇ ਨ ਖੋਵੈਗਾ—ਅਪਨੇ ਲੋਭ ਕੇ ਵਾਸਤੇ, ਅਥਵਾ ਅਪਨੇ ਪਿਆਰੇ ਕੇ ਵਾਸਤੇ, ਅਥਵਾ ਭਾਈ, ਪੁਤ੍ਰਾਂ, ਯਾਰਾਂ—ਦੋਸਤਾਂ, ਸਾਹਬਿ ਦੁਨੀਆਂ ਕੇ ਵਾਸਤੇ ਨ ਖੋਵੈ ਕਿਸੀ ਕਾ ਅੰਸੁ—ਵਹੁ ਪ੍ਰਾਨੀ ਅਪਨੇ ਜੀਵਤੇ ਇਸੀ ਦੇਹ ਬਿਖੈ ਮੁਕਤਿ ਕੋ ਪ੍ਰਾਪਤਿ ਹੋਵੈਗਾ। ਜੋ ਕੋਈ ਕਿਸੀ ਦੇ ਅੰਸ ਕਾ ਅੰਗੀਕਾਰੁ ਨ ਕਰੇਗਾ; ਅਰੁ ਨਿਆਉਂ ਪਰ ਖੜ੍ਹਾ ਰਹੈਗਾ। ਇਸ ਬਰਾਬਰ ਬੰਦਗੀ-ਭਗਤਿ ਅਉਰ ਨਾਹੀ॥ ੧॥

ਅਰੁ ਜੋ ਕੋਈ ਸ੍ਰੀ ਗੁਰੂ ਕੇ ਬਚਨ ਪਾਇ ਲਿਖੈ ਪਰ ਕੋਈ ਅਉਰ ਅੱਖਰ, ਅਪਨੀ ਬੁਧਿ ਸਯੋਂ ਬਨਾਇ ਲਿਖੈਗਾ; ਸੋ ਬੁਰਾ ਕਰੈਗਾ। ਉਸਕੀ ਬੁੱਧਿ ਕਾ ਨਾਸ ਹੋਵੈਗਾ॥ ੨॥

ਜਬ ਯਹਿ ਪ੍ਰਾਨੀ ਨਿਆਉਂ ਕਿਸੀ ਕਾ ਕਰਨ ਬੈਠੇ; ਤਬ ਅਪਨਾ ਧਰਮ ਅਪਨੇ ਸਿਰ ਪਰ ਰੱਖੈ, ਰੱਖ ਕੈ ਨਿਆਉਂ ਚੁਕਾਵੈ। ਅਰੁ ਜੋ ਕਦਾਂਚ ਅਪਨੇ ਲੋਭ ਕੈ ਵਾਸਤੇ, ਯਾ ਅਪਨੀ ਕਿਸੀ ਰਿਆਯਤ ਕੇ ਵਾਸਤੇ, ਦੇਖਾ ਦੇਖੀ ਕੇ ਵਾਸਤੇ, ਅਥਵਾ ਅਪਨੇ ਪੰਥ ਕੀ ਰਿਆਇਤ ਕੇ ਵਾਸਤੇ, ਕਿਸੀ ਕਾ ਅੰਸ ਖੋਵੈਗਾ, ਵਹੁ ਅੰਤਕਾਲਿ ਭਾਰੀ ਸਜਾਇ ਪਾਵੈਗਾ। ਸੂਕਰ ਕੂਕਰ ਕੀ ਜੂਨਿ ਪਾਵੈਗਾ॥ ੩॥ ੧੬॥

ਇਤਿ ਸ੍ਰੀ ਪ੍ਰੇਮ ਸੁਮਾਰਗ ਗਿਰੰਥੇ, ਨਉਮੋ ਧਿਆਇ,
'ਨਿਆਉਂ ਕਰਨ' ਨਾਮੰ ਸਮਾਪਤੰ॥ ੯
ਸ੍ਰੀ ਸਰਬ ਲੋਹ ਕੀ ਰੱਛਿਆ!
ਸ੍ਰੀ ਅਕਾਲ ਜੀ ਕੀ ਰੱਛਿਆ!
ਮੁਝ ਕਉ!!!

———

www.Mahapurakh.com

ੴ ਸ੍ਰੀ ਸਤਿਗੁਰੂ ਜੀ ਸਹਾਇ॥

# ਧਿਆਇ ਦਸਮੋ

# ਸਹਜ ਜੋਗ ਮਾਰਗ ਕਾ

## ਪ੍ਰਥਮ ਬਚਨੁ

ਇਸ ਪ੍ਰਾਨੀ ਨੂੰ ਚਾਹੀਐ; ਜੋ ਚਾਹੈ ਜੁ : 'ਮੈ ਸਦਮੁਖੀ ਨਿਰਸੰਸੇ ਨਿਰਭਉ ਰਹਾਂ!" ਜੋ ਹਾਲ ਇਸ ਉਪਰ ਆਇ; ਹੁਕਮ ਸ੍ਰੀ ਅਕਾਲ ਪੁਰਖ ਕੇ ਸਿਉਂ ਪ੍ਰਾਪਤ ਹੋਇ; ਸੋ ਉਮ ਕਉ ਮਿੱਠਾ ਕਰਿ ਭੋਗੈ। ਉਸ ਹਾਲ ਸਿਉਂ ਮਸਤ ਰਹੈ॥ ੧॥

ਕਈ ਕੁ ਮਸਤੀਆਂ ਇਸ ਪ੍ਰਾਨੀ ਕਉ ਆਇ ਗ੍ਰਸਤੀਆਂ ਹੈਂ। ਪਹਿਲੇ ਤਉ ਹਾਲ ਕੀ ਮਸਤੀ ਹੈ; ਜੋ ਇਸੈ ਹਰ ਦਮ ਬਿਆਪਕ ਹੈ। ਦੂਸਰੇ ਹੁਕਮ ਕੀ ਮਸਤੀ ਹੈ; ਜੋ ਇਸ ਪ੍ਰਾਨੀ ਕਾ ਕਹਿਆ ਚਲਦਾ ਹੈ। ਅਥਵਾ ਮਾਤਾ ਇਸਤ੍ਰੀ ਪੁੱਤ੍ਰ ਚਾਕਰ ਪਰ ਯਾ ਜਹਾਂ ਕਹੀਂ ਹਕੂਮਤ ਹੋਤੀ ਹੈ। ਤੀਸਰੇ ਜੁਆਨੀ ਕੀ ਮਸਤੀ ਹੈ। ਜੋ ਇਹੁ ਮਸਤੀ ਭੀ ਪ੍ਰਬਲ ਹੈ। ਚੌਥੇ ਮਾਲ ਕੀ ਮਸਤੀ ਹੈ। ਏਹ ਮਸਤੀ ਸਭ ਮਸਤੀਆਂ ਤੇ ਬੜੀ ਹੈ। ਪੰਜਵੇਂ ਅਮਲ ਕੀ ਮਸਤੀ ਹੈ। ਅਮਲੋਂ ਮੈ ਅਮਲ ਮਦ ਅਰੁ ਅਫ਼ੀਮ, ਏਹਿ ਸਭ ਅਮਲੋਂ ਮੈ ਬੜੇ ਮਸਤ ਅਮਲ ਹੈਂ॥ ੨॥

ਇਨ ਸਭ ਮਸਤੀਓਂ ਤੈ ਹਾਲ ਕੀ ਮਸਤੀ ਉੱਤਮ ਹੈ। ਜਿਸ ਕਉ 'ਸਹਜ ਜੋਗ' ਕਹਤੇ ਹੈਂ ਉਸ ਕਉ 'ਹੁਕਮੁ' ਕਹਤੇ ਹੈਂ। ਉਸੀ ਕਉ 'ਏਕ ਨਾਮ' ਕਹਤੇ ਹੈਂ। ਉਸ ਹਾਲ ਕੀ ਮਸਤੀ ਸਯੋਂ ਸੰਸਾ ਭਉ ਬਿਆਪਕ ਨਹੀਂ ਹੋਤਾ। ਸਦਾ ਬੇਪਰਵਾਹ ਹੀ ਰਹਤਾ ਹੈ। ਅਰੁ ਇਸ ਹਾਲ ਕੀ ਮਸਤੀ ਸਯੋਂ ਪਰਮ ਪ੍ਰੀਤਿ ਚਰਨ ਕੰਵਲ ਕੀ ਬਿਖੈ ਜਾਇ ਪ੍ਰਾਪਤਿ ਹੋਤਾ ਹੈ। ਜਹਾਂ ਕਈ ਪ੍ਰਕਾਰ ਕੀ ਮੁਕਤਿ ਰਾਜ-ਲੀਨਤਾ ਹੈ॥ ੩॥

ਅਰੁ ਅਉਰ ਜੋ ਮਸਤੀਆਂ ਹੈਂ, ਸੋ ਤ੍ਰਿਗੁਨੀ ਮਾਇਆ ਹੀਆਂ ਹੈਂ, ਜਿਨਹੁ ਕਰਿ, ਆਵਾ-ਗਉਣ ਮੈ ਰਹਤਾ ਹੈ; ਜੂਨੀ ਭੋਗਤਾ ਹੈ॥ ੪॥੧॥

## ਬਚਨੁ ਦੁਤੀਆ

ਅਬ 'ਹਾਲ'—ਜਿਸ ਕਉ 'ਸਹਜ ਜੋਗ' ਕਹਤੇ ਹੈਂ; ਇਹ ਪਦਾਰਥ ਕਿਸੀ ਵਿਰਲੇ ਗੁਰਮੁਖ ਕਉ ਪ੍ਰਾਪਤ ਹੋਤਾ ਹੈ। ਤਿਸ ਕੇ ਲੱਛਨ ਯਹ ਹੈਂ :—ਹਾਲ—'ਸਹਜ ਜੋਗ' ਕਿਸ ਕਉ ਕਹਤੇ ਹੈਂ? ਜੋ ਕਿਛੁ ਇਸ ਪ੍ਰਾਨੀ ਕਉ ਅੱਠਾਂ ਪਹਿਰਾਂ ਮੈ ਸਾਸ ਗਿਰਾਸ ਮੈ ਆਇ ਬੀਤੈ, ਉਸ ਕਉ ਹੁਕਮ ਕਰਤੇ ਪੁਰਖੁ ਕਾ ਜਾਨੈ। ਅਰੁ ਜਾਨੈ; ਜੋ ਬਤੀਤ ਹੈ, ਗੁਜਰਾਨ ਹੈ, ਜੋ ਇਸ ਤੇ ਸ਼ੁੱਭ ਅਸ਼ੁੱਭ ਕਰਮ ਹੋਵੈ; ਉਸ ਕਉ ਭੀ ਆਗਿਆ ਕਰ ਜਾਨੈ। ਸ੍ਰਵਨੋ ਕਰਿ, ਮਨ ਬਚ ਕਰਮ ਨਿੰਦਿਆ ਨ ਸੁਨੈ। ਹਰਿ ਜਸੁ ਕਉ ਚਾਹੈ। ਜੋ ਕਦਾਂਚ ਨਿੰਦਯਾ ਕੋਈ ਕਰੈ, ਹਰਿ ਨਹਿ ਉਚਰੈ, ਤਉ ਸੁਨੇ; ਪਰ ਮਨ ਕੇ ਸ੍ਰਵਨੋ ਕਰਿ ਸ੍ਰਵਨ ਨ ਕਰੈ; ਨ ਮਨੈ ਕਰੈ॥੧॥

ਜੋ ਕਿਛੁ ਭੁਖ ਕਾ ਭੱਛ ਆਇ ਪ੍ਰਾਪਤਿ ਹੋਇ; ਬਿਨਾ ਚਾਹੈ; ਸੋ ਆਹਾਰੁ ਕਰੈ। ਬੀਚਾਰੁ ਨ ਕਰੈ। ਜੋ ਕਦਾਂਚ ਕੋਈ ਬਿਖੁ ਕਾ ਪਿਆਲਾ ਦੇਇ; ਸਹਿਜ ਪਾਇ ਅੰਮ੍ਰਿਤ ਕਰ ਪੀਵੈ॥



www.Mahapurakh.com

੨॥.........॥੩॥

ਜੋ ਕਦਾਂਚ ਹੁਕਮ ਪਾਇ ਰਾਜਾ ਸਾਰੀ ਪ੍ਰਿਥਵੀ ਕਾ, ਅਥਵਾ ਇੰਦਰ ਲੋਕ, ਤ੍ਰਿਲੋਕ ਕਾ ਹੋਇ; ਫਿਰ ਸਹਜ ਪਾਇ ਹੁਕਮੁ ਸਿਉਂ, ਉਸੀ ਰਾਜੇ ਕੇ ਹਾਥ ਮੈ ਮਾਟੀ ਕਾ ਪਿਆਲਾ ਹੋਇ; ਗ੍ਰਿਹ ਗ੍ਰਿਹ ਭਿਛਿਆ ਮਾਂਗਤਾ ਡੋਲੈ। ਭਿਛਿਆ ਭੀ ਕੋਈ ਨ ਦੇਇ। ਤਉ ਉਸ ਰਾਜ ਕਾ ਹਰਖ ਅਰੁ ਇਸ ਭਿਛਿਆ ਕਾ ਸੋਗ ਨ ਕਰੈ॥ ੪॥...ਜੋ ਕਿਛੁ ਵਰਤਾਰਾ ਵਰਤੈ, ਹੁਕਮ ਕਰ ਕੈ, ਹਾਲ ਮੈ ਮਸਤ ਰਹੈ॥ ੫॥

ਅੰਮ੍ਰਿਤ ਕਉ, ਅਰੁ ਬਿਖਿਆ ਕਉ, ਏਕ ਕਰਿ ਜਾਨੈ। ਮਾਨੁ, ਅਰੁ ਅਪਮਾਨ ਕਉ ਏਕ ਸਮਾਨ ਜਾਨੈ। ਸੁਵਰਨੁ ਕਉ, ਅਰੁ ਮਾਟੀ ਕਉ ਬਰਾਬਰ ਜਾਨੈ। ਨਰਕ ਕਉ, ਅਰੁ ਸੁਰਗ ਕਉ ਏਕ ਹੀ ਪਹਿਚਾਨੈ। ਅਪਵਿਤ੍ਰ ਬਸਤੁ, ਅਰੁ ਪਵਿਤ੍ਰ ਕੋ ਭੀ ਏਕ ਕਰਿ ਸਮਝੈ। ਇਸਨਾਨੁ, ਅਰੁ ਅਨ-ਇਸਨਾਨ ਕਉ ਭੀ ਬਰਾਬਰ ਕਰੈ॥ ੬॥

ਸਹਜ ਪਾਇ ਕਰ, ਲਿਵ ਅਪਨੀ, ਸਰੂਪ, ਪਰਮ ਸਰੂਪ ਕੇ ਸਿਉਂ ਮਿਲਾਇ ਕਰਿ, ਸਰੂਪ ਹੋਇ ਜਾਇ। ਦੁਖ ਅਰੁ ਸੁਖ ਕਉ ਭੀ ਸਮਾਨ ਦੇਖੈ। ਪਰ-ਇਸਤ੍ਰੀ ਅਰੁ ਬਿਆਹੁਤਾ ਕਉ ਏਕ ਬਰਾਬਰ ਪਛਾਨੈ। ਜੋ ਕਿਛੁ ਸਹਜ ਪਾਇ ਹੋਇ; ਸੋ ਹੁਕਮ ਕਰਿ ਜਾਨੈ॥ ੭॥

ਜੋ ਇਨ ਲੱਛਨੋ ਮੈ ਸਿਉਂ ਏਕ ਨ ਕਰੈ, ਅਉਰ ਸਭ ਕਰੈ, ਤਉ ਕਰਮ-ਭ੍ਰਸਟ ਚਉਰਾਸੀਹ ਕੀ ਜੂਨ ਭੋਗੈ। ਇਹ 'ਸਹਜ ਜੋਗ' ਆਸਾਨ ਤੇ ਆਸਾਨ ਹੈ; ਮੁਸ਼ਕਲ ਤੇ ਮੁਸ਼ਕਲ ਹੈ॥ ੮॥ ੨॥

## ਤ੍ਰਿਤੀਆ ਬਚਨ

ਏਹੁ 'ਸਹਜ ਜੋਗ' ਸਭ ਜੋਗੋਂ ਸਯੋਂ ਸ੍ਰੇਸਟ ਹੈ। ਜੋ ਇਸ 'ਸਹਜ ਜੋਗ' ਕਉ ਰਮੈ; ਤਉ ਅੰਦਰ ਬਾਹਰ ਦੇਹੀ ਕੀ, ਬਿਨੁ 'ਕਸਟ ਜੋਗ' ਸਭ ਖਬਰ ਹੋਇ। ਸਦ ਸੁਖੈਨ ਰਹੈ॥ ੧॥

ਜੋ ਕਿਛੁ ਕਰੈ, ਸਹਜ ਪਾਇ ਕਰੈ। ਸਹਜ ਕਾ ਸੇਵਨਾ, ਸਹਜ ਕਾ ਜਾਗਨਾ; ਸਹਜ ਕਾ ਖਾਨਾ, ਸਹਜ ਕਾ ਪੀਨਾ। ਸਹਜ ਕਾ ਬੈਠਨਾ, ਸਹਜ ਕਾ ਗ੍ਰਿਹਸਤ ਕਰਨਾ, ਸਹਜ ਕਾ ਕੀਰਤਨ ਕਰਨਾ। ਸਹਜ ਕਾ ਬੋਲਣਾ; ਸਹਜ ਕੀ ਚੁੱਪ। ਜੋ ਕਿਛੁ ਕਰੈ ਸੁ ਸਹਜ ਪਾਇ ਕਰੈ; ਹਾਲ ਸਿਉਂ ਮਸਤ ਰਹੈ॥ ੨॥

ਸਦਾ ਰਾਜੀ ਰਹੈ। ਮਿਥਿਆ ਨ ਬੋਲੈ। ਸੰਤੋਖ ਕੈ ਘਾਟਿ ਇਸਨਾਨ ਕਰਤਾ ਰਹੈ। ਉੱਦਮ ਕਿਸੀ ਬਾਤ ਕਾ ਨਾ ਕਰੈ। ਇਸ ਕਉ ਜੋ ਦੁਖ ਸੁਖ, ਨਰਕ ਸੁਰਗ ਪ੍ਰਾਪਤਿ ਹੋਤਾ ਹੈ; ਸੋ ਉਦਮ ਕਰਕੇ ਹੋਤਾ ਹੈ। ਉੱਦਮ ਹਉਮੈ ਕਾ ਪੁੱਤ੍ਰ ਹੈ। ਹਉਮੈ ਕਾ ਦਾਰੂ 'ਸਹਜ ਜੋਗ' ਹੈ। ਜਿਸ ਕੋ 'ਹੁਕਮ ਕਰਤੇ ਪੁਰਖੁ ਕਾ' ਕਹਿਤੇ ਹੈਂ। ਅਰੁ ਉਸ ਹਉਮੈ ਕਾ ਦਾਰੂ ਨਾਹੀ। ਜਬ ਲਗ ਹੁਕਮੁ ਨ ਪਛਾਨੈ, ਤਬ ਲਗ ਹਉਮੈ ਨ ਜਾਇ; ਸਹਜ ਕਉ ਪ੍ਰਾਪਤਿ ਨ ਹੋਇ। ਹਉਮੈ ਜਾਇ; ਸਹਜ ਆਵੈ; ਸਹਸਾ ਭਉ ਮਿਟੈ; ਨਾਮ ਕਾ ਪ੍ਰਗਾਸ ਹੋਇ॥ ੩॥ ੩॥

## ਚਤਰੁਥ ਬਚਨ

ਅਬ ਜੋ ਉਪਰਿ ਅਧਯਾਇਯੋਂ ਕੇ ਬੀਚ ਬਚਨ ਕਹੇ ਹੈਂ; ਤੀਨ ਗੁਣ ਕੇ ਵਰਤਾਰੇ ਕੇ ਕਹੇ ਹੈਂ ਜੋ ਗ੍ਰਹਸਤਾਚਲਨ ਤੀਨ ਗੁਨ ਕਾ ਵਰਤਾਰਾ ਹੈ। ਅਰੁ ਤੀਨ ਗੁਨ ਕੇ ਚਲਨ ਬਿਖੈ ਮੁਕਤਿ ਪਦਾਰਥ ਨਾਹੀ॥ ੧॥

www.Mahapurakh.com

ਇਸ ਕਰਕੇ ਏ ਅਧਿਆਇ ਪਰਮ ਮਾਰਗ ਜੋ ਬਚਨ ਕਰਿ ਕਹੇ ਹੈ। ਜੋ ਕੋਈ ਇਨ ਬਚਨੋਂ ਕੇ ਮਾਰਗ ਚਲੈਗਾ, ਸੋ ਇਸ ਤੀਨ ਗੁਨ ਕੇ ਮਾਰਗ ਮੈ ਸਵਰਨ ਲੋਕ ਅਰੁ ਪੁੰਨ ਲੋਕ ਕੋ ਪ੍ਰਾਪਤਿ ਹੋਇਗਾ। ਫੇਰ ਉਨ ਲੋਗੋਂ ਤੇ ਦਿੱਬ ਇੰਦ੍ਰੀਓਂ ਕੇ ਭੋਗ ਭੋਗ ਕੈ, ਉੱਤਮ ਕੁਲ ਬਿਖੈ—ਸੋ ਕੌਨ ਕੁਲ ਕਹੀਐ ? ਜੈਸੇ ਰਾਜਾ ਜਨਕ, ਜਿਸ ਨੇ ਰਾਜ-ਜੋਗ ਕਮਾਇਆ; ਔਰ ਜੈਸੇ ਸੁਕਦਿਉ, ਜਿਸ ਕਉ ਮਾਇਆ ਕਾ ਬਯੋਹਾਰ ਨ ਲੱਗਾ; ਅਰੁ ਜੈਸੇ ਪ੍ਰਹਿਲਾਦ, ਜਿਸਨੇ 'ਏਕ ਨਾਮ' ਗੁਰਮੁਖਿ ਸਯੋਂ ਪ੍ਰੀਤਿ ਲਾਈ; ਅਰੁ ਜੈਸੇ ਬਭੀਛਨ, ਜੋ ਦੇਉ-ਕੁਲੀ ਬਿਖੈ ਗੁਰਮੁਖਿ ਹੂਆ; ਐਸੀ ਐਸੀ ਠਉਰ ਬਿਖੈ—ਜਨਮ ਲੇਵੈਗਾ। ਫੇਰ ਮੁਕਤਿ ਪੰਥ—ਜੋ ਪ੍ਰੀਤੀ ਚਰਨ ਕਵਲ ਕੀ ਹੈ,—ਕਉ ਪ੍ਰਾਪਤਿ ਹੋਵੈਗਾ 'ਸਹਜ ਜੋਗ' ਕਉ ਰਮੈਗਾ॥ ੨॥

ਏਹੁ ਜੋ 'ਸਹਜ ਜੋਗ' ਹੈ, ਸੋ ਚਉਥਾ ਗੁਨ ਹੈ। ਪਰ ਗ੍ਰਿਹਸਤੀ ਕਉ ਤੀਨ ਗੁਨ ਕੇ ਵਰਤਾਰੇ ਬਗੈਰ ਬਨਤੀ ਨਾਹੀ। ਇਸ ਵਾਸਤੇ ਇਹ ਬਚਨ ਊਪਰ ਕੇ ਅਧਿਆਇਯੋਂ ਬਿਖੈ ਕਹੇ ਹੈਂ। ਕਿਸ ਵਾਸਤੇ ? ਜੋ ਕਲਿਜੁਗ ਨੇ ਅਪਨਾ ਪ੍ਰਵੇਸ[1] ਬਹੁਤ ਕੀਆ ਹੈ॥ ੩॥ ੪॥

## ਪੰਚਮ ਬਚਨ

ਜੋ ਪੰਥ ਹੋਹਿਗੇ—ਮਲੇਛੋਂ ਕੇ ਤੇ ਹਿੰਦੂਓਂ ਕੇ,—ਸੋ ਸਭ ਅਪਨੇ ਧਰਮ ਤੇ ਚਲ ਜਾਹਿੰਗੇ। ਸਭ ਸ੍ਰਿਸਟਿ ਏਕ ਬਰਨ ਹੋਇ ਜਾਇਗੀ। ਬਰਨ ਸੰਕਰ ਹੋਇਗੀ। ਕੈਸੇ ਹੋਇਗੀ ? ਜੋ ਬ੍ਰਾਹਮਣ ਕੇ ਗ੍ਰਿਹ ਬਿਖੈ, ਮਲੇਛਨੀ ਹੋਇਗੀ; ਮਲੇਛ ਕੇ ਗ੍ਰਿਹ ਬਿਖੈ, ਬ੍ਰਾਹਮਨੀ ਹੋਇਗੀ। ਬ੍ਰਾਹਮਨ ਕੇ ਗ੍ਰਿਹ ਬਿਖੈ, ਛਤ੍ਰਾਨੀ ਹੋਇਗੀ। ਛਤ੍ਰੀ ਕੇ ਗ੍ਰਿਹ ਬਿਖੈ, ਮਲੇਛਨੀ ਹੋਇਗੀ; ਮਲੇਛ ਕੇ ਗ੍ਰਿਹ ਬਿਖੈ, ਛਤ੍ਰਾਨੀ ਹੋਇਗੀ। ਸੂਦ੍ਰ ਕੇ ਗ੍ਰਿਹ ਬਿਖੈ, ਬ੍ਰਾਹਮਨੀ ਹੋਇਗੀ। ਬੈਸ ਕੈ ਗ੍ਰਿਹ ਬਿਖੈ, ਛਤ੍ਰਾਨੀ ਹੋਇਗੀ। ਛਤ੍ਰੀ ਕੇ ਗ੍ਰਿਹ ਬਿਖੈ, ਬੈਸਾਨੀ ਹੋਇਗੀ। ਸੂਦ੍ਰਨੀ, ਛੱਤ੍ਰੀ ਰਾਵੈਗਾ। ਪਿਤਾ ਬੇਟੀ ਸਯੋ ਭੋਗ ਕਰੇਗਾ; ਪੁੱਤ੍ਰ ਮਾਤਾ ਕਉ ਰਮੈਗਾ; ਭਾਈ ਬਹਨ ਸਯੋਂ ਭੋਗ ਕਮਾਵੇਗਾ॥ ੧॥

ਔਰ ਹੀ ਧਰਮ, ਅਉਰ ਹੀ ਕਰਮ ਹੋਇਗਾ। ਅਉਰ ਹੀ ਚਲਨ; ਅਉਰ ਹੀ ਬਰਨ ਹੋਇਗਾ। ਨਾ ਪੂਜਾ, ਨਾ ਨਿਵਾਜ; ਨਾ ਮਾਲਾ, ਨ ਤਸਬੀ, ਨਾ ਤਿਲਕ, ਨ ਸਜਦਾ। ਜਹਾਂ ਤਹਾਂ ਪਾਪ ਕੀ ਕ੍ਰਿਯਾ ਬਢੇਗੀ, 'ਧਰਮ' ਪੰਖ ਲਗਾਇ ਉਡਿ ਜਾਏਗਾ। ਇਸ ਕਰਕੈ ਯਹਿ ਮਾਰਗ, 'ਪਰਮ ਮਾਰਗ' ਕਾ ਕਹਿਆ ਹੈ। ਇਸ ਜੁਗਤਿ ਸਿੱਖ—ਖ਼ਾਲਸੇ ਸ੍ਰੀ ਅਕਾਲ ਪੁਰਖੁ ਕੇ, ਇਸ ਮਾਰਗਿ—'ਪਰਮ ਮਾਰਗਿ'—ਚਲੈਗੀ, ਸੋ ਅਪਨੇ ਬਰਨ ਮੈ ਰਹੈਂਗੇ। ਇਸਨੇ ਬਰਨ ਕਾ ਨਾਮ, 'ਛਤ੍ਰੀ-ਸੋਢੀ ਹੋਵੈਗਾ। ਮਿਹਰ ਕਰਕੈ, ਏਹੁ ਮਾਰਗੁ ਹੁਕਮ ਪਾਇ ਕੀਆ ਹੈ; ਜੋ ਭ੍ਰਸਟ ਨਾ ਹੋਇ ਜਾਇ॥ ੨॥

ਅਰੁ ਜੋ ਕੋਈ ਚਉਥੇ ਗੁਨ ਕਾ ਮਾਰਗ ਚਾਹੈ; ਤਉ 'ਸਹਜ ਜੋਗ' ਅਧਿਆਇ ਕੇ ਮਾਰਗ ਚਲੈ। ਬਿਰਦ ਜਾਨ ਕੈ, ਯਹਿ ਮਾਰਗ ਹੁਕਮ ਹੋਇਆ ਹੈ। ਜੋ ਕੋਈ ਇਸ ਮਾਰਗਿ—'ਪਰਮ ਮਾਰਗ ਕੇ—ਚਲੇਗਾ, ਸੋ ਅਪੁਨੇ ਧਰਮ ਮੈ ਰਹੇਗਾ। ਨਾਹੀ ਤਾਂ ਸਭ ਕਉ ਕਲਿਜੁਗ ਗ੍ਰਸ ਲੇਵੈਗਾ, ਦੁਖ ਦੇਗਾ। ਇਸ ਕਰਕੈ ਯਹਿ ਮਾਰਗ—'ਪਰਮ ਮਾਰਗ'—ਕਾ ਹੁਕਮ ਹੋਇਆ॥ ੩॥

ਜੋ ਇਨ ਪ੍ਰਾਨੀਓਂ ਨੇ ਨਾਮ ਅਪਨਾ 'ਸਿੱਖ-ਗੁਰੂ' ਕਹਾਇਆ ਥਾ। ਅਰੁ ਹਠਿ ਕਰਿ ਕੈ, ਬਿਨਾ ਗੁਰੂ ਅਉਰ ਕੀ ਪੂਜਾ ਨਾ ਕਰੀ ਥੀ। ਏਹੁ ਭਗਤਿ 'ਏਕ-ਅੰਗੀ' ਕਹੀ ਹੈ। ਅੰਤ ਕੋ ਇਸ ਤੇ, ਇਸ ਪ੍ਰਾਨੀ ਕਾ ਛੁਟਕਾਰਾ ਚਉਰਾਸੀਹ ਤੇ ਹੋਤਾ ਹੈ॥ ੪॥

1. ਦਖ਼ਲ, ਅਸਰ, ਪ੍ਰਭਾਵ।

www.Mahapurakh.com